'ਪ੍ਰਵਚਨ' ਸਾਹਿਤ, ਸਮੀਖਿਆ ਤੇ ਸੱਭਿਆਚਾਰ ਨੂੰ ਸਮਰਪਿਤ, ਯੂ.ਜੀ.ਸੀ.
ਕੇਅਰ ਲਿਸਟ ਅਨੁਸਾਰ ਪ੍ਰਵਾਨਿਤ ਤ੍ਰੈ-ਮਾਸਿਕ ਪਤ੍ਰਿਕਾ

ਸਾਲ : 21 ਪੁਸਤਕ ਲੜੀ : 82 ਜਨਵਰੀ-ਮਾਰਚ, 2021

ਸੰਪਾਦਕ: ਡਾ. ਰਜਨੀਸ਼ ਬਹਾਦਰ ਸਿੰਘ
9, Raseela Nagar
Adjoining Asharam,
Jalandhar-144002
Mob: 98148-60778
pravachan07@gmail.com
www.pravachan. org
ਸੰਤੋਖ ਸਿੰਘ ਧਾਲੀਵਾਲ
65 Wroxham Drive, Wollation,
Nottingham NG8 2QR, U.K.

ਵਿਸ਼ੇਸ਼ ਸਲਾਹਕਾਰ: ਜਸ ਮੰਡ

ਸਹਿਯੋਗ
ਡਾ. ਕੁਲਵੰਤ ਸਿੰਘ ਸੰਧੂ
ਡਾ. ਜਸਵਿੰਦਰ ਸਿੰਘ
ਬਲਬੀਰ ਪਰਵਾਨਾ
ਵਰਿੰਦਰ ਪਰਿਹਾਰ,
ਡਾ. ਹਰਭਜਨ ਸਿੰਘ ਢਿੱਲੋਂ (ਕੈਲਗਰੀ)

ਚੰਦਿਆਂ ਦਾ ਵੇਰਵਾ:

| | |
|---|---|
| India | Rs. 75 Per Issue |
| | Rs. 300 Per Year |
| | Rs.1500 Per 5 Years |
| U.K. | £4 Per issue |
| | £15 Per Year |
| | £75 Per 5 Years |
| U.S.A./ | $30 Per Year |
| Canada | $30 Per Year |
| | $150 Per 5 Years. |

## ਅੰਦਰ ਪੜ੍ਹੋ


- ਬਾਤਾਂ ਲਹਿੰਦੇ ਪੰਜਾਬ ਦੀਆਂ : ਅਦਾਰਾ 'ਪ੍ਰਵਚਨ' ਦੀ 16ਵੀਂ ਸਾਲਾਨਾ ਗੋਸ਼ਟੀ ........ 2
- ਸੰਪਾਦਕੀ : ਲਹਿੰਦੇ ਪੰਜਾਬ ਦੀ ਅਜੋਕੀ ਕਹਾਣੀ ਨੂੰ ਵਾਚਦਿਆਂ ........ 5
- ਪਾਕਿਸਤਾਨੀ ਪੰਜਾਬੀ ਕਹਾਣੀ ਦੇ ਪ੍ਰਮੁੱਖ ਸਰੋਕਾਰ/-ਪਰਮਜੀਤ ਮੀਸ਼ਾ (ਡਾ.) ....13
- ਪਾਕਿਸਤਾਨੀ ਪੰਜਾਬੀ ਕਹਾਣੀ ਦੇ ਪ੍ਰਮੁੱਖ ਸਰੋਕਾਰ ਬਾਰੇ ਵਿਚਾਰ-ਚਰਚਾ .........23
- ਅੰਗੂਠਾ/ ਨਸੀਰ ਅਹਿਮਦ .............27
- ਬੇਖ਼ਬਰ/ਕਰਾਮਤ ਮੁਗ਼ਲ ...............39
- ਔਂਤਰਿਆਂ ਦੀ ਖੱਟੀ (ਕੁਤੇ ਗਏ ਗੁਆ)/ ਸਾਬਰ ਅਲੀ ਸਾਬਰ ....................55
- ਗੋਗੋ/ਅਲੀ ਉਸਮਾਨ ਬਾਜਵਾ ........64
- ਫ਼ਰਿੱਜ ਵਿਚ ਪਿਆ ਟਮਾਟਰ/ ਮਖ਼ਦੂਮ ਟੀਪੂ ਸਲਮਾਨ ................................80
- ਗੀਟੀਆਂ/ਅੰਜੁਮ ਕੁਰੈਸ਼ੀ ..............89
- ਇੱਸੇ ਭਿਣ ਭਿਣ ਤੋਂ ਛੁੱਟਿਆ ਸੀ -ਪਰਵੀਨ ਮਲਿਕ ....................100
- ਪਾਕਿਸਤਾਨੀ ਪੰਜਾਬੀ ਕਹਾਣੀ ਵਿਚਾਰ ਚਰਚਾ ਦੇ ਸਿੱਟੇ .......................113
- ਪੁਸਤਕ ਰਿਵੀਊ .....................114
- ਪਾਠਕ ਪ੍ਰਤੀਕਿਰਿਆ ................117



- ☛ ਸੰਪਾਦਕੀ ਬੋਰਡ ਦਾ ਲੇਖਕ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।
- ☛ ਨੋਟ: ਚੰਦੇ ਕੇਵਲ ਚੈੱਕ ਜਾਂ ਡਰਾਫਟ ਰਾਹੀਂ ਸੰਪਾਦਕ Rajnish Bahudar Singh ਦੇ ਨਾਂ ਭੇਜੇ ਜਾਣ।
- ☛ ਪਰਚਾ 'ਪ੍ਰਵਚਨ' ਜਸਵਿੰਦਰ ਸਿੰਘ ਮੰਡ ਨੇ Bright Printing Press, Mohalla Kishanpura, Jalandhar ਤੋਂ ਛਪਵਾ ਕੇ ਪਿੰਡ-ਮੰਡ ਮੌੜ, ਡਾਕਖਾਨਾ: ਕਰਤਾਰਪੁਰ, ਜ਼ਿਲ੍ਹਾ ਜਲੰਧਰ-144801 ਤੋਂ ਪ੍ਰਕਾਸ਼ਤ ਕੀਤਾ।
- ☛ ਟਾਈਪ ਸੈਟਿੰਗ ਤੇ ਡਿਜ਼ਾਇਨ: 5ਆਬ ਪ੍ਰਕਾਸ਼ਨ, ਦੇਸ਼ ਭਗਤ ਯਾਦਗਾਰ ਬਿਲਡਿੰਗ, ਜਲੰਧਰ, ਫੋਨ: 98140-87063

# ਬਾਤਾਂ ਲਹਿੰਦੇ ਪੰਜਾਬ ਦੀਆਂ :
# ਅਦਾਰਾ 'ਪ੍ਰਵਚਨ' ਦੀ 16-ਵੀਂ ਸਾਲਾਨਾ ਗੋਸ਼ਟੀ

ਬੀਬੀ ਸਵਰਨ ਕੌਰ ਦੀ ਯਾਦ ਵਿਚ ਅਦਾਰਾ 'ਪ੍ਰਵਚਨ' ਵੱਲੋਂ ਕਰਾਈਆਂ ਜਾਣ ਵਾਲੀਆਂ ਸਾਲਾਨਾ ਮਿਲਣੀਆਂ ਦੀ ਰਵਾਇਤ ਨੇ 2019 ਵਿਚ 16 ਸਾਲ ਪੂਰੇ ਕਰ ਲਏ ਹਨ।

2004 ਵਿਚ ਇਹ ਮਿਲਣੀਆਂ ਇਸ ਆਸ਼ੇ ਨਾਲ ਸ਼ੁਰੂ ਕੀਤੀਆਂ ਗਈਆਂ ਸਨ ਕਿ ਗੇਣਵੇਂ ਕਹਾਣੀਕਾਰ ਅਤੇ ਕੁਝ ਸਾਹਿਤ ਰਸੀਏ-ਪਾਰਖੂ ਗੈਰ ਰਸਮੀ ਮਾਹੌਲ ਵਿਚ ਜੁੜ ਬਹਿਣ ਅਤੇ ਦੋ ਦਿਨਾਂ ਦੇ ਖੁਲ੍ਹੇ ਸਮੇਂ ਵਿਚ ਕੁਝ ਅਣਛਪੀਆਂ ਕਹਾਣੀਆਂ ਨੂੰ ਸੁਣਨ-ਸੋਧਣ-ਪੜਚੋਲਣ ਅਤੇ ਸਰਾਹੁਣ। ਨਿੱਠ ਕੇ ਬੈਠਣ, ਰਚਨਾਵਾਂ ਨੂੰ ਧਿਆਨ ਨਾਲ ਪੜ੍ਹਨ ਅਤੇ ਫੇਰ ਆਪੋ-ਆਪਣੀ ਬੇਬਾਕ ਰਾਏ ਦੇਣ, ਅਤੇ ਜੇ ਕਿਤੇ ਕੋਈ ਸੁਝਾਅ ਲੇਖਕ ਨੂੰ ਪੋਂਹਦਾ ਜਾਪੇ ਤਾਂ ਉਹ ਆਪਣੀ ਅਣਛਪੀ ਰਚਨਾ ਵਿਚ ਸੁਧਾਈ ਵੀ ਕਰ ਲਏ। ਇਸ ਲਈ ਸ਼ੁਰੂ ਵਿਚ ਇਨ੍ਹਾਂ ਮਿਲਣੀਆਂ ਨੂੰ ਵਰਕਸ਼ਾਪ ਦਾ ਨਾਂਅ ਵੀ ਦਿਤਾ ਗਿਆ। ਗੋਸ਼ਟੀਆਂ/ ਸੈਮੀਨਾਰ ਤਾਂ ਨਿਤ ਦਿਹਾੜੇ ਉਦੋਂ ਵੀ ਹੁੰਦੇ ਸਨ, ਅਤੇ ਹੁਣ ਵੀ ਹੁੰਦੇ ਰਹਿੰਦੇ ਹਨ, ਪਰ ਇਹੋ ਜਿਹੀ, ਵਰਕਸ਼ਾਪ ਵਰਗੀ, ਮਿਲ-ਬੈਠਣੀ ਦੀ ਪਿਰਤ ਚਿਰੋਕਣੀ ਉੱਡ ਚੁੱਕੀ ਸੀ। ਇਸ ਲਈ ਡਲਹੌਜ਼ੀ ਦੀਆਂ ਮਿਲਣੀਆਂ ਵਿਉਂਤਣ ਸਮੇਂ ਇਕ ਉਦੇਸ਼ ਸਪਸ਼ਟ ਸੀ: ਗੇਣਵੇਂ ਲੋਕਾਂ ਨੂੰ ਸੱਦਿਆ ਜਾਏ, ਤਾਂ ਜੋ ਠੋਸ ਗੱਲਬਾਤ ਹੋ ਸਕੇ; ਕਿਸੇ ਵੀ ਕਿਸਮ ਦੀ ਧੜੇਬੰਦੀ ਤੋਂ ਮੁਕਤ ਗੱਲਬਾਤ ਹੋਵੇ, ਪਰ ਹੋਵੇ ਬੇਬਾਕ, ਤਾਂ ਜੋ ਅਣਛਪੀਆਂ ਕਹਾਣੀਆਂ ਨੂੰ ਸੰਵਾਰਨ ਲਈ ਸੁਝਾਅ ਪੇਸ਼ ਕੀਤੇ ਜਾ ਸਕਣ, ਆਪਸੀ ਬਹਿਸ ਵਿਚੋਂ ਕੁਝ ਨਵਾਂ ਸਿਖਿਆ- ਲੱਭਿਆ ਜਾ ਸਕੇ। ਅਤੇ ਸਭ ਤੋਂ ਮਹੱਤਵਪੂਰਨ ਗੱਲ: ਸਾਰੀ ਬਹਿਸ ਨੂੰ ਟੇਪਬੰਦ ਕਰਕੇ ਪ੍ਰਵਚਨ ਵਿਚ ਛਾਪਿਆ ਜਾਵੇ ਤਾਂ ਜੋ ਇਨ੍ਹਾਂ ਵਰਕਸ਼ਾਪਾਂ ਵਿਚ ਉਭਰਨ ਵਾਲੇ ਮੁੱਦੇ ਹੋਰਨਾਂ ਤਕ ਵੀ ਪੁੱਜਣ।

15 ਸਾਲ ਤਕ ਇਹ ਮਿਲਣੀਆਂ ਹਰ ਵਰ੍ਹੇ ਡਲਹੌਜ਼ੀ ਹੀ ਵਿਉਂਤੀਆਂ ਜਾਂਦੀਆਂ ਰਹੀਆਂ। ਭਾਵੇਂ ਹੌਲੀ ਹੌਲੀ ਇਨ੍ਹਾਂ ਮਿਲਣੀਆਂ ਦਾ ਕਹਾਣੀ-ਕੇਂਦਰਤ ਵਰਕਸ਼ਾਪੀ ਰੂਪ ਬਦਲਣਾ ਸ਼ੁਰੂ ਹੋ ਗਿਆ। ਜੇ ਕੁਝ ਨਹੀਂ ਬਦਲਿਆਂ ਤਾਂ ਇਸਦੇ ਤਿੰਨ ਮੂਲ ਅਸੂਲ: ਮਿਲ ਬਹਿਣ ਵਾਲਿਆਂ ਦੀ ਗਿਣਤੀ ਸੀਮਤ ਹੋਵੇਗੀ, ਆਪਣੀ ਗੱਲ ਨੂੰ ਸੁਹਿਰਦਤਾ ਪਰ ਪੂਰੀ ਬੇਬਾਕੀ ਨਾਲ ਪੇਸ਼ ਕੀਤਾ ਜਾਵੇਗਾ, ਅਤੇ ਬਹਿਸ ਨੂੰ ਛਾਪਿਆ ਵੀ ਜਾਵੇਗਾ। ਹਰ ਬਹਿਸ ਨੂੰ 'ਪ੍ਰਵਚਨ' ਵਿਚ ਛਾਪਣ ਦਾ ਫੈਸਲਾ ਇਨ੍ਹਾਂ ਵਿਚਾਰ-ਵਟਾਂਦਰਿਆਂ ਨੂੰ ਸਦੀਵਤਾ ਦਾ ਜਾਮਾ ਪੁਆਂਦਾ ਹੈ।

ਅਣਛਪੀਆਂ ਕਹਾਣੀਆਂ ਦੀ ਘਾਟ ਮਹਿਸੂਸਦਿਆਂ ਪਹਿਲਾਂ ਇਕ ਮਿਲਣੀ ਪੰਜਾਬੀ ਦੀਆਂ ਪਰਵਾਨਤ ਕਹਾਣੀਆਂ ਉਤੇ ਹੋਈ, ਫੇਰ ਨਾਵਲਾਂ ਉਤੇ, ਉਸਤੋਂ ਬਾਅਦ ਸਫ਼ਰਨਾਮਿਆਂ ਉਤੇ, ਤੇ ਹੁਣ ਸਵੈਜੀਵਨੀਆਂ ਅਤੇ ਨਾਟਕਾਂ ਉਤੇ ਵੀ ਹੋ ਚੁਕੀਆਂ ਹਨ। ਇਵੇਂ ਕਹਾਣੀਆਂ ਤੋਂ ਤੁਰਦੀ ਤੁਰਦੀ ਗੱਲ ਸਾਹਿਤ ਦੀਆਂ ਹੋਰਨਾ ਵੰਨਗੀਆਂ ਤੋੜ ਆਣ ਪਹੁੰਚੀ । ਅਛੋਪਲੇ

ਹੀ ਇਨ੍ਹਾਂ ਮਿਲਣੀਆਂ ਦੇ ਖਾਸੇ ਵਿਚ ਇਕ ਸਿਫ਼ਤੀ ਤਬਦੀਲੀ ਵੀ ਆ ਗਈ। ਗੱਲਾਂ ਭਾਵੇਂ ਵਿਚਾਰੀਆਂ ਜਾ ਰਹੀਆਂ ਰਚਨਾਵਾਂ ਉਤੇ ਕੇਂਦਰਤ ਹੁੰਦੀਆਂ ਹਨ, ਪਰ ਮੁੱਦੇ ਉਸ ਉਸ ਵਿਧਾ ਵਿਸ਼ੇਸ਼ ਦੇ ਮੁਲਾਂਕਣ, ਉਸਦੀਆਂ ਵੰਨਗੀਆਂ, ਉਸਦੇ ਸਰੂਪ ਅਤੇ ਸੰਭਾਵਨਾਵਾਂ ਬਾਰੇ ਸੂਤਰਬੱਧ ਹੋ ਕੇ ਉਭਰਦੇ ਹਨ। ਇਸ ਪੜਾਅ ਉਤੇ ਪਹੁੰਚ ਕੇ ਇਨ੍ਹਾਂ ਮਿਲਣੀਆਂ ਦੇ ਮੂਲ ਅਸੂਲਾਂ ਵਿਚੋਂ ਆਖਰੀ ਦਾ ਮਹੱਤਵ ਹੋਰ ਵੀ ਨਿਖਰ ਕੇ ਸਾਹਮਣੇ ਆਇਆ ਹੈ। ਗੱਲਾਂ ਕਿਸੇ ਵਿਧਾ ਵਿਸ਼ੇਸ਼ ਬਾਰੇ ਹੁੰਦੀਆਂ ਹਨ, ਮੁੱਦੇ ਕਈ ਦ੍ਰਿਸ਼ਟੀਕੋਣਾਂ ਤੋਂ ਛੋਹੇ ਜਾਂਦੇ ਹਨ। ਅਤੇ ਇਨ੍ਹਾਂ ਦ੍ਰਿਸ਼ਟੀਕੋਣਾਂ ਤੋਂ ਜਿਹੜੀ ਤਸਵੀਰ ਸਮੁੱਚੇ ਰੂਪ ਵਿਚ ਉਭਰਦੀ ਹੈ ਉਹ ਪੰਜਾਬੀ ਦੇ ਪਾਠਕਾਂ/ਲੇਖਕਾਂ/ ਅਧਿਆਪਕਾਂ/ਆਲੋਚਕਾਂ ਦੇ ਗੌਲਣਯੋਗ ਹੈ।

2018 ਵਿਚ, ਪਿਛਲੀ ਗੋਸ਼ਟੀ ਸਮੇਂ ਹੀ ਇਹ ਫੈਸਲਾ ਲੈ ਲਿਆ ਗਿਆ ਸੀ ਕਿ ਅਗਲੀ ਗੋਸ਼ਟੀ ਲਹਿੰਦੇ ਪੰਜਾਬ ਵਿਚ ਇਸ ਸਮੇਂ ਲਿਖੀ ਜਾ ਰਹੀ ਕਹਾਣੀ ਉੱਤੇ ਕੀਤੀ ਜਾਵੇ। ਵੰਡ ਦੀ ਲੀਕ ਨੇ ਪੰਜਾਬ ਦੇ ਹੀ ਦੋ ਟੋਟੇ ਨਹੀਂ ਕੀਤੇ, ਸਾਡੀ ਜਬਾਨ ਤੇ ਸਾਹਿਤ ਨੂੰ ਵੀ ਦੋ ਲਿਪੀਆਂ ਵਿਚ ਵੰਡ ਦਿਤਾ ਹੈ, ਜਿਸ ਕਾਰਨ ਦੋਹਾਂ ਪਾਸਿਆਂ ਦੀਆਂ ਅਗਲੇਰੀਆਂ ਪੀੜ੍ਹੀਆਂ ਲੀਕੋਂ ਪਾਰਲੇ ਸਾਹਿਤ ਨੂੰ ਜਾਣ ਸਕਣ ਲਈ ਲਿਪੀ-ਅੰਤਰ ਦੇ ਉਪਰਾਲਿਆਂ ਦੀਆਂ ਮੁਹਤਾਜ ਹਨ। ਇਸ ਕਾਰਨ ਜਿੰਨੀ ਜਾਣਕਾਰੀ ਆਪਣੇ ਹਮਸਾਇਆਂ ਦੇ ਸਾਹਿਤ ਅਤੇ ਜ਼ਿੰਦਗੀ ਬਾਰੇ ਪੰਜਾਬੀ ਪਾਠਕ ਨੂੰ ਹੋਣੀ ਚਾਹੀਦੀ ਹੈ, ਉਸ ਦਾ ਨਾਂਅ ਮਾਤਰ ਹਿਸਾ ਹੀ ਆਮ ਪਾਠਕ ਕੋਲ ਪਹੁੰਚਦਾ ਹੈ। ਇਹ ਗੋਸ਼ਟੀ ਉਸ ਜਮੂਦ ਨੂੰ ਤੋੜਨ ਦੀ ਮਨਸ਼ਾ ਨਾਲ ਵਿਉਂਤੀ ਗਈ ਸੀ।

ਜੇ ਹਾਲਾਤ ਸਾਂਵੇਂ ਅਤੇ ਸੁਖਾਵੇਂ ਹੁੰਦੇ ਤਾਂ ਸਾਡੀ ਕੋਸ਼ਿਸ਼ ਇਹ ਵੀ ਸੀ ਕਿ ਵਾਹ ਲਗਦੀ ਆਪਣੇ ਪਾਕਿਸਤਾਨੀ ਪੰਜਾਬੀ ਲੇਖਕਾਂ ਨੂੰ ਇਸ ਗੋਸ਼ਟੀ ਲਈ ਉਚੇਚਾ ਸੱਦਿਆ ਜਾਵੇ ਤਾਂ ਜੋ ਉਨ੍ਹਾਂ ਦੀਆਂ ਕਹਾਣੀਆਂ ਦੇ ਪਰਥਾਏ ਲਹਿੰਦੇ ਪੰਜਾਬ ਦੇ ਸਮੁੱਚੇ ਸਾਹਿਤ ਅਤੇ ਉਸਦੀਆਂ ਧਾਰਾਵਾਂ ਬਾਰੇ ਖੁਲ੍ਹੀ ਗਲਬਾਤ ਹੋ ਸਕੇ। ਉਸ ਵੇਲੇ ਕਿਸੇ ਨੇ ਕਿਆਸਿਆ ਵੀ ਨਹੀਂ ਸੀ ਕਿ 2020 ਸਾਰੀ ਦੁਨੀਆ ਲਈ ਕਿੰਨਾ ਮਾਰੂ ਵਰ੍ਹਾ ਹੋ ਨਿੱਬੜੇਗਾ। ਪਾਕਿਸਤਾਨੀ ਪੰਜਾਬੀ ਲੇਖਕਾਂ ਨੂੰ ਸੱਦਣ ਦੇ ਰਸਮੀ ਮਰਹਲੇ ਪਾਰ ਕਰਨਾ ਤਾਂ ਦੂਰ ਦੀ ਗੱਲ ਰਹੀ, ਸਮਾਜਕ ਵਿੱਥ ਅਤੇ ਸਫਰ ਪਾਬੰਦੀਆਂ ਦੇ ਇਸ ਦੌਰ ਵਿਚ ਏਥੇ ਰਹਿਣ ਵਾਲਿਆਂ ਦਾ ਇਕ ਥਾਂ ਮਿਲ ਬਹਿਣਾ ਵੀ ਮੁਹਾਲ ਹੋ ਜਾਵੇਗਾ। ਇਹ ਪਹਿਲੀ ਵਾਰ ਹੈ ਕਿ ਸਾਨੂੰ 16 ਸਾਲਾਂ ਤੋਂ ਲਗਾਤਾਰ ਤੁਰੀ ਆਂਦੀ ਡਲਹੌਜ਼ੀ ਵਿਚ ਗੋਸ਼ਟੀ ਰਚਾਣ ਦੀ ਪਿਰਤ ਨੂੰ ਕੋਵਿਡ ਜਾਬਤਿਆਂ ਕਾਰਣ ਤੋੜਨਾ ਪਿਆ। ਪਰ ਇਸ ਦੇ ਬਾਵਜੂਦ ਫੈਸਲਾ ਇਹੋ ਹੋਇਆ ਕਿ ਇਸ ਪਰੰਪਰਾ ਨੂੰ ਜਾਰੀ ਜਰੂਰ ਰੱਖਿਆ ਜਾਵੇ।

ਇਸ ਮੰਤਵ ਨਾਲ ਪਾਕਿਸਤਾਨੀ ਪੰਜਾਬੀ ਲੇਖਕਾਂ ਕੋਲੋਂ ਉਨ੍ਹਾਂ ਦੀਆਂ ਕਹਾਣੀਆਂ ਈ-ਮੇਲ ਰਾਹੀਂ ਮੰਗਵਾ ਲਈਆਂ ਗਈਆਂ। ਚੋਣ ਉਨ੍ਹਾਂ ਦੀ ਆਪੋ-ਆਪਣੀ , ਸਾਡੇ ਵੱਲੋਂ ਗੁਜਾਰਿਸ਼ ਸਿਰਫ ਏਨੀ ਸੀ ਕਿ ਭੇਜੀ ਜਾਣ ਵਾਲੀ ਕਹਾਣੀ ਅਜੇ ਏਧਰ ਗੁਰਮੁਖੀ ਵਿਚ ਅਣਛਪੀ ਹੋਵੇ। ਸਾਨੂੰ ਪਹੁੰਚਣ ਵਾਲੀਆਂ ਕਹਾਣੀਆਂ ਚੋਣਵੇਂ ਵਿਚਾਰਕਾਰਾਂ ਨੂੰ ਭੇਜ ਦਿੱਤੀਆਂ ਗਈਆਂ, ਤੇ ਉਨ੍ਹਾਂ ਨੂੰ ਵੀ ਬੇਨਤੀ ਕੀਤੀ ਗਈ ਕਿ ਹਰ ਕਹਾਣੀ ਬਾਰੇ ਆਪੋ-ਆਪਣੀ ਰਾਇ ਲਿਖਤੀ ਰੂਪ ਵਿਚ ਭੇਜ ਦੇਣ, ਕਿਉਂਕਿ ਇਸ ਵਰ੍ਹੇ ਆਹਮੋ-ਸਾਹਮਣੇ ਬਹਿ ਕੇ ਕਹਾਣੀਆਂ

ਵਿਚਾਰਨਾ ਸੰਭਵ ਨਹੀਂ ਹੋ ਸਕੇਗਾ। ਇਸ ਢੰਗ ਨਾਲ ਸਭ ਪੜਚੋਲਕਾਂ ਵਲੋਂ ਮਿਲੇ ਪ੍ਰਤੀਕਰਮਾਂ ਨੂੰ ਹਰ ਕਹਾਣੀ ਦੇ ਨਾਲ ਵੱਖੋ-ਵੱਖ ਛਾਪਿਆ ਜਾ ਰਿਹਾ ਹੈ ਤਾਂ ਜੋ ਤਰਤੀਬ ਰੂ-ਬ-ਰੂ ਗੋਸ਼ਟੀਆਂ ਵਾਲੀ ਹੀ ਭਾਸੇ।

ਇਸ ਵਿਚਾਰ ਵਟਾਂਦਰੇ ਵਿਚ ਸਾਡੇ ਪਾਕਿਸਤਾਨੀ ਪੰਜਾਬੀ ਮਿੱਤਰਾਂ ਦੀ ਗੈਰ ਹਾਜਰੀ ਕਾਰਨ ਓਧਰਲੀ ਕਹਾਣੀ, ਅਤੇ ਜਿਸ ਪਰਿਪੇਖ ਤੇ ਜਿਨ੍ਹਾਂ ਬੰਦਿਸ਼ਾਂ ਹੇਠ ਉਹ ਰਚੀ ਜਾ ਰਹੀ ਹੈ, ਬਾਰੇ ਗੱਲਬਾਤ ਕਰਨਾ ਉਵੇਂ ਸੰਭਵ ਨਾ ਰਿਹਾ ਜਿਵੇਂ ਵਿਉਂਤਿਆ ਗਿਆ ਸੀ, ਪਰ ਡਾ. ਪਰਮਜੀਤ ਮੀਸ਼ਾ ਦੇ ਬੜੀ ਮਿਹਨਤ ਨਾਲ ਲਿਖੇ ਗਏ ਲੇਖ ਨੇ ਇਸ ਘਾਟ ਨੂੰ ਕਾਫੀ ਹਦ ਤਕ ਪੂਰਾ ਕਰ ਦਿੱਤਾ ਹੈ। ਆਪਣੇ ਪਰਚੇ 'ਪਾਕਿਸਤਾਨੀ ਪੰਜਾਬੀ ਕਹਾਣੀ ਦੇ ਪ੍ਰਮੁੱਖ ਸਰੋਕਾਰ' ਵਿਚ ਉਨ੍ਹਾਂ ਨੇ ਭਰਵੀਆਂ ਮਿਸਾਲਾਂ ਸਹਿਤ ਇਨ੍ਹਾਂ ਖਾਸੀਅਤਾਂ ਅਤੇ ਵੱਖਰਤਾਈਆਂ ਉਤੇ ਝਾਤ ਹੀ ਨਹੀਂ ਪੁਆਈ, ਇਸ ਪਿਛਲੇ ਸਿਆਸੀ ਅਤੇ ਇਤਹਾਸਕ ਕਾਰਨਾਂ ਦਾ ਵੀ ਵਿਸ਼ਲੇਸ਼ਣ ਕੀਤਾ ਹੈ। ਇਸ ਕਾਰਨ ਇਹ ਲੇਖ ਇਸ ਦੌਰ ਦੀ ਪਾਕਿਸਤਾਨੀ ਪੰਜਾਬੀ ਕਹਾਣੀ ਨੂੰ ਸਮਝਣ ਅਤੇ ਜੋਖਣ ਲਈ ਖਾਸਾ ਮਦਦਗਾਰ ਸਾਬਤ ਹੁੰਦਾ ਹੈ।

ਲਹਿੰਦੇ ਪੰਜਾਬ ਦੀਆਂ ਸੱਤ ਤਾਜਾ ਕਹਾਣੀਆਂ ਦੀ ਪੜ੍ਹਤ ਦੇ ਆਧਾਰ ਉਤੇ ਮਿਲੇ ਪ੍ਰਤੀਕਰਮਾਂ ਦਾ ਦਸਤਾਵੇਜ਼ ਤੁਹਾਡੇ ਪੜ੍ਹਨ ਅਤੇ ਪੜਚੋਲਣ ਲਈ ਹਾਜ਼ਰ ਹੈ। ਆਸ ਹੈ ਦੋ ਪਾਸਿਆਂ ਵਿਚ ਵੰਡੀ ਪੰਜਾਬੀ ਕਹਾਣੀ ਨੂੰ ਇਕ ਦੂਜੇ ਦੇ ਹੋਰ ਨੇੜੇ ਲਿਆਣ ਦੇ ਸਾਡੇ ਇਸ ਉਪਰਾਲੇ ਨੂੰ ਭਰਵਾਂ ਹੁੰਗਾਰਾ ਮਿਲੇਗਾ ਅਤੇ ਅਗਲੇਰੇ, ਭਲੇ ਵੇਲਿਆਂ ਵਿਚ ਇਸ ਕੜੀ ਨੂੰ ਅਗਾਂਹ ਵਧਾਣ ਲਈ ਸਾਨੂੰ ਭਰਪੂਰ ਹੁਲਾਰਾ ਵੀ ਮਿਲੇਗਾ।

ਨਵੇਂ ਵਰ੍ਹੇ ਲਈ ਸ਼ੁਭ ਇੱਛਾਂਵਾਂ ਸਹਿਤ!

**-ਸੁਕੀਰਤ**

*ਤ੍ਰੈਮਾਸਿਕ 'ਪਵਚਨ' ਪਿਛਲੇ 19 ਸਾਲਾਂ ਤੋਂ ਨਿਰੰਤਰ ਆਪਣੀ ਸਮਰੱਥਾ ਅਤੇ ਸੂਝ ਅਨੁਸਾਰ ਸਮੱਗਰੀ ਪੰਜਾਬੀ ਪਾਠਕਾਂ ਨੂੰ ਪੜ੍ਹਾ ਰਿਹਾ ਹੈ। ਇਸ ਸਫ਼ਰ ਦੌਰਾਨ ਸੁਹਿਰਦ ਪਾਠਕਾਂ ਨੇ ਭਰਪੂਰ ਹੁੰਗਾਰਾ ਭਰਿਆ ਹੈ। ਇਸ ਸਫ਼ਰ ਦੌਰਾਨ ਪਾਠਕਾਂ ਨੇ ਲਗਾਤਾਰ ਚੰਦਾ ਦੇ ਕੇ ਇਸ ਨੂੰ ਚਲਦਾ ਰੱਖਣ ਵਿਚ ਸਹਾਇਤਾ ਕੀਤੀ ਹੈ। ਜਿਹਨਾਂ ਪਾਠਕਾਂ ਦੇ ਚੰਦੇ ਖਤਮ ਹਨ ਉਨ੍ਹਾਂ ਨੂੰ ਆਪ ਵੀ ਪਤਾ ਹੈ। ਅਸੀਂ ਵਿਅਕਤੀਗਤ ਚਿੱਠੀ, ਪੱਤਰ ਪਾ ਕੇ ਉਨ੍ਹਾਂ ਨੂੰ ਯਾਦ ਕਰਾਉਣ ਦੀ ਥਾਂ ਸਵੈ ਅਹਿਸਾਸ ਕਰਾਉਣਾ ਚਾਹੁੰਦੇ ਹਾਂ ਕਿ ਉਹ ਆਪਣੇ ਆਪ ਹੀ ਚੰਦਾ ਸਮੇਂ ਸਿਰ ਭੇਜ ਦੇਣ ਤਾਂ ਜੋ ਇਸ ਪਰਚੇ ਨੂੰ ਜਾਰੀ ਰੱਖਿਆ ਜਾ ਸਕੇ। ਚੰਦਿਆਂ ਦੀ ਦਰ ਘੱਟੋ-ਘੱਟ 1500 ਰੁਪਏ ਪੰਜ ਸਾਲ ਲਈ ਹੈ। ਚੰਦਾ ਬੈਂਕ ਡਰਾਫਟ ਜਾਂ ਚੈੱਕ ਰਾਹੀਂ ਭੇਜਿਆ ਜਾਵੇ ਜਾਂ ਸੰਪਾਦਕ ਦੇ ਹੇਠ ਲਿਖੇ ਖਾਤੇ ਵਿਚ ਜਮ੍ਹਾਂ ਕਰਵਾ ਦਿੱਤੇ ਜਾਣ।*

Rajnish Bahadur Singh
Ac. no. 30568250112 IFSC SBIN0008301
STATE BANK OF INDIA,
Harbans Nagar Branch Jalandhar

ਸੰਪਾਦਕੀ

# ਲਹਿੰਦੇ ਪੰਜਾਬ ਦੀ ਅਜੋਕੀ ਕਹਾਣੀ ਨੂੰ ਵਾਚਦਿਆਂ

ਸਾਹਿਤ ਸਿਰਜਣਕਾਰੀ ਦਾ ਵਰਤਾਰਾ, ਵਿਧਾਗਤ ਵੰਡ ਤੇ ਇਸ ਦੀ ਨਿਸ਼ਾਨਦੇਹੀ ਇਕ ਜਟਿਲ ਮਸਲਾ ਹੈ। ਇਸ ਲਈ ਇਸ ਵਰਤਾਰੇ ਨੂੰ ਸਮਝਣ ਲਈ ਖਿੱਤਿਆਂ ਦੀ ਹੱਦਬੰਦੀ ਜ਼ਰੂਰੀ ਹੈ। ਇਹ ਹੱਦਬੰਦੀ ਪਿੰਡ ਦੀ ਇਕਾਈ ਤੋਂ ਲੈ ਕੇ ਮਹਾਂਦੀਪਾਂ ਤਕ ਫੈਲੀ ਹੋਈ ਹੁੰਦੀ ਹੈ। ਇਕ ਖ਼ਾਸ ਖਿੱਤੇ ਵਿਚ ਰਹਿਣ ਵਾਲੇ ਲੋਕਾਂ ਦੇ ਅਧਾਰ ਉੱਤੇ ਕਿਸੇ ਕੌਮ ਜਾਂ ਕੌਮੀਅਤ ਦਾ ਸੰਕਲਪ ਸਾਹਮਣੇ ਆਉਂਦਾ ਹੈ। ਕਿਸੇ ਕੌਮ ਜਾਂ ਕੌਮੀਅਤ ਦਾ ਸਬੰਧ ਕਿਸੇ ਖ਼ਾਸ ਖਿੱਤੇ ਵਿਚ ਪੈਦਾਵਾਰ ਦੇ ਸੰਦਾਂ ਦੇ ਵਿਕਾਸ ਅਤੇ ਪੈਦਾਵਾਰੀ ਵੰਡ ਵਿਚੋਂ ਉਪਜਿਆ ਜੀਵਨ ਹੁੰਦਾ ਹੈ। ਇਹ ਜੀਵਨ ਬੰਦੇ ਦੇ ਵਿਹਾਰ ਨੂੰ ਨਿਰਧਾਰਿਤ ਕਰਦਾ ਹੈ। ਇਹ ਵਿਹਾਰ ਅੱਗੇ ਜੀਵਨ ਜਾਚ ਅਤੇ ਸੱਭਿਆਚਾਰ ਨੂੰ ਜਨਮ ਦਿੰਦਾ ਹੈ। ਇਸ ਵਰਤਾਰੇ ਦਾ ਸੂਖ਼ਮ ਪ੍ਰਗਟਾਵਾ ਕਲਾਵਾਂ ਦੇ ਰੂਪ ਵਿਚ ਪ੍ਰਗਟ ਹੁੰਦਾ ਹੈ। ਇਸ ਖਿੱਤੇ ਦੀ ਹੱਦਾਂ ਨੂੰ ਸਮੁੰਦਰ, ਦਰਿਆ ਅਤੇ ਪਹਾੜਾਂ ਵਰਗੀਆਂ ਕੁਦਰਤੀ ਬਣਤਰਾਂ ਤੈਅ ਕਰਦੀਆਂ ਹਨ। ਇਨ੍ਹਾਂ ਕੁਦਰਤੀ ਬਣਤਰਾਂ ਤੋਂ ਬਾਅਦ ਮਨੁੱਖ ਹੱਦਾਂ ਤੈਅ ਕਰਨ ਲੱਗ ਜਾਂਦਾ ਹੈ। ਪਹਿਲਾਂ ਕਬੀਲਿਆਂ ਦੇ ਰੂਪ ਵਿਚ, ਫਿਰ ਬਾਦਸ਼ਾਹਾਂ ਦੇ ਰੂਪ ਵਿਚ ਵੱਖ-ਵੱਖ ਕਬੀਲਿਆਂ ਅਤੇ ਕੌਮੀਅਤਾਂ ਦੇ ਮੇਲ ਮਿਲਾਪ ਦਾ ਯੁੱਗ ਸ਼ੁਰੂ ਹੁੰਦਾ ਹੈ। ਜੀਵਨ ਜਾਚਾਂ ਜਿਹੜੀਆਂ ਕੁਦਰਤੀ ਬਣਤਰਾਂ ਕਰਕੇ ਵੱਖਰੀਆਂ ਸਨ ਉਹ ਮਿਲਣ ਲਗਦੀਆਂ ਹਨ। ਜਗੀਰਦਾਰੀ ਯੁਗ ਵਿਚ ਰਾਜਾ ਆਪਣੇ ਖੇਤਰ ਦੇ ਵਿਸਥਾਰ ਲਈ ਦੂਜੇ ਇਲਾਕਿਆਂ ਉਤੇ ਹਮਲੇ ਕਰਦਾ ਸੀ। ਇਸ ਦੌਰ ਵਿਚ ਰਾਜਾਂ ਦੀਆਂ ਹੱਦਾਂ ਅਸਥਿਰ ਹੁੰਦੀਆਂ ਸਨ। ਜਿਸ ਕੋਲ ਜਿੰਨੇ ਜੰਗ ਦੇ ਵਿਕਸਤ ਸਾਧਨ ਹੁੰਦੇ ਸਨ, ਓਨਾ ਹੀ ਉਹ ਖੇਤਰ ਹਥਿਆਰਬੰਦ ਜੰਗ ਵਿਚ ਕਾਮਯਾਬ ਹੁੰਦਾ ਸੀ। ਇਸ ਤਰ੍ਹਾਂ ਅਧਿਕਾਰ ਖੇਤਰ ਤਾਂ ਬਦਲਦੇ ਰਹਿੰਦੇ ਸਨ ਪ੍ਰੰਤੂ ਤਬਦੀਲੀ ਸਮੇਤ ਸੱਭਿਆਚਾਰਕ ਇਕਾਈਆਂ ਇਕੋ ਜਿਹੀਆਂ ਰਹਿੰਦੀਆਂ ਸਨ। ਬਸਤੀਵਾਦੀ ਦੌਰ ਵਿਚ ਬਸਤੀਕਾਰਾਂ ਨੇ ਹੱਦਾਂ ਵੀ ਬਦਲੀਆਂ ਅਤੇ ਹਕੂਮਤਾਂ ਵੀ। ਬਸਤੀਆਂ ਲਈ ਅੰਗਰੇਜ਼, ਫਰਾਂਸੀਸੀ ਅਤੇ ਪੁਰਤਗੇਜ ਇਕ ਪਾਸੇ ਅਤੇ ਜਾਪਾਨ ਦੂਜੇ ਪਾਸੇ ਬਸਤੀਆਂ ਲਈ ਲੜ ਰਹੇ ਸਨ। ਪਹਿਲਾਂ ਹੱਦਬੰਦੀ ਲਈ ਢਿੱਲੇ-ਢਾਲੇ ਕੌਮਾਂਤਰੀ ਨਿਯਮ ਵਿਕਸਤ ਮੁਲਕਾਂ ਵੱਲੋਂ ਬਣਦੇ ਰਹੇ ਅਤੇ ਫਿਰ ਦੂਜੇ ਸੰਸਾਰ ਜੰਗ ਤੋਂ ਬਾਅਦ ਯੂ. ਐਨ. ਓ. ਵਰਗੀਆਂ ਸੰਸਥਾਵਾਂ ਹੋਂਦ ਵਿਚ ਆਈਆਂ। ਹੁਣ ਸਰਹੱਦੀ ਝਗੜੇ ਚੱਲਦੇ ਹਨ। ਇਸ ਨੂੰ ਲੈ ਕੇ ਯੁੱਧ ਵੀ ਹੁੰਦੇ ਹਨ ਪ੍ਰੰਤੂ ਸਰਹੱਦੀ ਨਿਪਟਾਰੇ ਲਈ ਸੰਸਥਾਵਾਂ ਅੱਗੇ ਆ ਜਾਂਦੀਆਂ ਹਨ। ਵੀਹਵੀਂ ਸਦੀ ਦੇ ਅੱਧ ਵਿਚ ਹੀ ਭਾਰਤ ਦੀ ਵੰਡ ਹੋਈ। ਭਾਰਤ ਅਤੇ ਪਾਕਿਸਤਾਨ ਦੋ ਵੱਖਰੇ ਮੁਲਕ ਬਣ ਗਏ। ਇਹ ਵੰਡੇ ਹੋਏ ਖੇਤਰਾਂ ਵਿਚ ਪੰਜਾਬ ਪ੍ਰਮੁੱਖ ਸੀ। ਪੰਜਾਬ ਇਕ ਆਜ਼ਾਦ ਸੱਭਿਆਚਾਰਕ ਇਕਾਈ ਸੀ। ਵੰਡ ਤੋਂ ਬਾਅਦ ਦੋਹਾਂ ਦੇਸ਼ਾਂ ਦੇ ਵੱਖਰੇ ਵਿਕਾਸ ਮਾਡਲ, ਮਜ਼ਬੀ ਬਣਤਰਾਂ ਦੀ ਵੱਖਰਤਾ ਨੇ ਦੋਹਾਂ ਖਿੱਤਿਆਂ ਦੇ ਵਿਕਾਸ ਦੀ ਗਤੀ ਵਿਚ ਅੰਤਰ ਖੜ੍ਹਾ ਕਰ ਦਿੱਤਾ। ਇਤਿਹਾਸਕ ਪਿਛੋਕੜ ਨਾਲ ਸੰਬੰਧਿਤ ਧਾਰਨਾਵਾਂ ਬਦਲ ਗਈਆਂ। ਸਾਹਿਤ ਤੇ ਇਤਿਹਾਸ ਨੂੰ ਨਵੇਂ ਸਿਰੇ ਤੋਂ ਘੜਿਆ ਜਾਣ ਲੱਗ ਪਿਆ। ਜੰਮੂ ਕਸ਼ਮੀਰ ਦੇ ਖਿੱਤੇ ਨੂੰ ਲੈ ਕੇ ਵਿਵਾਦ ਚੱਲਦਾ ਰਿਹਾ।

ਤਿੰਨ ਜੰਗਾਂ ਹੋਈਆਂ। ਸਾਂਝੀ ਪੰਜਾਬੀਅਤ ਤਿੜਕ ਗਈ। ਲਿਪੀ ਨੂੰ ਲੈ ਕੇ ਵਖਰੇਵੇਂ ਸਾਹਮਣੇ ਆਏ। ਇਨ੍ਹਾਂ ਵਖਰੇਵਿਆਂ ਦੇ ਬਾਵਜੂਦ ਭਾਵਨਾਵਾਂ ਦੀ ਸਾਂਝ ਇਕ ਪੀੜ੍ਹੀ ਵਿਚ ਬਣੀ ਰਹੀ। ਇਕ ਪਾਸੇ ਦੇ ਲੋਕ ਸਾਂਝ ਦੀ ਗੱਲ ਕਰਦੇ ਰਹੇ, ਦੂਜੇ ਇਸ ਨੂੰ ਵਿਸਥਾਰਵਾਦੀ ਮਾਨਸਿਕਤਾ ਨਾਲ ਜੋੜਦੇ ਰਹੇ। ਪ੍ਰੰਤੂ ਤਰਕਸ਼ੀਲ ਸੋਚ ਇਸ ਗੱਲ ਉਤੇ ਖੜ੍ਹੀ ਰਹੀ ਕਿ ਹੁਣ ਦੋ ਆਜ਼ਾਦ ਦੇਸ਼ ਹੋਂਦ ਵਿਚ ਆ ਚੁੱਕੇ ਹਨ। ਦੋਵੇਂ ਦੇਸ਼ ਪਿਆਰ ਨਾਲ ਇਕ ਚੰਗੇ ਗੁਆਂਢੀ ਵਾਂਗ ਵੱਸਣ। ਪਰੰਤੂ ਧਰਮ ਅਤੇ ਲਿਪੀ ਦੇ ਵਖਰੇਵੇਂ ਸਾਹਮਣੇ ਸਨ। ਇਸ ਲਈ ਪੰਜਾਬ ਦੇ ਸਾਹਿਤਕ, ਸੱਭਿਆਚਾਰਕ ਅਤੇ ਧਾਰਮਿਕ ਵਿਰਸੇ ਦੇ ਇਤਿਹਾਸ ਵਿਚੋਂ ਲਿਖਣਾ/ਵਾਚਣਾ ਜ਼ਰੂਰੀ ਹੈ ਤਾਂ ਜੋ ਖ਼ੁਦਮੁਖਤਾਰੀ ਅਤੇ ਸਾਂਝ ਦੀ ਡਾਈਲੈਕਟਸ ਨੂੰ ਸਮਝਿਆ ਜਾ ਸਕੇ।

ਪੰਜਾਬ ਦੇ ਇਸ ਖਿੱਤੇ ਨੂੰ ਵੱਖ-ਵੱਖ ਸਮੇਂ ਵੱਖ-ਵੱਖ ਨਾਵਾਂ ਨਾਲ ਜਾਣਿਆ ਜਾਂਦਾ ਸੀ। ਇਸ ਦਾ ਅਧਾਰ ਮਹਾਂ-ਕਾਵਿ, ਇਤਿਹਾਸਕ ਲਿਖਤਾਂ ਅਤੇ ਲੋਕ ਜੀਵਨ ਦੇ ਦਸਤਾਵੇਜ਼ਾਂ ਨੂੰ ਬਣਾਇਆ ਜਾ ਸਕਦਾ ਹੈ। ਇਸ ਦਾ ਪ੍ਰਭਾਵੀ ਦਸਤਾਵੇਜ਼ੀ ਆਧਾਰ ਆਰੀਅਨ ਲਿਖਤਾਂ ਨਾਲ ਜੁੜਿਆ ਹੋਇਆ ਹੈ ਪ੍ਰੰਤੂ ਜਦੋਂ ਹੜੱਪਾ ਸੱਭਿਅਤਾ ਦੇ ਚਿੰਨ੍ਹ ਸਾਹਮਣੇ ਆਏ ਤਾਂ ਉਸ ਵਿਚ ਸੱਭਿਅਤਾ ਦੇ ਚਿੰਨ੍ਹ ਤਾਂ ਮਿਲਦੇ ਹਨ ਪ੍ਰੰਤੂ ਉਸ ਦੌਰ ਦੀਆਂ ਲਿਖਤਾਂ ਸਾਹਮਣੇ ਨਹੀਂ ਆਈਆਂ। ਇਸ ਲਈ ਹੁਣ ਤਕ ਦਾ ਇਤਿਹਾਸਕ ਮਿਲੇ ਅਤੇ ਪੜ੍ਹੇ ਜਾਣ ਵਾਲੇ ਦਸਤਾਵੇਜ਼ਾਂ ਉਤੇ ਹੀ ਅਧਾਰਿਤ ਹੈ। ਇਸ ਲਈ ਇਸ ਖਿੱਤੇ ਨੂੰ ਪਹਿਲਾਂ ਆਰੀਆਂਵਰਤ ਦੇ ਨਾਂ ਨਾਲ ਜਾਣਿਆ ਜਾਂਦਾ ਸੀ। ਇਸ ਤੋਂ ਪਹਿਲਾਂ ਇਸ ਖਿੱਤੇ ਵਿਚ ਮੱਧ ਏਸ਼ੀਆ ਨੂੰ ਸ਼ਾਮਲ ਕਰ ਕੇ ਇਸ ਨੂੰ ਬ੍ਰਹਮ ਵਰਤ ਵਜੋਂ ਵੀ ਜਾਣਿਆ ਜਾਂਦਾ ਸੀ। ਉਂਜ ਇਹ ਇਲਾਕਾ ਜਿਹੜਾ ਸੱਤੇ ਦਰਿਆਵਾਂ ਵਿਚਕਾਰ ਅਰਥਾਤ ਸਿੰਧ ਤੋਂ ਸਰਸਵਤੀ ਤਕ ਫੈਲਿਆ ਹੋਇਆ ਸੀ, ਬਾਬਰ ਦੁਆਰਾ ਰਚਿਤ ਆਪਣੀਆਂ ਯਾਦਾਂ ਜਿਹੜੀਆਂ ਬਾਅਦ ਵਿਚ ਉਸ ਦੀ ਧੀ ਗੁਲਬਦਨ ਦੁਆਰਾ ਸੰਪਾਦ ਕਰ ਕੇ, ਬਾਬਰਨਾਮਾ ਨਾਂ ਥੱਲੇ ਛਪਿਆ, ਉਸ ਦੇ ਅਧਾਰ ਉਤੇ ਉਹ ਪਹਿਲੀ ਵਾਰੀ ਭਾਰਤ ਉੱਤੇ ਜਿੱਤ ਪ੍ਰਾਪਤ ਕਰਨ ਲਈ 1518 ਈ. ਵਿਚ ਸਿੰਧ ਦਰਿਆ ਪਾਰ ਕਰਦਾ ਹੈ। ਦਿੱਲੀ ਉੱਤੇ ਕਬਜ਼ਾ ਕਰਨ ਲਈ ਉਹ 1526 ਈ. ਵਿਚ ਪਾਨੀਪਤ ਵਿਚ ਦਿੱਲੀ ਦੇ ਸੁਲਤਾਨ ਇਬਰਾਹਿਮ ਲੋਧੀ ਨੂੰ ਹਰਾਉਂਦਾ ਹੈ। ਬਦੇਸ਼ੀ ਹਮਲਾਵਰਾਂ ਦਾ ਇਹ ਰਸਤਾ-ਸਿਰਫ਼ ਬਾਬਰ ਦਾ ਹੀ ਨਹੀਂ, ਸਗੋਂ ਬਾਕੀਆਂ ਦਾ ਪਹਿਲਾਂ ਵੀ ਸੀ। ਇਸ ਸਥਿਤੀ ਨੇ ਪੰਜਾਬ ਵਿਚ ਮਿਸ਼ਰਤ ਸੱਭਿਆਚਾਰ ਦੀ ਨੀਂਹ ਹੀ ਨਹੀਂ ਰੱਖੀ ਸਗੋਂ ਸੰਵਾਦ, ਧਾਰਮਿਕ ਸਹਿਣਸ਼ੀਲਤਾ, ਜ਼ੁਲਮ ਦੇ ਵਿਰੁੱਧ ਲੜਨ ਦਾ ਮਾਦਾ, ਵਿਸ਼ਵੀ ਭਾਈਚਾਰਾ, ਮਾਨਵੀ ਮੁੱਲਾਂ ਦੀ ਕਦਰ ਕਰਨ ਵਾਲੇ ਮੁੱਲਾਂ ਦਾ ਵਾਹਕ ਬਣਾ ਦਿੱਤਾ। ਬਾਰ੍ਹਵੀਂ ਸਦੀ ਵਿਚ ਪੰਜਾਬੀਅਤ ਦਾ ਜਿਹੜਾ ਮੂੰਹ ਮੱਥਾ ਬਣਿਆ ਉਸ ਦਾ ਦਸਤਾਵੇਜ਼ੀ ਸਬੂਤ ਸ਼ੇਖ ਫਰੀਦ ਦੇ ਸ਼ਲੋਕ ਅਤੇ ਸ਼ਬਦ ਹਨ। ਫਰੀਦ ਉਸ ਦਰਸ਼ਨ ਦਾ ਵਿਆਖਿਆਕਾਰ ਅਤੇ ਸਿਧਾਂਤਕਾਰ ਸੀ ਜਿਹੜਾ ਪੰਜਾਬੀਅਤ ਦਾ ਅਧਾਰ ਬਣਦਾ ਹੈ। ਫਿਰ ਗੁਰਮਤਿ ਧਾਰਾ, ਕਿੱਸਾ-ਕਾਵਿ ਅਤੇ ਬੀਰ-ਕਾਵਿ ਇਸ ਦਰਸ਼ਨ ਦਾ ਅਧਾਰ ਵਿਸ਼ਾਲ ਕਰਦੇ ਹਨ।

ਦੇਸ਼ ਵੰਡ, ਭਾਰਤ ਦੀ ਵੰਡ ਦੇ ਨਾਲ ਇਕ ਵੱਖਰੇ ਅਜ਼ਾਦ ਦੇਸ਼ ਦੇ ਹੋਂਦ ਵਿਚ ਆਉਣ ਦੀ ਘਟਨਾ ਬਣਦੀ ਹੈ। ਇਸ ਘਟਨਾ ਨਾਲ ਪੰਜਾਬੀ ਕੌਮੀਅਤ ਦੀ ਵੰਡ ਹੀ ਨਹੀਂ ਹੋਈ, ਸਗੋਂ ਵਿਕਾਸ ਦੇ ਵੱਖ ਵੱਖ ਮਾਡਲਾਂ ਉਤੇ ਤੁਰ ਪਏ। ਚੜ੍ਹਦੇ ਪੰਜਾਬ ਵਿਚ ਵਿਕਾਸ ਦੀ

ਗਤੀ ਤੇਜ਼ ਹੋਈ। ਮੁਜ਼ਾਰਾ ਲਹਿਰ ਚੱਲੀ, ਲੋਕਤੰਤਰੀ ਵਿਵਸਥਾ ਵਿਚ ਲੋਕਾਂ ਦਾ ਵਿਸ਼ਵਾਸ ਪੱਕਾ ਹੋਇਆ। ਹਰੇ ਇਨਕਲਾਬ ਨੇ ਚੜ੍ਹਦੇ ਪੰਜਾਬ ਦੇ ਲੋਕਾਂ ਦੇ ਹਾਲਾਤ ਬਦਲ ਦਿੱਤੇ। ਖੇਤੀ ਦੀ ਪੈਦਾਵਾਰ ਵਿਚ ਵਾਧਾ ਹੋਇਆ, ਖੇਤੀ ਦਾ ਮਸ਼ੀਨੀਕਰਨ ਹੋਇਆ। ਪਿੰਡਾਂ ਵਿਚ ਮੱਧ ਵਰਗ ਤੇਜ਼ੀ ਨਾਲ ਉੱਭਰਿਆ। ਸਿੱਖਿਆ ਦਾ ਵਿਕਾਸ ਹੋਇਆ, ਸ਼ਹਿਰੀਕਰਨ ਦਾ ਵਰਤਾਰਾ ਤੇਜ਼ ਹੋਇਆ। ਪਿੰਡਾਂ ਦੀ ਨੁਹਾਰ ਬਦਲ ਗਈ। ਲਹਿੰਦੇ ਪੰਜਾਬ ਵਿਚ ਵਿਕਾਸ ਦੀ ਗਤੀ ਧੀਮੀ ਰਹੀ। ਪਿੰਡਾਂ ਵਿਚ ਆਰਥਿਕ ਪਾੜਾ ਨਜ਼ਰ ਆਉਂਦਾ ਹੈ। ਜਦੋਂ ਮੈਂ 2010 ਵਿਚ ਪਾਕਿਸਤਾਨ ਗਿਆ ਇਧਰਲੇ ਪੰਜਾਬ ਵਰਗਾ, ਰਹਿਣ ਸਹਿਣ ਨਹੀਂ ਸੀ। ਕੋਠੀਨੁਮਾ ਘਰ ਪਿੰਡਾਂ ਵਿਚ ਨਜ਼ਰ ਨਹੀਂ ਆਉਂਦਾ ਸੀ। ਹੁਣ ਵੀ ਉਥੇ ਦੇ ਕਾਮੇਡੀ ਸ਼ੋਅ ਯੂਟਿਊਬ ਉਤੇ ਵੇਖ ਕੇ ਇਧਰਲੇ ਪੰਜਾਬ ਦੇ ਪਿਛਲੀ ਸਦੀ ਦੇ ਸੱਠਵਿਆਂ ਦੇ ਪਿੰਡਾਂ ਦਾ ਭੁਲੇਖਾ ਪੈਂਦਾ ਹੈ। ਐਕਟਰਾਂ ਦੇ ਨਾ ਉਚਾਰ ਵਿਚ ਸਹਿਜਤਾ ਹੈ, ਨਾ ਹੀ ਵਿਸ਼ਾ ਵਸਤੂ ਵਿਚ। ਹਾਂ ਕੁਝ ਚੈਨਲਾਂ ਉਤੇ ਚਲਦੇ ਲੜੀਵਾਰ ਸ਼ਹਿਰੀ ਮੱਧ-ਵਰਗ ਦੀ ਬਾਤ ਪਾਉਂਦੇ ਨਜ਼ਰ ਆਉਂਦੇ ਹਨ। ਸਾਡੇ ਆਧੁਨਿਕ ਪੰਜਾਬੀ ਸਾਹਿਤ ਦੀਆਂ ਜੜ੍ਹਾਂ, ਸਾਂਝੇ ਪੰਜਾਬ ਵਿਚ ਮੌਜੂਦ ਹਨ। ਉਧਰ ਸ਼ੁਰੂ ਹੀ ਸੱਤ ਦਹਾਕੇ ਪਹਿਲਾਂ ਹੁੰਦਾ ਹੈ। ਇਸ ਦੇ ਕਾਰਨ ਧਾਰਮਿਕ ਪੁਨਰ ਸੁਰਜੀਤੀ ਦੀ ਲਹਿਰ ਦੀ ਸਥਿਤੀ ਵਿਚ ਮੌਜੂਦ ਹਨ। ਨਵੀਂ ਸਿੱਖਿਆ ਅਤੇ ਭਾਸ਼ਾ ਸਬੰਧੀ ਵੱਖ ਵੱਖ ਲੀਡਰਾਂ ਦੀ ਸੋਚ ਵਿਚ ਅੰਤਰ ਸੀ। ਇਧਰਲੇ ਪੰਜਾਬ ਵਿਚ ਸਾਹਿਤਕਾਰੀ ਧਾਰਮਿਕ ਪੁਨਰ-ਸੁਰਜੀਤੀ ਦੀ ਲਹਿਰ ’ਚੋਂ ਨਿਕਲ ਕੇ ਪ੍ਰਗਤੀਸ਼ੀਲ ਸੁਧਾਰਵਾਦ ਤੋਂ ਪ੍ਰਗਤੀ ਵੱਲ ਦਾਖਲ ਹੋ ਗਈ। ਕੌਮੀ ਸਰਮਾਏਦਾਰੀ ਨੇ ਇਸ ਲਈ ਰਾਹ ਪੱਧਰਾ ਕਰ ਦਿੱਤਾ। ਇਧਰਲੇ ਪੰਜਾਬ ਦੇ ਗਲਪਕਾਰ, ਖ਼ਾਸ ਕਰ ਕਹਾਣੀਕਾਰਾਂ ਨੇ ਇਸ ਸਥਿਤੀ ਨੂੰ ਤੇਜ਼ੀ ਨਾਲ ਅੰਗੀਕਾਰ ਕੀਤਾ। ਤੀਜੀ ਪੀੜ੍ਹੀ ਦੇ ਕਹਾਣੀਕਾਰਾਂ ਨੇ ਪੰਜਾਬੀ ਕਹਾਣੀ ਦਾ ਘੇਰਾ ਹੀ ਨਹੀਂ ਵਧਾਇਆ, ਸਗੋਂ ਦ੍ਰਿਸ਼ਟੀ ਪੱਖੋਂ ਵੀ ਕਹਾਣੀ ਵਿਚ ਨਵੀਆਂ ਪਰਤਾਂ ਪ੍ਰਵੇਸ਼ ਕਰ ਗਈਆਂ। ਕਿਸਾਨੀ ਸਮਾਜ ਦੇ ਨਾਲ ਨਾਲ ਸ਼ਹਿਰੀ ਮੱਧ-ਵਰਗ ਚੜ੍ਹਦੇ ਪੰਜਾਬ ਦੀ ਕਹਾਣੀ ਵਿਚ ਪ੍ਰਵੇਸ਼ ਕਰ ਗਿਆ। ਔਰਤ ਲੇਖਕਾਂ ਦਾ ਇਕ ਸਮਰੱਥ ਪੂਰ ਹੀ ਸਾਹਮਣੇ ਨਹੀਂ ਆਇਆ, ਦਲਿਤ ਸਮਾਜ ਦੇ ਮਸਲੇ ਦੀ ਕਹਾਣੀ ਵੀ ਮੁੱਖ ਸੁਰ ਵਿਚ ਪ੍ਰਵੇਸ਼ ਕਰ ਗਏ। ਚੌਥੀ ਪੀੜ੍ਹੀ ਨੇ ਪੰਜਾਬੀ ਕਹਾਣੀ ਦਾ ਘੇਰਾ ਵਿਸ਼ਾਲ ਹੀ ਨਹੀਂ ਕੀਤਾ ਸਗੋਂ ਉਸ ਵਿਚ ਮਾਣਯੋਗ ਵਾਧਾ ਕੀਤਾ। ਪੰਜਾਬ ਕਹਾਣੀ ਦੀ ਮੁਖ ਸੁਰ ਆਜ਼ਾਦ ਵਿਚਾਰ ਪ੍ਰਗਟਾਵੇ ਦਾ ਬਾਇਸ ਬਣੀ ਰਹੀ ਹੈ। ਇਧਰਲੇ ਪੰਜਾਬੀ ਕਹਾਣੀਕਾਰਾਂ ਨੂੰ ਪ੍ਰਕੀਤਾਤਮਕ ਸ਼ੈਲੀ ਦੀ ਬਹੁਤ ਲੋੜ ਨਹੀਂ ਰਹੀ। ਸਿਰਫ਼ ਸ਼ੈਲੀ ਕਰ ਕੇ ਕੁਝ ਕਹਾਣੀਕਾਰਾਂ ਤੇ ਫੈਂਟਸੀ ਦੀ ਵਿਧੀ ਦਾ ਵਹਿਮ ਪਿਆ ਹੈ। ਇਹ ਕੋਈ ਸੱਤਾ ਦੇ ਦਬਾਅ ਕਰ ਕੇ ਨਹੀਂ। ਹੁਣ ਪੰਜਾਬੀ ਕਹਾਣੀ ਦੀ ਪੰਜਵੀਂ ਪੀੜ੍ਹੀ ਦੇ ਚਿੰਨ੍ਹ ਨਜ਼ਰ ਆ ਰਹੇ ਹਨ। ਸਾਇੰਸ, ਤਕਨੀਕ, ਮਨੋਵਿਗਿਆਨ, ਹਮ ਜਿਨਸੀ ਸਬੰਧਾਂ ਦੇ ਨਾਲ ਨਾਲ ਕਹਾਣੀ ਕਈ ਬੰਧਸ਼ਾਂ ਤੋਂ ਮੁਕਤ ਹੋ ਰਹੀ ਹੈ। ਟੈਕਨੋਕਰੇਟ ਦੇ ਨਾਲ ਨਾਲ ਕਾਰਪੋਰੇਟ ਸੈਕਟਰ ਦੀਆਂ ਸਮੱਸਿਆਵਾਂ ਵੀ ਚੜ੍ਹਦੇ ਪੰਜਾਬ ਦੀ ਕਹਾਣੀ ਵਿਚ ਨਜ਼ਰ ਆ ਰਹੀਆਂ ਹਨ। ਇਸ ਸਥਿਤੀ ’ਚੋਂ ਪੈਦਾ ਹੋਇਆ ਵਿਹਾਰ ਉਭਰਵੇਂ ਰੂਪ ਵਿਚ ਪ੍ਰਗਟ ਹੋ ਰਿਹਾ ਹੈ। ਕਹਾਣੀ ਪਾਤਰ ਦੇ ਛੋਟੇ ਤੋਂ ਛੋਟੇ ਭਾਵ ਉੱਤੇ ਫੋਕਸ ਹੋ ਰਹੀ ਹੈ।

ਲਹਿੰਦੇ ਪੰਜਾਬ ਦੀ ਕਹਾਣੀ ਵਿਚੋਂ ਉਥੋਂ ਦੇ ਰਾਜਸੀ ਪ੍ਰਬੰਧ, ਆਰਥਿਕ ਵਿਕਾਸ ਮਾਡਲ ਅਤੇ ਜਗੀਰਦਾਰੀ ਜਮਾਤ ਦੀ ਚੜ੍ਹਤ ਕਰਕੇ ਲੋਕਤੰਤਰੀ ਸ਼ਕਤੀਆਂ ਕਮਜ਼ੋਰ ਧਿਰ

ਬਣ ਕੇ ਉੱਭਰੀਆਂ। ਸਾਂਝੇ ਪੰਜਾਬ ਹੀ ਨਹੀਂ ਸਮੁੱਚੇ ਉੱਤਰੀ ਭਾਰਤ ਵਿਚ ਇਸਲਾਮ ਮੰਨ੍ਹਣ ਵਾਲੇ ਲੇਖਕ ਵੱਡੀ ਗਿਣਤੀ ਵਿਚ ਪ੍ਰਗਤੀਵਾਦੀ ਸਾਹਿਤ ਸਿਰਜਣਕਾਰੀ ਨਾਲ ਜੁੜੇ ਹੀ ਨਹੀਂ ਸਨ, ਸਗੋਂ ਉਹ ਪ੍ਰਗਤੀਵਾਦੀ ਸਾਹਿਤ ਸਿਰਜਣਾ ਨੂੰ ਉੱਚੇ ਮੁਕਾਮ ਤਕ ਲੈ ਕੇ ਗਏ ਸਨ। ਪੰਜਾਬੀ ਸਾਹਿਤ ਦੀ ਉਹ ਉੱਚੀ ਸੁਰ ਸਨ। ਪਾਕਿਸਤਾਨ ਵਿਚ ਉਨ੍ਹਾਂ ਦਾ ਵਾਹ ਮੂਲਵਾਦੀ ਸ਼ਕਤੀਆਂ ਅਤੇ ਫ਼ੌਜ ਰਾਹੀਂ ਕੰਟਰੋਲ ਕਰਦੀ ਜਗੀਰਦਾਰੀ ਮਾਨਸਿਕਤਾ ਵਾਲੀ ਅਫਸਰਸ਼ਾਹੀ ਨਾਲ ਪਿਆ। ਮੁੱਢਲੇ ਰੂਪ ਵਿਚ ਚੜ੍ਹਦੇ ਪੰਜਾਬ ਦੇ ਪੰਜਾਬੀ ਲੇਖਕਾਂ ਨੂੰ ਭਾਸ਼ਾ ਦੇ ਮਸਲੇ ਉਤੇ ਜੂਝਣਾ ਪਿਆ। ਉਥੋਂ ਦੀ ਪੰਜਾਬੀ ਕਹਾਣੀ ਦੀ ਮੁੱਖ ਸੁਰ ਭਾਈਚਾਰਕ ਸਾਂਝ ਵਾਲੀ ਰਹੀ। ਸੱਤਾ ਦਾ ਸਿੱਧਾ ਵਿਰੋਧ ਉਨ੍ਹਾਂ ਲਈ ਮੁਸ਼ਕਲ ਹੋ ਗਿਆ। ਡਿਕਟੇਟਰਸ਼ਿਪ ਦਾ ਦਬਦਬਾ ਉਥੇ ਵਧਦਾ ਗਿਆ। ਕਸ਼ਮੀਰ ਦੇ ਮਸਲੇ ਨੇ ਸਮੱਸਿਆਵਾਂ ਨੂੰ ਹੋਰ ਜਟਿਲ ਬਣਾ ਦਿੱਤਾ। ਭਾਰਤ ਵਿਚ ਧਰਮ ਨਿਰਪੱਖ ਸ਼ਕਤੀਆਂ ਮਜ਼ਬੂਤ ਸਨ ਪ੍ਰੰਤੂ ਪਿਛਲੇ ਸਮੇਂ ਤੋਂ ਸੱਜ ਪਿਛਕੜੀ ਤਾਕਤਾਂ ਨੇ ਸਮੱਸਿਆਵਾਂ ਨੂੰ ਜਟਿਲ ਬਣਾ ਦਿੱਤਾ ਹੈ। ਪਾਕਿਸਤਾਨ ਦੇ ਪੰਜਾਬੀ ਕਹਾਣੀਕਾਰਾਂ ਦਾ ਇਕ ਪੂਰ ਕਿਸਾਨੀ ਪਿਛੋਕੜ ਵਾਲਾ ਸੀ। ਇਸ ਲਈ ਉਥੋਂ ਦੀ ਕਹਾਣੀ ਵਿਚ ਸਮਾਜਿਕ ਭਾਈਚਾਰਕ ਸਾਂਝ, ਕਿਰਤੀ ਵਰਗ ਅਤੇ ਅੱਤਵਾਦੀ ਵਰਗੀਆਂ ਸਮੱਸਿਆਵਾਂ ਨੂੰ, ਨਾਰੀ ਦੇ ਮਸਲਿਆਂ ਨੂੰ ਉਠਾ ਰਹੇ ਸਨ। ਅੱਜ ਦੀ ਕਹਾਣੀ ਅਜਿਹੀ ਕਹਾਣੀ ਹੈ ਜਿਹੜੀ ਚੜ੍ਹਦੇ ਪੰਜਾਬ ਵਿਚ ਤੀਜੀ ਪੀੜ੍ਹੀ ਲਿਖ ਰਹੀ ਸੀ। ਸਾਡੇ ਕੋਲ ਵਿਚਾਰ ਅਧੀਨ ਕਹਾਣੀਆਂ ਸਮਕਾਲ ਦੀ ਸਿਰਜਣਕਾਰੀ ਨਾਲ ਸਬੰਧਤ ਹਨ। ਇਨ੍ਹਾਂ ਨੂੰ ਪਤਾ ਨਹੀਂ ਲਹਿੰਦੇ ਪੰਜਾਬ ਦੀ ਪ੍ਰਤੀਨਿਧ ਕਹਾਣੀ ਵੀ ਕਿਹਾ ਜਾ ਸਕਦਾ ਹੈ ਜਾਂ ਨਹੀਂ। ਕਿਉਂਕਿ ਲਿਪੀ ਦੀ ਵੱਖਰਤਾ ਅਤੇ ਦੋਹਾਂ ਪੰਜਾਬਾਂ ਵਿਚ ਆਮ ਆਵਾਜਾਈ ਨਾ ਹੋਣ ਕਰ ਕੇ ਸਾਡੇ ਕੋਲ ਬਹੁਤ ਥੋੜ੍ਹੀ ਕਹਾਣੀ ਪਹੁੰਚਦੀ ਹੈ। ਅਸੀਂ ਇਸ ਅੰਕ ਵਿਚਲੀਆਂ ਕਹਾਣੀਆਂ ਨੂੰ ਹੀ ਮੁਲੰਕਣ ਦਾ ਅਧਾਰ ਬਣਾਵਾਂਗੇ।

ਲਹਿੰਦੇ ਪੰਜਾਬ ਵਿਚਲੀ ਸੱਤਾ ਦਾ ਅਧਾਰ ਜਿਹੜਾ ਲੋਕਤੰਤਰ ਹੈ, ਉਹ ਫ਼ੌਜੀ ਤਾਨਾਸ਼ਾਹੀ ਦੇ ਅਧੀਨ ਹੈ। ਇਸ ਲਈ ਜਿਹੜਾ ਮਸਲਾ ਸੱਤਾ ਨਾਲ ਜੁੜਿਆ ਹੁੰਦਾ ਹੈ ਉਸ ਦੀ ਪੇਸ਼ਕਾਰੀ ਲਈ ਪ੍ਰਤੀਕਾਤਮਕ ਸ਼ੈਲੀ ਦਾ ਸਹਾਰਾ ਲਿਆ ਜਾਂਦਾ ਹੈ। ਉਂਝ ਵੀ ਚੜ੍ਹਦੇ ਪੰਜਾਬ ਦੇ ਕਹਾਣੀਕਾਰਾਂ ਦੀ ਨਵੀਂ ਪੀੜ੍ਹੀ ਕਿਸਾਨੀ ਸੰਕਟ ਦੇ ਪਰੰਪਰਾਗਤ ਮੁਹਾਵਰੇ ਤੋਂ ਪਾਰ ਹੋ ਚੁੱਕੀ ਹੈ। ਇਸੇ ਤਰ੍ਹਾਂ ਲਹਿੰਦੇ ਪੰਜਾਬ ਦੀ ਪੰਜਾਬੀ ਕਹਾਣੀ ਬੇਲੋੜੇ ਵਿਸਥਾਰਾਂ ਤੋਂ ਵੀ ਮੁਕਤ ਹੋ ਚੁੱਕੀ ਹੈ। ਇਸ ਤੋਂ ਪਹਿਲੀ ਕਹਾਣੀ ਵਿਚ ਘਟਨਾਵਾਂ ਅਤੇ ਪਾਤਰਾਂ ਦੇ ਪਿਛੋਕੜ ਦੀ ਵਿਆਖਿਆ ਮੌਜੂਦ ਹੁੰਦੀ ਸੀ। ਹੁਣ ਵਿਅਕਤੀ ਦੇ ਵਿਹਾਰ ਦੀ ਪਛਾਣ ਦੇ ਉਹ ਪ੍ਰਤਿਮਾਨ ਕਹਾਣੀ ਦੇ ਕੇਂਦਰ ਤੋਂ ਹਟ ਚੁੱਕੇ ਹਨ। ਇਹ ਸੱਤੇ ਕਹਾਣੀਆਂ ਔਰਤ ਅਤੇ ਕਿਰਤੀ ਵਰਗ ਉਤੇ ਕੇਂਦਰਿਤ ਹਨ। ਜਿੱਥੇ ਕੇਂਦਰ ਵਿਚ ਸਟੇਟ ਹੈ ਉਥੇ ਪਾਤਰਾਂ ਦੇ ਰੂਪ ਵਿਚ ਧਿਰਾਂ ਹਨ। ਨਜ਼ੀਰ ਅਹਿਮਦ ਦੀ ਕਹਾਣੀ 'ਅੰਗੂਠਾ' ਪ੍ਰਤੀਕਾਤਮਕ ਸ਼ੈਲੀ ਵਿਚ ਲਿਖੀ ਹੋਈ ਕਹਾਣੀ ਹੈ। ਇਸ ਕਹਾਣੀ ਦੇ ਕੇਂਦਰ ਵਿਚ ਭਿਖਾਰੀ ਹੈ। ਇਹ ਭਿਖਾਰੀ ਲਹਿੰਦੇ ਪੰਜਾਬ ਦਾ ਅਵਾਮ ਹੈ। ਉਸ ਅਵਾਮ ਨੂੰ ਆਪਣੀ ਹਾਲਤ ਦੀ ਸੋਝੀ ਹੈ। ਇਸੇ ਲਈ ਪਹਿਲੇ ਵੇਰਵਿਆਂ ਵਿਚ ਉਹ ਮੰਗਣ ਨੂੰ ਵਿਅਕਤੀ ਦੀ ਹਉਂ ਅਤੇ ਸਥਿਤੀ ਨਾਲ ਜੋੜਦਾ ਹੈ। ਫ਼ੌਜੀ ਬੂਟ ਉਸ ਅਵਾਮ ਦੀ ਹੋਣੀ ਬਣ ਚੁੱਕਾ ਹੈ। ਸਮੁੱਚੀ ਵਿਵਸਥਾ ਚਰਮਰਾਈ ਹੋਈ ਹੈ। ਵਿਅਕਤੀ ਦੀ ਨਿਘਰਦੀ ਹਾਲਤ ਅਵਾਮ ਦੀ ਹੋਣੀ ਬਣੀ ਹੋਈ ਹੈ। ਅੰਗੂਠਾ ਸਮੁੱਚੀ ਮਨੁੱਖੀ ਹੋਣੀ ਦਾ ਪ੍ਰਤੀਕ ਹੈ।

ਅਵਾਮ ਦੀ ਹੋਣੀ ਤੋਂ ਲੈ ਕੇ ਵਿਦਰੋਹ ਦੀ ਨੀਵੀਂ ਸੁਰ ਵੀ ਹੈ, ਇਸ ਤਰ੍ਹਾਂ ਨਜ਼ੀਰ ਦੀ ਇਹ ਕਹਾਣੀ ਪਾਕਿਸਤਾਨ ਦੇ ਵਿਕਾਸ ਮਾਡਲ, ਸੱਤਾ ਦੇ ਜਬਰ ਅਤੇ ਵਿਅਕਤੀ ਦੀ ਹੋਣੀ ਦਾ ਪ੍ਰਤੀਕਾਤਮਕ ਚਿੱਤਰ ਹੈ। ਇਸ ਦੀ ਸ਼ੈਲੀ ਸੰਜ਼ਮੀ ਹੈ। ਇਸੇ ਲਈ ਇਸ ਦੇ ਬਿੰਬਾਂ ਦੀ ਵਿਆਖਿਆ ਲਈ ਕਹਾਣੀ ਦੇ ਬਿਰਤਾਂਤ ਵਿਚ ਬਹੁਤ ਸਪੇਸ ਹੈ। ਕਰਾਮਤ ਮੁਗਲ ਦੀ ਕਹਾਣੀ 'ਬੇਖ਼ਬਰ' ਇਸ ਤੋਂ ਉਲਟ ਪੰਜਾਬੀ ਕਹਾਣੀ ਦੇ ਪਰੰਪਰਾਗਤ ਬਿਰਤਾਂਤਕ ਮਾਡਲ ਰਾਹੀਂ ਪੇਸ਼ ਹੋਈ ਹੈ। ਕਹਾਣੀ ਦੇ ਕੇਂਦਰ ਵਿਚ ਮਨੁੱਖੀ ਜੀਵਨ ਦੇ ਕੁਦਰਤੀ ਪੜਾਵਾਂ ਤੋਂ ਮੂੰਹ ਮੋੜ ਕੇ ਕਾਮ ਅਧਾਰਤ ਮਨੁੱਖੀ ਹਉਂ ਨੂੰ ਮਸ਼ਨੂਈ ਢੰਗ ਨਾਲ ਚਿਰਜੀਵੀ ਕਰਨ ਦੀ ਖ਼ਾਹਿਸ਼ ਹੈ। ਏਸ਼ਿਆਈ ਦੇਸ਼ਾਂ ਵਿਚ ਨਾਰੀ ਦੀ ਕਾਮੁਕਤਾ ਨੂੰ ਮਰਦ ਨਿਰਧਾਰਿਤ ਕਰਦਾ ਹੈ। ਇਸੇ ਲਈ ਹਕੀਮ ਇਕ ਵਿਅਕਤੀ ਦੀ ਕਹਾਣੀ ਸੁਣਾਉਂਦਾ ਹੈ ਕਿ ਉਹ ਪਹਿਲਾਂ ਆਪਣੀ ਪਤਨੀ ਦੀ ਕਾਮੁਕਤਾ ਨੂੰ ਲੰਮੇ ਸਮੇਂ ਦੇ ਅੰਤਰਾਲ ਤੇ ਫੈਲਾਉਣਾ ਚਾਹੁੰਦਾ ਹੈ। ਫਿਰ ਉਸ ਨੂੰ ਆਪਣੀ ਲੋੜ ਅਨੁਸਾਰ ਘਟਾਉਣਾ ਚਾਹੁੰਦਾ ਹੈ। ਹਕੀਮ ਦਾ ਧੰਦਾ ਵੀ ਕਾਮੁਕਤਾ ਵਧਾਉਣ ਦੇ ਫਾਰਮੂਲੇ ਉਤੇ ਟਿਕਿਆ ਹੋਇਆ ਹੈ। ਅਸਲ ਵਿਚ ਉਹ ਇਸ ਰਹੱਸ ਨੂੰ ਜਾਣਦਾ ਅਤੇ ਕਾਮ ਦੇ ਮਨੋਵਿਗਿਆਨ ਨੂੰ ਸਮਝਦਾ ਹੈ। ਇਸੇ ਲਈ ਮਾਸਟਰ ਨੂੰ ਸਮਝਾਉਣ ਲਈ ਲੋਕ ਕਹਾਣੀ ਦਾ ਸਹਾਰਾ ਲੈਂਦਾ ਹੈ। ਜਦੋਂ ਉਹ ਮਨੁੱਖੀ ਸਰੀਰ ਦੀ ਨਾਸ਼ਵਾਨਤਾ, ਮਾਸਟਰ ਨੂੰ ਸਮਝਾਉਂਦਾ ਹੈ ਤਾਂ ਮਾਸਟਰ ਵੀ ਅਸਲ ਵਿਚ ਹਕੀਮ ਕੋਲ ਇਸੇ ਕੰਮ ਆਇਆ ਹੁੰਦਾ ਹੈ। ਇਹ ਕਹਾਣੀ ਸਾਡੀ ਸਿੱਖਿਆਦਾਇਕ ਰੂੜੀ ਨਾਲ ਜੁੜੀ ਹੋਈ ਹੈ। ਕਹਾਣੀ ਸਮੱਸਿਆ ਦੇ ਰਹੱਸ ਤੋਂ, ਲੋਕ-ਕਹਾਣੀ ਵਿਚੋਂ ਗੁਜ਼ਰਦੀ ਹੋਈ ਆਪਣੇ ਸਿਖਰ ਵੱਲ ਵਧਦੀ ਹੈ। ਇਕ ਰਹੱਸ ਮਾਸਟਰ ਦੇ ਕੰਮ ਵਿਚੋਂ ਖੁੱਲ੍ਹਦਾ ਹੈ ਜਿਸ ਨੂੰ ਉਹ ਦੱਸਣ ਦੀ ਜੁਰਅਤ ਨਹੀਂ ਕਰਦਾ। ਮੁਗਲ ਕਰਾਮਤ ਇਸ ਕਹਾਣੀ ਨੂੰ ਮਨੁੱਖ ਦੀ ਮੂਲ ਸਮੱਸਿਆ ਨਾਲ ਮਿਲਾ ਕੇ ਪੇਸ਼ ਕਰਦਾ ਹੈ। ਇਸ ਲਈ ਮਨੁੱਖ ਦੀ ਦੇਹ ਦੀ ਸਮਰਥਾ ਅਤੇ ਕਾਮ ਦੇ ਮਸਲੇ ਮੁੱਖ ਸਿੱਖਿਆਦਾਇਕ ਸੁਰ ਰਾਹੀਂ ਸਾਹਮਣੇ ਆਉਂਦੇ ਹਨ। ਸਾਬਰ ਅਲੀ ਸਾਬਰ ਦੀ ਕਹਾਣੀ 'ਔਂਤਰਿਆਂ ਦੀ ਖੱਟੀ' (ਕੁਤੇ ਗਏ ਗੁਆ) ਵੀ ਕਾਮੁਕਤਾ ਪ੍ਰਤੀ ਦਕੀਆਨੁਸੀ ਸੋਚ ਨੂੰ ਪੇਸ਼ ਕਰਦੀ ਹੈ। ਹਮਜਿਨਸੀ ਵਰਤਾਰੇ ਨੂੰ ਇਕ ਖਾਸ ਕਿਸਮ ਦੀ ਸਰੀਰਕ ਲੋੜ ਸਮਝਣ ਦੀ ਥਾਂ ਉਸ ਨੂੰ ਮਾਨਸਿਕ ਵਿਕਰਤੀ ਨਾਲ ਜੋੜਿਆ ਜਾਂਦਾ ਹੈ। ਇਸ ਕਹਾਣੀ ਦੇ ਮੁੱਖ ਪਾਤਰ ਦੀ ਸਮੱਸਿਆ ਹਮਜਿਨਸੀ ਹੋਣਾ ਹੈ। ਉਂਝ ਉਹ ਬਾਕੀ ਜੀਵਨ ਸਾਧਾਰਨ ਅਤੇ ਆਮ ਤਰੀਕਿਆਂ ਨਾਲ ਜਿਊਂਦਾ ਹੈ। ਇਕ ਨਿਪੁੰਨ ਕਿਰਤੀ ਕਾਰੀਗਰ ਹੈ। ਬੁਣਾਈ ਦਾ ਕੰਮ ਕਰਦਾ ਹੈ। ਸਾਧਾਰਣ ਲੋੜਾਂ ਦਾ ਤਲਬਗਾਰ ਹੈ। ਪ੍ਰੰਤੂ ਮਾਲਸ਼ ਕਰਨਾ ਅਤੇ ਹਮਜਿਨਸੀ ਹੋਣਾ ਉਸ ਦੀ ਸਰੀਰਕ ਅਤੇ ਸੁਭਾਅ ਦੀ ਲੋੜ ਹੈ। ਆਪਣੇ ਭਤੀਜੇ ਨਾਲ ਰਹਿੰਦਾ ਹੈ। ਰੂੜੀਵਾਦੀ ਵਿਚਾਰਾਂ ਵਾਲੇ ਸਮਾਜ ਵਿਚ ਉਸ ਦਾ ਗੁਜ਼ਾਰਾ ਨਹੀਂ। ਸਮਾਜ ਅਤੇ ਸ਼ਰੀਕ ਉਸ ਨੂੰ ਮਨ-ਇੱਛਕ ਜੀਵਨ ਨਹੀਂ ਜਿਊਣ ਦਿੰਦੇ। ਉਸ ਦੀ ਪਹਿਲੀ ਸਮੱਸਿਆ ਉਸ ਦੇ ਭਰਾਵਾਂ ਨਾਲ ਹੁੰਦੀ ਹੈ। ਉਹ ਉਸ ਦੀ ਜੀਵਨ ਜਾਚ ਤੋਂ ਤੰਗ ਆ ਕੇ ਉਸ ਨੂੰ ਵੱਖ ਕਰ ਦਿੰਦੇ ਹਨ। ਉਹ ਆਪਣੇ ਅਨੁਸਾਰ ਜਿਊਣ ਲਗਦਾ ਹੈ, ਭਤੀਜੇ ਨਾਲ ਰਹਿਣਾ ਸ਼ੁਰੂ ਕਰ ਦਿੰਦਾ ਹੈ। ਭਤੀਜੇ ਦੇ ਵਿਆਹ ਤੋਂ ਬਾਅਦ ਫਿਰ ਉਸ ਲਈ ਸਮੱਸਿਆ ਬਣ ਜਾਂਦੀ ਹੈ। ਉਸਦਾ ਹਮਜਿਨਸੀ ਹੋਣਾ ਪਰਿਵਾਰ ਲਈ ਨਮੋਸ਼ੀ ਦਾ ਕਾਰਨ ਬਣ ਜਾਂਦਾ ਹੈ। ਭਤੀਜੇ ਦੀ ਵਹੁਟੀ ਰੁੱਸ ਕੇ ਪੇਕੇ ਚਲੀ ਜਾਂਦੀ ਹੈ। ਉਹ ਤੰਗ ਆਇਆ ਹੋਇਆ ਪਿੰਡ ਛੱਡ ਦਿੰਦਾ ਹੈ।

ਵਾਪਸ ਆ ਕੇ ਵੀ ਪਿੰਡ ਦੇ ਲੋਕਾਂ ਦੀਆਂ ਨਜ਼ਰਾਂ ਵਿਚ ਉਸਦਾ ਉਹੀ ਬਿੰਬ ਬਣਿਆ ਰਹਿੰਦਾ ਹੈ। ਵਾਪਸ ਆ ਕੇ ਜਦੋਂ ਇਕ ਵਿਅਕਤੀ ਉਸ ਨਾਲ ਹੱਥ ਮਿਲਾਉਂਦਾ ਹੈ ਤਾਂ ਲੋਕ ਉਸ ਵੱਲ ਤਨਜ਼ ਭਰੀਆਂ ਅੱਖਾਂ ਨਾਲ ਵੇਖਦੇ ਹਨ। ਸਾਬਰ ਅਲੀ ਸਾਬਰ ਕਹਾਣੀ ਨੂੰ ਇਥੇ ਇਕ ਦੁਖਾਂਤਕ ਮੋੜ ਦਿੰਦਾ ਹੈ ਜਿਸ ਦੇ ਪਿੱਛੇ ਜੜ ਹੋਏ ਸਮਾਜਿਕ ਮੁੱਲ ਮੌਜੂਦ ਹਨ। ਹੁਣ ਭਾਵੇਂ ਦੁਨੀਆ ਦੇ ਸੰਵਿਧਾਨ ਵਿਚ ਸਮਾਜ ਦੇ ਇਸ ਹਿੱਸੇ ਨੂੰ ਅਧਿਕਾਰ ਮਿਲ ਗਏ ਹਨ, ਪ੍ਰੰਤੂ ਏਸ਼ਿਆਈ ਮੁਲਕਾਂ ਦਾ ਸਮਾਜ ਖਾਸ ਕਰ ਕੇ ਦੱਖਣੀ ਦਾ ਉਥੇ ਹੀ ਖੜੋਤਾ ਹੈ। ਇਹ ਸਰੀਰਕ ਵੱਖਰਤਾ ਬੰਦੇ ਲਈ ਸਮੱਸਿਆ ਬਣ ਜਾਂਦੀ ਹੈ। ਇਸ ਲਈ ਸਾਡੇ ਖਿੱਤੇ ਵਿਚ ਇਹ ਸਮੱਸਿਆ ਜ਼ਿਆਦਾ ਵਿਕਰਾਲ ਬਣੀ ਹੋਈ ਹੈ। ਕਹਾਣੀਕਾਰ ਇਸੇ ਸਥਿਤੀ ਵੱਲ ਇਸ਼ਾਰਾ ਕਰਦਾ ਹੈ। ਇਸ ਮਸਲੇ ਨੂੰ ਲੈ ਕੇ ਦੋਹਾਂ ਪੰਜਾਬਾਂ ਵਿਚ ਮਹੱਤਵਪੂਰਨ ਕਹਾਣੀਆਂ ਲਿਖੀਆਂ ਗਈਆਂ ਹਨ।

ਅਲੀ ਉਸਮਾਨ ਬਾਜਵਾ ਦੀ ਕਹਾਣੀ, ਗੋਗੋ, ਬਹੁਤ ਮਹੱਤਵਪੂਰਨ ਹੈ। ਇਹ ਕਹਾਣੀ ਪ੍ਰਗਤੀਸ਼ੀਲ ਦ੍ਰਿਸ਼ਟੀਗਤ ਪੱਧਤੀ ਦਾ ਤਰਕਸ਼ੀਲ ਗਲਪੀ ਬਿੰਬ ਹੈ। ਕਹਾਣੀ ਦਾ ਕੇਂਦਰ ਆਰਥਿਕ ਸੰਕਟਗ੍ਰਸਤ ਪਰਿਵਾਰ ਹੈ। ਇਸ ਵਿਚ ਇਕ ਪਾਸੇ ਥੁੜ੍ਹੀ ਟੁੱਟੀ ਆਰਥਿਕਤਾ ਹੈ, ਦੂਜੇ ਪਾਸੇ ਫਿਕੋ ਦਾ ਵਿਅਕਤੀਤਵ। ਬਾਜਵਾ ਪਾਤਰਾਂ ਨੂੰ ਵਿਵਸਥਾ ਤੋਂ ਵੱਡਾ ਬਣਾ ਕੇ ਆਦਰਸ਼ਕ ਵਿਅਕਤੀ ਦੇ ਤੌਰ 'ਤੇ ਪੇਸ਼ ਕਰਨ ਦੀ ਥਾਂ ਵਿਵਸਥਾ 'ਚੋਂ ਪੈਦਾ ਹੋਇਆ ਤਰਕਸ਼ੀਲ ਪਾਤਰ ਬਣਾ ਕੇ ਪੇਸ਼ ਕਰਦਾ ਹੈ। ਇਹ ਕਹਾਣੀ ਕਿਰਤੀ ਦੇ ਅਮਾਨਵੀਕਰਨ ਦੇ ਵਰਤਾਰੇ ਨਾਲ ਜੁੜੀ ਹੋਈ ਹੈ। ਫੀਕੋ ਡੰਗਰਾਂ ਨਾਲ ਰਹਿੰਦਾ ਡੰਗਰ ਹੋ ਗਿਆ। ਉਹ ਪਹਿਲਾਂ ਪਤਨੀ ਨਾਲ ਅਮਾਨਵੀ ਵਿਹਾਰ ਕਰਦਾ ਹੈ ਫਿਰ ਗੋਗੋ ਨਾਲ ਉਹੀ ਹੁੰਦਾ ਹੈ। ਉਹ ਬੱਚੀ ਤੋਂ ਜਵਾਨ ਹੋ ਜਾਂਦੀ ਹੈ। ਸਮੁੱਚੀ ਕਹਾਣੀ ਵਿਚ ਉਸ ਦਾ ਪਾਤਰੀ ਵਿਕਾਸ ਹੁੰਦਾ ਹੈ, ਜਦ ਕਿ ਕਹਾਣੀ ਵਿਚ ਸਿਰਫ਼ ਪਾਤਰ ਚਿਤਰਣ ਹੁੰਦਾ ਹੈ। ਗੋਗੋ ਦਾ ਸਮੁੱਚਾ ਪਾਤਰ ਕਰੂੜ ਸਥਿਤੀਆਂ ਵਿਚੋਂ ਆਪਣੀ ਹੋਂਦ ਗ੍ਰਹਿਣ ਕਰਦਾ ਹੈ। ਇਸ ਕਰੂੜਤਾ ਵਿਚੋਂ ਹੀ ਉਹ ਬੱਚੀ ਤੋਂ ਕਾਮੁਕ ਅਨੁਭਵ ਵਿਚੋਂ ਗੁਜ਼ਰਦੀ ਹੈ। ਇਸ ਤੋਂ ਬਾਅਦ ਇਹੀ ਕਾਮੁਕਤਾ ਉਸ ਲਈ ਕਮਾਈ ਦਾ ਸਾਧਨ ਬਣ ਜਾਂਦੀ ਹੈ। ਉਹ ਅਪਰਾਧ ਦੀ ਦੁਨੀਆਂ ਵਿਚ ਪ੍ਰਵੇਸ਼ ਕਰ ਜਾਂਦੀ ਹੈ। ਕਹਾਣੀਕਾਰ ਇਸ ਵਰਤਾਰੇ ਨੂੰ ਨਿਰੰਤਰਤਾ ਵਿਚ ਬਦਲ ਦਿੰਦਾ ਹੈ। ਬਾਅਦ ਵਿਚ ਜਿਸ ਘਟਨਾ ਉਤੇ ਕਹਾਣੀ ਦਾ ਅੰਤ ਹੁੰਦਾ ਹੈ ਇਹੋ ਜਿਹੀ ਘਟਨਾ ਗੋਗੋ ਨਾਲ ਵਾਪਰਦੀ ਹੈ। ਕਹਾਣੀਕਾਰ ਇਸ ਸਥਿਤੀ ਨੂੰ ਇਕ ਸਿਧਾਂਤਕ ਅਧਾਰ ਦਿੰਦਾ ਹੈ ਕਿ ਜੇ ਸਥਿਤੀਆਂ ਉਹੀ ਰਹਿੰਦੀਆਂ ਹਨ ਤਾਂ ਪਾਤਰਾਂ ਦੀ ਹੋਣੀ ਇਕੋ ਜਿਹੀ ਰਹਿੰਦੀ ਹੈ। ਇਸ ਵਿਚ ਸਿਰਫ਼ ਧਿਰਾਂ ਬਦਲਦੀਆਂ ਹਨ। ਇਸ ਤਰ੍ਹਾਂ ਇਹ ਕਹਾਣੀ ਪ੍ਰਗਤੀਵਾਦੀ ਸਿਧਾਂਤਕਾਰੀ ਦਾ ਵਧੀਆ ਨਮੂੰਨਾ ਹੈ, ਜਿਸ ਵਿਚ ਸੁਣਾਉਣ ਦੀ ਥਾਂ ਵਿਖਾਉਣ ਦੀ ਜੁਗਤ ਦੀ ਵਰਤੋਂ ਕਲਾਤਮਕ ਅਧਾਰ ਦਾ ਚੰਗਾ ਨਮੂਨਾ ਹੋ ਨਿਬੜੀ ਹੈ। ਮਖ਼ਦੂਮ ਟੀਪੂ ਸੁਲਤਾਨ ਦੀ ਕਹਾਣੀ 'ਫਰਿੱਜ ਵਿਚ ਪਿਆ ਟਮਾਟਰ' ਦ੍ਰਿਸ਼ਟੀਗਤ ਪਾਸਾਰ ਦੇ ਪੱਖੋਂ ਇਸੇ ਦੇ ਆਸ ਪਾਸ ਹੈ। ਪਰੰਤੂ ਇਸ ਦੀ ਸ਼ੈਲੀ ਵੱਖਰੀ ਹੈ ਕਿਉਂਕਿ ਇਥੇ ਵਿਰੋਧ ਵਿਚ ਸਟੇਟ ਦੁਆਰਾ ਸੰਚਾਲਤ ਆਲਾ ਦੁਆਲਾ ਹੈ। ਜਲਾਲ ਨਾਲ ਭਰੀ ਪੀੜ੍ਹੀ ਡਰੀ ਹੋਈ, ਜੜ ਹੋਈ ਵਿਵਸਥਾ ਵਿਚ ਮੌਜੂਦ ਹੈ। ਉਸ ਨੂੰ ਇਸ ਗੱਲ ਦਾ ਅਹਿਸਾਸ ਹੈ ਕਿ ਉਸ ਦੀ ਹੋਂਦ ਨਿਰਾਰਥਕ ਹੈ। ਉਸ ਨੂੰ ਇਸ ਮਨੌਤ ਉਤੇ ਵੀ ਇਤਰਾਜ਼ ਹੈ ਕਿ ਬੰਦੇ ਦੀ ਭੁੱਖ ਦਾ ਜ਼ਰੀਆ ਬਣਾਉਣ ਦਾ ਕੰਮ ਰੱਬ ਦਾ ਹੈ। ਇਸ ਮਨੌਤ ਉੱਤੇ ਇਤਰਾਜ਼ ਕਹਾਣੀ ਦੇ 'ਬਿਰਤਾਂਤ' ਢਾਂਚੇ

ਵਿਚ ਮੌਜੂਦ ਹੈ। ਕਹਾਣੀ ਸਥਿਤੀਆਂ ਦੀ ਪੇਸ਼ਕਾਰੀ ਨੂੰ ਸੰਭਾਵਨਾਵਾਂ ਦੀ ਖੇਡ ਵਿਚ ਅੱਗੇ ਤੋਰਦੀ ਹੈ। ਸੰਭਾਵੀ ਸਵਾਲ ਪੈਦਾ ਕਰਨ ਵਾਲਾ ਵਿਅਕਤੀ ਮਾਨਸਿਕ ਤੌਰ 'ਤੇ ਅਸੰਤੁਲਤ ਸਮਝਿਆ ਜਾਂਦਾ ਹੈ। ਮਖ਼ਦੂਮ ਟੀਪੂ ਸੁਲਤਾਨ ਆਪਣੀ ਕਹਾਣੀ ਵਿਚ ਜਿਹੜੇ ਮਸਲੇ ਉਠਾ ਰਿਹਾ ਹੈ ਉਸ ਦਾ ਸਬੰਧ ਸੱਤਾਂ ਦੇ ਵਰਤਾਰੇ ਨਾਲ ਹੈ। ਇਸ ਸਥਿਤੀ ਵਿਚ ਪ੍ਰਤੀਕਾਤਮਕ ਸ਼ੈਲੀ ਹੀ ਕਾਰਗਰ ਹੈ, ਜਿਸ ਦੀ ਵਰਤੋਂ ਕਹਾਣੀਕਾਰ ਕਰ ਰਿਹਾ ਹੈ।

ਇਹ ਸੱਤ ਕਹਾਣੀਆਂ ਵਿਚ ਦੋ ਕਹਾਣੀਆਂ ਨਾਰੀ ਲੇਖਕਾਵਾਂ ਦੀਆਂ ਹਨ। ਇਨ੍ਹਾਂ ਸੱਤ ਕਹਾਣੀਆਂ ਵਿਚ ਲਹਿੰਦੇ ਪੰਜਾਬ ਦੀ ਨਾਰੀ ਕਹਾਣੀ ਦੇ ਦੋ ਰੰਗ ਮੌਜੂਦ ਹਨ। ਪਹਿਲੀ ਕਹਾਣੀ ਅੰਜੁਮ ਕੁਰੇਸ਼ੀ ਦੀ 'ਗੀਟੀਆਂ' ਹੈ। ਅੰਜੁਮ ਕੁਰੈਸ਼ੀ ਅੰਗਰੇਜ਼ੀ ਸਾਹਿਤ ਰਾਹੀਂ ਪੰਜਾਬੀ ਸਾਹਿਤ ਦੀ ਸਿਰਜਣਕਾਰੀ ਵੱਲ ਆਈ ਹੈ। ਉਹ ਸ਼ਹਿਰੀ ਮੱਧ ਵਰਗ ਦੀ ਕਹਾਣੀਕਾਰ ਹੈ। ਇਸੇ ਲਈ ਉਹ ਮੱਧ ਵਰਗੀ ਨਾਰੀ ਚੇਤਨ ਨਾਲ ਤਾਅਲੁਕ ਰੱਖਦੀ ਹੈ ਅਤੇ ਇਸ ਵਰਗ ਲਈ ਔਰਤ ਦੀ ਅਜ਼ਾਦੀ ਦਾ ਮਸਲਾ ਵਿਆਹ ਦੀ ਸੰਸਥਾ ਸਬੰਧੀ ਸਵਾਲ ਖੜ੍ਹੇ ਕਰਨਾ ਹੈ। ਇਸੇ ਲਈ ਅਜਿਹੀ ਚੇਤਨਾ ਨਾਲ ਜੁੜੀ ਕਹਾਣੀ ਵਿਚਲਾ ਸਮਾਜ ਆਰਥਿਕ ਮਸਲਿਆਂ ਤੋਂ ਉੱਪਰ ਹੁੰਦਾ ਹੈ। ਗੀਟੀਆਂ ਕਹਾਣੀ ਵਿਚ ਤਿੰਨ ਪਾਤਰ ਸ਼ਾਇਰਾ, ਮਨਸੂਰ ਅਤੇ ਫ਼ਰੀਦ ਹਨ। ਮਨਸੂਰ ਆਪ ਮੱਧ-ਵਰਗੀ ਪਰਿਵਾਰ ਨਾਲ ਸਬੰਧਤ ਹੈ। ਉਸ ਦੀ ਸ਼ਖ਼ਸੀਅਤ ਵਿਚ ਕਿਤੇ ਝੋਲ ਨਹੀਂ। ਸ਼ਾਇਰਾ ਦਾ ਇਕ ਆਮ ਖਾਵੰਦ ਵਾਂਗ ਧਿਆਨ ਰੱਖਦਾ ਹੈ ਫਿਰ ਵੀ ਅਸੰਤੁਸ਼ਟ ਹੈ। ਫ਼ਰੀਦ ਪ੍ਰਤੀ ਕਿਉਂ ਖਿੱਚੀ ਜਾਂਦੀ ਹੈ ਇਸ ਦੇ ਠੋਸ ਵੇਰਵੇ ਕਹਾਣੀ ਵਿਚ ਨਹੀਂ ਮਿਲਦੇ। ਸਿਰਫ਼ ਉਮਰ ਦੇ ਬੀਤਣ ਨਾਲ ਕਾਮੁਕ ਖੇਡ ਵਿਚ ਪੱਛੜਨਾ ਇਸ ਦਾ ਮੁੱਖ ਕਾਰਨ ਬਣਾਇਆ ਗਿਆ ਹੈ। ਪਹਿਲੀ ਨਜ਼ਰੇ ਕਹਾਣੀ ਪ੍ਰਭਾਵਿਤ ਕਰਦੀ ਹੈ ਪਰੰਤੂ ਜਦੋਂ ਗਲਪੀ ਤਰਕ ਵੱਲ ਪਰਤਦੇ ਹਾਂ ਤਾਂ ਇਹ ਸ਼ਹਿਰੀ ਮੱਧ ਵਰਗ ਦੁਆਰਾ ਸਵੈ ਸਿਰਜਤ ਆਦਰਸ਼ ਤੋਂ ਪਾਰ ਨਹੀਂ ਜਾਂਦੀ। ਸਾਇਰਾ ਅਖ਼ੀਰ ਵਿਚ ਭਾਵੁਕਤਾ ਅਧੀਨ ਗੀਟੀਆਂ ਫ਼ਰੀਦ ਦੇ ਹੱਥ ਫੜ੍ਹਾ ਦਿੰਦੀ ਹੈ। ਇਸ ਨਾਲ ਕੀ ਵਿਆਹ ਦੀ ਸੰਸਥਾ ਜਾਂ ਰਿਸ਼ਤਿਆਂ ਦੇ ਵਕਤੀ ਅਸੰਤੁਲਨ ਤੋਂ ਮੁਕਤੀ ਦਾ ਕੋਈ ਰਾਹ ਨਿਕਲਦਾ ਹੈ। ਜਵਾਬ ਮਿਲਦਾ ਹੈ ਨਹੀਂ। ਭਾਵੁਕ ਪਲਾਂ ਦੀ ਸਿਰਜਣਕਾਰੀ ਸਾਹਿਤ ਸੁਹਜ ਨਹੀਂ ਹੁੰਦਾ। ਇਸ ਵਿਚੋਂ ਤਰਕਸ਼ੀਲ ਸੰਵੇਦਨਾ ਗੁੰਮ ਹੈ। ਇਹ ਸਿਰਫ਼ ਮੱਧ ਵਰਗੀ ਭਾਵੁਕਤਾ ਹੀ ਹੈ। ਇਸ ਤੋਂ ਬਾਅਦ ਅਗਲੀ ਕਹਾਣੀ ਪਰਵੀਨ ਮਲਿਕ ਦੁਆਰਾ ਰਚਿਤ 'ਇਸੇ ਭਿੰਨ ਭਿੰਨ ਤੋਂ ਛੁੱਟਿਆ ਸੀ' ਇਹ ਕਹਾਣੀ ਅਖੌਤੀ ਨਾਰੀਵਾਦੀ ਚੇਤਨਾ ਤੋਂ ਮੁਕਤ ਹੈ। ਪਰਵੀਨ ਮਲਿਕ ਉਨ੍ਹਾਂ ਚੰਦ ਨਾਰੀ ਕਹਾਣੀਕਾਰਾਂ ਵਿਚ ਆਉਂਦੀ ਹੈ ਜਿਸ ਨੇ ਕਹਾਣੀ ਦੇ ਖੇਤਰ ਨੂੰ ਸਵੈ ਕੇਂਦਰਿਤ ਅਨੁਭਵਮੂਲਕਤਾ ਤੋਂ ਮੁਕਤ ਕਰ ਕੇ ਕਹਾਣੀ ਨੂੰ ਕਿਰਤ ਵਰਗ ਨਾਲ ਜੋੜ ਦਿੱਤਾ। ਇਸ ਨੂੰ ਦਹਿਸ਼ਤਗਰਦੀ ਵਰਗੀ ਸੱਤਾ ਦੀ ਨੀਤੀ ਨਾਲ ਜੋੜ ਕੇ ਹੋਰ ਵੀ ਵਿਸ਼ਾਲ ਕਰ ਦਿੱਤਾ। ਇਸ ਕਹਾਣੀ ਦੇ ਕੇਂਦਰ ਵਿਚ ਕਿਰਤੀ ਕਾਰੀਗਰ ਪਰਿਵਾਰ ਹੈ, ਜਿਹੜਾ ਜੁੱਤੀਆਂ ਬਣਾਉਣ ਦਾ ਕੰਮ ਕਰਦਾ ਹੈ। ਭਾਰਤੀ ਸਮਾਜਿਕ ਵਿਵਸਥਾ ਅਨੁਸਾਰ ਦਲਿਤ ਪਰਿਵਾਰ ਹੈ। ਇਸ ਪਰਿਵਾਰ ਦਾ ਮੁਖੀਆ ਕਿਸੇ ਸਮੇਂ ਜੁੱਤੀ ਬਣਾਉਣ ਦਾ ਨਿਪੁੰਨ ਕਾਰੀਗਰ ਹੈ। ਸਨਅਤੀਕਰਨ ਸਮੇਂ ਉਸ ਦੀ ਤੀਜੀ ਪੀੜ੍ਹੀ ਨਵੇਂ ਸੰਕਟ ਵਿਚ ਘਿਰ ਜਾਂਦੀ ਹੈ। ਇਸ ਕਹਾਣੀ ਦਾ ਇਕ ਪਾਤਰ ਬਰਕਤ ਇਸ ਸਥਿਤੀ ਵਿਚ ਪੱਛੜ ਜਾਂਦਾ ਹੈ। ਪੇਂਡੂ ਸਮਾਜਚਾਰੇ ਵਿਚ ਆਇਆ ਆਰਥਿਕ ਸੰਕਟ ਕਾਰੀਗਰਾਂ ਨੂੰ ਸ਼ਹਿਰ ਵੱਲ ਤੋਰਦਾ ਹੈ। ਬਰਕਤ ਦੇ ਦੋਵੇਂ

ਭਰਾ ਨਵੇਂ ਪ੍ਰਬੰਧ ਵਿਚ ਢਲ ਜਾਂਦੇ ਹਨ। ਬਰਕਤ ਪੁਰਾਣੇ ਪ੍ਰਬੰਧ ਵਿਚ ਰੋਟੀ ਤੋਂ ਆਤੁਰ ਹੋ ਕੇ ਸ਼ਹਿਰ ਦੀ ਮੰਡੀ ਵਿਚ ਰੁਜ਼ਗਾਰ ਦੀ ਭਾਲ ਵਿਚ ਚਲਾ ਜਾਂਦਾ ਹੈ। ਪੇਂਡੂ ਭਾਈਚਾਰੇ ਵਾਲੀਆਂ ਮੋਹ ਦੀਆਂ ਤੰਦਾਂ ਨਾਲ ਜੁੜਿਆ ਉਸ ਦਾ ਰਿਸ਼ਤੇਦਾਰ ਇਬਰਾਹਿਮ ਉਸਦਾ ਸਹਾਰਾ ਬਣਦਾ ਹੈ, ਪ੍ਰੰਤੂ ਬਰਕਤ ਬੰਬ ਧਮਾਕੇ ਵਿਚ ਮਾਰਿਆ ਜਾਂਦਾ ਹੈ। ਸਰਕਾਰੀ ਏਜੰਸੀਆਂ ਬਰਕਤ ਨੂੰ ਬੰਬ ਰੱਖਣ ਵਾਲੀ ਧਿਰ ਨਾਮਜ਼ਦ ਕਰ ਦਿੰਦੀਆਂ ਹਨ। ਉਹ ਨਿਰਦੋਸ਼ ਵਿਅਕਤੀ ਦਹਿਸ਼ਤਗਰਦ ਕਰਾਰ ਦੇ ਦਿੱਤਾ ਜਾਂਦਾ ਹੈ। ਇਸ ਕਹਾਣੀ ਦਾ ਅੰਤ ਖ਼ੂਬਸੂਰਤ ਹੈ। ਘਰ ਵਿਚ ਮਾਂ ਦੁਆ ਕਰ ਰਹੀ ਹੈ ਅਤੇ ਭਰਾਵਾਂ ਨੂੰ ਖ਼ਬਰ ਪੜ੍ਹਣ ਦੀ ਵਿਹਲ ਨਹੀਂ। ਬਰਕਤ ਮਰ ਕੇ ਸੰਕਟੀ ਭਿਣ ਭਿਣ ਤੋਂ ਮੁਕਤ ਹੋ ਜਾਂਦਾ ਹੈ। ਇਹੀ ਇਸ ਕਹਾਣੀ ਦੀ ਵਿਲੱਖਣਤਾ ਹੈ। ਜੇ ਇਸ ਪਾਕਿਸਤਾਨੀ ਪੰਜਾਬੀ ਕਹਾਣੀ ਅਰਥਾਤ ਲਹਿੰਦੇ ਪੰਜਾਬ ਦੀ ਪ੍ਰਤੀਨਿਧ ਕਹਾਣੀ ਮੰਨ ਲਿਆ ਜਾਵੇ ਤਾਂ ਇਸ ਦੌਰ ਦੀ ਲਹਿੰਦੇ ਪੰਜਾਬ ਦੀ ਕਹਾਣੀ ਵਿਸਥਾਰਮੁਖੀ ਬਿਰਤਾਂਤ ਤੋਂ ਹੀ ਮੁਕਤ ਨਹੀਂ ਹੋ ਰਹੀ ਸਗੋਂ ਕਿਸਾਨੀ ਜੀਵਨ ਜਾਚ ਤੋਂ ਹਟ ਕੇ ਸ਼ਹਿਰੀ ਮੱਧ ਵਰਗ ਅਤੇ ਕਿਰਤੀ ਵਰਗ ਉੱਤੇ ਕੇਂਦਰਿਤ ਹੋ ਰਹੀ ਹੈ। ਲਹਿੰਦੇ ਪੰਜਾਬ ਦਾ ਸਮੁੱਚਾ ਸਮਾਜਿਕ ਸੱਚ ਅਤੇ ਬਦਲਦੇ ਜੀਵਨ ਮੁੱਲ ਅਜੇ ਪੰਜਾਬੀ ਕਹਾਣੀ ਦੀ ਵਸਤ ਬਣਨ ਤੋਂ ਪਿੱਛੇ ਹੈ। ਇਹਨਾਂ ਪਰਤਾਂ ਨਾਲ ਜੁੜੀ ਕਹਾਣੀ ਦੀ ਤਲਾਸ਼ ਰਹੇਗੀ।

*-ਰਜਨੀਸ਼ ਬਹਾਦਰ ਸਿੰਘ*


ਚਰਚਿਤ ਵਾਰਤਕਕਾਰ ਤੇ ਕਹਾਣੀਕਾਰ

ਸੁਕੀਰਤ ਦਾ ਸਫ਼ਰਨਾਮਾ

**ਕਿੰਨੇ ਪਰਬਤਾਂ ਤੋਂ ਪਾਰ**

ਇਨ੍ਹਾਂ ਸੰਸਮਰਣਾਂ 'ਚ ਉਹ ਸਾਰੀਆਂ ਖ਼ੂਬੀਆਂ ਹਨ, ਜੋ ਹੋਣੀਆਂ ਚਾਹੀਦੀਆਂ ਹਨ। ਸਾਥੀਆਂ-ਦੋਸਤਾਂ ਦੇ ਸੁਭਾਅ, ਸਥਾਨਾਂ ਬਾਰੇ ਇਤਿਹਾਸਕ-ਮਿਥਿਹਾਸਕ ਅਤੇ ਭੂਗੋਲਕ ਵੇਰਵੇ, ਗਲੀਆਂ, ਬਜ਼ਾਰਾਂ, ਰੈਸਤੋਰਾਨਾਂ, ਪਾਣੀ ਜਾਂ ਹਵਾਈ ਜਹਾਜ਼ਾਂ, ਪਰਬਤਾਂ, ਪ੍ਰਕਿਰਤੀ ਦੇ ਵੇਰਵੇ ਬੜੀ ਸੂਝ ਨਾਲ ਦਿੱਤੇ ਗਏ ਹਨ। ਕਿਤੇ ਕੋਈ ਗੈਰ-ਜ਼ਰੂਰੀ ਖਲਾਰ ਨਹੀਂ ਅਤੇ ਜੋ ਜ਼ਰੂਰੀ ਹੈ, ਉਸ ਨੂੰ ਵੀ ਨਹੀਂ ਛੱਡਿਆ ਗਿਆ। ਕਿਤੇ-ਕਿਤੇ ਲੇਖਕ ਦੀਆਂ ਰਾਜਨੀਤਕ, ਦਾਰਸ਼ਨਿਕ ਟਿੱਪਣੀਆਂ ਇਨ੍ਹਾਂ ਸੰਸਮਰਣਾਂ 'ਚ ਰੂਹ ਪੈਦਾ ਕਰਦੀਆਂ ਹਨ।

**-ਮਨਮੋਹਨ ਬਾਵਾ**

# ਪਾਕਿਸਤਾਨੀ ਪੰਜਾਬੀ ਕਹਾਣੀ ਦੇ ਪ੍ਰਮੁੱਖ ਸਰੋਕਾਰ

*-ਪਰਮਜੀਤ ਮੀਸ਼ਾ (ਡਾ.)*

ਸਾਹਿਤਕ ਵਿਧਾਵਾਂ ਦੇ ਸਰੋਕਾਰਾਂ ਦਾ ਮਸਲਾ ਬੁਨਿਆਦੀ ਤੌਰ ’ਤੇ ਸਮਾਜ ਨਾਲ ਸਬੰਧਿਤ ਹੁੰਦਾ ਹੈ ਤੇ ਜੇਕਰ ਸਬੰਧਿਤ ਸਮਾਜ ਬਾਰੇ ਸਾਡੀ ਜਾਣਕਾਰੀ ਅੱਧੀ-ਅਧੂਰੀ ਜਾਂ ਪੇਤਲੀ ਕਿਸਮ ਦੀ ਹੋਵੇ ਤਾਂ ਸਾਹਿਤ ਵਿੱਚ ਪੇਸ਼ ਹੋਏ ਸੂਖ਼ਮ ਮਸਲਿਆਂ, ਅਲਾਮਤਾਂ, ਇਸ਼ਾਰਿਆਂ, ਰਮਜ਼ਾਂ ਜਾਂ ਤਨਜ਼ੀਆ ਟਕੋਰਾਂ ਨੂੰ ਪੜ੍ਹਿਆ ਤਾਂ ਜਾ ਸਕਦਾ ਹੈ, ਸਮਝਿਆ ਤੇ ਮਾਣਿਆਂ ਨਹੀਂ ਜਾ ਸਕਦਾ। ਮਸਲਨ GHQ, ISI, ਸਮਰੀ ਫ਼ੈਸਲੇ, ਸ਼ਿਮਰ ਦੀ ਕਬਰ, ਬਸ਼ਾਰਤ, ਏਸ਼ੀਆ ਸੁਰਖ਼ , ਏਸ਼ੀਆ ਸਬਜ਼, ਪਾਕਿਸਤਾਨ ਖਪੇ, ਜਾਂ ਰਜ਼ੀਆ ਗੁੰਡੋਂ ਮੇਂ ਫ਼ਸ ਗਈ ਆਦਿ ਸ਼ਬਦ ਜਾਂ ਸ਼ਬਦ-ਸਮੂਹ ਹੀ ਨਹੀਂ ਹਨ, ਸਗੋਂ ਪਾਕਿਸਤਾਨੀ ਸਮਾਜ ਦੇ ਪ੍ਰਸੰਗ ਵਿੱਚ ਇਹਨਾਂ ਸ਼ਬਦਾਂ ਦਾ ਆਪਣਾ ਇਤਿਹਾਸ ਹੈ ਅਤੇ ਇਹਨਾਂ ਨਾਲ ਕਈ ਮਹੱਤਵਪੂਰਨ ਘਟਨਾਵਾਂ ਵੀ ਜੁੜੀਆਂ ਹੋਈਆਂ ਹਨ।

ਪਾਕਿਸਤਾਨੀ ਸਮਾਜ ਆਪਣੀ ਹੋਂਦ ਤੋਂ ਹੁਣ ਤੱਕ ਸਥਾਪਤੀ ਨਾਲ ਸਬੰਧਿਤ ਧਿਰਾਂ ਦੇ ਕੋਹਜੇ ਵਿਹਾਰ ਦਾ ਸ਼ਿਕਾਰ ਰਿਹਾ ਹੈ। ਪਾਕਿਸਤਾਨ ਵਿੱਚ ਨਿਜ਼ਾਮ ਉਪਰ ਕਾਬਜ਼ ਧਿਰਾਂ ਨੇ ਸਿਆਸਤ, ਫ਼ੌਜ, ਅਫ਼ਸਰਸ਼ਾਹੀ ਤੇ ਧਰਮ ਨੂੰ ਕੁਝ ਇਸ ਢੰਗ ਨਾਲ ਵਰਤਿਆ ਹੈ ਕਿ ਮਨੁੱਖ ਨੂੰ ਅਜਿਹੇ ਸਮਾਜਕ ਵਾਤਾਵਰਨ ਵਿੱਚ ਆਪਣਾ ਸਾਹ ਘੁਟਦਾ ਮਹਿਸੂਸ ਹੁੰਦਾ ਹੈ ਤੇ ਆਪਣਾ ਜੀਵਨ ਖ਼ੁਦ ਸਹੇੜਿਆ ਸੰਤਾਪ ਦਿਖਾਈ ਦਿੰਦਾ ਹੈ। ਪਾਕਿਸਤਾਨੀ ਪੰਜਾਬੀ ਕਹਾਣੀ ਵਿੱਚ ਇਸ ਸੰਤਾਪ ਦੀ ਅਦਬੀ ਪੇਸ਼ਕਾਰੀ ਪਾਕਿਸਤਾਨ ਦੀ ਕਾਇਮੀ ਦੇ ਸ਼ੁਰੂਆਤੀ ਸਾਲਾਂ ਵਿੱਚ ਭਾਵੇਂ ਰੁਮਾਨੀਅਤ ਭਰੀ ਸੀ ਪਰ ਅਗਲੇਰੇ ਦੌਰ ਵਿੱਚ ਉਸਦਾ ਸਰੂਪ ਯਥਾਰਥਕ ਤੇ ਫ਼ਿਰ ਸਮਕਾਲੀ ਦੌਰ ਤੱਕ ਪਹੁੰਚਦਿਆਂ ਵਿਦਰੋਹੀ ਸੁਰ ਵਾਲਾ ਬਣ ਗਿਆ ਹੈ।

ਪਾਕਿਸਤਾਨੀ ਪੰਜਾਬੀ ਕਹਾਣੀ ਦੇ 60 ਸਾਲਾ ਸਫ਼ਰ ਤੇ ਨਜ਼ਰ ਮਾਰਿਆਂ ਪਤਾ ਲੱਗਦਾ ਹੈ ਕਿ ਹਲਕੇ ਫੁਲਕੇ ਵਿਸ਼ਿਆਂ ਤੋਂ ਇਲਾਵਾ ਵਿਵਾਦਤ ਜਾਂ ਮਨਾਹੀ ਵਾਲੇ ਸਮਾਜਕ ਸਰੋਕਾਰਾਂ ਸਬੰਧੀ ਪਾਕਿਸਤਾਨੀ ਪੰਜਾਬੀ ਕਹਾਣੀਕਾਰਾਂ ਨੇ ਮਾਈਨੇਖ਼ੇਜ਼ ਕਹਾਣੀਆਂ ਲਿਖੀਆਂ ਹਨ। ਮੈਂ ਪ੍ਰਾਪਤ ਹੋਈਆਂ ਕਹਾਣੀਆਂ ਵਿੱਚੋਂ ਅਜਿਹੀਆਂ ਕਹਾਣੀਆਂ ਸਬੰਧੀ ਗੱਲ ਕਰਨ ਦੀ ਕੋਸ਼ਿਸ਼ ਕੀਤੀ ਹੈ, ਜਿਹਨਾਂ ਦੀ ਸੰਚਾਰੀ-ਸੁਰ ਜ਼ਰਾ ਤਿੱਖੀ ਹੈ।

14 ਅਗਸਤ 1947 ਤੋਂ ਬਾਅਦ ਬਣੇ ਨਵੇਂ ਮੁਲਕ ਦਾ ਫ਼ਾਇਦਾ ਤਗੜਿਆਂ ਨੂੰ ਮਿਲਿਆ। ਅਵਾਮ ਨਾ ਸਿਰਫ਼ ਧੋਖੇਬਾਜ਼ੀ ਦਾ ਸ਼ਿਕਾਰ ਹੋਇਆ ਹੀ ਹੋਇਆ, ਸਗੋਂ ਜ਼ਲੀਲ ਵੀ ਹੋਇਆ। ਮਨਸ਼ਾ ਯਾਦ ਆਪਣੀ ਕਹਾਣੀ ‘ਅੰਨੀ ਚੁੱਪ ਦੇ ਬੋਟ’ ਰਾਹੀਂ ਇਕ ਅਜਿਹੇ ਅਸਾਵੇਂ ਪਾਕਿਸਤਾਨੀ ਸਮਾਜ ਨੂੰ ਇਕ ਅਸਧਾਰਨ ਸਥਿਤੀ ਸਿਰਜ ਕੇ ਏਨੀ ਸਹਿਜਤਾ ਨਾਲ ਪੇਸ਼ ਕਰਦਾ ਹੈ ਕਿ ਆਮ ਲੋਕਾਂ ਦੀ ਦੁਖਾਂਤਕ ਹਾਲਤ ਨੂੰ ਪਾਠਕ ਮਹਿਸੂਸ ਨਹੀਂ ਕਰ ਪਾਉਂਦਾ। ਕਹਾਣੀ ਵਿਚਲੀ ਅਸਧਾਰਨ ਸਥਿਤੀ ਦਾ ਨਿਚੋੜ ਇਹ ਹੈ ਕਿ ਕਾਲੇ ਬੱਦਲਾਂ ’ਚੋਂ ਪਾਣੀ ਦੀ ਜਗ੍ਹਾ ਪੈਸਿਆਂ ਤੇ ਰੁਪਿਆਂ ਦੀ ਹੋਈ ਬਾਰਿਸ਼ ਦਾ ਫ਼ਾਇਦਾ ਸਿਰਫ਼ ਜ਼ਮੀਨਾਂ ਤੇ ਘਰਾਂ ਵਾਲਿਆਂ ਨੂੰ ਹੋਇਆ। ਹੌਲੀ-ਹੌਲੀ ਸਮਾਜ ਅਜਿਹਾ ਬਣਦਾ ਗਿਆ ਜਿਸ ਵਿੱਚ ਕੁਝ ਲੋਕਾਂ ਨੂੰ ਕੰਮ ਦੀ

ਲੋੜ ਨਹੀਂ ਸੀ ਪਰ ਬਹੁਤੇ ਲੋਕ ਅਜਿਹੇ ਸਨ, ਜਿਹਨਾਂ ਕੋਲ ਕੰਮ ਨਹੀਂ ਸੀ। ਕੰਮ ਤੋਂ ਵਾਂਝੇ ਤੇ ਭੁੱਖਮਰੀ ਵੱਲ ਵਧ ਰਹੇ ਲੋਕਾਂ ਡਾਕੇ ਮਾਰਨੇ ਸ਼ੁਰੂ ਕੀਤੇ ਤਾਂ ਪੈਸੇ ਵਾਲਿਆਂ ਨੇ ਅਜਿਹੇ ਕਾਨੂੰਨ ਬਣਵਾ ਲਏ ਜਿਹੜੇ ਮਜ਼ਲੂਮ ਦੇ ਖ਼ਿਲਾਫ਼ ਤੇ ਜ਼ਾਲਮ ਦੇ ਹੱਕ ਵਿੱਚ ਖਲੋਂਦੇ ਸਨ। ਮੁਆਸ਼ਰਾ ਅਜਿਹਾ ਬਣ ਗਿਆ ਜਿਸ ਵਿੱਚ ਈਮਾਨ, ਅਸੂਲ, ਇਖ਼ਲਾਕ, ਸ਼ਰਮ, ਹਯਾ, ਸ਼ਰਾਫ਼ਤ ਤੇ ਗ਼ੈਰਤ ਵਿਕਣ ਲਈ ਮਜਬੂਰ ਸਨ। ਪਰ ਮੈਂ ਮਨਸ਼ਾ ਯਾਦ ਦੀ ਕਹਾਣੀ 'ਬਾਂਝ ਹਵਾ ਵਿੱਚ ਸਾਹ' ਨੂੰ ਉਪਰੋਕਤ ਸਮਾਜਕ ਸਥਿਤੀ ਦੇ ਸਿਖਰ ਵਜੋਂ ਵੇਖਦਾ ਹਾਂ। ਤਗੜਿਆਂ ਵੱਲੋਂ ਖੰਡ, ਦਾਲ, ਆਟੇ, ਤੇਲ ਵਾਂਗ ਹਵਾ ਦੀ ਪਹਿਲਾਂ ਰਾਸ਼ਨਿੰਗ ਕਰਕੇ ਤੇ ਫ਼ਿਰ ਕਿੱਲਤ ਜ਼ਰੀਏ ਮਨਮਾਨੀ ਕਰਨ ਦੀ ਸਮਾਜਕ ਸਥਿਤੀ ਬਣਾ ਲਈ ਜਾਂਦੀ ਹਨ। ਇਸ ਸਥਿਤੀ ਦਾ ਦੁਖਾਂਤ ਇਸ ਗੱਲ ਵਿੱਚ ਹੈ ਕਿ ਕਹਾਣੀ ਦਾ ਮੁੱਖ ਪਾਤਰ ਸੁਪਨੇ 'ਚ ਉਸ ਛੋਟੇ ਮਾਲਕ ਅੱਗੇ ਹੱਥ ਬੰਨ੍ਹੀ ਖਲੋਤਾ ਹੈ, ਜਿਸਨੂੰ ਉਹਨੇ ਕੁਝ ਦਿਹਾੜੇ ਪਹਿਲਾਂ ਆਪਣੀ ਧੀ ਵੱਲ ਮੈਲੀ ਅੱਖ ਨਾਲ ਵੇਖਣ ਕਾਰਨ ਝਾੜਿਆ-ਝੰਬਿਆ ਸੀ। ਪਰ ਹੁਣ ਬੇਬਸੀ ਦੇ ਆਲਮ ਵਿੱਚ ਉਹ ਇਸ ਦੁਚਿੱਤੀ ਵਿੱਚ ਹੈ ਕਿ ਆਕਸੀਜਨ ਸਲੰਡਰ ਲੈ ਕੇ ਧੀ ਦੀ ਜਾਨ ਬਚਾਵੇ ਜਾਂ ਉਸਦੇ ਬਚ ਜਾਨ ਤੋਂ ਬਾਅਦ ਇਸੇ ਮਾਲਕ ਕੋਲੋਂ ਇੱਜ਼ਤ ਖ਼ਰਾਬ ਹੋ ਜਾਣ ਦੇ ਕੌੜੇ-ਸੱਚ ਤਹਿਤ ਧੀ ਨੂੰ ਅੱਜ ਮਰ ਜਾਨ ਦਵੇ।

'ਜੋ ਬੀਜੋਗੇ ਸੋ ਵੱਢੋਗੇ' ਦੀ ਰੂੜ੍ਹ ਹੋ ਚੁੱਕੀ ਸੱਚਾਈ ਨੂੰ ਅਧਾਰ ਬਣਾ ਕੇ, ਕਹਾਣੀ ਦੇ ਨਾਇਕ ਤਾਰੇ ਦੇ ਪੁੱਤਰ ਵੱਲੋਂ ਪਾਕਿਸਤਾਨ ਦੇ ਝੰਡੇ ਵੱਲ ਇਸ਼ਾਰਾ ਕਰਵਾ ਕੇ, ਪਾਕਿਸਤਾਨ ਦੀ ਨਵੀਂ ਪੀੜ੍ਹੀ ਨੂੰ 'ਟੁਟੇ ਤਾਰੇ ਦੀ ਸਵਾਹ' ਵਜੋਂ ਪੇਸ਼ ਕਰਦਾ ਆਗ਼ਾ ਅਲੀ ਮੁਦੱਸਰ ਉਸ ਸਮਾਜ ਨੂੰ ਚਿਤਰਦਾ ਹੈ, ਜਿਹੜਾ ਰਿਸ਼ਵਤਖੋਰੀ, ਜਮ੍ਹਾਂ ਖੋਰੀ, ਨਸਲ ਪ੍ਰਸਤੀ ਤੇ ਨੈਤਿਕ ਗਿਰਾਵਟ ਦਾ ਸ਼ਿਕਾਰ ਹੈ। 'ਖ਼ੁਦੀ ਨਾ ਬੇਚ ਗ਼ਰੀਬੀ ਮੇਂ, ਨਾਮ ਪੈਦਾ ਕਰ'[1] ਦਾ ਸੁਨੇਹਾ ਦੇਣ ਵਾਲੇ ਉਸ ਅਲਾਮਾ ਇਕਬਾਲ ਨੂੰ ਅਵਾਮ ਭੁੱਲ ਚੁੱਕਾ ਹੈ, ਜਿਸਨੇ ਪਾਕਿਸਤਾਨ ਦਾ ਸੁਪਨਾ ਲਿਆ ਸੀ। ਮੌਜੂਦਾ ਸਮਾਜ ਵਿੱਚ ਤਾਂ ਹੁਣ ਹਰ ਕੋਈ ਇਕ ਦੂਜੇ ਨੂੰ ਕੁਚਲ ਕੇ ਕੁਝ ਇੰਞ ਅਗਾਂਹ ਵਧਣ ਦੀ ਹੋੜ ਵਿੱਚ ਹੈ:

ਕਾਇਦੇ ਆਜ਼ਮ ਨੇ ਖਾਧਾ ਪਾਨ, ਵਿੱਚੋਂ ਨਿਕਲਿਆ ਪਾਕਿਸਤਾਨ।
ਪਾਕਿਸਤਾਨ ਵਿੱਚ ਇਕ ਗਲੀ, ਵਿੱਚੋਂ ਨਿਕਲਿਆ ਲਿਆਕਤ ਅਲੀ।
ਲਿਆਕਤ ਅਲੀ ਨੇ ਪਾਈ ਵਰਦੀ, ਵਿੱਚੋਂ ਨਿਕਲਿਆ ਸੁਹਰਾਵਰਦੀ।
ਸੁਹਰਾਵਰਦੀ ਨੇ ਖਾਧਾ ਪਾਨ, ਵਿੱਚੋਂ ਨਿਕਲਿਆ ਅਯੂਬ ਖ਼ਾਨ....[2]

ਮਜ਼ਹਰ-ਉਲ-ਇਸਲਾਮ ਸਥਾਪਤੀ ਦੀਆਂ ਲੋਟੂ-ਧਿਰਾਂ ਦੀ ਨਿਸ਼ਾਨਦੇਹੀ ਕਰਨ ਹਿੱਤ 'ਚੋਰ-ਚੋਰੀ' ਕਹਾਣੀ ਵਿੱਚ ਅਜਿਹੀ ਮਸਨੂਈ ਸਥਿਤੀ ਸਿਰਜਦਾ ਹੈ ਕਿ ਮੁਆਸ਼ਰੇ ਦੇ ਇੱਜ਼ਤਦਾਰ ਦਿਖਾਈ ਦੇਂਦੇ ਮਲਿਕ ਸਾਹਬ, ਖ਼ਾਨ ਸਾਹਬ, ਚੌਧਰੀ ਸਾਹਬ, ਮੌਲਾਨਾ ਸਾਹਬ, ਸ਼ਾਹ ਸਾਹਬ ਆਦਿ ਦੇ ਘਰਾਂ 'ਚ ਚੋਰੀਆਂ ਹੋਣ ਲੱਗ ਪੈਂਦੀਆਂ ਹਨ। ਘਰਾਂ ਦੇ ਨੌਕਰਾਂ ਨੂੰ ਕੱਢ ਦੇਣ, ਪੁਲਿਸ ਤੋਂ ਮਦਦ ਲੈਣ, ਇਥੋਂ ਤੱਕ ਕਿ ਵੱਡੇ, ਕਾਤਬ, ਤਜ਼ਰਬੇਕਾਰ ਚੋਰ ਨੂੰ ਚੌਕੀਦਾਰ ਰੱਖਣ ਦੇ ਬਾਵਜੂਦ ਚੋਰ ਕਾਬੂ ਨਹੀਂ ਆਉਂਦਾ ਤਾਂ ਇਹੋ ਜਿਹੇ ਤਗੜੇ ਲੋਕ ਆਪਣੇ ਘਰਾਂ ਦੀ ਰਖਵਾਲੀ ਆਪ ਕਰਨ ਵਾਲਾ ਰਾਹ ਅਖ਼ਤਿਆਰ ਕਰਦੇ ਹਨ। ਕੁਝ ਦਿਨਾਂ ਦੀ ਸ਼ਾਤੀ ਤੋਂ ਬਾਅਦ ਇਕ ਰਾਤ ਨੂੰ ਚੋਰ ਚੋਰ ਦਾ ਰੌਲਾ ਪੈਂਦਾ ਹੈ ਪਰ ਨਾਲ ਹੀ ਫੜ੍ਹ ਲਿਆ, ਫੜ੍ਹ ਲਿਆ

ਦੀਆਂ ਆਵਾਜ਼ਾਂ ਵੀ ਸੁਣਾਈ ਦਿੰਦੀਆਂ ਹਨ ਤੇ ਸਥਿਤੀ ਇੰਵ ਸਪਸ਼ਟ ਹੁੰਦੀ ਹੈ:

ਜਦੋਂ ਲੋਕ ਡੰਡੇ ਸੋਟੀਆਂ ਲੈ ਕੇ ਘਰਾਂ 'ਚੋਂ ਬਾਹਰ ਨਿਕਲੇ ਤੇ ਉਹਨਾਂ ਵੇਖਿਆ ਕਿ ਖ਼ਾਨ ਚੌਧਰੀ ਨੂੰ, ਚੌਧਰੀ ਮੀਆਂ ਨੂੰ, ਮੀਆਂ ਸ਼ਾਹ ਨੂੰ, ਸ਼ਾਹ ਮਲਿਕ ਨੂੰ ਫੜ੍ਹੀ ਰੌਲਾ ਪਾ ਰਿਹਾ ਸੀ, ਚੋਰ ਚੋਰ, ਫੜ੍ਹ ਲਿਆ, ਫੜ੍ਹ ਲਿਆ।[3]

ਆਰਥਿਕ ਅਸਾਵੇਂਪਣ, ਭ੍ਰਿਸ਼ਟਾਚਾਰ, ਜ਼ੁਲਮ, ਅਨਿਆਂ ਤੇ ਪੈਸੇ ਦੀ ਚੌਧਰ ਪ੍ਰਤੀ ਵਿਦਰੋਹੀ ਸੁਰ ਅਪਣਾਉਣ ਵਾਲੀਆਂ ਕਹਾਣੀਆਂ 'ਚੋਂ ਫ਼ਰਜ਼ੰਦ ਅਲੀ ਦੀ ਕਹਾਣੀ 'ਮੈਂ ਕੁੱਤਾ ਨਹੀਂ ਹਾਂ' ਵਿਸ਼ੇਸ਼ ਅਹਿਮੀਅਤ ਰੱਖਦੀ ਹੈ। ਲੇਖਕ ਪਾਕਿਸਤਾਨ ਨੂੰ 'ਨੂਰ ਬਿਲਡਿੰਗ'[4] ਦੇ ਪ੍ਰਤੀਕ ਰਾਹੀਂ ਪੇਸ਼ ਕਰਦਿਆਂ ਹੋਇਆਂ ਸਮੁੱਚੇ ਨਿਜ਼ਾਮ ਉਪਰ ਕਾਬਜ਼ ਧਿਰਾਂ ਨੂੰ ਕੁੱਤਿਆਂ ਦੇ ਰੂਪ ਵਿੱਚ ਅਤੇ ਉਹਨਾਂ ਵੱਲੋਂ ਕੀਤੇ ਜਾਣ ਵਾਲੇ ਘਿਣਾਉਣੇ ਕਾਰਜਾਂ ਨੂੰ ਭੌਂਕਣ ਵਜੋਂ ਪੇਸ਼ ਕਰਦਾ ਹੈ। ਇਸ ਸਥਿਤੀ ਦਾ ਸਭ ਤੋਂ ਘਿਣਾਉਣਾ ਪੱਖ ਇਹ ਹੈ ਕਿ ਸਮਾਜ ਦਾ ਸਿਆਣਾ ਸਮਝਿਆ ਜਾਂਦਾ ਵਰਗ, ਜਿਸ ਤੋਂ ਆਮ ਲੋਕਾਂ ਨੂੰ ਕੁਝ ਆਸ ਹੁੰਦੀ ਹੈ ਕਿ ਉਹ ਕੋਹਜੇ ਕਾਰਜਾਂ ਦਾ ਵਿਰੋਧ ਕਰੇਗਾ, ਉਹੋ ਲੋਟੂ ਜਮਾਤ ਦਾ ਸਲਾਹਕਾਰ ਬਣ ਕੇ ਕੁੱਤਿਆਂ ਦੀ ਛੱਡੀ ਜੂਠ ਉਤੇ ਨਾ ਸਿਰਫ਼ ਪਲਨ ਵਾਲਾ ਰਾਹ ਚੁਣ ਰਿਹਾ ਹੈ ਸਗੋਂ ਕੁੱਤਿਆਂ ਦੀ ਸ਼ਾਨੋ-ਸ਼ੌਕਤ ਨੂੰ ਆਦਰਸ਼ਕ ਮੰਨਦਿਆਂ ਹੋਇਆਂ ਆਪਣੇ ਬੱਚਿਆਂ ਅੰਦਰ ਕੁੱਤੇ ਬਣਨ ਦੀ ਰੀਝ ਵੀ ਪੈਦਾ ਕਰਦਾ ਹੈ ਤੇ ਉਹਨਾਂ ਨੂੰ ਕੋਚਿੰਗ ਸੈਂਟਰਾਂ ਤੇ ਭੇਜ ਕੇ ਟ੍ਰੇਨਿੰਗ ਵੀ ਦਵਾਉਂਦਾ ਹੈ।

ਅਮੀਨ ਮਲਿਕ ਆਪਣੀ ਕਹਾਣੀ 'ਗੂੰਗੀ ਤ੍ਰੇਹ' ਰਾਹੀਂ ਇਸ ਸਥਿਤੀ ਨੂੰ ਇੰਵ ਪੇਸ਼ ਕਰਦਾ ਹੈ ਕਿ "ਜਿਹੜਾ ਮਾਤਹਿਤ ਗਿੱਦੜ ਹੋਵੇ ਤੇ ਥੱਲੇ ਵਾਲੀਆਂ ਬਿੱਲੀਆਂ ਦਾ ਲਹੂ ਇਕੱਠਾ ਕਰਕੇ ਉਤਲੇ ਬਘਿਆੜ ਨੂੰ ਨਾ ਪਿਆ ਸਕੇ, ਉਹਨੂੰ ਕਦੀ ਵੀ ਬਘਿਆੜ ਨੇ ਆਪਣੀ ਜੂਹ ਵਿੱਚ ਨਹੀਂ ਰਹਿਣ ਦਿੱਤਾ।"[5] ਭਾਵ ਨਿਜ਼ਾਮ ਇਨਸਾਨ ਨੂੰ ਮਸ਼ੀਨ ਦੇ ਪੁਰਜ਼ੇ ਵਜੋਂ ਵਰਤਦਾ ਹੈ ਤੇ ਜੇ ਤੁਸੀ ਮਸ਼ੀਨ ਚਲਾਉਣ ਵਾਲੇ ਦੀ ਮਰਜ਼ੀ ਅਨੁਸਾਰ ਨਹੀਂ ਚੱਲਦੇ ਤਾਂ ਮਸ਼ੀਨ 'ਚੋਂ ਬਾਹਰ ਸੁੱਟ ਦਿੱਤੇ ਜਾਂਦੇ ਹੋ।

ਆਗ਼ਾ ਅਲੀ ਮੁਦੱਸਰ ਬੁਝਾਰਤ ਬਣ ਚੁੱਕੇ ਅਜਿਹੇ ਸਮੱਸਿਆ-ਗ੍ਰਸਤ ਸਮਾਜ ਨੂੰ ਆਪਣੀ ਕਹਾਣੀ 'ਇਕ ਪਾਗਲ ਦੀ ਬੁਝਾਰਤ' ਰਾਹੀਂ ਆੜੇ ਹੱਥੀਂ ਲੈਂਦਾ ਹੋਇਆ ਜਿਹੜੇ ਅਹਿਮ ਪ੍ਰਸ਼ਨ ਖੜ੍ਹੇ ਕਰਦਾ ਹੈ ਉਹਨਾਂ 'ਚੋਂ ਮੱਹਤਵਪੂਰਨ ਪ੍ਰਸ਼ਨ ਇਹ ਹੈ ਕਿ ਹੱਕ ਸੱਚ ਤੇ ਸੱਚੇ-ਸੁੱਚੇ ਦੀਨ ਨੂੰ ਮੰਨਣ ਵਾਲਿਆਂ ਨੂੰ ਪਾਗਲ ਕੌਣ ਬਣਾਉਂਦਾ, ਕਹਿੰਦਾ ਤੇ ਮੰਨਦਾ ਹੈ ? ਅਣਸੁਲਝੀ ਬੁਝਾਰਤ ਬਣ ਚੁੱਕੀਆਂ ਸਮੱਸਿਆਵਾਂ ਦਾ ਹੱਲ ਪਾਗਲਾਂ ਕੋਲ ਕਿਵੇਂ ਹੈ ? ਤੇ ਇਹ ਹੱਲ ਏਨਾ ਸਰਲ ਕਿਵੇਂ ਹੈ:

ਸਭ ਤੋਂ ਅਮੀਰ ਬੰਦੇ ਨੂੰ ਦੇਸ਼ ਦਾ ਸਦਰ ਬਣਾਉਣ ਦੀ ਸ਼ਰਤ ਰੱਖ ਦਿਓ ਤਾਂ ਜੋ ਮੁਕਾਬਲੇ ਦੀ ਦੌੜ 'ਚ ਦੇਸ਼ ਦੇ ਸਾਰੇ ਅਮੀਰ ਆਪਣੀਆਂ ਅਣ-ਐਲਾਨੀਆਂ ਜਾਇਦਾਦਾਂ ਵੀ ਸਾਹਮਣੇ ਲੈ ਆਉਣ। ਸਭ ਤੋਂ ਡਰਪੋਕ ਅਫ਼ਸਰ ਨੂੰ ਜਰਨੈਲ ਬਣਾਉਣ, ਅਨਪੜ੍ਹ ਨੂੰ ਵਜ਼ੀਰੇ ਤਾਲੀਮ, ਪਾਣੀ ਚੋਰ ਨੂੰ ਵਜ਼ੀਰੇ ਜ਼ਰਾਇਤ, ਜ਼ਖੀਰੇਬਾਜ਼ ਨੂੰ ਵਜ਼ੀਰੇ ਖ਼ੁਰਾਕ, ਬਣਾਉਣ ਦੀ ਸ਼ਰਤ ਰੱਖੋ ਤਾਂ ਜੋ ਅਵਾਮ ਨੂੰ ਆਪਣੇ ਅਸਲ ਦੁਸ਼ਮਣਾਂ ਦੀ ਨਿਸ਼ਾਨਦੇਹੀ ਹੋ ਸਕੇ ਅਤੇ ਜਦੋਂ ਵਜਾਰਤ ਬਣ ਜਾਵੇ ਤਾਂ ਉਹਨੂੰ ਅੱਲਾਹ

ਤਵੱਕਲ (ਭਰੋਸੇ) ਕਰ ਦਿਓ , ਭਾਵ ਉਹਨਾਂ ਕੋਲੋਂ ਗੰਨਮੈਨ ਤੇ ਬੁਲਟ ਪਰੂਫ਼ ਗੱਡੀਆਂ ਵਾਪਸ ਲੈ ਲਓ, ਇੰਵ ਕੀਤਿਆਂ ਅਵਾਮ ਦੀ ਜ਼ਿੰਦਗੀ ਦਹਿਸ਼ਤਗਰਦੀ ਦੇ ਖ਼ੌਫ਼ ਤੋਂ ਬਚ ਜਾਵੇਗੀ।[6]

ਅਸਲ ਵਿੱਚ ਪਾਕਿਸਤਾਨੀ ਪੰਜਾਬੀ ਕਹਾਣੀ ਵਿੱਚ ਪੇਸ਼ ਹੋ ਰਿਹਾ ਮਨੁੱਖ ' ਉਤੋਂ ਬੰਦਾ ਅਮਨ ਅਮਾਨ, ਵਿੱਚੋਂ ਖੇਰੂ ਖੇਰੂ ਏ' ਅਤੇ ਉਹ ਇੰਵ ਮਹਿਸੂਸ ਕਰ ਰਿਹਾ ਹੈ ਜਿਵੇਂ:

ਸਿੰਧ ਦਰਿਆ ਨੂੰ ਘੇਰ ਲਿਆ ਹੈ
ਫ਼ੇਰ ਜਿਵੇਂ ਐਡਵਾਇਰਾਂ
ਵਹਿਸ਼ੀ ਬੂਟ ਲਿਤਾੜ ਰਹੇ ਨੇਂ
ਸਿੰਧ ਦਰਿਆ ਦੀਆਂ ਲਹਿਰਾਂ... ...[7]

ਜਿਵੇਂ ਆਗ਼ਾ ਅਲੀ ਮੁਦੱਸਰ ਆਪਣੀ ਕਹਾਣੀ 'ਫ਼ੌਜੀ ਬੂਟ' ਰਾਹੀਂ ਬਰਤਾਨਵੀਂ ਤਰਜ਼ ਤੇ ਕੰਮ ਕਰਨ ਵਾਲੀ ਪਾਕਿਸਤਾਨੀ ਫ਼ੌਜ ਨੂੰ 'ਲੰਡੇ ਬਾਜ਼ਾਰ 'ਚੋਂ ਮਿਲੀ ਨਿਆਮਤ'[8] ਦੇ ਰੂਪ ਵਿੱਚ ਪੇਸ਼ ਕਰਦਾ ਹੈ, ਉਵੇਂ ਹੀ ਨਸੀਰ ਅਹਿਮਦ ਆਪਣੀ ਕਹਾਣੀ 'ਅੰਗੂਠਾ' ਜ਼ਰੀਏ ਪਾਕਿਸਤਾਨ ਦੀ ਹੋਂਦ ਨੂੰ ਇਕ ਲੱਕੋਂ ਪਤਲੇ ਤੇ ਗੁਰਜ ਵਰਗੇ ਅਜਿਹੇ ਅੰਗੂਠੇ ਦੇ ਰੂਪ ਵਿੱਚ ਪੇਸ਼ ਕਰਦਾ ਹੈ, ਜਿਹੜਾ ਇਕ ਅਜਿਹੇ ਫ਼ੌਜੀ ਬੂਟ ਦੀ ਪਨਾਹ ਵਿੱਚ ਹੈ, ਜਿਹੜਾ ਖ਼ੁਦ ਪਾਟਾ ਹੋਇਆ ਹੈ ਪਰ "ਬੂਟ ਬਣਾਉਣ ਵਾਲੇ (ਬਰਤਾਨਵੀਂ ਹਕੂਮਤ) ਦਾ ਕਮਾਲ ਹੈ ਜਾਂ ਖੌਰੇ ਬੂਟ (ਫ਼ੌਜ) ਦੀ ਸਖ਼ਤੀ ਕਿ ਪੈਰ ਨੂੰ ਪਤਾ ਹੀ ਲੱਗਦਾ ਕਿ ਸੀਤ ਹਵਾ ਕਿਧਰੋਂ ਆ ਰਹੀ ਹੈ।"[9] ਨਸੀਰ ਅਹਿਮਦ ਪ੍ਰਤੀਕਾਤਮਕ ਢੰਗ ਨਾਲ ਪਾਕਿਸਤਾਨ ਦੇ ਵਜੂਦ ਨੂੰ ਇਕ ਅਜਿਹੇ ਇਨਸਾਨੀ ਵਜੂਦ ਵਜੋਂ ਪੇਸ਼ ਕਰਦਾ ਹੈ, ਜਿਸਦੇ ਸੱਜੇ ਪੈਰ 'ਚ ਕੱਛੁਕੁੰਮੇ ਦੀ ਖ਼ਲ ਵਰਗਾ ਪਾਟਾ ਫ਼ੌਜੀ ਬੂਟ ਹੈ, ਖੱਬੇ ਪੈਰ 'ਚ ਕੈਂਚੀ ਚੱਪਲ, ਹੱਥ ਦੀ ਤਲੀ ਟੱਡੀ ਹੋਈ, ਅੱਖ ਨਿੰਮੋਝਾਣ ਪਰ ਅੰਗੂਠੇ ਨੂੰ ਅਜੇ ਵੀ ਆਪਣੀ ਸਮੁੱਚੀ ਤਾਕਤ ਸਮਝਣ ਵਾਲਾ ਭਰਮ ਪਾਲੀ ਬੈਠਾ ਹੈ।

ਅਸਲ ਵਿੱਚ ਪਾਕਿਸਤਾਨੀ ਅਵਾਮ ਅੱਜ ਤੱਕ ਲੋਕ ਰਾਜ ਦੀ ਇੱਛਾ ਹੇਠ ਫ਼ੌਜੀ ਰਾਜ ਹੀ ਹੰਢਾਉਂਦਾ ਆ ਰਿਹਾ ਹੈ। ਚਾਹੇ ਦਿਖਾਈ ਦੇਣ ਵਾਲਾ ਸਿਆਸੀ ਨੁਮਾਇੰਦਾ ਲੋਕਾਂ ਵੱਲੋਂ ਹੀ ਕਿਉਂ ਨਾ ਚੁਣਿਆਂ ਗਿਆ ਹੋਵੇ, ਉਹਦੀ ਹੋਂਦ ਤੇ ਵਜੂਦ ਦੇ ਪਿੱਛੇ ਫ਼ੌਜ ਅਦਿੱਖ ਰੂਪ ਵਿੱਚ ਨਾ ਸਿਰਫ਼ ਹਮੇਸ਼ਾ ਮੌਜੂਦ ਹੀ ਰਹਿੰਦੀ ਹੈ ਸਗੋਂ ਉਸਨੂੰ ਕਮਜ਼ੋਰ ਕਰਨ ਲਈ ਧਾਰਮਿਕ ਜਮਾਤਾਂ ਨੂੰ ਵਰਤਦੀ ਵੀ ਹੈ, ਬਿਲਕੁਲ ਉਵੇਂ ਜਿਵੇਂ ਜ਼ੁਲਫ਼ਕਾਰ ਅਲੀ ਭੁਟੋ ਤੋਂ ਹਕੂਮਤ ਖੋਹਣ ਲਈ ਜਨਰਲ ਜ਼ਿਆ-ਉਲ-ਹੱਕ ਨੇ ਨੌਂ ਧਾਰਮਿਕ ਜਮਾਤਾਂ ਦੇ ਮੌਲਵੀਆਂ ਨੂੰ 9 ਸਿਤਾਰਿਆਂ ਵਾਲਾ ਹਰਾ ਝੰਡਾ ਫੜ੍ਹਾ ਕੇ 'ਨਿਜ਼ਾਮੇ ਸ਼ਮਸੀ'[10] ਦਾ ਨਾਅਰਾ ਮਰਵਾਇਆ ਸੀ।

'ਇਸਲਾਮੀ ਜਮਹੂਰੀਅਤ' ਵਜੋਂ ਵਿਸ਼ਵ ਵਿੱਚ ਪਛਾਣ ਬਣਾਉਣ ਵਾਲੇ ਪਾਕਿਸਤਾਨ ਦਾ ਨਾਂ ਲਏ ਬਗ਼ੈਰ ਹੁਣ ਤੱਕ ਦੇ ਫ਼ੌਜੀ ਜਰਨੈਲਾਂ ਅਯੂਬ ਖਾਂ (ਬਲੋਚਿਸਤਾਨ), ਯਹੀਆ ਖ਼ਾਂ (ਬੰਗਲਾਦੇਸ਼), ਜ਼ਿਆ-ਉਲ-ਹੱਕ (ਸਿਆਚਿਨ), ਮੁਸ਼ੱਰਫ਼ (ਕਾਰਗਿਲ) ਦੀਆਂ ਨਾਲਾਇਕੀਆਂ ਨੂੰ ਆਗ਼ਾ ਅਲੀ ਮੁਦੱਸਰ ਆਪਣੀ ਕਹਾਣੀ 'ਇਕ ਪਾਗਲ ਦੀ ਬੁਝਾਰਤ' ਰਾਹੀਂ ਪੇਸ਼ ਕਰਦਿਆਂ ਹੋਇਆਂ ਇਸਲਾਮੀ ਜਮਹੂਰੀਅਤ ਸ਼ਬਦ ਦੀ ਚੀਰਫਾੜ ਕਰਦਿਆਂ ਇਹ ਵਿਅੰਗਾਤਮਕ ਪ੍ਰਸ਼ਨ ਖੜ੍ਹਾ ਕਰਦਾ ਹੈ ਕਿ 'ਇਸਲਾਮ ਵਿੱਚ ਜਮਹੂਰੀਅਤ ਕਿਵੇਂ ਆ ਸਕਦੀ ਹੈ' ?[11], ਇਸਲਾਮ ਤਾਂ

ਅੱਲਾਹ ਦਾ ਕਾਨੂੰਨ ਹੈ। ਖ਼ੁਦਾ ਦੇ ਕਾਨੂੰਨ ਵਿੱਚ ਕਿਸੇ ਦੂਜੇ ਦੀ ਮੁਦਾਖ਼ਲਤ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ਜਦੋਂ ਕਿ ਇਸਦੇ ਉਲਟ ਜਮਹੂਰੀਅਤ ਦੀ ਪਹਿਲੀ ਸ਼ਰਤ ਹੀ ਕਿੰਤੂ ਕਰਨ ਦੇ ਅਧਿਕਾਰ ਅਤੇ ਸਭਨਾਂ ਦੇ ਸਾਂਝੇ ਕਰਮ ਨਾਲ ਜੁੜੀ ਹੈ।

ਪਾਕਿਸਤਾਨੀ ਪੰਜਾਬੀ ਕਹਾਣੀ 'ਚ ਵੱਡੀ ਗਿਣਤੀ ਉਹਨਾਂ ਕਹਾਣੀਆਂ ਦੀ ਹੈ ਜਿਹਨਾਂ ਵਿਚਲੀਆਂ ਸਮੱਸਿਆਵਾਂ ਦੀ ਜੜ੍ਹ ਧਰਮ ਹੈ। ਪਾਕਿਸਤਾਨ ਵਿੱਚ ਘੱਟ ਪੜ੍ਹੇ ਲਿਖੇ ਬਹੁਗਿਣਤੀ ਲੋਕ ਆਪਣੀ ਅਵਿਗਿਆਨਕ ਸੋਚ ਕਾਰਨ ਮਾਨਸਿਕ ਅਤੇ ਆਰਥਿਕ ਸ਼ੋਸ਼ਣ ਦੇ ਸ਼ਿਕਾਰ ਹੋ ਰਹੇ ਹਨ। ਪੁੱਤਰ ਦੀ ਦਾਤ ਹਾਸਲ ਕਰਨ ਲਈ 'ਅੱਲਾਹ ਦੀ ਰਜ਼ਾ ਬਾਬਾ ਛੱਤਰੀ ਵਾਲੇ ਦੇ ਤਅਵੀਜ਼' 'ਚੋਂ ਹਾਸਲ ਕਰਨ ਦੀ ਸੋਚ ਰੱਖਣ ਵਾਲੇ ਅਜਿਹੇ ਲੋਕਾਂ ਤੋਂ ਫ਼ਾਇਦਾ ਉਠਾਉਣ ਵਾਲਿਆਂ ਨੇ ਧਰਮ ਨੂੰ ਇਕ ਵਧੀਆ ਕਾਰੋਬਾਰ ਵਜੋਂ ਵਰਤਿਆ ਹੈ। ਇਸ ਸਰੋਕਾਰ ਨੂੰ ਅਨਵਰ ਅਲੀ ਦੀ ਕਹਾਣੀ 'ਗੁੜ ਦੀ ਭੇਲੀ' ਤਿੱਖੇ ਵਿਅੰਗਾਤਮਕ ਢੰਗ ਨਾਲ ਪੇਸ਼ ਕਰਦੀ ਹੈ। ਮਜ਼ਾਰ ਦੇ ਇਕ ਸਧਾਰਨ ਦਰਬਾਨ ਸਾਈਂ ਜਮਾਲੇ ਦੇ ਸੱਯਦ-ਉਲ-ਦੀਨ ਬੁਖ਼ਾਰੀ ਬਨਣ ਦੇ ਜੀਵਨ ਸਫ਼ਰ ਰਾਹੀਂ ਲੇਖਕ ਧਰਮ ਦੀ ਕਾਰੋਬਾਰੀ ਵਰਤੋਂ ਵੱਲ ਇਸ ਕਰਕੇ ਧਿਆਨ ਦਵਾਉਂਦਾ ਹੈ ਕਿ ਆਪਣੀਆਂ ਸਮੱਸਿਆਵਾਂ ਦਾ ਸ਼ਰਤੀਆ ਹੱਲ ਲੱਭਣ ਵਾਲੇ ਲੋਕਾਂ ਨੂੰ ਅਹਿਸਾਸ ਹੀ ਨਹੀਂ ਕਿ ਉਹਨਾਂ ਦੀ ਅੰਧ-ਵਿਸ਼ਵਾਸੀ ਸੋਚ ਦਾ ਫ਼ਾਇਦਾ ਉਠਾ ਕੇ ਕਿਵੇਂ 'ਮਕੌੜਿਆਂ ਦੇ ਭੌਣ' ਨੂੰ 'ਬਾਬਿਆਂ ਦਾ ਭੌਣ' ਬਣਾ ਕੇ ਮਕੌੜੇ ਸ਼ਾਹ ਉਤੇ 'ਗੁੜ ਦੀ ਭੇਲੀ'[12] ਚੜ੍ਹਾਉਣ ਦੇ ਪ੍ਰਚਾਰਿਤ ਚਮਤਕਾਰ ਰਾਹੀਂ ਘਰ ਦੀ ਕੋਠੜੀ 'ਚ ਕੋਹਲੂ ਚਲਾਉਣ ਵਾਲਾ ਜਮਾਲਾ ਪਹਿਲਾਂ ਕਾਰਖ਼ਾਨੇਦਾਰ ਬਣਦਾ ਹੈ ਤੇ ਫ਼ਿਰ ਸਰਮਾਏਦਾਰ ਬਣਕੇ ਅਸ਼ਰਾਫ਼ੀਆ ਦੇ ਅਹਿਮ ਅੰਗ ਦੀ ਹੈਸੀਅਤ ਵਿੱਚ ਸਿਆਸੀ ਘਰਾਣਿਆਂ ਨਾਲ ਰਿਸ਼ਤੇਦਾਰੀਆਂ ਵੀ ਗੰਢ ਲੈਂਦਾ ਹੈ।

ਰਾਜਾ ਮੁਹੰਮਦ ਅਹਿਮਦ ਦੀ ਕਹਾਣੀ 'ਤਵੀਤ' ਇਸੇ ਸਰੋਕਾਰ ਨੂੰ ਸ਼ੌਕੀਆ ਤਵੀਤ ਵੰਡਣ ਵਾਲੇ 'ਅੱਲਾ ਦਿੱਤਾ' ਵੱਲੋਂ ਖ਼ੁਦ ਸਮੱਸਿਆ-ਗ੍ਰਸਤ ਹੋ ਕੇ, ਤਵੀਤ ਦੀ ਲੋੜ ਮਹਿਸੂਸ ਕਰਨ ਦੇ ਮਾਨਸਿਕ ਸੰਤਾਪ ਅਤੇ ਫ਼ਿਰ ਆਪਣੇ ਅੰਦਰਲੇ ਆਪੇ ਦੀ ਮੌਤ ਹੋ ਜਾਣ ਦੇ ਦੁਖਾਂਤਕ ਅਹਿਸਾਸ ਨੂੰ 'ਨੀਚਾਂ ਦੀ ਆਸ਼ਨਾਈ ਕੋਲੋਂ ਫ਼ੈਜ਼ ਕਿਸੇ ਨਾ ਪਾਇਆ'[13] ਦੇ ਸੁਨੇਹੇ ਦੇ ਰੂਪ ਵਿੱਚ ਪੇਸ਼ ਕਰਦੀ ਹੈ। ਪਰ ਆਗ਼ਾ ਅਲੀ ਮੁਦੱਸਰ ਕਲਮ ਨੂੰ ਤਲਵਾਰ ਬਣਾਉਂਦਾ ਹੋਇਆ ਆਪਣੀ ਕਹਾਣੀ 'ਮੁੱਠ ਰੱਖ' ਵਿੱਚ ਪਾਕਿਸਤਾਨੀ ਸਮਾਜ ਨੂੰ ਕਦੇ ਪ੍ਰਤੀਕ ਵਜੋਂ ਪੇਸ਼ ਕਰਦਾ ਹੈ। ਇਕ ਅਜਿਹਾ ਸਮਾਜ ਜਿਸਨੂੰ ਇਥੋਂ ਤੱਕ ਪਹੁੰਚਾਉਣ ਵਿੱਚ ਰੱਬ ਤੋਂ ਇਲਾਵਾ ਨੀਮ-ਹਕੀਮ, ਤਅਵੀਜ਼, ਜਾਦੂ-ਟੂਣਾ, ਦਮ, ਝਾੜੇ ਕਰਨ ਵਾਲਿਆਂ ਤੇ ਅਜਿਹੇ ਲੋਕਾਂ ਦਾ ਵੀ ਵੱਡਾ ਯੋਗਦਾਨ ਹੈ, ਜਿਹੜੇ ਇਹ ਸੋਚਦੇ ਹਨ ਕਿ "ਕਹਿਰ ਹੋਰ ਵੱਧ ਹੋਣਾ ਸੀ, ਜੇ ਸ਼ਹਿਰ ਵਿੱਚ ਬਜ਼ੁਰਗਾਂ ਦੇ ਮਜ਼ਾਰ ਨਾ ਹੋਂਦੇ।"[14] ਇਸ ਕਬਰਸਤਾਨ (ਸਮਾਜ) ਵਿੱਚ ਲੋਕ ਮੁਰਦਿਆਂ (ਗ਼ਰੀਬਾਂ) ਦੇ ਕਫ਼ਨ ਤੇ ਹੱਡੀਆਂ ਤੱਕ ਜਾਦੂ ਟੂਣਾ ਕਰਨ ਵਾਲਿਆਂ ਨੂੰ ਵੇਚ ਦਿੰਦੇ ਹਨ। ਕਹਾਣੀ ਆਪਣੀ ਸਿਰਜਣਾ ਦਾ ਮਕਸਦ ਉਦੋਂ ਹਾਸਲ ਕਰਦੀ ਹੈ, ਜਦੋਂ ਹੱਡੀਆਂ ਵੇਚਣ ਵਾਲਾ ਇਹ ਤਰਕ ਪੇਸ਼ ਕਰਦਾ ਹੈ:

> ਏਹ ਲੋਕ ਹਯਾਤੀ ਵਿੱਚ ਆਪ ਏਹਨਾਂ ਜਾਦੂਗਰਾਂ ਕੋਲ ਜਾਂਦੇ ਨੇ , ਜੇ ਮਰ ਕੇ ਏਹਨਾਂ ਦੀਆਂ ਹੱਡੀਆਂ ਉਹਨਾਂ ਨੂੰ ਵੇਚ ਦਿੱਤੀਆਂ ਤਾਂ ਏਹ ਵੀ ਉਹਨਾਂ ਦੀ ਖ਼ਾਹਿਸ਼ ਮੁਤਾਬਕ

ਹੋਇਆ ਕੰਮ ਈ ਏ।[15]

ਕਰਾਮਤ ਅਲੀ ਮੁਗ਼ਲ ਦੀ ਕਹਾਣੀ 'ਮੁਅੱਜਜ਼ਾ' ਸਿਆਸੀ ਗਠਜੋੜ ਵਾਲੇ ਵੱਡੀਆਂ ਅਬਾਦੀਆਂ ਵਸਾਉਣ ਵਾਲੇ ਠੇਕੇਦਾਰ 'ਹਾਜੀ ਸ਼ੇਰ ਅਲੀ' ਦੀ ਅੱਲਾਹ ਦੇ ਨਾਂ 'ਤੇ ਕੀਤੀ ਅਜਿਹੀ ਲੁੱਟ ਨੂੰ ਪੇਸ਼ ਕਰਦੀ ਹੈ, ਜਿਸਨੂੰ ਪਾਕਿਸਤਾਨ ਵਿੱਚ ਚੈਲੰਜ ਹੀ ਨਹੀਂ ਕੀਤਾ ਜਾ ਸਕਦਾ। ਸ਼ੇਰ ਅਲੀ ਵੱਲੋਂ ਗ਼ੈਰ ਮਿਆਰੀ ਸਮੱਗਰੀ ਵਰਤ ਕੇ ਬਣਾਈ ਨਵੀਂ ਆਬਾਦੀ ਬਾਰਸ਼ਾਂ ਦੇ ਹੜ੍ਹ 'ਚ ਰੁੜ ਜਾਂਦੀ ਹੈ ਤੇ ਰੀਝ ਨਾਲ ਮਿਆਰੀ ਸਮੱਗਰੀ ਦੁਆਰਾ ਉਸਾਰੀ ਮਸੀਤ ਦੀ ਸ਼ਾਨ ਉਵੇਂ ਹੀ ਕਾਇਮ ਰਹਿੰਦੀ ਹੈ। ਇਹ ਮੁਅੱਜਜ਼ਾ ਹੱਜ ਦੇ ਬਹਾਨੇ ਵਿਦੇਸ਼ 'ਚ ਐਸ਼ ਕਰਦੇ ਹਾਜੀ ਸ਼ੇਰ ਅਲੀ 'ਤੇ ਜਿੱਥੇ ਉਂਗਲ ਤੱਕ ਨਹੀਂ ਉਠਣ ਦਿੰਦਾ, ਉਥੇ ਅੱਲਾਹ ਦੀ ਅਥਾਹ ਸ਼ਕਤੀ ਦੇ ਅਜਿਹੇ ਦਿਖਾਵੇ ਰਾਹੀਂ ਆਮ ਲੋਕਾਂ ਨੂੰ ਰਜ਼ਾ ਵਿੱਚ ਰਹਿਣ ਦਾ, ਬੇਬਸੀ ਭਰਿਆ ਤਨਜ਼ੀਆ ਸੁਨੇਹਾ ਵੀ ਦਿੰਦਾ ਹੈ।

ਇੰਞ ਪਾਕਿਸਤਾਨੀ ਪੰਜਾਬੀ ਕਹਾਣੀ ਹਾਜੀ, ਮੁੱਲਾਂ ਜਾਂ ਕਾਜ਼ੀ ਨੂੰ ਉੱਚੇ ਇਖ਼ਲਾਕ ਵਾਲੇ ਇਨਸਾਨ ਵਜੋਂ ਨਹੀਂ ਸਗੋਂ ਆਪਣੀ ਧਾਰਮਿਕ ਪਛਾਣ ਦੀ ਆੜ ਵਿੱਚ ਲੋਕਾਂ ਨੂੰ ਲੁੱਟਣ ਵਾਲੇ ਤੇ ਇਖ਼ਲਾਕ ਤੋਂ ਡਿੱਗੇ ਹੋਏ ਇਨਸਾਨ ਵਜੋਂ ਚਿਤਰਦੀ ਹੈ। ਇਸ ਗੱਲ ਨੂੰ ਮਸਊਦ ਚੌਧਰੀ ਦੀ ਕਹਾਣੀ 'ਧਾਰਮਿਕ ਨਿਰਪੱਖਤਾ' ਬਹੁਤ ਤਿੱਖੇ ਸ਼ਬਦਾਂ ਵਿਚ ਪੇਸ਼ ਕਰਦੀ ਹੈ। ਗ਼ੈਰ ਸ਼ਰਅਈ ਕੰਮ ਤੋਂ ਕਮਾਏ ਰਿਜ਼ਕ ਨੂੰ ਹਰਾਮ ਕਹਿਣ ਵਾਲਾ ਪੀਰ ਸਾਹਬ ਜਦੋਂ ਆਪਣੇ ਆਪ 'ਤੇ ਜ਼ਬਤ ਨਾ ਰੱਖਦਿਆਂ ਹੋਇਆਂ ਰਤਨਾ ਬਾਈ ਕੋਲੋਂ 'ਸਣੇ ਮਲਾਈ ਦੁੱਧ' ਪੀ ਲੈਂਦਾ ਹੈ ਤੇ ਆਪਣੇ ਮੁਰੀਦਾਂ ਤੋਂ ਠੱਗੀ ਹੋਈ ਨਿਆਜ਼, ਆਪਣਾ ਮੂੰਹ ਕਾਲਾ ਕਰਨ ਤੋਂ ਬਾਅਦ ਰਤਨਾ ਬਾਈ ਦੇ ਪੈਰਾਂ 'ਚ ਢੇਰ ਕਰਦਿਆਂ, ਨੱਕ ਨੀਵਾਂ ਕਰਕੇ ਕੋਠੇ ਦੀਆਂ ਪੌੜੀਆਂ ਉੱਤਰ ਜਾਂਦਾ ਹੈ ਤਾਂ ਪਾਠਕ ਨੂੰ ਨੈਤਿਕਤਾ ਦੀਆਂ ਗੱਲਾਂ ਕਰਨ ਵਾਲੇ ਪੀਰ ਦੀ ਕਥਨੀ ਤੇ ਕਰਨੀ ਦਾ ਫ਼ਰਕ ਸਮਝ ਆ ਜਾਂਦਾ ਹੈ ਪਰ ਕਹਾਣੀ ਦਾ ਅਸਲ ਮਕਸਦ ਇਸ ਤੋਂ ਅਗਾਂਹ ਇਹ ਗੱਲ ਦਰਸਾਉਣ ਨਾਲ ਸਬੰਧਿਤ ਹੈ ਕਿ ਨੂੰਹਾਂ ਨੂੰ ਬਾ-ਪਰਦਾ ਰੱਖਣ ਤੇ ਧੀਆਂ ਕੋਲੋਂ ਧੰਦਾ ਕਰਵਾਉਣ, ਵਰਗੀਆਂ ਕਦਰਾਂ ਕੀਮਤਾਂ ਵਾਲੇ, ਜਿਸਮਫਰੋਸ਼ੀ ਦੇ ਧੰਦੇ ਨਾਲ ਜੁੜੇ ਖ਼ਾਨਦਾਨੀ ਮਾਪਿਆਂ ਕੋਲੋਂ ਸਿੱਖਿਆ ਇਹ ਸਬਕ "ਧੀਏ ਹਰ ਆਉਣ ਵਾਲਾ ਤਮਾਸ਼ਬੀਨ ਸਾਡੇ ਲਈ ਰਿਜ਼ਕ ਲੈ ਕੇ ਆਉਂਦਾ। ਇਸ ਲਈ ਉਹਨਾਂ ਨਾਲ ਧਰਮ-ਨਿਰਪੱਖਤਾ ਵਾਲਾ ਵਰਤਾਰਾ ਈ ਕਰਨਾ"[16], ਰਤਨਾ ਬਾਈ ਨੂੰ ਕਦੇ ਨਹੀਂ ਭੁੱਲਿਆ। ਤੇ ਨੈਤਿਕ ਨਿਯਮਾਂ ਦੀ ਤਅਲੀਮ ਨਾਲ ਭਰੇ ਕੁਰਆਨ ਦੀ ਹਜ਼ੂਰੀ ਵਿੱਚ ਹਰਦਮ ਰਹਿਣ ਵਾਲਾ ਮੌਲਵੀ ਕਿਵੇਂ ਸਮੇਂ ਦੀ ਸਰਕਾਰ ਦੇ ਹੁਕਮ ਤੇ ਰਿਜ਼ਕ ਦੇ ਲਾਲਚ ਵਿੱਚ ਫ਼ਿਰਕੂ ਅੱਗ ਭੜਕਾਉਣ ਵਾਲੇ ਕੁਫ਼ਰ ਭਰੇ ਫ਼ਤਵੇ, ਆਪਣੇ ਹਮਸਾਇਆਂ (ਸ਼ੀਆ-ਸੁੰਨੀ) ਖ਼ਿਲਾਫ਼ ਦਿੰਦਾ ਹੈ? ਆਗ਼ਾ ਅਲੀ ਮੁਦੱਸਰ ਇਸੇ ਸਰੋਕਾਰ ਨੂੰ ਆਪਣੀ ਕਹਾਣੀ 'ਇਕ ਪਾਗਲ ਦੀ ਬੁਝਾਰਤ' ਵਿੱਚ "ਹੈਂ ਕਿਰਨੇਂ ਏਕ ਹੀ ਮਸ਼ਾਲ ਕੀ, ਕੁਛ ਫ਼ਰਕ ਨਹੀਂ ਇਨ ਚਾਰੋਂ ਮੇਂ"[17] ਦੇ ਸੁਨੇਹੇ ਰਾਹੀਂ ਪੇਸ਼ ਕਰਦਿਆਂ ਸਪਸ਼ਟ ਕਰਦਾ ਹੈ ਕਿ ਚਾਰੇ ਖ਼ਲੀਫ਼ਿਆਂ ਨੂੰ ਇਕੋ ਸਰੋਤ ਦੀ ਰੋਸ਼ਨੀ ਵਜੋਂ ਵਡਿਆਉਣ ਦੀ ਲੋੜ ਹੈ।

ਇਸਲਾਮਕ ਇਨਕਲਾਬ ਲਿਆਉਣ ਅਤੇ ਸ਼ਰੀਅਤ ਦੀਆਂ ਸਿਖਿਆਵਾਂ ਦੇਣ ਵਾਲੇ ਮੌਲਵੀਆਂ ਦੇ ਅਸਲ ਚੇਹਰਿਆਂ ਨੂੰ ਸਾਹਮਣੇ ਲਿਆਉਣ ਵਾਲੀਆਂ ਕਹਾਣੀਆਂ ਵਿੱਚੋਂ

ਆਾ.ਗਾ ਅਲੀ ਮੁਦੱਸਰ ਦੀ ਕਹਾਣੀ 'ਕਾਵਾਂ ਦੇ ਅਥਰੂ' ਸਖ਼ਤ ਤਨਜ਼ੀਆ ਲਹਿਜ਼ੇ 'ਚ ਮਦਰੱਸਿਆਂ ਵਿੱਚ ਤਾਰੀਖ਼, ਹਿਸਾਬ ਅਤੇ ਸਾਇੰਸ ਨੂੰ ਛੱਡ ਕੇ ਪੜ੍ਹਾਏ ਜਾ ਰਹੇ 'ਕਜ਼ਾ-ਵ-ਕਦਰ' ਦੇ ਯਜ਼ੀਦੀ "[18] ਸਬਕ ਦੀ ਅਸਲੀਅਤ ਵੱਲ ਧਿਆਨ ਦਵਾਉਂਦੀ ਹੈ। ਨਵੀਂ ਪੀੜ੍ਹੀ ਮੁਸੀਬਤ ਨੂੰ ਤਕਦੀਰ ਸਮਝਣ ਅਤੇ ਦੁਆ ਰਾਹੀਂ ਉਸਦਾ ਹੱਲ ਲੱਭਣ ਦੀ ਅਜਿਹੀ ਸਿੱਖਿਆ ਕਾਰਨ ਮੁਸੀਬਤ ਪੈਦਾ ਕਰਨ ਵਾਲੇ ਦੀ ਨਿਸ਼ਾਨਦੇਹੀ ਕਰਨ ਦੇ ਕਾਬਲ ਨਹੀਂ ਬਣ ਰਹੀ ਸਗੋਂ 'ਦੌਲੇ ਸ਼ਾਹ ਦੇ ਚੂਹੇ'[19] ਬਣ ਕੇ ਇਸਲਾਮਕ ਜਹਾਦ ਦੇ ਨਾਂ 'ਤੇ ਵਰਤੀ ਜਾ ਰਹੀ ਹੈ। ਧਾਰਮਿਕਤਾ ਦੇ ਪਾਠ ਦੀ ਆੜ ਹੇਠ ਆਤੰਕ ਫ਼ੈਲਾਉਣ ਲਈ ਲਾਲ ਮਸਜਿਦ ਜਿਹੜੇ ਤਾਲਿਬਾਨ ਤਿਆਰ ਕਰ ਰਹੀ ਹੈ, ਉਸ ਨਾਲ ਜੁੜੇ ਇਕ ਅਹਿਮ ਪੱਖ ਨੂੰ ਅਫ਼ਜ਼ਲ ਤੌਸੀਫ਼ ਦੀ ਕਹਾਣੀ 'ਮੈ ਹਾਂ ਇਕ ਤਾਲਿਬਾਨ' ਪੇਸ਼ ਕਰਦੀ ਹੈ । BBC, CNN ਵੱਲੋਂ ਸਮੁੱਚੀ ਦੁਨੀਆਂ ਵਿੱਚ ਪ੍ਰਚਾਰੇ ਜਾ ਰਹੇ ਸੱਚ ਦਾ ਦੂਜਾ ਪਾਸਾ ਦਿਖਾਉਣ ਵਿੱਚ ਇਸ ਕਹਾਣੀ ਦਾ ਮਹੱਤਵਪੂਰਨ ਰੋਲ ਹੈ। ਕਬਾਇਲੀ ਸਮਾਜ ਤੋਂ ਸਮਾਜਵਾਦ ਵੱਲ ਤੁਰੇ ਜਾਂਦੇ ਅਫ਼ਗਾਨਿਸਤਾਨ ਨੂੰ ਪੂੰਜੀਵਾਦ ਨੇ ਕਿਵੇਂ ਭੁਚਲਾ ਕੇ ਸਿਰਫ਼ ਕੁਰਾਹੇ ਹੀ ਨਹੀਂ ਪਾਇਆ ਸਗੋਂ ਕਮਿਊਨਿਸਟ ਅਫ਼ਗਾਨੀਆਂ ਨੂੰ ਤਾਲਿਬਾਨੀ ਅਫ਼ਗਾਨੀਆਂ ਹੱਥੋਂ ਕਤਲ ਵੀ ਕਰਵਾਇਆ:

> ਓ ਯਾਰ ਜੀ ਕੀ ਰਹੇ ਓ ? ਅਸੀਂ ਦੋਵੇਂ ਕੋਈ ਗ਼ੈਰ ਤਾਂ ਨਹੀਂ, ਇਕੋ ਨਸਲ, ਇਕੋ ਮਜ਼ਹਬ, ਇਕੋ ਮਾਂ ਬੋਲੀ, ਇਕੋ ਦੇਸ਼ ।[20]

1947 ਵਿੱਚ ਵੰਡੇ ਗਏ ਦੋਹਾਂ ਪੰਜਾਬਾਂ ਵਿੱਚ ਦੇਸ਼, ਪ੍ਰਾਂਤ ਤੇ ਧਰਤੀ ਦੀ ਸਾਂਝ ਤੋਂ ਇਲਾਵਾ ਬੋਲੀ, ਧਰਮ ਤੇ ਸਭਿਆਚਾਰ ਦੀ ਸਾਂਝ ਦੀਆਂ ਢੇਰਾਂ ਉਦਾਰਹਣਾਂ ਹਨ। ਪੰਜਾਬੀ ਸਮਾਜ ਵਿੱਚ ਬੋਲੇ ਜਾਂਦੇ ਸ਼ਬਦ ਰਾਮ-ਰਹੀਮ, ਧਰਮ-ਇਮਾਨ, ਗੁਰੂ-ਪੀਰ, ਪਾਕਿ-ਪਵਿੱਤਰ ਆਪਣੀ ਧਰਮ ਅਧਾਰਿਤ ਭਾਸ਼ਾਈ ਵੱਖਰਤਾ ਦੇ ਨਾਲ ਨਾਲ ਦੋ ਸਭਿਆਚਾਰਾਂ ਦੀ ਆਪਸੀ ਗਲਵੱਕੜੀ ਨੂੰ ਵੀ ਦਰਸਾਉਂਦੇ ਹਨ। ਬਰਤਾਨਵੀਂ ਰਾਜ ਦੇ ਖ਼ਿਲਾਫ਼ 'ਸਿਲਕ ਕਾਂਸਪੀਰੇਸੀ' (ਰੇਸ਼ਮੀ ਰੁਮਾਲ) ਦਾ ਮਾਸਟਰ ਮਾਇੰਡ ਤੇ 'ਫ਼ਸਟ ਪ੍ਰੋਵੀਯਨਲ ਗਵਰਨਮੈਂਟ ਆਫ਼ ਇੰਡੀਆ'[21] ਦਾ ਵਿਦੇਸ਼ ਮੰਤਰੀ ਉਬੈਦ ਉੱਲਾ ਸਿੰਧੀ ਪਹਿਲਾਂ ਸਿੱਖ (ਬੂਟਾ ਸਿੰਘ ਉੱਪਲ) ਸੀ ਤੇ ਉਹਦੇ ਬਾਪ ਦਾਦਾ ਹਿੰਦੂ ਸਨ। ਜਿਵੇਂ ਹੀਰ ਆਪਣੀ ਮਾਂ ਨੂੰ ਰਾਂਝੇ ਨਾਲ ਆਪਣੇ ਅਜ਼ਲੀ ਰਿਸ਼ਤੇ ਦੀ ਗੱਲ ਕਰਦਿਆਂ ਕਹਿੰਦੀ ਹੈ 'ਨਾ ਮੁੜਾਂ ਰੰਝੇਟੜੇ ਤੋਂ ਭਾਵੇਂ ਬਾਪ ਦੇ ਬਾਪ ਦਾ ਬਾਪ ਆਵੇ', ਓਵੇਂ ਹੀ ਮੀਰਾਂ ਬਾਈ ਵੀ ਆਪਣੇ ਸਹੁਰੇ ਘਰ 'ਚ ਕ੍ਰਿਸ਼ਨ ਨਾਲ ਆਪਣੇ ਰੂਹਾਨੀ ਪਿਆਰ ਸਬੰਧੀ "ਲਾਗੀ ਮੋਹੇ ਨਾਮ ਖ਼ੁਮਾਰੀ ਹੋ,ਰਿਮ ਝਿਮ ਬਰਸੇ ਮੇਹੜਾ ਭੀਜੈ ਤਨ ਸਾਰੀ ਹੋ " [22], ਤੋਂ ਮੂੰਹ ਨਹੀਂ ਮੋੜਦੀ। ਤੇ ਅਜਿਹੀਆਂ ਉਦਾਰਹਣਾਂ 'ਚੋਂ ਸਭ ਤੋਂ ਵੱਧ ਦੁੱਲਾ ਭੱਟੀ ਹਿੰਦੂ ਰਾਜਪੁਤਾਣੇ ਦੇ ਮੁਸਲਮਾਨ ਰਾਜਪੂਤ ਬਣਨ ਦੀ ਗਾਥਾ ਹੀ ਨਹੀਂ ਸਗੋਂ ਮੁਗ਼ਲ ਧਾੜਵੀ ਖ਼ਿਲਾਫ਼ ਪੰਜਾਬ ਦੇ ਪੁੱਤਰ ਦੀ ਹੈਸੀਅਤ ਵਿੱਚ ਲੜਣ ਦਾ ਸਾਂਝ ਭਰਿਆ ਇਜ਼ਹਾਰ ਵੀ ਹੈ।

ਪਾਕਿਸਤਾਨੀ ਪੰਜਾਬੀ ਕਹਾਣੀਆਂ ਵਿੱਚ ਭਾਈਚਾਰਕ ਸਾਂਝ ਅਤੇ 1947 ਦੀ ਫ਼ਿਰਕੂ ਵੰਡ ਨੂੰ ਦਰਸਾਉਣ ਵਾਲੀਆਂ ਕਈ ਅਹਿਮ ਕਹਾਣੀਆਂ ਹਨ। ਚਾਹੇ ਹੋਵੇ ਮਕਸੂਦ ਸਾਕਬ ਦੀ ਸੁੱਚਾ ਤਿੱਲਾ, ਇਲਿਆਸ ਘੁੰਮਣ ਦੀ ਕਾਲੀ ਟਾਹਲੀ, ਸਲੀਮ ਖ਼ਾਂ ਗਿੰਮੀ ਦੀ ਮੰਗਲ ਬੁੱਧ, ਆਸਫ਼ ਸ਼ਾਹਕਾਰ ਦੀ ਅਣਡਿੱਠਾ ਦੁਸ਼ਮਣ, ਮਸਊਦ ਚੌਧਰੀ ਦੀ ਸਾਂਝੀ ਵਿਰਾਸਤ ਸਭ ਆਪੋ-

ਆਪਣੇ ਢੰਗ ਨਾਲ ਭਾਈਚਾਰਕ ਸਾਂਝ ਅਤੇ 1947 ਦੀ ਵੰਡ ਦੇ ਸਰੋਕਾਰ ਨੂੰ ਚਿਤਰਦੀਆਂ ਹਨ। ਜਿੱਥੇ ਮਕਸੂਦ ਸਾਕਬ ਆਪਣੀ ਕਹਾਣੀ 'ਤੇ ਪਾਕਿਸਤਾਨ ਬਣ ਗਿਆ' ਰਾਹੀਂ ਪਾਕਿਸਤਾਨ ਬਣਨ ਨੂੰ ਸਾਂਝੇ ਸਮਾਜ ਵਿਚਲੀਆਂ ਅਜਿਹੀਆਂ ਭਾਈਚਾਰਕ ਕਦਰਾਂ ਕੀਮਤਾਂ ਦੀ ਮੌਤ ਵਜੋਂ ਪੇਸ਼ ਕਰਦਾ ਹੈ, ਜਿਹੜੀਆਂ ਧਾਰਮਿਕ ਵੱਖਰਤਾ ਦੇ ਬਾਵਜੂਦ ਇਕ ਦੂਜੇ ਦੀ ਇੱਜ਼ਤ ਤੇ ਅੱਖ ਦੀ ਸ਼ਰਮ ਨਾਲ ਜੁੜੀਆਂ ਹੋਈਆਂ ਸਨ, ਉਥੇ 'ਲਫ਼ਜ਼ਾਂ ਦੀ ਤਾਕਤ' ਕਹਾਣੀ ਨਾਨੀ ਦੋਹਤੇ ਦੀ ਗੱਲਬਾਤ ਜ਼ਰੀਏ ਹਿੰਦੂ-ਮੁਸਲਿਮ ਸਾਂਝ ਦੀ ਸਿਰਫ਼ ਗੱਲ ਹੀ ਨਹੀਂ ਕਰਦੀ ਸਗੋਂ ਲੋਕ ਨਾਇਕਾਂ ਜਬਰੂ ਤੇ ਨਿਜ਼ਾਮ (ਹਿੰਦੂ ਤੇ ਮੁਸਲਮਾਨ) ਦੇ ਅੰਗਰੇਜ਼ਾਂ ਖ਼ਿਲਾਫ਼ ਉਸ ਸਾਂਝੇ ਜੱਥੇਬੰਦਕ ਸੰਘਰਸ਼ ਦੀ ਯਾਦ ਵੀ ਤਾਜ਼ਾ ਕਰਵਾਉਂਦੀ ਹੈ ਜਿਹੜਾ ਸੰਘਰਸ਼ ਨਾਈ ਤੇ ਲੁਹਾਰ (ਕਾਮਿਆਂ) ਵੱਲੋਂ ਕੀਤਾ ਗਿਆ ਸੀ।

ਇਕਬਾਲ ਕੈਸਰ ਦੀ ਕਹਾਣੀ 'ਬੋਦਾ ਸਾਈਂ' ਵੰਡ ਤੋਂ ਪਹਿਲਾਂ ਤਰਨ ਤਾਰਨ ਜ਼ਿਲ੍ਹੇ ਦੇ ਪਿੰਡ ਸਰਹਾਲੀ ਦੇ ਗੁਰਦੁਆਰਾ ਚੁਬੱਚਾ ਸਾਹਿਬ ਦੇ ਖ਼ਾਨਦਾਨੀ ਕੀਰਤਨੀਏ ਰਹਿ ਚੁੱਕੇ ਮੁਸਲਮਾਨ ਮਰਾਸੀ ਨਾਨਕ ਅਲੀ ਦੇ ਪਰਿਵਾਰ ਦੀ ਪਾਕਿਸਤਾਨ ਵੱਲ ਹੋਈ ਹਿਜਰਤ ਕਾਰਨ ਸਮਾਜਕ ਤੇ ਆਰਥਿਕ ਸਥਿਤੀ ਦੇ ਨਿਘਾਰ ਨੂੰ ਪੇਸ਼ ਕਰਦੀ ਹੈ। ਨਾਨਕ ਅਲੀ (ਸਾਂਝ ਦਾ ਪ੍ਰਤੀਕ) ਦਾ ਪੁੱਤਰ ਨਿਆਜ਼ ਅਲੀ, ਜਿਸ ਨੂੰ ਵੰਡ ਤੋਂ ਪਹਿਲਾਂ ਪਿੰਡ ਵਾਲੇ ਪਿਆਰ ਨਾਲ ਬੋਦਾ ਸਾਈਂ ਕਹਿੰਦੇ ਸਨ, ਵੰਡ ਤੋਂ ਬਾਅਦ ਪਾਕਿਸਤਾਨੀ ਪਿੰਡ ਲਧਿਆਣੀ ਜ਼ਿਲ੍ਹਾ ਕਸੂਰ 'ਚ ਬੈਠਾ ਵੰਝਲੀ ਵਜਾ ਕੇ ਢਿੱਡ ਦੀ ਅੱਗ ਬੁਝਾਉਣ ਲਈ ਇਸ ਕਰਕੇ ਮਜਬੂਰ ਹੈ ਕਿ ਉਹਨਾਂ ਦੇ ਪਹਿਲੇ ਕਸਬ (ਕੀਰਤਨ) ਦੀ ਧਰਮ ਦੇ ਅਧਾਰ ਤੇ ਬਣੇ ਇਸ ਨਵੇਂ ਮੁਲਕ ਵਿੱਚ ਕੋਈ ਵੱਟੱਕ ਨਹੀਂ।

ਮਕਸੂਦ ਸਾਕਬ ਦੀ ਕਹਾਣੀ 'ਮੁਰਾਦਾਂ' ਵਿਚਲੀ ਅੰਮਾਂ ਮੁਰਾਦਾਂ ਵੰਡ ਦੇ ਝੇੜਿਆਂ ਤੋਂ ਬਾਅਦ, ਹਿੰਦੂ ਸਭਿਆਚਾਰ ਵਿੱਚ ਪੂਜੇ-ਸਤਿਕਾਰੇ ਜਾਣ ਵਾਲੇ ਸਾਹਨ 'ਭੋਲਾ ਨਾਥ' ਨੂੰ ਪੁੱਤਰ ਵਾਂਗ ਪਾਲਦੀ ਵਿਖਾਈ ਗਈ ਹੈ। ਭੋਲਾ ਨਾਥ ਸ਼ਿਵ ਦੀ ਸਵਾਰੀ ਵਾਲਾ, ਦਰਸ਼ਨੀ ਦਿੱਖ ਵਾਲਾ ਅਜਿਹਾ ਜਾਨਵਰ ਹੈ, ਜਿਹੜਾ ਸਿਰਫ਼ ਸ਼ਿਸ਼ਕਾਰਨ ਤੇ ਹੀ ਖੌਰੂ ਪਾਉਂਦਾ ਹੈ। ਅੰਮਾਂ ਮੁਰਾਦਾਂ ਦਾ ਘਰ ਵਾਲਾ ਮੁਹਾਂਦਰੇ ਤੋਂ ਸਰਦਾਰ ਲੱਗਦਾ, ਜਿਸਦੀ ਕੰਡ ਉਤੇ ੧ੴ ਉੱਕਰਿਆ ਹੋਇਆ ਤੇ ਜਿਸਦਾ ਪੁੱਤਰ ਬਿੱਲੂ ਅੰਗਰੇਜ਼ਾਂ ਦਾ ਝੰਡਾ ਪਾੜਣ ਕਾਰਨ ਜੇਲ੍ਹੇ ਗਿਆ, ਜਿਸਦੀ ਮੌਤ ਦੀ ਖ਼ਬਰ 'ਤੇ ਅੰਮਾਂ ਦੀਆਂ ਅੱਖਾਂ ਵਿੱਚ ਅੱਥਰੂ ਨਾ ਆਏ ਪਰ ਭੋਲੇ ਦੇ ਵਿੱਛੜਣ ਵੇਲੇ ਉਹ ਇੰਵ ਰੋਈ ਜਿਵੇਂ ਅੱਜ ਉਸਦਾ ਪੁੱਤਰ ਮੋਇਆ ਹੋਵੇ। "ਉਹ ਭੋਲਾ, ਜਿਹੜਾ ਅੰਮਾਂ ਮੁਰਾਦਾਂ ਦੇ ਘਰ ਦੇ ਬੂਹੇ ਨਾਲ ਸਿਰ ਖੁਰਕ ਕੇ ਆਪਣੇ ਆਉਣ ਦੀ ਖ਼ਬਰ ਦਿੰਦਾ, ਮੂੰਹ ਬੂਹੇ ਦੀ ਪੌੜੀ ਉਤੇ ਧਰ ਕੇ, ਅੱਖਾਂ ਮੀਟ ਲੈਂਦਾ, ਅੰਮਾਂ ਆਉਂਦੀ ਤੇ ਉਹਨੂੰ ਇਕ-ਇਕ ਕਰਕੇ ਗੁੱਲੀਆਂ ਚਾਰਦੀ, ਭੋਲਾ ਜੀਭ ਕੱਢ ਕੇ ਅੰਮਾਂ ਦੇ ਹੱਥਾਂ ਨੂੰ ਚੱਟਦਾ"[23], ਉਹੋ ਭੋਲਾ ਸਰਕਾਰੀ ਲਾਰੀ ਵਿੱਚ ਲੱਦ ਕੇ ਸਦਾ ਸਦਾ ਲਈ ਉਸ ਤੋਂ ਦੂਰ ਲਜਾਇਆ ਜਾ ਰਿਹਾ ਸੀ।

ਜਿਵੇਂ ਸਿਬਤੁਲ ਹਸਨ ਜ਼ੈਗਮ ਦੀ ਕਹਾਣੀ 'ਦਿੱਲੀ ਯਾਂਦਾਂ ਦੇ ਝਰੋਖੇ 'ਚੋਂ' ਵਿਚਲਾ 'ਮੈਂ' ਪਾਤਰ ਹਜ਼ਰਤ ਨਿਜ਼ਾਮ-ਉ-ਦੀਨ ਔਲੀਆ ਦੇ ਸ਼ਹਿਰ ਦਿੱਲੀ ਵਿੱਚ ਗੁਰਦੁਆਰਾ ਦਮਦਮਾ ਸਾਹਿਬ ਵਿਖੇ ਬਾਬਾ ਫ਼ਰੀਦ ਦੇ ਗਾਏ ਜਾ ਰਹੇ ਸ਼ਲੋਕ ਨੂੰ ਸੁਣ ਕੇ ਨਮਾਜ਼ ਤੋਂ ਪਹਿਲਾਂ

ਵੁਜ਼ੂ ਕਰਨ ਦੇ ਅਹਿਸਾਸ ਨੂੰ ਹੰਢਾਉਂਦਾ ਹੈ, ਉਵੇਂ ਹੀ ਮਕਸੂਦ ਸਾਕਬ ਦੀ ਕਹਾਣੀ 'ਇਕ ਰੁੱਗ ਅੰਗਾਂ ਦਾ' ਦੋ ਫ਼ਿਰਕਿਆਂ ਵਿਚਲੀ ਅਟੁੱਟ ਧਾਰਮਿਕ ਸਾਂਝ ਦਾ ਅਹਿਆਸ ਕਰਵਾਉਂਦੀ ਹੈ।

ਫ਼ਿਰਕੂ ਹਨੇਰੀ ਵਾਲੇ ਦਿਨਾਂ ਵਿੱਚ ਉੱਜੜ ਕੇ, ਬੇ ਪੱਤ ਹੋਏ ਹਿੰਦੂ ਸਿੱਖਾਂ ਦੇ ਇਕ ਕੈਂਪ ਵਿੱਚ ਸੇਵਾ ਕਰਨ ਵਾਲੇ ਇਕੱਲੇ ਮੁਸਲਮਾਨ ਪਾਤਰ ਨੂੰ ਉਸਦੇ ਗ਼ੈਰ-ਧਰਮੀ ਦੋਸਤ ਇਸ ਲਈ ਚਲੇ ਜਾਣ ਵਾਸਤੇ ਮਜਬੂਰ ਕਰ ਲੈਂਦੇ ਹਨ ਕਿ ਉਜੜ ਕੇ ਆਏ ਇਹ ਲੋਕ ਕਿਤੇ ਗੁੱਸੇ ਵਿੱਚ ਉਸ ਦਾ ਜਾਨੀ ਨੁਕਸਾਨ ਨਾ ਕਰ ਦੇਣ। ਮੁਸਲਮਾਨ ਪਾਤਰ ਦਾ ਪ੍ਰਤੀਕਰਮ, "ਤੁਸੀਂ ਗੁਰੂ ਗ੍ਰੰਥ ਸਾਹਿਬ ਲਿਆਓ ਤੇ ਇਹਦੇ ਵਿੱਚੋਂ ਬਾਬਾ ਫ਼ਰੀਦ ਦੀ ਬਾਣੀ ਦੇ ਅੰਗ ਕੱਟ ਕੇ ਮੈਨੂੰ ਦੇ ਦਿਓ, ਮੈਂ ਚਲਾ ਜਾਨਾ"[24], ਅਜਿਹੀ ਧਾਰਮਿਕ ਸਾਂਝ ਨੂੰ ਹੋਰ ਪਕੇਰਾ ਕਰ ਜਾਂਦਾ ਹੈ, ਜਿਹੜੀ ਧਾਰਮਿਕ ਤਫ਼ਰਕਿਆਂ ਦੇ ਬਾਵਜੂਦ ਤੋੜੀ ਨਹੀਂ ਜਾ ਸਕਦੀ। ਇਹੋ ਜਿਹੀ ਅਟੁੱਟ ਧਾਰਮਿਕ ਸਾਂਝ ਨੂੰ ਦਰਸਾਉਣ ਵਾਲੀਆਂ ਕਹਾਣੀਆਂ 'ਚ ਸਾਕਬ ਦੀ ਕਹਾਣੀ 'ਸ਼ਹੀਦ' ਇਕ ਕਦਮ ਹੋਰ ਅਗਾਂਹ ਵਧਦੀ ਹੋਈ ਗ਼ੈਰ ਧਰਮੀ ਲੋਕਾਂ 'ਚੋਂ ਸੁਰੱਖਿਅਤ ਬਚ ਕੇ ਆ ਜਾਣ ਤੇ ਹਮ ਮਜ਼ਹਬੀ ਹਮਸਾਇਆਂ ਵੱਲੋਂ ਫਜ਼ਰ ਦੀ ਨਮਾਜ਼ ਪੜ੍ਹਦੇ, ਬੰਦਿਆਂ ਤੇ ਹੋਏ ਹਮਲੇ 'ਚ ਮਾਰੇ ਜਾਣ ਦੇ ਦੁਖਾਂਤ ਨੂੰ ਬਹੁਤ ਮਾਰਮਿਕ ਢੰਗ ਨਾਲ ਪੇਸ਼ ਕਰਦੀ ਹੈ। ਅਖ਼ਬਾਰ ਦੀਆਂ ਸੁਰਖੀਆਂ ਨਾਲੋਂ ਬਕੀਆ (ਬਾਕੀ ਖ਼ਬਰ) ਪੜ੍ਹ ਕੇ ਖ਼ਬਰ ਦੇ ਸੱਚ ਨੂੰ ਪਛਾਣਨ ਦੀ ਸਮਰੱਥਾ ਵਾਲੇ ਜ਼ਕਰੀਆ ਸਾਹਬ ਬਕੀਏ ਦੀਆਂ ਅਖੀਰਲੀਆਂ ਸਤਰਾਂ ਵਿਚੋਂ 'ਤਬਲਾ ਨਵਾਜ਼ ਨਿਆਮਤ ਹੁਸੈਨ' ਦਾ ਨਾਂ ਪੜ੍ਹ ਕੇ ਸਿਰਫ਼ ਸੁੰਨ ਹੀ ਨਹੀਂ ਹੋ ਜਾਂਦੇ ਸਗੋਂ ਵੰਡ ਦੇ ਵੇਲਿਆਂ 'ਚ ਵਾਪਰੀ ਤੇ ਨਿਆਮਤ ਹੁਸੈਨ ਵਲੋਂ ਸੁਣਾਈ ਅਜਿਹੀ ਘਟਨਾ ਨੂੰ ਯਾਦ ਕਰਦੇ ਹਨ, ਜਿਹੜੀ ਦੋ ਕੌਮਾਂ ਦੇ ਸਿਧਾਂਤ ਉਤੇ ਹੋਈ ਵੰਡ ਉਤੇ ਪ੍ਰਸ਼ਨ ਚਿੰਨ੍ਹ ਲਗਾਉਂਦੀ ਹੈ। ਸਿੱਖਾਂ ਦੇ ਜੱਥੇ ਵੱਲੋਂ ਕਾਬੂ ਕੀਤੇ ਦੋ ਬੰਦਿਆਂ ਨੂੰ ਸਿੱਖ ਇਸ ਲਈ ਕਤਲ ਨਹੀਂ ਕਰਦੇ ਕਿ ਉਹ ਇਨੇ ਜ਼ਿਆਦਾ ਖ਼ੌਫ਼ਜ਼ਦਾ ਹਨ ਕਿ ਭੱਜਣ ਵਾਲੋਂ ਮਰਨ ਦੀ ਕਾਹਲ ਵਿੱਚ ਦਿਖਾਈ ਦਿੰਦੇ ਹਨ। ਸਵਾਲ ਜਵਾਬ ਵਿੱਚ ਪਤਾ ਲੱਗਦਾ ਹੈ ਕਿ ਦੋ 'ਚ ਇਕ ਮਰਾਸੀ (ਨਿਆਮਤ) ਹੈ ਤੇ ਜਦੋਂ ਮਰਾਸੀ ਸਿੱਖ ਮੁੰਡਿਆਂ ਵੱਲੋਂ ਪੁੱਛਣ ਤੇ ਗੁਰਬਾਣੀ ਦੀਆਂ ਚਾਰ-ਚਾਰ, ਪੰਜ-ਪੰਜ ਤੁਕਾਂ ਸੁਣਾਦਾ ਹੈ ਤੇ ਜੱਥਾ ਸਾਂਝਾ ਜੈਕਾਰਾ ਲਾਉਂਦਾ ਇਹ ਐਲਾਨ ਕਰਦਾ ਕਿ "ਮਾਰਨਾ ਨਈ ਮਰਦਾਨੇ ਕਿਆਂ ਨੂੰ"[25] , ਤੇ ਮਰਦਾਨੇ ਕਿਆਂ ਦਾ ਇਹੋ ਤਬਲਾ ਨਵਾਜ਼ ਸ਼ੀਆ ਸੁੰਨੀ ਫ਼ਸਾਦਾਂ ਦਾ ਸ਼ਿਕਾਰ ਹੋ ਕੇ ਸਿਰਫ਼ ਅਖ਼ਬਾਰ ਦੇ ਬਕੀਏ ਦਾ ਢਿੱਡ ਭਰਨ ਜੋਗਾ ਹੀ ਰਹਿ ਜਾਂਦਾ ਹੈ।

ਮੈਂ ਪਾਕਿਸਤਾਨੀ ਪੰਜਾਬੀ ਕਹਾਣੀ ਦੇ ਇਸ ਸਰੋਕਾਰ ਸਬੰਧੀ ਗੱਲ ਕਰਨ ਲਈ ਅਜਿਹੀਆਂ ਕਹਾਣੀਆਂ ਦਾ ਹੀ ਸਹਾਰਾ ਲੈ ਰਿਹਾ ਹਾਂ, ਜਿਹਨਾਂ ਵਿੱਚ ਧਾਰਮਿਕ ਤਫ਼ਰਕਾ ਕਤਲੋਗ਼ਾਰਤ ਦਾ ਕਾਰਨ ਨਹੀਂ ਸਗੋਂ ਭਾਈਚਾਰਕ ਸਾਂਝ ਨੂੰ ਮਜਬੂਤ ਕਰਨ ਵਾਲੇ ਅਧਾਰ ਵਜੋਂ ਪੇਸ਼ ਹੋਇਆ ਹੈ।

ਇੰਞ ਪਾਕਿਸਤਾਨੀ ਪੰਜਾਬੀ ਕਹਾਣੀ ਦੇ ਉਪਰੋਕਤ ਪ੍ਰਮੁੱਖ ਸਰੋਕਾਰ ਅਵਾਮ ਦੀ ਜਿਸ ਹਯਾਤੀ ਨੂੰ ਪੇਸ਼ ਕਰਦੇ ਹਨ, ਉਸ ਦਾ ਕੁਝ ਅਹਿਸਾਸ ਅਸੀਂ ਇਧਰਲੇ ਪੰਜਾਬ ਵਿੱਚ ਰਹਿੰਦਿਆਂ ਹੋਇਆਂ ਇਹਨਾਂ ਕਹਾਣੀਆਂ ਜ਼ਰੀਏ ਮਹਿਸੂਸ ਕਰ ਸਕਦੇ ਹਾਂ।

## ਹਵਾਲੇ ਤੇ ਟਿੱਪਣੀਆਂ


1. ਆਗ਼ਾ ਅਲੀ ਮੁਦੱਸਰ, ਕਾਵਾਂ ਦੇ ਅੱਥਰੂ, ਲੋਕਗੀਤ ਪ੍ਰਕਾਸ਼ਨ, ਮੋਹਾਲੀ, ਮਾਰਚ 2020, ਪੰਨਾ 51
2. ਉਹੀ , ਪੰਨਾ 51
3. ਮਜ਼ਹਰ-ਉਲ-ਇਸਲਾਮ, ਹਰਾ ਸਮੁੰਦਰ, ਦੀਪਕ ਪਬਲਿਸ਼ਰਜ਼, 2010, ਪੰਨਾ 35
4. ਫ਼ਰਜੰਦ ਅਲੀ, ਮੈਂ ਕੁੱਤਾ ਨਹੀਂ ਹਾਂ, ਚਿਰਾਗ਼, ਅਪ੍ਰੈਲ-ਜੂਨ, 1997, ਪੰਨਾ 53
5. ਡਾ. ਸਤਿੰਦਰ ਸਿੰਘ, ਅਮੀਨ ਮਲਿਕ ਰਚਿਤ ਕਹਾਣੀ ਸੰਗ੍ਰਹਿ ਗੂੰਗੀ ਤ੍ਰੇਹ ਦਾ ਵਸਤੂ-ਮੂਲਕ ਅਧਿਐਨ, ਪੰਜਾਬੀ ਦੁਨੀਆ, ਅਪ੍ਰੈਲ 2009, ਪੰਨਾ 6
6. ਕਾਵਾਂ ਦੇ ਅੱਥਰੂ, ਪੰਨੇ 37-38
7. ਸੰਤ ਸੰਧੂ, ਪੂਰਬ ਦੀ ਧੀ, ਅਲਖ (ਤ੍ਰੈਮਾਸਿਕ),ਅੰਕ 5,ਜਨਵਰੀ-ਮਾਰਚ 2008, ਟਾਇਟਲ ਪੰਨਾ
8. ਆਗ਼ਾ ਅਲੀ ਮੁਦੱਸਰ, ਫ਼ੌਜੀ ਬੂਟ, ਕਹਾਣੀ ਲਹਿੰਦੇ ਪੰਜਾਬ ਦੀ , ਫਰਜ਼ੰਦ ਅਲੀ (ਸੰਪਾ.), ਸਿੰਘ ਬ੍ਰਦਰਜ਼, ਅੰਮਿਤਸਰ, ਅਪ੍ਰੈਲ 2007, ਪੰਨਾ 52
9. ਨਸੀਰ ਅਹਿਮਦ, ਅੰਗੂਠਾ, ਅਣਛਪੀ ਕਹਾਣੀ
10. ਕਾਵਾਂ ਦੇ ਅੱਥਰੂ, ਪੰਨਾ 35
11. ਉਹੀ, ਪੰਨਾ 36
12. ਅਨਵਰ ਅਲੀ, ਗੁੜ ਦੀ ਭੇਲੀ, ਲੋਕਗੀਤ ਪ੍ਰਕਾਸ਼ਨ, ਚੰਡੀਗੜ, 2006, ਪੰਨਾ 15
13. ਰਾਜਾ ਮੁਹੰਮਦ ਅਹਿਮਦ, ਤਵੀਤ, ਸਾਂਝ (ਤਿਮਾਹੀ), ਅਕਤੂਬਰ-ਦਸੰਬਰ 2007, ਪੰਨਾ 56
14. ਕਾਵਾਂ ਦੇ ਅੱਥਰੂ, ਪੰਨਾ 12
15. ਕਾਵਾਂ ਦੇ ਅੱਥਰੂ, ਪੰਨਾ 15
16. ਮਸਊਦ ਚੌਧਰੀ,ਲੁਟੇਰੀ ਵੇਸ਼ਯਾ,ਸੰਗਮ ਪਬਲੀਕੇਸ਼ਨਜ਼,ਸਮਾਣਾ,2016, ਪੰਨਾ 36
17. ਕਾਵਾਂ ਦੇ ਅਥਰੂ, ਪੰਨਾ 34
18. ਉਹੀ, ਪੰਨਾ 9
19. ਉਹੀ, ਪੰਨਾ 17
20. ਅਫ਼ਜ਼ਲ ਤੌਸੀਫ਼, ਮੈ ਹਾਂ ਇਕ ਤਾਲਿਬਾਨ, ਚਿਰਾਗ਼, ਅੰਕ 2, ਜਨਵਰੀ-ਮਾਰਚ 2006, ਪੰਨਾ 28
21. ਨੈਣ ਸੁੱਖ, ਆਈ ਪੁਰੇ ਦੀ ਵਾਅ, ਸੱਚਲ ਪ੍ਰਕਾਸ਼ਨ, ਅੰਮ੍ਰਿਤਸਰ,2019,ਪੰਨਾ 45
22. ਏਜਾਜ਼, ਨੈਣੋਂ ਮੇਂ ਬਸੇ ਨੰਦ ਲਾਲ, ਗੋਰਾਂ ਨਾਲ ਉਲਾਹਮੇਂ, ਪੰਨਾ 54, ਅਣਛਪੀ ਪੁਸਤਕ
23. ਮਕਸੂਦ ਸਾਕਬ, ਤੂੰ ਘਰ ਚਲਾ ਜਾ, ਸੰਗਮ ਪਬਲੀਕੇਸ਼ਨਜ਼, ਸਮਾਣਾ, 2018, ਪੰਨਾ 15
24. ਉਹੀ, ਪੰਨਾ 55
25. ਉਹੀ, ਪੰਨਾ 102

# ਪਾਕਿਸਤਾਨੀ ਪੰਜਾਬੀ ਕਹਾਣੀ ਦੇ ਪ੍ਰਮੁੱਖ ਸਰੋਕਾਰ ਬਾਰੇ ਵਿਚਾਰ-ਚਰਚਾ

**ਭਗਵੰਤ ਰਸੂਲਪੁਰੀ** : ਪਾਕਿਸਤਾਨੀ ਪੰਜਾਬੀ ਕਹਾਣੀ ਦੇ ਪ੍ਰਮੁੱਖ ਸਰੋਕਾਰਾਂ ਬਾਰੇ ਆਪਣੀ ਗੱਲ ਪਰਮਜੀਤ ਮੀਸ਼ਾ ਹੁਰਾਂ ਨੇ ਕੀਤੀ ਏ। ਉਸ ਦੇ ਲੇਖ ਤੋਂ ਅਸੀਂ ਸਮਝ ਸਕਦੇ ਹਾਂ ਕਿ ਲਹਿੰਦੇ ਪੰਜਾਬ ਵਿਚ ਕਹਾਣੀ ਦੇ ਕਿਹੜੇ ਕਿਹੜੇ ਰੁਝਾਨ ਅਤੇ ਵਿਸ਼ੈ ਕਹਾਣੀ ਵਿਚ ਪੇਸ਼ ਹੁੰਦੇ ਰਹੇ ਨੇ। ਲੇਖ ਵਿਚ ਮੀਸ਼ਾ ਹੁਰਾਂ ਦੀ ਏਹ ਗੱਲ ਮੈਨੂੰ ਚੰਗੀ ਲੱਗੀ ਕਿ ਜੇਕਰ ਸਮਾਜ ਬਾਰੇ ਜਾਣਕਾਰੀ ਪੇਤਲੀ ਤੇ ਅਧੂਰੀ ਹੋਵੇ ਤਾਂ ਚੰਗਾ ਸਾਹਿਤ ਪੈਦਾ ਨਹੀਂ ਹੋ ਸਕਦਾ। ਏਸ ਗੱਲ ਨੂੰ ਹਰ ਸਾਹਿਤ 'ਤੇ ਢੁਕਾਇਆ ਜਾ ਸਕਦਾ ਏ।

ਪਾਕਿਸਤਾਨ ਦਾ ਕਥਾਕਾਰ ਜਿੱਥੇ ਗ਼ਲਤ ਸਮਾਜਿਕ ਸਿਸਟਮ ਖਿਲਾਫ਼ ਖੜਦਾ ਹੈ, ਉੱਥੇ ਰਾਜਨੀਤਿਕ ਸਿਸਟਮ 'ਤੇ ਵੀ ਪ੍ਰਤੀਕਾਂ ਨਾਲ ਤਿੱਖਾ ਵਿਅੰਗ ਕਰਦਾ ਏ। ਧਾਰਮਿਕ ਪਖੰਡ ਨੂੰ ਵੀ ਉੱਥੋਂ ਦੀ ਕਹਾਣੀ ਉਭਾਰਦੀ ਏ। ਮੀਸ਼ਾ ਹੁਰਾਂ ਨੇ ਇਕ ਇਕ ਕਹਾਣੀ ਲੈ ਕੇ ਉਨ੍ਹਾਂ ਦਾ ਵਿਸ਼ਲੇਸ਼ਣ ਹੀ ਨਹੀਂ ਕੀਤਾ ਬਲਕਿ ਪਾਕਿਸਤਾਨ ਦੇ ਸਮਾਜਿਕ ਪ੍ਰਬੰਧ ਦਾ, ਰਾਜਨੀਤਿਕ ਪ੍ਰਬੰਧ ਦਾ ਵਿਸ਼ਲੇਸ਼ਣ ਵੀ ਕੀਤਾ ਏ। ਕਹਾਣੀ ਦੇ ਹਵਾਲਿਆਂ ਨਾਲ ਉਸ ਨੇ ਉਥੋਂ ਦੇ ਸਮਾਜ ਨੂੰ ਸਮਝਾਉਣ ਦਾ ਯਤਨ ਕੀਤਾ ਏ। ਰਾਜਨੀਤਿਕ ਸਿਸਟਮ ਨੂੰ ਸਮਝਣ ਲਈ ਜੋ ਕਹਾਣੀਕਾਰ ਚਿਹਨ ਵਰਤਦੇ ਹਨ ਜਾਂ ਭਾਸ਼ਾ ਵਰਤਦੇ ਹਨ ਉਨ੍ਹਾਂ ਦੀ ਪੜਚੋਲ ਵੀ ਪੇਪਰ ਵਿਚ ਹੋਈ ਮਿਲਦੀ ਏ।

ਆਪਣੇ ਪੇਪਰ ਵਿਚ ਮੀਸ਼ਾ ਉਨ੍ਹਾਂ ਸਮੱਸਿਆ ਮੂਲਕ ਕਹਾਣੀਆਂ ਦਾ ਜ਼ਿਕਰ ਵੀ ਕਰਦਾ ਏ ਜਿਨ੍ਹਾਂ ਦੀਆਂ ਜੜ੍ਹਾਂ ਧਰਮ ਵਿਚ ਨੇ। 1947 ਦੇ ਸਮੇਂ ਦੀ ਭਾਈਚਾਰਕ ਸਾਂਝ ਨੂੰ ਪੇਸ਼ ਕਰਦੀਆਂ ਕਹਾਣੀਆਂ ਦਾ ਜ਼ਿਕਰ ਪਰਚੇ ਦੀ ਪ੍ਰਾਪਤ ਕਹੀ ਜਾ ਸਕਦੀ ਏ।

ਪਾਕਿਸਤਾਨ ਦਾ ਕਥਾਕਾਰ ਉਥੋਂ ਦੀ ਰਾਜਨੀਤੀ ਤੇ ਸਵਾਲ ਖੜੇ ਕਰਦਾ ਏ। ਉਥੋਂ ਦੇ ਹਾਜੀ, ਮੁੱਲਾਂ, ਕਾਜ਼ੀ ਦੇ ਲੁਕਵੇ ਚਿਹਰੇ ਵੀ ਨੰਗੇ ਕਰਦਾ ਏ। ਕਹਿਣ ਦਾ ਭਾਵ ਕਿ ਉਹ ਅਵਾਮ ਨਾਲ ਖੜਦਾ ਏ। ਚਾਹੇ ਉਹ ਸਮਕਾਲ ਵਿਚ ਕਹਾਣੀ ਲਿਖਣ ਵਾਲੇ ਹੋਣ ਜਾਂ ਮੰਟੋ ਦੇ ਸਮੇਂ ਕਹਾਣੀ ਲਿਖਣ ਵਾਲੇ ਹੋਣ ਉਹ ਗ਼ਲਤ ਕਦਰਾਂ ਕੀਮਤਾਂ ਖਿਲਾਫ਼ ਖੜਦੇ ਰਹੇ ਹਨ। ਮੈਨੂੰ ਮੰਟੋ ਦੇ ਖ਼ਤ ਚੇਤੇ ਆ ਰਹੇ ਨੇ। ਜਿਹੜੇ ਉਸ ਨੇ ਇਕ ਪਾਤਰ ਅੰਕਲ ਸਾਮ ਦੇ ਨਾਂ ਲਿਖੇ ਸਨ। ਮੰਟੋ ਦੀ ਇਹ ਇਕ ਵਿਧਾ ਸੀ। ਜਿਸ ਵਿਚ ਮੰਟੋ ਪਾਕਿਸਤਾਨ ਦੀ ਰਾਜਨੀਤੀ, ਸੱਭਿਆਚਾਰ, ਧਾਰਮਿਕ ਲੋਕਾਂ 'ਤੇ ਤਿੱਖੇ ਵਿਅੰਗ ਕਰਦਾ ਏ। ਉਹ ਆਪਣੇ ਸਮਾਜ ਦੀਆਂ ਕਮਜ਼ੋਰੀਆਂ ਬਾਰੇ ਵੀ ਦੱਸਦਾ ਏ। ਆਪਣੀ ਤੇਜ਼ ਨਜ਼ਰ ਤੇ ਨਸ਼ਤਰ ਨਾਲ ਇਸਲਾਮ ਦੇ ਠੇਕੇਦਾਰਾਂ ਦੇ ਭ੍ਰਿਸ਼ਟਾਚਾਰ ਨੂੰ ਨਿਸ਼ਾਨਾ ਬਣਾਉਂਦਾ ਏ।

ਅੰਤ ਵਿਚ ਮੈਂ ਪਰਮਜੀਤ ਮੀਸ਼ਾ ਨੂੰ ਏਹ ਗੱਲ ਦੀ ਵਧਾਈ ਦਿੰਦਾ ਹਾਂ ਕਿ ਉਸ ਨੇ ਸਮਕਾਲ ਵਿਚ ਲਿਖੀ ਜਾ ਰਹੀ ਪਾਕਿਸਤਾਨੀ ਕਹਾਣੀ ਦੇ ਪ੍ਰਮੁੱਖ ਰੁਝਾਨਾਂ ਤੇ ਸਰੋਕਾਰਾਂ ਨੂੰ ਆਪਣੇ ਪੇਪਰ ਵਿਚ ਉਭਾਰਨ ਦਾ ਸਫ਼ਲ ਯਤਨ ਕੀਤਾ ਏ।

**ਧਨਵੰਤ ਕੌਰ** : ਡਾ. ਪਰਮਜੀਤ ਸਿੰਘ ਮੀਸ਼ਾ ਨੇ ਪਾਕਿਸਤਾਨੀ ਪੰਜਾਬੀ ਕਹਾਣੀ ਦੇ ਸੁਭਾਅ ਅਤੇ ਸਾਰ ਨੂੰ ਸਮਝ ਕੇ ਆਪਣੀ ਆਲੋਚਨਾਤਮਕ ਸੂਝ ਦਾ ਪ੍ਰਮਾਣ ਹੀ ਨਹੀਂ ਦਿੱਤਾ, ਪਾਕਿਸਤਾਨੀ ਪੰਜਾਬੀ ਕਹਾਣੀ ਨੂੰ ਪੜ੍ਹਨ, ਵਿਚਾਰਨ ਲਈ ਹਰ ਹਾਲ ਲੋੜੀਂਦੀ ਪਰਿਪੇਖਾਂ ਵੱਲ ਵੀ ਉਚਿਤ ਧਿਆਨ ਦਿਵਾਇਆ ਹੈ। ਡਾ. ਮੀਸ਼ਾ ਦੀ ਇਹ ਟਿੱਪਣੀ ਦਰੁਸਤ ਹੈ ਕਿ ਪਾਕਿਸਤਾਨੀ ਪੰਜਾਬੀ ਕਹਾਣੀ ਨੂੰ ਡੀਕੋਡ ਕਰਨ ਲਈ ਪਾਕਿਸਤਾਨੀ ਪੰਜਾਬੀ ਸਮਾਜ ਦੇ

ਸਮਕਾਲੀ ਰਾਜਨੀਤਕ, ਸਮਾਜਕ, ਸਭਿਆਚਾਰਕ, ਧਾਰਮਿਕ ਪ੍ਰਸੰਗਾਂ ਦੀ ਸਮਝ ਹੀ ਦਰਕਾਰ ਨਹੀਂ ਅਨੰਤ ਦਬਾਵਾਂ ਵਿਚੋਂ ਉਭਰ ਰਹੇ ਨਵੇਂ ਲੋਕ ਮੁਹਾਵਰੇ ਤੇ ਡੂੰਘੀ ਪਕੜ ਵੀ ਲੋੜੀਂਦੀ ਹੈ। ਪਾਕਿਸਤਾਨੀ ਪੰਜਾਬੀ ਕਹਾਣੀ ਦੇ ਪ੍ਰਤੀਕਾ, ਤਨਜ਼ਾਂ, ਜਜ਼ਬਿਆਂ ਅਤੇ ਵਿਡੰਬਨਾਵਾਂ ਨੂੰ ਖੋਲ੍ਹਣ ਲਈ ਜੇ ਉਚੇਚਾ ਤਰੱਦਦ ਨਾ ਕੀਤਾ ਜਾਵੇ ਤਾਂ ਕਹਾਣੀ ਦਾ ਰਹੱਸ ਅਰਥ ਅਤੇ ਸੁਹਜ ਅਧੂਰਾ ਰਹਿ ਜਾਣ ਦਾ ਖ਼ਦਸ਼ਾ ਬਣਿਆ ਰਹੇਗਾ। ਡਾ. ਮੀਸ਼ਾ ਨੇ ਪਾਕਿਸਤਾਨੀ ਪੰਜਾਬੀ ਕਹਾਣੀ ਵਿਚੋਂ ਕੁਝ ਪ੍ਰਤੀਨਿਧ ਕਹਾਣੀਆਂ ਦੇ ਵਿਸ਼ਲੇਸ਼ਣ ਨਾਲ ਇਹ ਗੱਲ ਬਾਖ਼ੂਬੀ ਉਭਾਰੀ ਹੈ ਕਿ ਇਹ ਕਹਾਣੀ ਆਪਣੇ ਸਮਕਾਲ ਪ੍ਰਵਚਨ ਨਹੀਂ ਕਰਦੀ, ਪਾਤਰਾਂ ਵਲੋਂ ਜੀਵੀਆਂ, ਮਹਿਸੂਸੀਆਂ, ਕਸ਼ੀਦੀਆਂ ਵਿਡੰਬਨਾਵਾਂ ਨੂੰ ਪਾਠਕਾਂ ਨਾਲ ਸਾਂਝਾ ਕਰਦੀ ਹੈ। ਇਨ੍ਹਾਂ ਕਹਾਣੀਆਂ ਦਾ ਸੱਚ ਮਨ ਤੇ ਡੂੰਘੀ ਪਕੜ ਇਸ ਕਰਕੇ ਬਣਾਉਂਦਾ ਹੈ ਕਿ ਇਹ ਅਹਿਸਾਸਾਂ ਨੂੰ ਜਗਾਉਂਦਾ, ਜਜ਼ਬਿਆਂ ਨੂੰ ਟੁੰਬਦਾ ਅਤੇ ਸਮਝ ਨੂੰ ਵਧਾਉਂਦਾ ਹੈ। ਇਨ੍ਹਾਂ ਕਹਾਣੀਆਂ ਵਿਚ ਰਾਜਨੀਤਕ ਸੁਰ ਹੈ, ਧਾਰਮਿਕ ਇਖ਼ਲਾਕੀ ਮਸਲੇ ਹਨ, ਅਵਾਮ ਦੇ ਸੰਕਟ ਹਨ ਪਰ ਕਹਾਣੀਆਂ ਰਾਜਨੀਤਕ, ਇਤਿਹਾਸਕ, ਵਿਚਾਰਧਾਰਕ ਜਾਂ ਮਨੋਵਿਗਿਆਨਕ ਪਾਠਾਂ ਪ੍ਰਵਚਨਾਂ ਵਾਂਗ ਸਤਹੀ, ਸਪਾਟ ਕਦਾਚਿਤ ਨਹੀਂ।ਪਾਕਿਸਤਾਨੀ ਪੰਜਾਬੀ ਕਹਾਣੀ ਦੀ ਖ਼ੂਬੀ ਹੀ ਇਹ ਹੈ ਕਿ ਇਸ ਨੇ ਅਹਿਸਾਸਾਂ ਨਾਲ ਪੀਡੀ ਸਾਂਝ ਬਣਾਈ ਹੋਈ ਹੈ ਪਾਠਕ ਨੂੰ ਸ਼ਿੱਦਤ ਨਾਲ ਮਹਿਸੂਸ ਕੀਤੇ ਜਾ ਸਕਣ ਵਾਲੇ ਬਿਰਤਾਂਤਾ ਵਿਚੋਂ ਮਹਿਸੂਸ ਕੀਤੀਆਂ ਜਾ ਸਕਣ ਵਾਲੀਆਂ ਅੰਤਰ ਦ੍ਰਿਸ਼ਟੀਆਂ ਪ੍ਰਦਾਨ ਕਰਨ ਦਾ ਮਨੋਰਥ ਸੰਭਾਲੀ ਬੈਠੀ ਹੈ। ਸ਼ਾਇਦ ਇਸੇ ਕਰਕੇ ਇਹ ਲੋਕਾਂ ਦੇ ਏਨੀ ਨੇੜੇ ਵਿਚਰਦੀ ਹੈ, ਫੋਕ ਮੁਹਾਵਰੇ ਨੂੰ ਸਮੋਂਦੀ ਤੁਰੀ ਜਾਂਦੀ ਹੈ।

ਡਾ. ਮੀਸ਼ਾ ਨੇ 60 ਵਰ੍ਹਿਆਂ ਦੀ ਪਾਕਿਸਤਾਨੀ ਪੰਜਾਬੀ ਕਹਾਣੀ ਵਿਚੋਂ ਪ੍ਰਤੀਨਿਧ ਕਹਾਣੀ ਦੀ ਦੱਸ ਹੀ ਨਹੀਂ ਪਾਈਂ, ਉਸ ਕਹਾਣੀ ਦੀਆਂ ਪ੍ਰਵਿਰਤੀਆਂ ਨੂੰ ਸਰੋਕਾਰਾਂ ਅਤੇ ਅੰਤਰਦ੍ਰਿਸ਼ਟੀਆਂ ਦੀ ਪਛਾਣ ਸਮੇਤ ਵਿਸ਼ਲੇਸ਼ਿਤ ਕੀਤਾ ਹੈ। ਇਹ ਸ਼ਲਾਘਾਯੋਗ ਪਹੁੰਚ ਹੈ। ਸਮਕਾਲੀ ਪਾਕਿਸਤਾਨੀ ਪੰਜਾਬੀ ਕਹਾਣੀ ਵਿਚ ਇਕ ਨਿਖੇੜਨਯੋਗ ਪ੍ਰਵਿਰਤੀ ਨਾਰੀ ਸਰੋਕਾਰਾਂ ਦੀ ਵੀ ਹੈ। ਇਸਲਾਮੀ ਜਮਹੂਰੀਅਤ ਅਤੇ ਬੰਦ ਸਮਾਜ ਦੀ ਪਿਤਰਕੀ ਵਿਚ ਪਿਸਦੀ ਆਮ ਔਰਤ ਦੀ ਪੇਸ਼ਕਾਰੀ ਸੁਭਾਅ ਤੇ ਸਾਰ ਪੱਖੋਂ ਏਧਰਲੀ ਕਹਾਣੀ ਨਾਲੋਂ ਵੱਖਰੀ ਹੈ। ਮੇਰੀ ਜਾਚੇ, ਉਸਨੂੰ ਵੀ ਸ਼ਾਮਲ ਕੀਤਾ ਜਾ ਸਕਦਾ ਸੀ। ਪਰ ਸਮੁੱਚੇ ਰੂਪ ਵਿਚ ਪਰਚਾ ਬੇਹੱਦ ਸਾਂਵਾ ਅਤੇ ਸੰਤੁਲਿਤ ਸੋਝੀਆਂ ਪ੍ਰਦਾਨ ਕਰਨ ਵਾਲਾ ਹੈ। ਵਿਚਾਰਧਾਰਕ ਸੂਝ ਦੇ ਨਾਲ ਨਾਲ ਕਹਾਣੀ ਨੂੰ ਡੀਕੋਡ ਕਰਨ ਦੀ ਕਲਾਤਮਕ ਸੂਝ ਸਲਾਹੁਣਯੋਗ ਹੈ। ਡਾ. ਮੀਸ਼ਾ ਮੁਬਾਰਕ ਦੇ ਹੱਕਦਾਰ ਹਨ।

**ਜਸਵਿੰਦਰ ਸਿੰਘ** : ਡਾ. ਮੀਸ਼ਾ ਨੇ ਚੰਗੀ ਸਮਰੱਥਾ ਤੇ ਸੂਝ ਨਾਲ ਪਾਕਿਸਤਾਨੀ ਪੰਜਾਬੀ ਕਹਾਣੀ ਦੇ ਪ੍ਰਮੁੱਖ ਸਰੋਕਾਰਾਂ ਨੂੰ ਨਿਖੇੜਿਆ ਹੈ। ਚਾਹੇ ਇਹ ਪੂਰੀ ਪਾਕਿਸਤਾਨੀ ਪੰਜਾਬੀ ਕਹਾਣੀ ਦਾ ਇਤਿਹਾਸਕ ਜਾਇਜ਼ਾ ਨਾ ਵੀ ਹੋਵੇ, ਤਦ ਵੀ ਉਸਨੇ ਮਨਸ਼ਾ ਯਾਦ ਤੋਂ ਲੈ ਕੇ ਸਮਕਾਲ ਤੱਕ ਦੀ ਚੋਣਵੀਂ ਪ੍ਰਤੀਨਿਧ ਕਹਾਣੀ ਨੂੰ ਬਾਖ਼ੂਬੀ ਰੇਖਾਂਕਿਤ ਕੀਤਾ ਹੈ ਤੇ ਬਦਲਦੇ ਸਰੋਕਾਰਾਂ ਦੇ ਸਮਵਿਥ ਬਦਲਦੀਆਂ ਪਾਕਿਸਤਾਨੀਆਂ ਪ੍ਰਸਥਿਤੀਆਂ ਦੀ ਨਿਸ਼ਾਨ ਦੇਹੀ ਕੀਤੀ ਹੈ। ਇਹ ਸੰਭਾਵਨਾ ਬਣੀ ਰਹੇਗੀ ਕਿ 1947 ਈ ਮੁਲਕ ਵੰਡ, ਖਾਸ ਕਰ ਪੰਜਾਬ

ਵੰਡ, ਉਜਾੜੇ ਤੇ ਕਤਲੋਗਾਰਦ ਦੇ ਸਾਂਝੇ ਅਨੁਭਵਾਂ ਨੂੰ ਦੋਹੀਂ ਪਾਸੀਂ ਸਾਹਿਤਕਾਰਾਂ ਨੇ ਕਿਵੇਂ-ਕਿਵੇਂ ਹੁੰਗਾਰਾ ਭਰਿਆ। ਇਸਦੇ ਮਗਰੋਂ ਵੱਖਰੇ ਸਾਂਝੇ ਪਰਿਵਰਤਨਾਂ ਅਤੇ ਉਹਨਾਂ ਦੇ ਫਲਸਰੂਪ ਸਾਹਿਤਕ ਰਚਨਾਵਾਂ ਵਿਚ ਕੈਸੇ-ਕੈਸੇ ਪ੍ਰਤਿਕਰਮ ਜਾਂ ਵਿਜ਼ਨ ਪੇਸ਼ ਹੋਏ। ਪਾਕਿਸਤਾਨ ਵਿਚ ਭਾਰਤ ਵਾਂਗ ਜਮਹੂਰੀਅਤ ਪੱਕੇ ਪੈਰੀਂ ਅਜੇ ਤੀਕਰ ਨਹੀਂ ਹੋ ਸਕੀ। ਬੇਲਗਾਮ ਤਾਕਤਵਰ ਫ਼ੌਜ ਦੀ ਡਿਕਟੇਟਰਸ਼ਿਪ ਨੇ ਮੁਲਾਣਾਵਾਦ ਤੇ ਅਤਿਵਾਦ ਨੂੰ ਨਾਲ ਲੈ ਅਮੀਰ ਤਬਕੇ ਦੇ ਹਿੱਤਾਂ ਦੀ ਘੋਰ ਜਾਬਰਾਨਾ-ਜ਼ਾਲਮਾਨਾ ਵਿਵਸਥਾ ਨੂੰ ਨਿਤ ਪੱਕਾ ਕੀਤਾ ਹੈ। ਇਸ ਦਾ ਪਾਕਿਸਤਾਨੀ ਸਾਹਿਤ ਵਿਚ ਬੜਾ ਭਾਵਪੂਰਤ ਵਰਨਣ ਹੋਇਆ ਹੈ। ਡਾ. ਮੀਸ਼ਾ ਨੇ ਇਸਨੂੰ ਬਾਖੂਬੀ ਉਜਾਗਰ ਕੀਤਾ ਹੈ। ਐਸੇ ਫਿਰਕੂ ਮੂਲਵਾਦੀ ਖ਼ਤਰੇ ਤੇ ਇਹਨਾਂ ਦੀਆਂ ਹੋਰ ਚਾਲਾਂ ਭਾਰਤ ਵਿਚ ਵੀ ਭੁਤਰ ਰਹੀਆਂ ਹਨ, ਜੋ ਤਕੜੇ ਖ਼ਤਰੇ ਦੀ ਘੰਟੀ ਹਨ।

ਡਾ. ਮੀਸ਼ਾ ਨੇ ਜ਼ਿਕਰਯੋਗ-ਪੜ੍ਹਨਯੋਗ ਕਹਾਣੀਆਂ ਦੀ ਵਧੀਆ ਦਸ ਪਾਈ ਹੈ। ਇਕ ਸਿਧਾਂਤਕ ਪਹਿਲੂ ਜੀਹਦਾ ਡਾ. ਮੀਸ਼ਾ ਨੇ ਪੇਪਰ ਦੀਆਂ ਪਹਿਲੀਆਂ ਸਤਰਾਂ ਵਿਚ ਜ਼ਿਕਰ ਕੀਤਾ ਹੈ। ਪਰਿਸਥਿਤੀਆਂ ਤੇ ਕਹਾਣੀ ਦੀ ਵਿਧਾਗਤ ਅੰਤਰ ਸਬੰਧਤਾ ਤੇ ਇਸ ਦੇ ਫਲਸਰੂਪ ਸਿਰਜੀ ਗਈ ਜਾ ਰਹੀ ਕਹਾਣੀ ਦਾ ਮੁਹਾਂਦਰਾ, ਇਸ ਬਾਰੇ ਹੋਰ ਨਿਠ ਕੇ ਚਰਚਾ ਦੀ ਜ਼ਰੂਰਤ ਹੈ।

**ਦੀਪਤੀ ਬਬੂਟਾ** : ਕਿਸੇ ਵੀ ਦੇਸ਼ ਕੌਮ ਜਾਂ ਸਮਾਜ ਦੀ ਕਲਾ ਨੂੰ ਸਮਝਣ ਲਈ ਉਥੋਂ ਦੇ ਧਰਾਤਲ ਬਾਰੇ ਜਾਣਕਾਰੀ ਹੋਣਾ ਬੇਹੱਦ ਜ਼ਰੂਰੀ ਹੈ, ਨਹੀਂ ਤਾਂ ਅਸੀਂ ਕਿਰਤ ਦੀ ਨਬਜ਼ ਫੜਨ ਵਿੱਚ ਕਾਮਯਾਬ ਨਹੀਂ ਹੋ ਸਕਦੇ। ਪਾਕਿਸਤਾਨੀ ਪੰਜਾਬੀ ਕਹਾਣੀ ਵਧੇਰੇ ਸੰਕੇਤਕ ਰੂਪ ਵਿੱਚ ਲਿਖੀ ਜਾ ਰਹੀ ਹੈ। ਮੀਸ਼ਾ ਜੀ ਨੇ ਪਾਕਿਸਤਾਨੀ ਪੰਜਾਬੀ ਕਹਾਣੀ ਦੇ ਪ੍ਰਮੁੱਖ ਸਰੋਕਾਰ ਜਿਸ ਬਰੀਕੀ ਨਾਲ ਫੜੇ ਹਨ ਤੇ ਅਪਣੇ ਰਿਸਰਚ ਪੇਪਰ ਵਿੱਚ ਪੇਸ਼ ਕੀਤੇ ਹਨ, ਸਾਧਾਰਣ ਪਾਠਕ ਵੀ ਇਹਨਾਂ ਦੀ ਪੜ੍ਹਤ ਨਾਲ ਪਾਕਿਸਤਾਨੀ ਪੰਜਾਬੀ ਕਹਾਣੀ ਨੂੰ ਸਮਝ ਸਕਦਾ ਹੈ। ਨਸੀਰ ਅਹਿਮਦ ਹੁਰਾਂ ਦੀ ਕਹਾਣੀ ਅੰਗੂਠਾ ਨੂੰ ਜਿਸ ਤਰ੍ਹਾਂ ਮੀਸ਼ਾ ਜੀ ਨੇ ਪਕੜਿਆ ਹੈ ਇਹ ਉਹਨਾਂ ਦੀ ਪਾਕਿਸਤਾਨੀ ਰਾਜਨੀਤੀ ਅਤੇ ਸਮਾਜਿਕ ਸੂਝ ਦਾ ਕਮਾਲ ਹੈ।

**ਗੁਰਪ੍ਰੀਤ ਬਰਾੜ** : ਡਾ. ਪਰਮਜੀਤ ਸਿੰਘ ਮੀਸ਼ਾ ਵੱਲੋਂ 'ਪਾਕਿਸਤਾਨੀ ਪੰਜਾਬੀ ਕਹਾਣੀ ਦੇ ਪ੍ਰਮੁੱਖ ਸਰੋਕਾਰ' ਤੇ ਲਿਖਿਆ ਪੇਪਰ ਬਾਖੂਬੀ ਪਾਕਿਸਤਾਨੀ ਪੰਜਾਬੀ ਕਹਾਣੀ ਦੇ ਵੱਖ-ਵੱਖ ਪੜਾਵਾਂ ਦਾ ਜ਼ਿਕਰ ਕਰਦਾ ਹੈ। ਪਾਕਿਸਤਾਨੀ ਪੰਜਾਬੀ ਸਮਾਜ ਦੇ ਸਮਾਜਿਕ, ਰਾਜਨੀਤਿਕ, ਧਾਰਮਿਕ, ਆਰਥਿਕ ਤੇ ਮਾਨਸਿਕ ਸੰਕਟਾਂ ਨੂੰ ਇਹ ਕਹਾਣੀ ਵਿਅੰਗਾਤਮਕ/ਪ੍ਰਤੀਕਾਤਮਕ ਢੰਗ ਨਾਲ ਕਿਵੇਂ ਪੇਸ਼ ਕਰਦੀ ਹੈ, ਨੂੰ ਕਾਰਗਰ ਢੰਗ ਨਾਲ ਨਿਖੇੜਿਆ ਗਿਆ ਹੈ। ਉਪਰੋਕਤ ਮਸਲਿਆਂ ਨੂੰ ਚਿਤਰਦੇ ਸਮੇਂ ਅਵਾਮ ਦੇ ਸਨਮੁੱਖ ਸੰਤਾਪ ਦੀ ਪੇਸ਼ਕਾਰੀ ਵੀ ਹੈ। ਇਸ ਤੋਂ ਇਲਾਵਾ ਪਾਕਿਸਤਾਨੀ ਪੰਜਾਬੀ ਕਹਾਣੀ ਵਿੱਚ ਸ਼ਬਦਾਂ/ਸ਼ਬਦ-ਸਮੂਹਾਂ ਦੀ ਵਰਤੋਂ ਕਿਵੇਂ ਦੋਹਾਂ ਪੰਜਾਬਾਂ ਵਿਚਲੀ ਬੋਲੀ, ਧਰਮ ਤੇ ਸੱਭਿਆਚਾਰ ਦੀ ਸਾਂਝ ਨੂੰ ਦਰਸਾਉਂਦੀ ਹੈ, ਦਾ ਗੌਲਣਯੋਗ ਜ਼ਿਕਰ ਹੈ। ਡਾ. ਮੀਸ਼ਾ ਅਨੁਸਾਰ ਹੱਥਲੇ ਪਰਚੇ ਵਿੱਚ ਉਹਨਾਂ ਨੇ ਵਿਦਰੋਹੀ ਸੁਰ ਜਾਂ ਮਨਾਹੀ ਵਾਲੇ ਸਮਾਜਕ ਸਰੋਕਾਰਾਂ ਨਾਲ ਸੰਬੰਧਤ ਕਹਾਣੀਆਂ ਚੁਣੀਆਂ ਹਨ, ਪਰ ਨਾਰੀ ਸਰੋਕਾਰਾਂ ਦੀ ਥਾਹ ਪਾਉਂਦੀਆਂ ਕਹਾਣੀਆਂ ਦੇ ਵੇਰਵੇ ਘੱਟ ਮਿਲਦੇ ਹਨ। ਉਧਰਲੇ ਪੰਜਾਬ

ਵਿੱਚ ਪਿਤਰਕੀ ਸੰਰਚਨਾ ਦੇ ਕਾਇਦੇ ਕਾਨੂੰਨਾਂ ਵਿੱਚ ਵਿਚਰਦੀ ਨਾਰੀ ਦੀ ਜ਼ਿੰਦਗੀ ਨੂੰ ਬਹੁਕੋਣਾਂ ਤੋਂ ਫੋਕਸ ਕੀਤਾ ਜਾ ਸਕਦਾ ਸੀ।

**ਜਸ ਮੰਡ** : ਪਰਮਜੀਤ ਮੀਸ਼ਾ ਦਾ ਨਾਂਅ ਸਾਡੇ ਪੰਜਾਬ ਦੇ ਉਨ੍ਹਾਂ ਆਲੋਚਕਾਂ ਵਿਚ ਸ਼ਾਮਲ ਹੈ, ਜਿਹੜੇ ਪਾਕਿਸਤਾਨੀ ਪੰਜਾਬੀ ਕਹਾਣੀ ਉੱਤੇ ਨਿੱਠ ਕੇ ਕੰਮ ਕਰ ਰਹੇ ਹਨ। ਹਥਲੇ ਪਰਚੇ ਵਿਚ ਮੀਸ਼ਾ ਨੇ ਪਾਕਿਸਤਾਨੀ ਪੰਜਾਬ ਵਿਚ ਲਿਖੀ ਜਾ ਰਹੀ ਕਹਾਣੀ ਦੀਆਂ ਭਾਰਤੀ ਪੰਜਾਬ ਵਿਚ ਲਿਖੀ ਜਾ ਰਹੀ ਕਹਾਣੀ ਨਾਲੋਂ ਵੱਖਰਤਾਵਾਂ ਦੀ ਨਿਸ਼ਾਨਦੇਹੀ ਕੀਤੀ ਹੈ। ਮੀਸ਼ਾ ਇਸ ਗੱਲ ਨਾਲ ਸਹਿਮਤ ਹੈ ਕਿ ਪਾਕਿਸਤਾਨੀ ਪੰਜਾਬੀ ਕਹਾਣੀ ਵਿਚ ਪੇਸ਼ ਹੋ ਰਿਹਾ ਮਨੁੱਖ 'ਉੱਤੋਂ ਬੰਦਾ ਅਮਨ ਅਮਾਨ, ਵਿਚੋਂ ਖੇਰੂੰ ਖੇਰੂੰ ਏ।' ਉਹ ਇਹ ਨੁਕਤਾ ਵੀ ਬਣਾਉਂਦਾ ਹੈ ਕਿ ਫ਼ੌਜ ਦੇ ਦਬਦਬੇ ਅਤੇ ਭ੍ਰਿਸ਼ਟਾਚਾਰ ਵਿਚ ਗ੍ਰਸੇ ਨਿਜ਼ਾਮ ਪ੍ਰਤੀ ਵਿਦਰੋਹੀ ਸੁਰ ਵਾਲੀਆਂ ਕਹਾਣੀਆਂ ਵੀ ਲਿਖੀਆਂ ਜਾ ਰਹੀਆਂ ਹਨ। ਮੀਸ਼ਾ ਨੇ ਆਪਣੇ ਤਰਕਾਂ ਦੇ ਹੱਕ ਵਿਚ ਪਾਕਿਸਤਾਨੀ ਪੰਜਾਬੀ ਕਹਾਣੀ ਦੀਆਂ ਅਨੇਕ ਮਿਸਾਲਾਂ ਪੇਸ਼ ਕੀਤੀਆਂ ਹਨ। ਮੇਰੇ ਵਰਗੇ ਪਾਠਕ ਨੂੰ ਇਸ ਪਰਚੇ ਨੇ ਪਾਕਿਸਤਾਨੀ ਪੰਜਾਬੀ ਕਹਾਣੀ ਨੂੰ ਹੋਰ ਪੜ੍ਹਨ ਲਈ ਉਕਸਾਇਆ ਹੈ।

ਕੁੱਲ ਪਰਚੇ ਨੂੰ ਵਾਚਣ ਤੋਂ ਜਾਪਦਾ ਹੈ ਕਿ ਮੀਸ਼ਾ ਨੇ ਇਹ ਪਰਚਾ ਸਾਡੇ ਵਲੋਂ ਵਿਚਾਰੀਆਂ ਜਾ ਰਹੀਆਂ ਕਹਾਣੀਆਂ ਨੂੰ ਮੁੱਖ ਰੱਖ ਕੇ ਨਹੀਂ ਲਿਖਿਆ ਹੋਇਆ, ਬਲਕਿ ਪਹਿਲਾਂ ਹੀ ਕਿਸੇ ਹੋਰ ਮੰਚ ਲਈ ਲਿਖਿਆ ਹੋਇਆ ਪਰਚਾ ਹੈ। ਸਾਡੇ ਵਲੋਂ ਵਿਚਾਰੀਆਂ ਜਾ ਰਹੀਆਂ ਸੱਤ ਕਹਾਣੀਆਂ ਵਿਚੋਂ ਕੇਵਲ ਇਕੋ ਕਹਾਣੀ (ਅੰਗੂਠਾ) ਉੱਤੇ ਹੀ ਉਸ ਨੇ ਟਿੱਪਣੀ ਕੀਤੀ ਹੈ, ਜਿਹੜੀ ਆਪਣੇ-ਆਪ ਵਿਚ ਮੁੱਲਵਾਨ ਟਿੱਪਣੀ ਹੈ। ਚੰਗਾ ਹੁੰਦਾ ਜੇ ਉਹ ਬਾਕੀ ਛੇ ਕਹਾਣੀਆਂ ਨੂੰ ਸਾਹਮਣੇ ਰੱਖ ਕੇ ਕੁਝ ਸਾਂਝੀਆਂ ਤੰਦਾ ਦੀ ਨਿਸ਼ਾਨਦੇਹੀ ਕਰਦਾ।

ਪਰਚੇ ਵਿਚ ਮੀਸ਼ਾ ਮੁੱਖ ਤੌਰ ਉੱਤੇ ਕਹਾਣੀਆਂ ਦੇ ਵਿਸ਼ੇ ਉੱਤੇ ਕੇਂਦਰਤ ਹੈ। ਚੰਗਾ ਹੁੰਦਾ ਜੇ ਕੁਝ ਹੱਦ ਤਾਈਂ ਕਹਾਣੀਆਂ ਦੇ ਸ਼ਿਲਪ ਦੀ ਗੱਲ ਵੀ ਕੀਤੀ ਜਾਂਦੀ।

**ਰਜਨੀਸ਼** : ਲਹਿੰਦੇ ਪੰਜਾਬ ਦੀ ਕਹਾਣੀ ਬਾਰੇ ਲਿੱਪੀਅੰਤਰ ਲੈ ਕੇ ਆਲੋਚਨਾ ਤਕ ਪਰਮਜੀਤ ਮੀਸ਼ਾ ਨੇ ਕਾਫੀ ਕੰਮ ਕੀਤਾ ਹੈ। ਇਸ ਪੇਪਰ ਵਿਚ ਉਹ ਪਾਕਿਸਤਾਨੀ ਪੰਜਾਬੀ ਕਹਾਣੀ ਦੀ ਇਤਿਹਾਸਕ ਸੀਮਾ ਵੀ ਤੈਅ ਕਰਦਾ ਹੈ। ਉਹ ਪਾਕਿਸਤਾਨੀ ਪੰਜਾਬੀ ਕਹਾਣੀ ਦੇ ਸਿਰਜਣੀ ਵਰਤਾਰੇ ਨੂੰ ਸਮਝਦਾ ਹੋਇਆ ਕਹਾਣੀ ਤੇ ਕਹਾਣੀਕਾਰਾਂ ਦੇ ਅੰਤਰ-ਸਬੰਧ ਦੀ ਨਿਸ਼ਾਨਦੇਹੀ ਕਰਦੇ ਹੋਏ, ਕਹਾਣੀਕਾਰਾਂ ਦੀ ਸੂਝ ਸਮਰੱਥਾ ਵੱਲ ਇਸ਼ਾਰਾ ਕਰਦਾ ਹੈ। ਉਹ ਪਾਕਿਸਤਾਨ ਦੀ ਪੰਜਾਬੀ ਕਹਾਣੀ ਦੇ ਉਨ੍ਹਾਂ ਸਰੋਕਾਰਾਂ ਵੱਲ ਇਸ਼ਾਰਾ ਕਰਦਾ ਹੈ, ਜਿਹੜੇ ਪਾਕਿਸਤਾਨੀ ਕਹਾਣੀ ਦੀ ਪ੍ਰਮੁੱਖ ਟੈਨਸ਼ਨ ਵਿਚੋਂ ਉਭਰਦੇ ਰਹੇ ਹਨ। ਇਸ ਲਈ ਮੀਸ਼ਾ ਇਕ ਮਹੱਤਵਪੂਰਨ ਪੇਪਰ ਲਈ ਵਧਾਈ ਦਾ ਹੱਕਦਾਰ ਹੈ। ਲਿਪੀ ਦੇ ਵਖਰੇਵੇਂ ਅਤੇ ਦੋਹਾਂ ਪੰਜਾਬਾਂ ਦੀ ਹੱਦਾਂ ਦੇ ਵਖਰੇਵੇਂ ਕਰ ਕੇ ਪਾਕਿਸਤਾਨੀ ਪੰਜਾਬੀ ਕਹਾਣੀ ਦਾ ਚੜ੍ਹਦੇ ਪੰਜਾਬ ਵਿਚ ਆਮ ਪਾਠਕ ਪੈਦਾ ਨਹੀਂ ਹੋਇਆ, ਇਨ੍ਹਾਂ ਸਮੱਸਿਆਵਾਂ ਦੇ ਬਾਵਜੂਦ ਮੀਸ਼ਾ ਦਾ ਕੰਮ ਸ਼ਲਾਘਾਯੋਗ ਹੈ।

***

# ਅੰਗੂਠਾ

*-ਨਸੀਰ ਅਹਿਮਦ*

ਮੁਠ ਈ ਨਾ ਮੀਟੀ ਜਾਏ ਤੇ ਤਲ਼ੀ ਟੱਡਣ ਦਾ ਕੀਹ ਫ਼ਾਇਦਾ ...ਏਸ ਲਈ ਉਂਗਲੀਆਂ ਬਹੁਤ ਜ਼ਰੂਰੀ ਨੇ। ਉਂਜ ਵੀ ਟੱਡੀ ਭਾਵੇਂ ਤਲ਼ੀ ਹੀ ਜਾਂਦੀ ਏ ਪਰ ਮੰਗਦਾ ਸਾਰਾ ਵਜੂਦ ਏ। ਤਲ਼ੀ ਟੱਡਣ ਦੀ ਦੇਰ ਹੁੰਦੀ ਏ ਕਿ ਪੂਰਾ ਵਜੂਦ ਈ ਟੱਡੀ ਹੋਈ ਤਲ਼ੀ ਬਣ ਜਾਂਦਾ ਏ। ਫਿਰ ਉੱਕਾ ਤਲ਼ੀ ਨੂੰ ਕਾਹਦਾ ਮਿਹਣਾ ? ਅੱਖ ਨਿਮੋ ਝਾਣੀ ਹੋ ਜਾਏ ਤੇ ਸਮਝ ਲਵੋ ਇਹਨੇ ਤਲ਼ੀ ਟਡੀ ਹੋਈ ਏ। ਉਂਗਲੀਆਂ ਵੀ ਇਹ ਮਿਹਣਾ ਨਹੀਂ ਜਰਦੀਆਂ "ਅਖੇ ਸਾਡੀ ਤੇ ਸਾਰੀ ਤਾਕਤ ਅੰਗੂਠੇ ਵਿਚ ਏ" ਪਰ ਇਹ ਨਹੀਂ ਦਸਦੀਆਂ ਜਦੋਂ ਮੁੱਕਾ ਬਣਦਾ ਏ ਤਾਂ ਅੰਗੂਠਾ ਇਨ੍ਹਾਂ ਵਿਚ ਕਿਓਂ ਲੁਕ ਜਾਂਦਾ ਏ ?...ਖੌਰੇ ਟੱਡੀ ਹੋਈ ਤਲ਼ੀ ਦੀਆਂ ਉਂਗਲੀਆਂ ਨੇ, ਏਸੇ ਲਈ ਮੁੱਕਾ ਹੋਣ ਤੋਂ ਵਾਂਝੀਆਂ ਨੇ । ਜੇ ਮੁੱਕਾ ਬਣਨ ਦਾ ਵਲ ਜਾਣਦੀਆਂ ਤੇ ਫਿਰ ਤਲ਼ੀ ਟੱਡੀ ਹੀ ਕਿਓਂ ਜਾਂਦੀ ?

ਮੈਂ ਟੱਡੀ ਹੋਈ ਤਲ਼ੀ ਵਿਚ ਹਿਸਾਦਾਰ ਹੋਣ ਤੋਂ ਇਨਕਾਰੀ ਤੇ ਨਹੀਂ ਪਰ ਏਸ ਗਲ ਦਾ ਸ਼ੁਕਰ ਜ਼ਰੂਰ ਕਰਨਾਂ ਕਿ ਮੇਰੇ ਤੇ ਮੁੱਕੇ ਵਾਲੀ ਗਲ ਦਾ ਇਲਜ਼ਾਮ ਨਹੀਂ" ਭਾਈਆ ਅਸੀ ਪੈਰ ਨਾਲ਼ ਈ ਭਲੇ। ਇਕ ਪੈਰ ਵਿਚ ਪਥਰ ਹੋਏ ਪਤਾਵੇ ਵਾਲਾ ਬੂਟ, ਜਿਹਦੇ ਵਿਚ ਤਸਿਮਆਂ ਦੀ ਥਾਂ ਤਾਵੀਜ਼ ਦੀ ਡੋਰੀ ਨਾਲ਼ ਰਲਦਾ ਮਿਲਦਾ ਕਾਲ਼ਾ ਸੂਤਰ ਤੇ ਦੂਜੇ ਵਿਚ ਕੈਂਚੀ ਜੁਤੀ ਜਿਹਦੇ ਨਾਲ਼ ਵਧਰਾਂ ਦੀ ਥਾਂ ਫ਼ਰਾਕ ਦੀ ਲੀਰ , ਲਕ ਦੁਵਾਲੇ ਪਜਾਮੇ ਨਾਲ਼ ਬੰਨੀ ਹੋਈ ਟਾਈ ,ਸਿਰ ਤੇ ਡਬੀਦਾਰ ਰੁਮਾਲ ਦੇ ਛਿਛੜੇ, ਵਧੀ ਹੋਈ ਦਾੜ੍ਹੀ, ਵਗਦੀਆਂ ਰਾਲਾਂ , ਸਿਰਕੇ ਹੋਏ ਆਨਿਆਂ ਵਾਲੀਆਂ ਅੱਖਾਂ, ਤੋਤਲੀ ਜ਼ਬਾਨ ਵਾਲੀ ਜੀਭ ਤੇ ਟਡੀ ਹੋਈ ਤਲ਼ੀ। ਇਹ ਹੈ ਉਹ ਵਜੂਦ ਜਿਹਦੇ ਖਬੇ ਪੈਰ ਦਾ ਮੈਂ ਅੰਗੂਠਾ ਆਂ।

ਵਧੇ ਹੋਏ ਗੰਦੇ ਤੇ ਨੀਲੇ ਜਹੇ ਨਹੁੰ ਵਾਲਾ ਅੰਗੂਠਾ ਜਿਹਦੀ ਜੜ ਤੇ ਮਾਸ ਸਖ਼ਤ ਹੋ ਕੇ ਵਟੇ ਵਰਗੀ ਚੰਡੀ ਦਾ ਰੂਪ ਧਾਰ ਗਿਆ ਏ। ਲਕੋਂ ਪਤਲਾ ਤੇ ਗੁਰਜ਼ ਵਰਗੇ ਸਿਰ ਵਾਲਾ ਅੰਗੂਠਾ ਜਿਨ੍ਹੇ ਪਿਛਲੇ ਕੁਝ ਚਿਰ ਤੋਂ ਪਾਟੇ ਹੋਏ ਫ਼ੌਜੀ ਬੂਟ ਵਿਚ ਪਨਾਹ ਲਈ ਹੋਈ ਏ ।

ਇਹ ਬੂਟ ਮੇਰੇ ਵਜੂਦ ਨੂੰ ਕੁਝ ਚਿਰ ਪਹਿਲੋਂ ਰੂੜੀ ਤੋਂ ਲਭਾ ਸੀ। ਪਹਿਲਾਂ ਬੂਟ ਲਭਾ ਤੇ ਫਿਰ ਉਹ ਸੂਤਰ ਜੋ ਆਪ ਕਾਲ਼ਾ ਸੀ ਜਾਂ ਖੌਰੇ ਰੂੜੀ ਤੇ ਰਲਣ ਪਾਰੋਂ ਕਾਲ਼ਾ ਹੋਣ ਕਰਕੇ ਆਖ਼ਰ ਤਸਮੇ ਦੇ ਕੰਮ ਆਇਆ। ਚੀਜਾਂ ਦੀ ਇਕ ਜ਼ਿੰਦਗੀ ਰੂੜੀ ਤੇ ਆ ਕੇ ਮੁਕ ਜਾਂਦੀ ਏ ਤੇ ਦੂਜੀ ਇਥੋਂ ਸ਼ੁਰੂ ਹੁੰਦੀ ਏ। ਲੋਕੀ ਵਰਤ ਕੇ ਚੀਜ਼ ਰੂੜੀ ਤੇ ਸੁਟ ਜਾਂਦੇ ਨੇ ਤੇ ਜਾਂ ਫਿਰ ਲੁਕਾ ਕੇ। ਦਿਨ ਚੜ੍ਹਨ ਤੋਂ ਪਹਿਲੇ।

ਖੌਰੇ ਬੂਟ ਦੀ ਸਖ਼ਤੀ ਜਾਂ ਬਨਾਣ ਵਾਲੇ ਦਾ ਕਮਾਲ ਸੀ ਕਿ ਪਤਾ ਈ ਨਹੀਂ ਸੀ ਲਗਦਾ ਕਿ ਪਾਟਾ ਹੋਇਆ ਏ। ਸ਼ੁਰੂ ਵਿਚ ਤੇ ਸਮਝ ਈ ਨਹੀਂ ਆਈ ਕਿ ਏਨੀ ਠੰਡ ਵਿਚ ਹਵਾ ਕਿਧਰੋਂ ਦੀ ਅੰਦਰ ਆਂਦੀ ਏ। ਪਤਾ ਤੇ ਉਸ ਦਿਨ ਲਗਾ ਜਦ ਫ਼ੁਟਪਾਥ ਤੇ ਬਾਲ ਨੂੰ ਦੁਧ ਪਿਆਂਦੀ ਫ਼ਕੀਰਨੀ ਦੇ ਅਧ ਨੰਗੇ ਸੀਨੇ ਨੂੰ ਵੇਖ ਕੇ ਏਸ ਵਜੂਦ ਨੇ ਪੈਰ ਦੀਆਂ ਉਂਗਲਾਂ ਅੰਦਰ ਵਲ ਮੋੜੀਆਂ ਤੇ ਬੂਟ ਦਾ ਮੂੰਹ ਮਗਰਮਛ ਵਾਂਗੂ ਖੁਲ ਗਿਆ ।

ਸ਼ਹਿਰ ਦੇ ਲਹਿੰਦੇ ਪਾਸਿਓਂ ਚੜ੍ਹਨ ਵਾਲੇ ਓਵਰ ਹੈੱਡ ਬਰਿਜ ਥਲੇ ਮੈਂ ਤੇ ਮੇਰਾ ਵਜੂਦ ਅਧ ਮੋਏ ਪਏ ਸਾਂ। ਪਿਛਲੇ ਕੁਝ ਦਿਨਾਂ ਤੋਂ ਕਿਸੇ ਅਣਜਾਣ ਬਿਮਾਰੀ ਹਥੋਂ ਵਜੂਦ ਹੂੰਗ ਰਿਹਾ ਸੀ। ਇਧਰ ਮੈਂ ਕਛੂਕੁੰਮੇ ਦੀ ਖਲ ਵਰਗੇ ਬੂਟ ਵਿਚ ਭਜਦਾ ਜਾ ਰਿਹਾ ਸਾਂ ਤੇ ਉਧਰ ਕੈਂਚੀ ਜੁਤੀ ਵਿਚ ਪਏ ਦੂਜੇ ਪੈਰ ਤੇ ਬਝੀ ਹੋਈ ਪਟੀ ਅੰਦਰ ਟੀਸ ਦਾ ਪੇਂਡੂਲਮ ਝੂਲ ਰਿਹਾ ਸੀ।

ਕੁਝ ਦਿਨਾਂ ਦੀ ਗਲ ਏ ਕਿ ਰੂੜੀ ਫਰੋਲਦੇ ਨੂੰ ਕੱਚ ਵੱਜਾ। ਮੈਂ ਸ਼ੁਕਰ ਕੀਤਾ ਕਿ ਸੱਜਾ ਪਾਸਾ ਏ, ਮੈਂ ਬਚ ਗਿਆ, ਪਰ ਪਤਾ ਉਦੋਂ ਲਗਾ ਜਦ ਵਜੂਦ ਟੁਰਿਆ ਕਿਓਂ ਜੇ ਬਹੁਤਾ ਭਾਰ ਮੇਰੇ ਤੇ ਏਸ ਲਈ ਆ ਗਿਆ ਕਿ ਸੱਜਾ ਜ਼ਖ਼ਮੀ ਸੀ।ਇਹ ਸੱਜਾ ਵੀ ਮੇਰੇ ਨਾਲ਼ ਹਮੇਸ਼ਾ ਤੋਂ ਇੰਜ ਈ ਕਰਦਾ ਏ,ਹਾਲਾਂਕਿ ਹਥ ਹੋਵੇ ਤੇ ਟਡੀ ਸੱਜੀ ਤਲ਼ੀ ਜਾਂਦੀ ਏ।

ਡਿਸਪੈਂਸਰੀ ਤੋਂ ਪੱਟੀ ਹੋਣ ਲਗਿਆਂ ਵੀ ਵਜੂਦ ਨਿੱਘਾ ਹੋ ਰਿਹਾ ਸੀ ਪਰ ਡਿਸਪੈਂਸਰੀ ਵਾਲਿਆਂ ਧਿਆਨ ਈ ਨਾ ਦਿਤਾ ਤੇ ਹੁਣ ਅਸੀਂ ਪੁਲ ਥੱਲੇ ਪਏ ਸਾਂ। ਮੇਰੀ ਜਿੰਦਗੀ ਏਸ ਵਜੂਦ ਨਾਲ਼ ਈ ਰੂੜੀ ਤੋਂ ਸ਼ੁਰੂ ਹੋਈ ਸੀ। ਜਵਾਨੀ ਵਿਚ ਤੇ ਰੂੜੀ ਤੋਂ ਅੱਡ ਵੀ ਖਾਣ ਪੀਣ ਨੂੰ ਲਭ ਜਾਂਦਾ ਸੀ, ਮੰਗ ਕੇ, ਲੰਗਰ ਵੰਡਦੀ ਪਿਕ ਅਪ ਪਿਛੇ ਦੌੜ ਕੇ, ਢੋਲ ਅਗੇ ਜੱਲੀ ਪਾਕੇ, ਵਿਆਹ ਵਾਲੇ ਘਰ ਲਾੜੇ ਦੇ ਹਾਰ ਨਾਲੋਂ ਨੋਟ ਤੋੜ ਕੇ ਜਾਂ ਹਾਜੀ ਸਾਹਿਬ ਦੇ ਬੂਹੇ ਅਗੇ ਲਗੀ ਭੀੜ ਚੋਂ ਸ਼ਾਪਰ ਬੈਗ ਝੁੱਪ ਕੇ। ਜਵਾਨੀ ਵਿਚ ਤੇ ਖੱਬੇ ਹਥ ਦੇ ਪਿਛਲੇ ਪਾਸੇ ਧਦਰ ਬਣਾ ਕੇ, ਲੰਗੜਾ ਕੇ ਤੇ ਅੰਨ੍ਹੇ ਦੀ ਐਕਟਿੰਗ ਕਰਕੇ ਵੀ ਬੁਤਾ ਸਾਰ ਲੈਂਦੇ ਸਾਂ, ਪਰ ਹੁਣ ਤੇ ਏਨੀ ਵੀ ਹਿੰਮਤ ਨਹੀਂ ਸੀ ਕਿ ਸੜਕੋਂ ਪਾਰ ਕੁਝ ਫ਼ਰਲਾਂਗ ਦੂਰ ਭੋਲੇ ਸ਼ਾਹ ਦੇ ਮਜ਼ਾਰ ਤੇ ਜਾ ਡਿਗੀਏ। ਹੁਣ ਤੇ ਰੂੜੀ ਈ ਰਹਿ ਗਈ ਸੀ ਯਾ ਕੋਈ ਲੰਘਦਾ ਸਿਕਾ ਉਛਾਲ਼ ਦੇਵੇ ਤੇ ਵੱਖਰੀ ਗੱਲ ਏ। ਹਾਂ, ਮੰਗਣ ਵਾਲਾ ਬੂਹਾ ਅਜੇ ਵੀ ਖੁਲ੍ਹਾ ਸੀ। ਤਲ਼ੀ ਬਿਮਾਰ ਜ਼ਰੂਰ ਸੀ, ਪਰ ਨਾਲ਼ ਈ ਸੀ।

ਵਜੂਦ ਦੀ ਗਰਮੀ ਦਾ ਵੀ ਇਕੋ ਹਲ ਸੀ ਕਿ ਕਿਸੇ ਮੰਗਣ ਵਾਲੀ ਯਾ ਖੁਸਰੇ ਨੂੰਮੰਗਦਿਆਂ ਵੇਖ ਕੇ ਗਰਮ ਸੜਕ ਤੇ ਮੈਨੂੰ, ਯਾ ਫੇਰ ਸਜੇ ਪੈਰ ਦੇ ਅੰਗੂਠੇ ਨੂੰ ਰਗੜ ਕੇ ਗੁਜ਼ਾਰਾ ਕਰ ਲਿਆ ਜਾਵੇ। ਪਰ ਹੁਣ ਏਸ ਗਰਮੀ ਤੇ ਬੜਾ ਸਖ਼ਤ ਵੇਲ਼ਾ ਆ ਗਿਆ ਏ।

ਖ਼ੂਨ ਭਾਵੇਂ ਜਿਸ ਤਰ੍ਹਾਂ ਦਾ ਵੀ ਸੀ ਪਰ ਸਿਰ ਤੋਂ ਲਗ ਕੇ ਮੇਰੇ ਤਾਈਂ ਆਂਦਾ ਜ਼ਰੂਰ ਸੀ, ਪਰ ਹੁਣ ਹੌਲੀ ਹੌਲੀ ਇਹ ਵੇਲ਼ਾ ਵਧ ਰਿਹਾ ਏ। ਉਹ ਖ਼ੂਨ ਜੋ ਬਹੁਤ ਛੇਤੀ ਗੇੜਾ ਕਢ ਆਂਦਾ ਸੀ ਹੁਣ ਕਦੀ ਵੇਲੇ ਸਿਰ ਆ ਜਾਏ ਤੇ ਲਗਦਾ ਏ ਅਧਵਾਟਿਓਂ ਈ ਮੁੜ ਆਇਆ ਏ।

ਅਜ ਸਵੇਰ ਤੋਂ ਈ ਖ਼ੂਨ ਪਰਤਣ ਦਾ ਵੇਲ਼ਾ ਵਧ ਰਿਹਾ ਏ। ਮੈਨੂੰ ਕਈ ਵਾਰੀ ਲਗਾ ਕਿ ਐਦਕੀ ਗਿਆ ਪਤਾ ਨਹੀਂ ਆਵੇ ਕਿ ਨਾ ਆਵੇ। ਪਿਛਲੇ ਪੌਣੇ ਘੰਟੇ ਤੋਂ ਅਸੀਂ ਸਾਰਾ ਵਜੂਦ ਪਤਾ ਨਹੀਂ ਏਸ ਖ਼ੈਰਾਤੀ ਡਿਸਪੈਂਸਰੀ ਦੇ ਸਟਰੈਚਰ ਤੇ ਕਿਵੇਂ ਆ ਗਏ ਆਂ? ਸਾਨੂੰ ਖੌਰੇ ਕੋਈ ਗਡੀ ਚੁਕ ਲਿਆਈ ਸੀ।

ਸਾਰੀ ਜਿੰਦਗੀ ਦੀ ਹੋਣੀ ਵਰਤੀ ਸਾਹਮਣੇ ਏ। ਫ਼ੁਟਪਾਥ, ਗਡੀਆਂ ਤੇ ਰੇਹੜੀ ਵਾਲਿਆਂ ਦੀ ਖਪ, ਸੜਕਾਂ ਦੀ ਧੂੜ, ਦੁਧ ਪਿਆਂਦੀ ਫ਼ਕੀਰਨੀ, ਮੰਗਦਾ ਹੋਇਆ ਖੁਸਰਾ,ਕੋਈ ਵੀ ਆਵਾਜ਼ ਮੇਰੇ ਅੰਦਰ ਖ਼ੂਨ ਨੂੰ ਤੇਜ਼ ਨਹੀਂ ਕਰ ਰਹੀ।

ਕੁਝ ਡਾਕਟਰ ਤੇ ਕੰਪੋਡਰ ਬੈਠੇ ਗਪਾਂ ਮਾਰ ਰਹੇ ਨੇ। ਲਗਦਾ ਏ ਜਿਵੇਂ ਸਾਰੇ ਕੁਝ ਉਡੀਕ ਰਹੇ ਨੇ। ਕਿਸੇ ਨੇ ਫ਼ੌਜੀ ਬੂਟ ਵੀ ਲਾਹ ਸੁਟਿਆ। ਬੂਟ ਲਥਣ ਕਰਕੇ ਮੈਂ ਕਿੰਨੇ ਚਿਰ

ਪਿਛੋਂ ਚਾਨਣ ਵਿਚ ਆਇਆ ਵਾਂ । ਹੁਣ ਈ ਮੈਨੂੰ ਪਤਾ ਲਗਾ ਕਿ ਬੂਟ ਦੀ ਸਖ਼ਤੀ ਨੇ ਮੈਨੂੰ ਕਿੱਥੋਂ ਕਿੱਥੋਂ ਛਿੱਲ ਦਿੱਤਾ ਏ । ਬੂਟ ਲਥ ਤੇ ਗਿਆ ਪਰ ਉਦੋਂ, ਜਦੋਂ ਵਜੂਦ ਪੈਰਾਂ ਤੇ ਭਾਰ ਪਾਣ ਜੋਗਾ ਰਿਹਾ ਈ ਨਹੀਂ ।

ਖ਼ੂਨ ਦੇ ਹਰ ਗੇੜੇ ਨਾਲ਼ ਮੇਰੀ ਉਡੀਕ ਵਧਦੀ ਜਾ ਰਹੀ ਏ । ਗਪਾਂ ਮਾਰਦੀ ਢਾਣੀ ਚੋਂ ਇਕ ਜਣਾ ਉਠਿਆ ਤੇ ਮੇਰੇ ਕੋਲ਼ ਆਇਆ, ਇਕ ਹਥ ਨਾਲ਼ ਵਜੂਦ ਦੀ ਨਬਜ਼ ਵੇਖੀ, ਦੂਜੇ ਗੁਟ ਨਾਲ਼ ਬੰਨੀ ਘੜੀ ਵੇਖੀ ਤੇ ਇਹ ਕਹਿੰਦਾ ਉਸੇ ਢਾਣੀ ਵਾਲ਼ ਪਰਤ ਗਿਆ ।

" ਅਜੇ ਕੁਝ ਮਿੰਟ ਹੈਗੇ ਨੇ ।"

" ਬਸ ਪੂਰਾ ਹੋਇਆ ਈ ਸਮਝੋ" ਇਕ ਦੂਜਾ ਚਿੱਟੇ ਕੋਟ ਵਾਲਾ ਬੋਲਿਆ ।

ਏਸ ਗਲ ਦਾ ਖੌਰੇ ਕੀ ਮਤਲਬ ਸੀ । ਥੋੜੇ ਚਿਰ ਮਗਰੋਂ ਸਫ਼ਾਈ ਵਾਲਾ ਆਇਆ ਤੇ ਮੈਂ ਆਖ਼ਰੀ ਵਾਰੀ ਫ਼ੌਜੀ ਬੂਟ ਨੂੰ ਵੇਖਿਆ । ਖ਼ੂਨ ਦੀ ਆਲਕਸ ਵਧਦੀ ਜਾ ਰਹੀ ਏ । ਜੇ ਮੈਂ ਕੁਝ ਕਹਿਣ ਜੋਗਾ ਹੁੰਦਾ ਤੇ ਜ਼ਰੂਰ ਖ਼ੂਨ ਨੂੰ ਜਾਣ ਲਗਿਆਂ ਕਹਿੰਦਾ ਕਿ ਛੇਤੀ ਆਜਾ ਤੇ ਅੰਗੂਠਾ ਇਥੇ ਆ ਕੇ ਰਗੜ ਲਵੀਂ ।

ਥੋੜੇ ਕੁ ਚਿਰ ਪਿੱਛੋਂ ਡਾਕਟਰਾਂ ਦੀ ਢਾਣੀ ਵਿਚੋਂ ਇਕ ਹੋਰ ਉਠਿਆ ਫੇਰ ਨਬਜ਼ ਵੇਖੀ, ਐਦਕੀ ਦੇਰ ਬਹੁਤੀ ਲਗ ਗਈ । ਮੈਂ ਸੋਚਿਆ ਕਿ ਖ਼ੂਨ ਨੂੰ ਵਾਜ ਮਾਰਾਂ ਕਿ ਅਧਵਾਟਿਓਂ ਈ ਮੁੜ ਆ।

" ਚੰਦ ਮਿੰਟ"

ਚਿੱਟੇ ਕੋਟ ਵਾਲੇ ਨੇ ਕਹਿੰਦਿਆਂ ਬਾਂਹ ਛਡ ਦਿੱਤੀ ।

ਦੋ ਬੰਦੇ ਹੋਰ ਉੱਠੇ , ਇਕ ਨੇ ਡੱਬੇ ਵਿਚ ਹਥ ਮਾਰਿਆ ਤੇ ਦੂਜੇ ਨੇ ਰੋਕ ਦਿੱਤਾ ।

"ਖਲੋ ਜਾ ਯਾਰ । ਤੂੰ ਵੀ ਫ਼ਜ਼ੂਲਖ਼ਰਚੀ ਬੜੀ ਕਰਨਾ ਐਂ"

ਇਹ ਕਹਿ ਕੇ ਦੂਜੇ ਨੇ ਵਜੂਦ ਦੇ ਸਜੇ ਪੈਰ ਦੀ ਪੱਟੀ ਖੋਲਣੀ ਸ਼ੁਰੂ ਕਰ ਦਿਤੀ।

ਦੋਵਾਂ ਸਿਰਿਆਂ ਨਾਲੋਂ ਪੱਟੀ ਦਾ ਥੋੜਾ ਥੋੜਾ ਹਿਸਾ ਲਾਹ ਦਿਤਾ ਤੇ ਵਿਚਲੀ ਸਾਫ਼ ਪੱਟੀ ਬਚ ਗਈ।

" ਇਹਦਾ ਕੀ ਕਰਨਾ ਜੇ ?"

ਇਕ ਤੀਜੇ ਚਿੱਟੇ ਕੋਟ ਵਾਲੇ ਨੇ ਪੁਛਿਆ ।

ਕੈਂਚੀ ਇਕ ਪਾਸੇ ਰਖਿਦਆਂ ਹੋਇਆਂ ਪਹਿਲਾ ਚਿੱਟੇ ਕੋਟ ਵਾਲਾ ਬੋਲਿਆ ।" ਅੰਗੂਠੇ ਨਹੀਂ ਬੰਨ੍ਹਣੇ ਇਹਦੇ ?"

## 'ਅੰਗੂਠਾ' ਬਾਰੇ ਵਿਚਾਰ-ਚਰਚਾ

**ਬਲਬੀਰ ਪਰਵਾਨਾ** : ਕੋਈ ਪ੍ਰਤੀਕਾਤਮਕ ਕਹਾਣੀ ਵੀ ਹੋਵੇ, ਉਹ ਭਾਵੇਂ ਕਿੰਨੀ ਵੀ ਅਬਸ਼ਰਡਿਟੀ ਨਾਲ ਹੀ ਕਿਉਂ ਨਾ ਲਿਖੀ ਗਈ ਹੋਵੇ, ਪਰ ਉਸਦੇ ਕੁਝ-ਕੁਝ ਅਰਥ ਕਿਤੇ ਜੁੜ ਰਹੇ ਪਾਠਕ ਨੂੰ ਲਗਦੇ ਹਨ, ਜਿਨ੍ਹਾਂ ਦੇ ਆਧਾਰ 'ਤੇ ਕੋਈ ਨਕਸ਼ ਕਲਪਣਾ ਕੀਤੇ ਜਾ ਸਕਣ ! ਲੇਖਕ ਦਾ ਮੰਤਵ ਬਹੁਤ ਲੁਕਵਾਂ ਵੀ ਹੋ ਸਕਦਾ ਹੈ ਕਿ ਹਰ ਪਾਠਕ ਉਸਦਾ ਆਪਣੇ ਮਨ ਅਨੁਸਾਰ ਅਰਥ ਲੱਭਦਾ ਰਹੇ । ਪਰ ਇਹ ਨੀਰਸ ਬਿਰਤਾਂਤ ਲੱਗਿਆ ਹੈ, ਜਿਸਦਾ ਕੋਈ ਵੀ

ਅਰਥ ਮੇਰੇ ਪੱਲੇ ਨਹੀਂ ਪਿਆ।

**ਰਮਨਪ੍ਰੀਤ ਕੌਰ 'ਚੌਹਾਨ'** : ਅੰਗੂਠਾ ਕਹਾਣੀ ਵਿੱਚ ਕਹਾਣੀਕਾਰ ਨੇ ਸੰਘਰਸ਼ ਕਰਦੇ ਮਨੁੱਖ ਦੀ ਮਾਨਸਿਕ ਦਸ਼ਾ ਨੂੰ ਪ੍ਰਗਟਾਇਆ ਹੈ। ਕਹਾਣੀਕਾਰ ਨੇ ਜਿੱਥੇ ਗਰੀਬ ਦੀ ਆਰਥਿਕ ਅਤੇ ਮਾਨਸਿਕ ਸਮੱਸਿਆ ਨੂੰ ਅਭੀਵਿਅਕਤ ਕੀਤਾ ਹੈ, ਉਥੇ ਜਿੰਦਗੀ ਨੂੰ ਸ਼ਾਂਤਮਈ ਢੰਗ ਨਾਲ ਸਮਝਣ ਦਾ ਵੀ ਸੰਕੇਤ ਕੀਤਾ ਹੈ। ਕਹਾਣੀਕਾਰ ਨੇ ਪੂੰਜੀਪਤੀ ਯੁਗ ਵਿੱਚ ਮਜ਼ਦੂਰਾਂ ਦੇ ਤਨਾਉ ਸੰਬੰਧਾਂ ਦੇ ਅਧੀਨ ਵਿਚਰਨ ਵਾਲੇ ਕਹਾਣੀ ਵਿਚਲੇ ਪਾਤਰ ਦੀ ਹੋਂਦਮਲੂਕ ਸਮੱਸਿਆ ਨੂੰ ਬਿਆਨਿਆ ਹੈ।

ਕੁਝ ਡਾਕਟਰ ਤੇ ਕੰਪੋਡਰ ਬੈਠੇ ਗੱਪਾਂ ਮਾਰ ਰਹੇ ਨੇ।

ਪਾਤਰ ਨੂੰ ਆਪਣਾ ਵਜੂਦ ਤੁੱਛ ਲੱਗਦਾ ਹੈ। ਸਮਕਾਲੀ ਪਰਸਥਿਤੀਆਂ ਦੀ ਕਰਤੂਤਾ, ਅਤੇ ਸਮਾਜਿਕ ਯਥਾਰਥ ਨੂੰ ਸੁਚੇਤ ਪੱਧਰ ਤੇ ਰੂਪਮਾਨ ਕੀਤਾ ਗਿਆ ਹੈ ਇਸ ਕਹਾਣੀ ਵਿੱਚ। ਅਜਿਹੇ ਸਿਸਟਮ ਦੇ ਤਨਾਉ ਅਧੀਨ ਵਿਚਰ ਰਹੇ ਅਸਲ ਇਨਸਾਨ ਨੂੰ ਪ੍ਰਸਤਤ ਕੀਤਾ ਗਿਆ ਹੈ। ਪਾਤਰ ਨੂੰ ਆਪਣੀ ਗਰੀਬੀ ਵਿੱਚ ਸਰਮਾਏਦਾਰੀ ਮਗਰਮੱਛ ਦੇ ਜਬਾੜੇ ਦਿਖਾਈ ਨਹੀਂ ਦਿੰਦੇ ਗਰੀਬ ਨੂੰ ਕੇਵਲ ਸਿਰਫ ਭੁੱਖੇ ਮਰਨ ਦੀ ਸੁੰਤਤਰਤਾ ਹੈ। ਜਿਵੇਂ:

ਸ਼ਹਿਰ ਦੇ ਲਹਿੰਦੇ ਪਾਸਿਓਂ ਚੜ੍ਹਨ ਵਾਲੇ ਓਵਰ ਹੈਂਡ ਬਰਿੱਜ ਥੱਲੇ ਮੈਂ ਤੇ ਮੇਰਾ ਵਜੂਦ ਅੱਧਮੋਏ ਪਏ ਸਾਂ।

ਇਹਨਾਂ ਹਾਲਤਾਂ ਵਿੱਚ ਪਾਤਰ ਜਾਗੀਰਦਾਰੀ ਸਰਮਾਏਦਾਰ ਪਰਿਸਥਿਤੀਆਂ ਵਿਚਕਾਰ ਲਟਕ ਰਿਹਾ ਹੈ। ਪਾਤਰ ਦੇ ਮਨ ਵਿੱਚ ਜਬਰ ਅਤੇ ਧੱਕੇ ਵਿਰੁੱਧ ਕੋਈ ਚੇਤਨਾ ਨਹੀਂ ਜਾਗਦੀ ਬਲਕਿ ਆਪਣੀ ਨਿਰਬਲ ਆਰਥਿਕ ਸਥਿਤੀ ਕਾਰਨ ਮਾਨਸਿਕ ਫਰੱਸਟਰੇਸ਼ਨ ਦਾ ਸ਼ਿਕਾਰ ਹੋ ਜਾਂਦਾ ਹੈ। ਇਹੀ ਕਾਰਨ ਪਾਤਰ ਸੋਚਦਾ ਹੈ ਅਗਰ ਉਹ ਤਲੀ ਟੱਡਦਾ ਹੈ ਤਾਂ ਉਸਨੂੰ ਇੰਝ ਮਹਿਸੂਸ ਹੁੰਦਾ ਹੈ ਕਿ ਉਸਦਾ ਸਾਰਾ ਵਜੂਦ ਮੰਗਣ ਲੱਗ ਪਿਆ ਹੈ।

ਕਹਾਣੀ ਵਿੱਚ ਕਹਾਣੀਕਾਰ ਸਮੂਹਿਕਤਾ ਦਾ ਵੀ ਸੰਕੇਤ ਦਿੱਤਾ ।ਅੰਗੂਠਾ ਤਾਕਤਵਰ ਹੈ ਪਰ ਜਦੋਂ ਮੁੱਠੀ ਬਣਦੀ ਹੈ ਤਾਂ ਅੰਗੂਠਾ ਲੁਕ ਜਾਂਦਾ ਹੈ ਜਿਵੇਂ:

ਅਖੇ ਸਾਡੀ ਤੇ ਸਾਰੀ ਤਾਕਤ ਅੰਗੂਠੇ ਵਿੱਚ ਹੈ ਪਰ ਇਹ ਨਹੀਂ ਦੱਸਦੀਆਂ ਜਦੋਂ ਮੁੱਕਾ ਬਣਦਾ ਏ ਤਾਂ ਅੰਗੂਠਾ ਇਨ੍ਹਾਂ ਵਿੱਚ ਕਿਉਂ ਲੁਕ ਜਾਂਦਾ ਹੈ।

ਕਹਾਣੀ ਦੇ ਪਾਤਰ ਦਾ ਦੁਖਾਂ ਭਰੇ ਸੰਸਾਰ ਦਾ ਜ਼ਿਕਰ ਲੇਖਕ ਦਾ ਉਲਾਰ ਇੱਕ ਪਾਸੜ ਜਾਪਦਾ ਹੈ। ਕਹਾਣੀਕਾਰ ਨੇ ਸਨਅਤੀ ਵਿਕਾਸ ਦੇ ਦਵੰਦ ਵਿੱਚ ਬਦਲ ਰਹੀਆਂ ਸਮਾਜਿਕ ਅਤੇ ਆਰਥਿਕ ਪਰਸਥਿਤੀਆਂ ਦਾ ਵਰਣਨ ਕਰਨ ਦਾ ਯਤਨ ਕੀਤਾ ਹੈ। ਅੰਗੂਠਾ ਕਹਾਣੀ ਨਿਰਬਲ ਕਾਮਿਆਂ ਦੀ ਤਰਸਮਈ ਤਸਵੀਰ ਨੂੰ ਪੇਸ਼ ਕਰਦੀ ਹੈ ਜਿਸਨੂੰ ਪੜ੍ਹ ਕੇ ਪਾਠਕ ਦੇ ਧੁਰ ਅੰਦਰੋਂ ਪੀੜ੍ਹ ਉੱਠਦੀ ਹੈ।

**ਸੁਕੀਰਤ** : ਨਸੀਰ ਅਹਿਮਦ ਦੀ ਕਹਾਣੀ ਅੰਗੂਠਾ ਉਸ ਕਿਸਮ ਦੀ ਆਧੁਨਿਕ ਕਹਾਣੀ ਦੀ ਮਿਸਾਲ ਹੈ ਜਿਸਨੂੰ ਸੁਣਿਆ ਜਾਂ ਸੁਣਾਇਆ ਨਹੀਂ ਜਾ ਸਕਦਾ, ਜੋ ਨਿੱਠ ਕੇ ਬੈਠ ਕੇ ਪੜ੍ਹਨ ਅਤੇ ਵਿਚਾਰਨ ਦੀ ਮੰਗ ਕਰਦੀ ਹੈ। ਪਾਠਕ ਕੋਲੋਂ ਇਕ ਉਚੇਰੇ ਮਾਨਸਕ ਪੱਧਰ, ਅਤੇ ਡੂੰਘੇਰੇ ਵਿਸ਼ਲੇਸ਼ਣ ਦੀ ਤਵੱਕੋ ਰਖਦੀ ਹੈ।

ਪੇਤਲੀ ਝਾਤੇ ਇਸਨੂੰ ਇਕ ਗਰੀਬੜੀ ਹੋਂਦ ਦੇ ਹਰ ਪਾਸਿਓਂ ਝੰਭੇ ਗਏ ਜੀਵਨ ਦੀ ਕਹਾਣੀ ਵਜੋਂ ਪੜ੍ਹਿਆ ਜਾ ਸਕਦਾ ਹੈ, ਪਰ ਵਧੇਰੇ ਜਾਣਕਾਰੀ ਨਾਲ ਲੈਸ ਸੁਚੇਤ ਪਾਠਕ ਇਸ ਵਿਚੋਂ ਇਕ ਮੁਲਕ ਦੀ ਹੋਣੀ ਦੇ ਝਾਉਲੇ ਦੇਖ ਸਕਦਾ ਹੈ। ਇਹੋ ਇਸ ਕਹਾਣੀ ( ਅਤੇ ਇਸ ਤਰਜ਼ ਦੀਆਂ ਹੋਰ ਕਹਾਣੀਆਂ ) ਦੀ ਸੀਮਾ ਵੀ ਹੈ, ਸੰਭਾਵਨਾ ਵੀ। ਪਰ ਨਿਰਸੰਦੇਹ, ਇਕ ਇਕ ਫ਼ਿਕਰੇ ਵਿਚ ਬੜੀ ਜੁਗਤ ਨਾਲ ਡੂੰਘੇਰੇ ਅਰਥ ਪਰੋਈ, ਇਹ ਕਹਾਣੀ ਆਪਣੀ ਵਿਧਾ ਦਾ ਉਤਮ ਨਮੂਨਾ ਹੈ।

**ਦੀਪਤੀ ਬਬੂਟਾ** : ਸੰਕੇਤਕ ਢੰਗ ਨਾਲ ਪੇਸ਼ ਕੀਤੀ ਗਈ ਇਹ ਕਹਾਣੀ ਆਧੁਨਿਕ ਕਹਾਣੀ ਦੀ ਪ੍ਰਤੀਨਿਧਤਾ ਕਰਨ ਦਾ ਦਮ ਰੱਖਦੀ ਹੈ। ਨਿੱਕੇ-ਨਿੱਕੇ ਫਿਕਰਿਆਂ ਵਿੱਚ ਕੀਤੀਆਂ ਵੱਡੀਆਂ ਗੱਲਾਂ ਜੀਵਨ ਫਲਸਫੇ ਦੀ ਬਾਤ ਪਾਂਉਂਦੀਆਂ ਹਨ, ਜੋ ਪਾਠਕ ਮਨ ਨੂੰ ਝੰਜੋੜਦੀਆਂ ਹਨ ਤੇ ਨਾਲ ਦੇ ਨਾਲ ਬੇਵੱਸੀ ਦਾ ਪੱਖ ਪੂਰਦੀਆਂ ਜਾਂਦੀਆਂ ਹਨ। ਲੇਖਕ ਦੀ ਭਾਸ਼ਾ 'ਤੇ ਪਕੜ ਤਾਂ ਕਮਾਲ ਹੈ ਸੋ ਹੈ, ਪਰ ਉਸ ਦੀ ਸਮਕਾਲੀ ਸੱਤਾ ਅਤੇ ਮਨੁੱਖੀ ਹੋਣੀ ਦੀ ਸੂਝ ਨੂੰ ਸਾਹਿੱਤਕ ਕਿਰਤ ਵਿੱਚ ਢਾਲਣ ਦੀ ਕਲਾਕਾਰੀ ਦੀ ਦਾਦ ਦੇਣੀ ਬਣਦਾ ਹੈ।

ਇਸ ਕਹਾਣੀ ਵਿਚ ਅੰਗੂਠਾ ਮਾਰਗ ਦਰਸ਼ਕ ਬਣਨ ਲੱਗਦਾ ਹੈ ਤੇ ਸਮਝ ਆਉਣ ਲੱਗਦੀ ਹੈ ਕਿ ਅੰਗੂਠੇ ਨੂੰ ਪ੍ਰਤੀਕਾਤਮਕ ਰੂਪ 'ਚ ਪੇਸ਼ ਕਰਦੀ ਹੋਈ ਇਹ ਕਹਾਣੀ, ਬੜੇ ਸੂਖਮ ਢੰਗ ਨਾਲ ਦੋ ਆਪਸ ਵਿਰੋਧੀ ਮਨੁੱਖੀ ਵਰਤਾਰਿਆਂ ਦੀ ਪੋਲ ਖੋਲ੍ਹਦੀ ਹੈ। ਇਹ ਦੋ ਵਰਤਾਰੇ ਹਨ ਸੱਤਾ ਤੇ ਲੋਕ। ਇੱਕ ਦਬਾਅ ਤੇ ਦੂਜਾ ਦੱਬਿਆ ਵਰਗ। ਕਹਾਣੀ ਦਾ ਕੇਂਦਰ ਬਿੰਦੂ ਲੋਕ ਹਨ, ਜੋ ਤਰਸਯੋਗ ਹਾਲਤ 'ਚ ਪਹੁੰਚੇ ਭਿਖਾਰੀ ਬਣ ਚੁੱਕੇ ਹਨ।

ਕਹਾਣੀ ਦਾ ਪਹਿਲਾ ਵਾਕ, ' ਮੁੱਠ ਈ ਨਾ ਮੀਟੀ ਜਾਏ ਤੇ ਤਲੀ ਟੱਡਣ ਦਾ ਕੀ ਫਾਇਦਾ ?' ਸਧਾਰਣ ਵਾਕ ਨਹੀਂ ਬਲਕਿ ਮੰਗ ਵੀ ਮੰਗੀ ਤੇ ਰਹੀ ਵੀ ਨੰਗੀ ਦੇ ਵਰਤਾਰੇ 'ਤੇ ਖਰਾ ਉਤਰਦਾ ਹੈ। ਦਬਾਅ ਤੇ ਵਿਰੋਧ ਦਾ ਪ੍ਰਤੀਕ ਬਣ ਕੇ ਕਹਾਣੀ ਦੇ ਪਲਾਟ ਦੀ ਪ੍ਰਤੀਨਿਧਤਾ ਕਰਦਾ ਪਾਠਕ ਮਨ 'ਚ ਹਲਚਲ ਪੈਦਾ ਕਰਦਾ ਇਹ ਵਾਕ ਉਸ ਨੂੰ ਅਗਲੀ ਮਾਨਸਿਕ ਅਵਸਥਾ 'ਚ ਲੈ ਜਾਂਦਾ ਹੈ। ' ਉਂਜ ਵੀ ਟੱਡੀ ਭਾਵੇਂ ਤਲੀ ਜਾਂਦੀ ਏ ਪਰ ਮੰਗਦਾ ਸਾਰਾ ਵਜੂਦ ਏ।' ਕਿੱਡੀ ਵੱਡੀ ਮੌਤ ਦਾ ਸਿਰਜਕ ਹੈ ਇਹ ਵਾਕ, ਜਿਸ ਨੂੰ ਭਾਵਨਾਤਮਕ ਰੂਪ 'ਚ ਮਹਿਸੂਸ ਤਾਂ ਕੀਤਾ ਜਾ ਸਕਦਾ ਹੈ ਪਰ ਸ਼ਬਦਾਂ 'ਚ ਬਿਆਨ ਕਰਨਾ ਔਖਾ। ਮੰਗਣਾਂ ਅਸਲ ਵਿੱਚ ਆਪੇ ਨੂੰ ਮਾਰਨਾ ਹੈ। ਇੱਕ ਹੱਥ ਵਿੱਚ ਤਾਕਤ ਹੈ ਸੱਤਾ ਨੂੰ ਵੰਗਾਰ ਕੇ ਆਪਣੇ ਹੱਕ ਖੋਹਣ ਦੀ ਪਰ ਜਦੋਂ ਮੁੱਠੀ ਬਣਨ ਲਈ ਉਂਗਲਾਂ ਮੁੜਦੀਆਂ ਹਨ ਤਾਂ ਅੰਗੂਠਾ ਮੁੱਠੀ ਦੇ ਅੰਦਰ ਦੱਬਿਆ ਜਾਂਦਾ ਹੈ।

'ਜੇ ਮੁੱਕਾ ਬਣਨ ਦਾ ਵੱਲ ਜਾਣਦੀਆਂ ਤੇ ਫਿਰ ਤਲੀ ਟੱਡੀ ਕਿਉਂ ਜਾਂਦੀ ?'

ਸ਼ਾਸ਼ਕ ਤੇ ਸ਼ੋਸ਼ਣ ਦੇ ਵਰਤਾਰੇ ਨੂੰ ਇੱਕ ਵਾਕ ਵਿੱਚ ਪਰੋਅ ਦੇਣਾ, ਇਸ ਕਹਾਣੀ ਨੂੰ ਹੁਨਰੀ ਕਹਾਣੀ ਬਣਾਉਣ ਦਾ ਮਾਦਾ ਰੱਖਦੀ ਹੈ।

ਤਲੀ ਮਨੁੱਖ ਜਾ ਵਜੂਦ ਬਣ ਕੇ ਉੱਭਰਦੀ ਹੈ ਤੇ ਜਲਦੀ ਹੀ ਕਹਾਣੀ ਆਪਣੇ ਆਸ਼ੇ ਵੱਲ ਵਧਣ ਲੱਗਦੀ ਹੈ।

ਚੀਜ਼ਾਂ ਦੀ ਇੱਕ ਜ਼ਿੰਦਗੀ ਰੂੜੀ 'ਤੇ ਆ ਕੇ ਮੁੱਕ ਜਾਂਦੀ ਏ ਤੇ ਦੂਜੀ ਇੱਥੋਂ ਸ਼ੁਰੂ ਹੋ ਜਾਂਦੀ ਹੈ।

ਕਹਾਣੀ ਸੰਕੇਤਕ ਹੈ ਤਾਂ ਸੰਕੇਤ ਕਹਾਣੀ ਦੀ ਜਿੰਦਜਾਨ ਹੋਣਾ ਸੁਭਾਵਿਕ ਹੈ, ਪਰੰਤੂ ਫੌਜੀ ਬੂਟ ਵਾਲਾ ਸੰਕੇਤ ਜਿਸ ਤਰ੍ਹਾਂ ਇਸ ਕਹਾਣੀ ਵਿੱਚ ਪੇਸ਼ ਕੀਤਾ ਗਿਆ ਹੈ, ਵਿਸ਼ੇਸ਼ ਗੌਰ ਦੀ ਮੰਗ ਕਰਦਾ ਹੈ ਕਿ ਆਖਿਰ ਫੌਜੀ ਬੂਟ ਹੀ ਕਿਉਂ ? ਤਾਂ ਇਹ ਉਸ ਮੁਲਖ ਦੀ ਹੋਣੀ ਦੀ ਪ੍ਰਤੀਨਧਤਾ ਕਰਦਾ ਹੈ ਜਿੱਥੋਂ ਦਾ ਸਾਰਾ ਸਿਸਟਮ ਇਸ ਦੀ ਪਕੜ ਵਿੱਚ ਜਕੜਿਆ ਛਲਣੀ-ਛਲਣੀ ਹੋ ਚੁੱਕਿਆ ਹੈ। ਸਮਾਜ ਦਾ ਔਰਤ ਪ੍ਰਤੀ ਰਵੱਈਆ ਸਪੱਸ਼ਟ ਕਰਦਾ ਇੱਕ ਫਿਕਰਾ, 'ਫੁੱਟਪਾਥ 'ਤੇ ਬਾਲ ਨੂੰ ਦੁੱਧ ਪਿਆਂਦੀ ਫ਼ਕੀਰਨੀ ਦੇ ਅਧਨੰਗੇ ਸੀਨੇ ਨੂੰ ਵੇਖ ਕੇ ਏਸ ਵਜੂਦ ਨੇ ਪੈਰ ਦੀਆਂ ਉਂਗਲਾਂ ਅੰਦਰ ਵੱਲ ਮੋੜੀਆਂ ਤੇ ਬੂਟ ਦਾ ਮੂੰਹ ਮਗਰਮੱਛ ਵਾਂਗੂ ਖੁਲ ਗਿਆ।'

ਖੱਬੇ ਅੰਗੂਠੇ ਦਾ ਗਲਣਾ ਕਹਾਣੀ ਵਿੱਚ ਸਭ ਤੋਂ ਵੱਧ ਮਹਤੱਵ ਰੱਖਦਾ ਹੈ। ਖੱਬਾ ਪੈਰ ਜਾਨੀ ਖੱਬਾ ਧੜਾ, ਜਿਸਨੂੰ ਗਾਲਣ ਵਾਸਤੇ ਸੱਜੇ ਪੈਰ ਨੇ ਖੁਦ ਨੂੰ ਹਵਾਦਾਰ ਚੱਪਲ ਵਿੱਚ ਮਹਿਫੂਜ਼ ਰੱਖ ਕੇ ਜਿਨੇ ਯਤਨ ਕੀਤੇ, ਉਸ ਨੂੰ ਜੁਬਾਨ ਦਿੰਦੀ ਕਹਾਣੀ ਹੈ ਅੰਗੂਠਾ। ਡਾਕਟਰ ਹਨ ਸੱਤਾਧਾਰੀ ਜਿਨਾਂ ਨੇ ਆਵਾਮ ਨੂੰ ਰੋਗ ਮੁਕਤ ਕਰਨ ਦੀ ਜਿੰਮੇਵਾਰੀ ਨਿਭਾਉਣੀ ਸੀ। ਅਫ਼ਸੋਸ ਇਲਾਜ ਕਰਨ ਵਾਲੇ ਹੀ ਅੰਗੂਠੇ ਦੇ ਵਜੂਦ ਨੂੰ ਖਤਮ ਕਰਨ 'ਚ ਮੁੱਖ ਭੂਮਿਕਾ ਨਿਭਾ ਰਹੇ ਹਨ।

ਕਹਾਣੀ ਦਾ ਆਖਰੀ ਵਾਕ, 'ਅੰਗੂਠੇ ਨਹੀਂ ਬੰਨ੍ਹਣੇ ਇਹਦੇ ?'

ਸਵਾਲੀਆ ਨਿਸ਼ਾਨ ਨਾਲ ਕਹਾਣੀ ਦੀ ਸਮਾਪਤੀ ਸਵਾਲ ਖੜ੍ਹਾ ਕਰਦੀ ਹੈ,

ਅੱਤ ਦਾ ਅੰਤ ਕਿੱਥੇ ? ਅਸਲ ਵਿੱਚ ਅੰਗੂਠਾ ਹੀ ਇਸ ਕਹਾਣੀ ਦਾ ਵਜੂਦ ਹੈ ਜੋ ਸਾਰੇ ਵਰਤਾਰੇ ਝੱਲ ਰਿਹਾ ਹੈ ਤੇ ਇਲਾਜ ਕਰਨ ਵਾਲੇ ਕਦੀ ਇਹਨਾ ਨੂੰ ਆਪਸ ਵਿੱਚ ਜੁੜਨ ਨਹੀਂ ਦੇਣਗੇ।

ਕਹਾਣੀ ਦਾ ਦੂਜਾ ਪੱਖ ਇਹ ਵੀ ਹੈ ਕਿ ਅਜੋਕੀ ਕਹਾਣੀ ਜਟਿਲਤਾ ਵੱਲ ਵਧ ਰਹੀ ਹੈ ਤੇ ਸਧਾਰਣ ਪਾਠਕ ਦੀ ਪਕੜ ਤੋਂ ਬਾਹਰ ਹੋਣ ਲੱਗੀ ਹੈ। ਕਹਾਣੀ ਪਾਠਕ ਦੀ ਮਾਨਸਿਕਤਾ ਨੂੰ ਇੱਕ ਵਾਰ ਕੀਲ ਕੇ ਆਪਣੇ ਨਾਲ ਬੰਨ੍ਹ ਲੈਂਦੀ ਹੈ, ਪਰੰਤੂ ਸਮਾਂ ਪੈਣ 'ਤੇ ਸਾਰੰਸ਼ ਬਣਨੋਂ ਖੁੰਝ ਜਾਂਦੀ ਹੈ। ਜੇ ਗੱਲ ਕਰੀਏ ਕਿ ਇਹ ਕਹਾਣੀ ਪੜ੍ਹ ਕੇ ਸੁਣਾਉਣੀ ਹੋਵੇ ਤਾਂ ਇਸ ਦਾ ਭਾਵ ਤੇ ਸਮਝਾਇਆ ਜਾ ਸਕਦਾ ਹੈ ਪਰੰਤੂ ਕਹਾਣੀ ਸੁਣਾਉਣੀ ਔਖੀ ਹੈ। ਦਰਸ਼ਨ ਸ਼ਾਸਤਰ ਭਰਪੂਰ ਵਿਚਾਰ ਸਿਰਜਣਾ ਕਹਾਣੀ ਨੂੰ ਪ੍ਰਭਾਵਸ਼ਾਲੀ ਤਾਂ ਬਣਾਉਂਦੀ ਹੈ ਜੋ ਬੌਧਿਕ ਵਰਗ ਲਈ ' ਕਯਾ ਬਾਤ' ਵਾਲੀ ਭਾਵਨਾ ਹਾਸਿਲ ਕਰ ਲਵੇਗੀ, ਪਰੰਤੂ ਸਧਾਰਣ ਪਾਠਕ ਤੋਂ ਬੇਮੁੱਖਤਾ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਵਜੂਦ ਦਾ ਪ੍ਰਤੀਕ ਬਣਿਆ ਅੰਗੂਠਾ ਕਿਸ-ਕਿਸ ਦੀ ਸੰਘੀ 'ਤੇ ਦਬਾਅ ਪਾਉਂਦਾ ਹੈ, ਦੀ ਤਲਾਸ਼ ਇਸ ਕਹਾਣੀ ਦੇ ਪਾਠ ਤੋਂ ਪਾਠਕ ਨੂੰ ਰਤਾ ਵੀ ਭਟਕਣ ਨਹੀਂ ਦਿੰਦੀ।

**ਭਗਵੰਤ ਰਸੂਲਪੁਰੀ:** ਨਸੀਰ ਦੀ ਕਹਾਣੀ 'ਅੰਗੂਠਾ' ਨਿੱਕੀ ਹੁਨਰੀ ਕਹਾਣੀ ਦੇ ਸਾਂਚੇ 'ਚ ਰੱਖੀ ਜਾ ਸਕਦੀ ਏ। ਕਹਾਣੀ 'ਚ ਫ਼ਾਲਤੂ ਖਿਲਾਰਾ ਪੜ੍ਹਨ ਨੂੰ ਨਹੀਂ ਮਿਲਦਾ। ਅੰਗੂਠੇ ਦੇ ਚਿਹਨ ਦੇ ਦੁਆਲੇ ਲੇਖਕ ਸ਼ਬਦਾਂ ਨੂੰ ਅਤੇ ਵਾਕਾਂ ਨੂੰ ਵਰਤਣ ਲੱਗਾ ਬਹੁਤ ਕੰਜੂਸੀ ਕਰਦਾ ਏ। ਮੈਨੂੰ ਲੱਗਦਾ ਏ ਕਿ ਅੰਗੂਠਾ ਸਾਧਨ ਹੀਣ ਬੰਦੇ ਦਾ ਚਿਹਨ ਏ, ਜਿਹੜਾ ਆਪਣੀ ਕਹਾਣੀ ਸੁਣਾਉਂਦਾ ਏ ਅਤੇ ਜਿਸ ਵਜੂਦ ਦੀ ਅੰਗੂਠਾ ਗੱਲ ਕਰਦਾ ਏ ਉਹ ਪਾਕਿਸਤਾਨ ਦਾ ਗਰੀਬੀ ਅਤੇ ਦਲਿੱਦਰੀ ਵਿਚ ਧਸਿਆ ਸਮਾਜ ਏ। ਜਿਸ ਵਿਚ ਸਧਾਰਨ ਮਨੁੱਖ ਬਸ ਔਖਾ ਹੋ ਕੇ ਸਾਹ

ਲੈ ਰਿਹਾ ਏ। ਉਹ ਆਪਣਾ ਤਨ ਢੱਕਣ ਲਈ ਤਰ੍ਹਾਂ ਤਰ੍ਹਾਂ ਦੇ ਪਾਪੜ ਵੇਲਦਾ ਏ। ਮੈਂ ਸੋਚਦਾ ਸਾਂ ਕਿ ਲੇਖਕ ਨੇ ਕਹਾਣੀ ਵਿਚ ਫ਼ੌਜੀ ਬੂਟ ਹੀ ਕਿਓ ਵਰਤੇ ਨੇ, ਜਿਸ ਵਿਚ ਅੰਗੂਠਾ ਨਕਾਰਾ ਹੋ ਰਿਹਾ ਏ। ਪਾਕਿਸਤਾਨ ਵਿਚ ਫ਼ੌਜ ਦਾ ਰਾਜਨੀਤਿਕ ਅਤੇ ਸਮਾਜਿਕ ਦਖ਼ਲ ਬਹੁਤ ਏ। ਇਸ ਕਰਕੇ ਫ਼ੌਜੀ ਬੂਟ ਨੂੰ ਉਥੋਂ ਦੀਆਂ ਸਥਿਤੀਆਂ ਬਿਆਨ ਕਰਨ ਲਈ ਵਰਤਿਆ ਏ।

ਇਹ ਕਹਾਣੀ ਫੈਲਦੀ ਨਹੀਂ... ਪਾਠਕ ਦੇ ਮਨ ਵਿਚ ਵੀ ਨਹੀਂ ਫੈਲਦੀ...ਕਹਾਣੀ ਇਕ ਪਰਤੀ ਬਣ ਕੇ ਰਹਿ ਗਈ ਏ। ਜਿਹੜੀ ਵਜੂਦ ਤੇ ਅੰਗੂਠੇ ਦੁਆਲੇ ਘੁੰਮਦੀ ਏ। ਮੈਨੂੰ ਏਸ ਕਹਾਣੀ ਤੇ ਮਾਸ ਬਹੁਤ ਘੱਟ ਦਿਸਦਾ ਏ... ਮਾਸ ਵਿਚੋਂ ਹੱਢੀਆਂ ਦਿਸਣ ਲੱਗ ਪੈਣ ਤਾਂ ਉਸ ਨੂੰ ਮਾੜਾ ਬੰਦਾ ਕਹਿ ਦਿੱਤਾ ਜਾਂਦਾ ਏ। ਜਦੋਂ ਮੈਂ ਕਹਾਣੀ ਸ਼ੁਰੂ ’ਚ ਪੜ੍ਹਨੀ ਸ਼ੁਰੂ ਕੀਤੀ ਤਾਂ ਮੈਨੂੰ ਲਲਿਤ ਨਿਬੰਧ ਦਾ ਭੁਲੇਖਾ ਲੱਗਾ। ਲੇਖਕ ਪ੍ਰਵਚਨੀ ਸ਼ੈਲੀ ਰਾਹੀ ਭੂਮਿਕਾ ਬੰਨ੍ਹਦਾ ਏ। ਫਿਰ ਕਹਾਣੀ ਉਸਾਰਨ ਲੱਗ ਪੈਂਦਾ ਏ। ਨਸੀਰ ਅਹਿਮਦ ਲਹਿੰਦੇ ਪੰਜਾਬ ਤੋਂ ਚੜ੍ਹਦੇ ਪੰਜਾਬ ਵਿਚ ਲਿੱਪੀਅੰਤਰ ਹੋਇਆ ਮੇਰੇ ਲਈ ਨਵਾਂ ਨਾਂ ਏ। ਮੈਨੂੰ ਲੱਗਦਾ ਏ ਉਸ ਨੇ ਕਹਾਣੀ ਦਾ ਪਹਿਲਾ ਡਰਾਫਟ ਤਿਆਰ ਕੀਤਾ ਏ... ਕਹਾਣੀ ਅਜੇ ਉਸ ਨੇ ਲਿਖਣੀ ਏ। ਨਸੀਰ ਚੰਗੀ ਕਹਾਣੀ ਉਸਾਰ ਸਕਦਾ ਏ।

**ਜਸਵਿੰਦਰ ਸਿੰਘ** : ਨਸੀਰ ਅਹਿਮਦ ਦੀ ਕਹਾਣੀ ਅੰਗੂਠਾ ਦੀ ਕਥਾ-ਵਿਧੀ ਬੜੀ ਦਿਲਚਸਪ ਹੈ। ਪੈਰ ਦਾ ਇਕ ਅਹਿਮ ਅੰਗ ਅੰਗੂਠਾ ‘ਇਹ ਹੈ ਉਹ ਵਜੂਦ ਜਿਹਦੇ ਖੱਬੇ ਪੈਰ ਦਾ ਮੈਂ ਅੰਗੂਠਾ ਆਂ’, ਉਸ ਮੰਦੇਹਾਲ ਭਿਖਾਰੀ ਪਰ ਅਸਲ ਵਿਚ ਸਾਡੇ ਬੇਕਿਰਕ, ਜ਼ਾਲਮ, ਮੁਸੀਬਤਾਂ ਭਰੇ ਤੇ ਹਰ ਇਖਲਾਕੋਂ ਗਿਰੇ ਸਮਾਜੀ ਤੰਤਰ ਦੀ ਦਾਸਤਾਨ ਸੁਣਾ ਰਿਹਾ ਹੈ। ਅੰਗੂਠੇ ਦੇ ਮਾਨਵੀਕਰਣ ਜ਼ਰੀਏ ਕਹਾਣੀਕਾਰ ਉਸ ਵਜੂਦ ਦੀ ਦੁਰਦਸ਼ਾ ਦੇ ਹੌਲਨਾਕ ਚਿਤਰ ਹੀ ਨਹੀਂ ਅੱਖਾਂ ਮੂਹਰੇ ਲਿਆ ਖੜਾਉਂਦਾ, ਨਾਲ ਹੀ ਤਨਜ਼ੀਆਂ ਲਹਿਜ਼ੇ ਵਿਚ ਆਪਣੀ ਮੰਦਹਾਲੀ ਦੁਆਲੇ ਪਸਰੇ, ਸਭਿਅਤਾ ਦੀ ਅਮਾਨਵੀਅਤਾ ਦੇ ਖੁਲ੍ਹੇ ਦਰਸ਼ਨ ਵੀ ਕਰਵਾਈ ਜਾਂਦਾ ਹੈ। ਬਿਰਤਾਂਤਕਾਰੀ ਦੀ ਦ੍ਰਿਸ਼ਟੀ ਤੋਂ ਇਹ ਕਹਾਣੀ ਬੇਹੱਦ ਖਿਚਪੂਰਨ ਤੇ ਮਨਟੁੰਬਵੀਂ ਹੈ। ਨਾਇਕ ਬੋਲੀ ਤੇ ਪ੍ਰਤੀਕਾਂ ਦੀ ਖ਼ੂਬਸੂਰਤ ਘਾੜਤ ਗਹਿਰੇ ਅਰਥਾਂ ਦੀ ਗੂੰਜ ਪੈਦਾ ਕਰਨ ਵਾਲੀ ਹੈ। ਅੰਗੂਠਾ, ਬੂਟ, ਚੱਪਲਾਂ, ਰੂੜੀ, ਡਲੀ, ਖ਼ੂਨ ਬਹੁਅਰਥੀ ਚਿਹਨ ਹਨ, ਜਿਹਨਾਂ ਰਾਹੀਂ ਨਸੀਰ ਅਹਿਮਦ ਸਾਡੀ, ਲੋਟੂ ਅਮਾਨਵੀ, ਤਹਿਜ਼ੀਬ ਦੇ ਪਰਖਚੇ ਉਡਾਉਂਦਾ ਤੁਰਿਆ ਜਾਂਦਾ ਹੈ। ਇਸ ਸਥਿਤੀ ਦੀ ਸਿਖਰ ਹਸਪਤਾਲ ’ਚ ਉਸ ਵਜੂਦ ਨੂੰ ਮੌਤ ਦੀਆਂ ਘੜੀਆਂ ਉਡੀਕ ਰਹੇ ਡਾਕਟਰਾਂ ਦੇ ਕਾਰ-ਵਿਹਾਰ ਤੇ ਬੋਲਾਂ ’ਚੋਂ ਗੂੰਜਦੀ ਹੈ। ਜਿਹੜੇ ਉਸ ਵਜੂਦ ਤੋਂ ਖਹਿੜਾ ਮਤਲਬ ਮੌਤ ਦੀ ਬੇਸਬਰੀ ਨਾਲ ਉਡੀਕ ਕਰ ਰਹੇ ਹਨ। ਉਸੇ ਦੇ ਪੈਰ ਤੋਂ ਪੁਰਾਣੀ ਮੈਲੀ ਪੱਟੀ ਕੱਟ, ਬੜੀ ‘ਪਵਿੱਤਰ ਜ਼ੁੰਮੇਵਾਰੀ’ ਨਿਭਾਉਣ ਵਾਲੇ ਹਨ, ‘ਅੰਗੂਠੇ ਨਹੀਂ ਬੰਨਣੇ ਇਹਦੇ।” ਨਸੀਰ ਅਹਿਮਦ ਨੇ ਇਕ ਮੰਦੇਹਾਲ ਭਿਖਾਰੀ ਦੇ ਤ੍ਰਾਸਦਿਕ ਵਜੂਦ ਦੇ ਇਹ ਪਲ ਪਕੜ ਅਸਲ ਵਿਚ ਸਾਡੀ ਅਖੌਤੀ ਤਹਿਜੀਬ ਦੇ ਮੂੰਹ ਤੇ ਚਪੇੜ ਮਾਰੀ ਹੈ।

**ਮਹਿਲ ਸਿੰਘ** : ਇਹ ਇਕ ਪ੍ਰਤੀਕਾਤਮਿਕ ਕਹਾਣੀ ਹੈ। ਇਸ ਵਿਚ ਸਥਿਤੀ ਦਾ ਰਹੱਸ ਵੀ ਹੈ ਤੇ ਸੁਹਜ ਵੀ। ਇਸ ਕਹਾਣੀ ਵਿਚ ਫੌਜੀ ਬੂਟ ਰਾਹੀਂ ਪੈਰ ਦੇ ਅੰਗੂਠੇ ਨੂੰ ਬੰਦ ਕਰਨ ਦਾ ਅਹਿਮ ਵੇਰਵਾ ਹੈ। ਇਹ ਵੇਰਵਾ ਪਾਕਿਸਤਾਨੀ ਅਵਾਮ ਨੂੰ ਫੌਜੀ ਰਾਜ ਵਿਚ ਬੰਨ੍ਹੀ ਰੱਖਣ ਦਾ

ਪ੍ਰਤੌਅ ਹੈ। ਇਸ ਕਹਾਣੀ ਵਿਚ ਤਾਵੀਜ. ਦੇ ਧਾਗੇ ਦੇ ਤਸਮੇ ਦਾ ਭਾਵ ਇਹ ਹੈ ਕਿ ਸਟੇਟ ਜਾਂ ਹਕੂਮਤ ਨੂੰ ਧਰਮ ਦੀ ਇਸਲਾਮੀ ਤਾਕਤ ਦਾ ਵੀ ਪੂਰਾ ਆਸਰਾ ਹੈ। ਆਮ ਪਾਕਿਸਤਾਨੀ ਅਵਾਮ ਦੀ ਕਿਸਮਤ ਰੂੜ੍ਹੀਆਂ ਦੇ ਪ੍ਰਤੀਕ ਤਹਿਤ ਆਰਥਿਕ ਮੰਦਹਾਲੀ ਤੇ ਗਰੀਬੀ ਵਿਚ ਬੱਝੀ ਨਜ਼ਰ ਆਉਂਦੀ ਹੈ। ਜਿਉਂਦੇ-ਜੀਅ ਜੋ ਵਿਵਸਥਾ ਤੁਹਾਨੂੰ ਪੂਰੀ ਤਰ੍ਹਾਂ ਆਪਣੇ ਅਧੀਨ ਬਣਾ ਕੇ ਰੱਖਦੀ ਹੈ, ਮਰਨ ਉਪਰੰਤ ਉਹੀ ਵਿਵਸਥਾ ਤੁਹਾਨੂੰ ਇਕ ਤਰ੍ਹਾਂ ਨਾਲ ਖੁੱਲ੍ਹਾ ਛੱਡ ਦੇਣ ਦਾ ਰਾਹ ਦੇਂਦੀ ਹੈ। ਅਜੇਹੀ ਸਥਿਤੀ ਪਾਕਿਸਤਾਨੀ ਮਨੁੱਖੀ ਜੀਵਨ ਸੰਬੰਧੀ ਗਹਿਰਾ ਕਟਾਖਸ ਬੰਨਦੀ ਨਜ਼ਰ ਆਉਂਦੀ ਹੈ।

**ਮਨੀਸ਼ ਕੁਮਾਰ** : ਕਹਾਣੀ ਉੱਤਮ ਪੁਰਖੀ ਪਾਤਰ ਪ੍ਰਧਾਨ ਹੈ। ਕਹਾਣੀ ਦਾ ਮੈਂ ਪਾਤਰ ਮੰਡੀਕਰਨ ਦੀ ਵਿਵਸਥਾ ਵੱਲੋਂ ਦਬਾਏ ਜਾ ਰਹੇ ਸਮਾਜ ਦੇ ਬਿਲਕੁੱਲ ਨਿਚਲੇ ਵਰਗ ਦੀ ਘੋਰ ਦੁਖਾਂਤਕ ਜ਼ਿੰਦਗੀ ਦੀ ਸਥਿਤੀ ਨੂੰ ਬਿਆਨ ਕਰਦਾ ਹੈ। ਕਹਾਣੀ ਵਿਚ ਉਸਦੇ ਇੱਕ ਪੈਰ ਵਿੱਚ ਖਸਤਾ ਹਾਲਤ ਵਾਲੀ ਚੱਪਲ ਅਤੇ ਦੂਸਰੇ ਪੈਰ ਵਿੱਚ ਖਿੱਲਰੇ-ਖਿੰਡਰੇ ਬੂਟ ਨਿਮਨ ਸਮਾਜ ਦੀ ਚੂਰ-ਚੂਰ ਹੋਈ ਆਰਥਿਕ ਸਥਿਤੀ ਦਾ ਚਿਹਨ ਬਣਦੇ ਹਨ। ਕਹਾਣੀ ਵਿੱਚ ਉਸ ਦਾ ਅੰਗੂਠਾ ਸੱਟ ਕਾਰਨ ਦਰਦ ਅਤੇ ਖ਼ੂਨ ਨਾਲ ਲਥਪਥ ਹੁੰਦਾ ਹੈ। ਇਸ ਤੋਂ ਬਿਨ੍ਹਾਂ ਕਹਾਣੀ ਪਾਠ ਵਿੱਚ ਉਸਦੇ ਦੂਜੇ ਪੈਰ ਵਿੱਚ ਰੂੜੀ ਵਿੱਚੋਂ ਕੱਚ ਲੱਗਣ ਕਾਰਨ ਜ਼ਖ਼ਮੀ ਹੋ ਜਾਂਦਾ ਹੈ। ਇਸ ਗੱਲ ਉੱਪਰ ਉਸ ਦਾ ਸ਼ੁਕਰ ਮਨਾਉਣਾ ਉਸ ਦੀ ਸਮਕਾਲੀ ਸਥਿਤੀ ਨਾਲ ਸਮਝੌਤਾਵਾਦੀ ਬਿਰਤੀ ਹੈ। ਇਸ ਤੋਂ ਇਲਾਵਾ ਜਦੋਂ ਮੁੱਖ ਪਾਤਰ ਆਪਣੇ ਪੈਰ ਦੇ ਅੰਗੂਠੇ ’ਤੇ ਡਿਸਪੈਂਸਰੀ ਵਿਚ ਮੱਲ੍ਹਮ ਪੱਟੀ ਕਰਾਉਣ ਜਾਂਦਾ ਹੈ ਤਾਂ ਡਾਕਟਰ ਅਤੇ ਕੰਪੋਡਰ ਉਸ ਨੂੰ ਮਜ਼ਾਕ ਦਾ ਪਾਤਰ ਬਣਾਉਂਦੇ ਹਨ। ਉਹ ਉਸ ਦੇ ਅੰਗੂਠੇ ਤੇ ਪੁਰਾਣੀ ਪੱਟੀ ਨੂੰ ਦੋਹਾਂ ਸਿਰਿਆਂ ਤੋਂ ਕੱਟ ਕੇ ਭਾਵ ਪੁਰਾਣੀ ਪੱਟੀ ਨੂੰ ਹੀ ਦੁਬਾਰਾ ਕਰਦੇ ਹਨ ਜੋ ਸਿਸਟਮ ਦੀ ਭ੍ਰਿਸ਼ਟਾਚਾਰ/ਗ਼ੈਰ-ਮਨੁੱਖੀ ਮਾਨਸਿਕਤਾ ਨੂੰ ਨਸ਼ਰ ਕਰਦਾ ਹੈ।

ਕਹਾਣੀ ਵਿਚ ਵਜੂਦ ਉਸਦੇ ਪੈਰ ਦਾ ਅੰਗੂਠਾ ਹੈ ਜਿਸ ਦੀ ਬਦੌਲਤ ਉਹ ਤੁਰਦਾ, ਮੰਗਣ ਦਾ ਕਾਰਜ ਕਰਦਾ ਹੈ। ਜਿਸ ਰਾਹੀਂ ਲੇਖਕ ਨੇ ਹੇਠਲੇ ਵਰਗ ਦੇ ਮੰਗਣਵਾਦ ਦੇ ਵਰਤਾਰੇ ਨੂੰ ਵੀ ਨਸ਼ਰ ਕੀਤਾ ਹੈ। ਉਸਦੇ ਅੰਗੂਠੇ ਉੱਪਰ ਸੱਟ ਲੱਗਣੀ ਉਸਦੀ ਅਮਾਨਵੀ ਤਰੀਕੇ ਨਾਲ ਆਰਥਿਕਤਾ ਦੇ ਸਾਧਨ ਉੱਤੇ ਖ਼ਤਰੇ ਦਾ ਚਿਹਨ ਹੈ। ਡਾਕਟਰ ਵਰਗ ਦਾ ਉਸ ਪ੍ਰਤੀ ਨਿਰਦਈ ਵਿਹਾਰ ਸਮਾਜਿਕ ਵਿਵਸਥਾ ਦੁਆਰਾ ਹਾਸ਼ੀਏ ‘ਤੇ ਕੀਤੇ ਅਜਿਹੇ ਵਰਗਾਂ ਦੀ ਆਰਥਿਕ/ਸਮਾਜਿਕ ਸਥਿਤੀ ਨੂੰ ਪੇਸ਼ ਕਰਦਾ ਹੈ। ਲੇਖਕ ਮੁੱਖ ਤੌਰ ‘ਤੇ ਉੱਤਮ ਪੁਰਖੀ ਬਿਰਤਾਂਤ/ਵਿਸਥਾਰ ਸਿਰਜਦਾ, ਸੰਵਾਦ ਅਤੇ ਦ੍ਰਿਸ਼ ਵਰਣਨ ਦੀਆਂ ਜੁਗਤਾਂ ਨੂੰ ਆਧਾਰ ਬਣਾ ਕੇ ਕਹਾਣੀ ਵਿਸ਼ਿਆਂ ਨੂੰ ਉਘਾੜਦਾ ਹੈ। ਕਹਾਣੀ ਜਿੱਥੇ ਆਰਥਿਕ ਸਾਧਨ ਵਿਹੂਣੇ ਸਮਾਜ ਦੀ ਦਸ਼ਾ-ਦਿਸ਼ਾ ਨੂੰ ਰੂਪਮਾਨ ਕਰਨ ਲਈ ਅੰਗੂਠਾ ਵਜੂਦ ਵਜ਼ਨਦਾਰ ਚਿਹਨ ਬਣਦੇ ਹਨ, ਉੱਥੇ ਹੀ ਸ਼ਬਦ ‘ਵਜੂਦ’ ਦੀ ਵਰਤੋਂ ਬਹੁਤਾਤ ਵਜੋਂ ਹੋਈ ਹੋਣ ਕਰਕੇ ਪ੍ਰਤੀਕ ਪ੍ਰਬੰਧ ਨੂੰ ਸੰਘਣਤਾ ਵੀ ਪ੍ਰਦਾਨ ਕਰਦਾ ਹੈ ਜੋ ਕਹਾਣੀ ਸੰਚਾਰ ਅਤੇ ਲੇਖਕ ਦੀ ਮੂਲ ਵਿਚਾਰਧਾਰਕ ਦ੍ਰਿਸ਼ਟੀ ‘ਤੇ ਅੰਕੁਸ਼ ਲਗਾਉਂਦਾ ਹੈ। ਇਸ ਤੋਂ ਬਿਨ੍ਹਾਂ ਵਜੂਦ ਇਕ ਅਰਥ ਵਜੋਂ ਨਹੀਂ ਸਗੋਂ ਬਹੁ-ਅਰਥ ਵਜੋਂ ਸਾਹਮਣੇ ਆਉਂਦਾ ਹੈ। ਕਹਾਣੀ ਦੇ ਅੰਤ ਵਿੱਚ ਚਿੱਟਾ ਕੋਟ ਅਤੇ ਅੰਗੂਠੇ ਬੰਨ੍ਹਣੇ ਬੁਰਜੂਆ

ਨਿਜ਼ਾਮ ਵੱਲੋਂ ਪ੍ਰੋਲਿਤਾਰੀ ਜਮਾਤ ਨੂੰ ਆਰਥਿਕ, ਸਮਾਜਿਕ, ਸੱਭਿਆਚਾਰਕ ਅਧਿਕਾਰਾਂ ਪਾਸੋਂ ਵੰਚਿਤ ਕਰਨ ਦੇ ਪ੍ਰਤੀਕ ਹੋ ਨਿਬੜਦੇ ਹਨ। ਕਹਾਣੀ ਦੀ ਭਾਸ਼ਾ ਸਰਲ-ਸਾਦੀ ਹੈ ਅਤੇ ਕਹਾਣੀ ਦਾ ਇਕਹਿਰਾ ਬਰਤਾਂਤ ਕਹਾਣੀ ਦਾ ਮੁੱਖ ਹਾਸਲ ਹੈ।

**ਕੁਲਵੰਤ ਸੰਧੂ** : ਪਾਕਿਸਤਾਨ ਵਿਚ ਲੰਮਾ ਸਮਾ ਫ਼ੌਜੀ ਤਾਨਸ਼ਾਹ ਹਕੂਮਤ ਹੋਣ ਕਰਕੇ ਲੋਕਾਂ ਦੇ ਬੋਲਣ ਤੇ ਪਾਬੰਦੀ ਹੋਣ ਕਰਕੇ, ਲੋਕਾਂ ਨੇ ਆਪਣੀ ਗੱਲ ਕਹਿਣ ਦੇ ਅੰਦਾਜ਼ ਵਿਚ ਤਬਦੀਲੀ ਲਿਆਂਦੀ ਤੇ ਪ੍ਰਤੀਕਾਂ/ਬਿੰਬਾਂ ਦੀ ਵਰਤੋਂ ਰਾਹੀਂ ਲੁਕਵੇਂ ਰੂਪ ਵਿਚ ਆਪਣੀ ਗੱਲ ਕਹਿਣ ਲਈ 'ਵੱਖੋ-ਵੱਖਰੀਆਂ ਜੁਗਤਾਂ ਦੀ ਵਰਤੋਂ ਕਰਨ ਲੱਗੇ, ਪਰ ਇਹ ਜੁਗਤਾਂ ਵੀ ਸਭਿਆਚਾਰਕ ਕਦਰਾਂ-ਕੀਮਤਾਂ ਨਾਲ ਵਾ-ਬਸਤਾ ਹੋਣ ਕਰਕੇ ਹੀ ਪ੍ਰਾਸੰਗਿਕ ਹੁੰਦੀਆਂ ਹਨ ਤੇ ਇਹਨਾਂ ਦੇ ਅਰਥ ਵੀ ਉਸੇ ਹੀ ਪ੍ਰਸੰਗ ਵਿਚ ਸਮਝੇ/ਸਮਝਾਏ ਜਾ ਸਕਣੇ ਸੰਭਵ ਹੁੰਦੇ ਹਨ। ਇਹ ਕਹਾਣੀ ਵੀ ਅਜਿਹੀਆਂ ਹੀ ਜੁਗਤਾਂ ਨੂੰ ਗਲਪ ਵਿਚ ਢਾਲਣ ਦਾ ਯਤਨ ਹੈ। ਕਹਾਣੀ ਦਾ ਅਰੰਭ ਹੱਥ ਦੇ ਅੰਗੂਠੇ ਤੇ ਟੱਡੀ ਹੋਈ ਤਲੀ ਤੋਂ ਹੁੰਦਾ ਹੈ ਜੋ ਵਿਅਕਤੀ ਦੀ ਲਾਚਾਰੀ ਤੇ ਬੇ-ਬਸੀ ਨੂੰ ਪ੍ਰਗਟਾਉਂਦੀ ਹੈ। ਫਿਰ ਇਹ ਕਹਾਣੀ ਪੈਰ ਤੇ ਅੰਗੂਠੇ 'ਤੇ ਸਿਫ਼ਟ ਹੋ ਜਾਂਦੀ ਹੈ ਜਿਸ ਦਾ ਸਿਰ ਗੁਰਜ ਵਰਗਾ ਕੇ ਵਜੂਦ ਪਤਲਾ ਹੈ। ਇਹ ਪਤਲਾ ਵਜੂਦ ਗੁਰਜ ਵਰਗੇ ਅੰਗੂਠੇ ਦਾ ਭਾਰ ਚੁਕ ਸਕਣ ਤੋਂ ਅਸਮਰਥ ਹੈ। ਜਾ ਅੰਗੂਠਾ ਪਾਕਿਸਤਾਨ ਦੇ ਵਜੂਦ ਦਾ ਪ੍ਰਤੀਕ ਹੈ ਜੋ ਫੌਜੀ ਬੂਟ ਵਿਚ ਕੈਦ ਹੈ ਜਿਸ ਦਾ ਤਸਮਾ ਤਾਵੀਜ਼ ਦੀ ਡੋਰੀ ਦਾ ਹੈ। ਭਾਵੇਂ ਫੌਜ ਤੇ ਧਰਮ ਦੇ ਗਠਜੋੜ ਕਾਰਣ ਲੋਕਾਂ ਦੀ ਜ਼ਿੰਦਗੀ ਵਧੇਰੇ ਦੁਸ਼ਵਾਰ ਹੁੰਦੀ ਜਾ ਰਹੀ ਹੈ, ਜਦੋਂ ਤੱਕ ਪੈਰ ਬੂਟ ਵਿਚ ਕੈਦ ਹੈ ਲੋਕਾਂ ਨੂੰ ਅਹਿਸਾਸ ਨਹੀਂ ਹਨ ਕਿ ਇਸ ਨੇ ਉਨ੍ਹਾਂ ਦੀ ਜ਼ਿੰਦਗੀ ਨੂੰ ਕਿਸ ਤਰ੍ਹਾਂ ਦੁਸ਼ਵਾਰ ਬਣਾਇਆ ਹੋਇਆ ਹੈ। ਬੂਟ ਲੱਭਣ ਤੋਂ ਬਾਅਦ ਹੀ ਪਤਾ ਚੱਲਦਾ ਹੈ ਕਿ ਇਸ ਨੇ ਅੰਗੂਠੇ ਨੂੰ ਕਿੱਥੋਂ-ਕਿੱਥੋਂ ਛਿੱਲ ਦਿੱਤਾ ਹੈ। ਬੂਟ ਲੱਭਣ ਤੋਂ ਬਾਅਦ ਵੀ ਆਮ ਲੋਕਾਂ ਦੀ ਜ਼ਿੰਦਗੀ 'ਚ ਕੋਈ ਸੁਖਾਵੀਂ ਤਬਦੀਲੀ ਨਹੀਂ ਆਉਂਦੀ। ਨਵੀਂ ਵਿਵਸਥਾ ਵੀ ਆਮ ਆਦਮੀ ਵਿਚਲੀ ਬਚੀ ਹੋਈ ਆਦਮੀਅਤ ਦੀ ਮੌਤ ਦੀ ਉਡੀਕ ਵਿਚ ਵਿਚਰਦੀ ਹੈ।

**ਪਰਮਜੀਤ ਮੀਸ਼ਾ**: ਇਹ ਕਹਾਣੀ ਪਾਕਿਸਤਾਨ ਦੇ ਆਰਥਿਕ ਵਜੂਦ ਨੂੰ ਟੱਡੇ ਹੋਏ ਹੱਥ ਦੀ ਅਜਿਹੀ ਤਲੀ ਦੇ ਰੂਪ ਵਿੱਚ ਪੇਸ਼ ਕਰਦੀ ਹੈ, ਜਿਸਦੀ ਅੱਖ ਇਸ ਕਰਕੇ ਨਿੰਮੋਝਾਣ ਹੋ ਚੁੱਕੀ ਹੈ ਕਿ ਮੰਗਦਾ ਭਾਵੇਂ ਸਿਰਫ਼ ਸੱਜਾ ਹੱਥ ਹੈ ਪਰ ਜਿਸਮ ਦਾ ਸਮੁੱਚਾ ਵਜੂਦ ਹੀ ਟੱਡੀ ਹੋਈ ਤਲੀ ਬਣ ਜਾਂਦਾ ਹੈ। ਅਜਿਹੇ ਵਜੂਦ ਦਾ ਦੁਖਾਂਤ ਉਸਦੀ ਇਸ ਸੋਚ ਵਿੱਚ ਪਿਆ ਹੈ, ਜਿਸ ਅਧੀਨ ਉਹ ਲੋਕੋਂ ਪਤਲੇ ਤੇ ਗੁਰਜ ਵਰਗੇ ਸਿਰ ਵਾਲੇ ਸੱਜੇ ਪੈਰ ਦੇ ਅੰਗੂਠੇ ਨੂੰ ਆਪਣੀ ਸਮੁੱਚੀ ਤਾਕਤ ਸਮਝਣ ਦਾ ਅਜੇ ਵੀ ਭਰਮ ਪਾਲੀ ਬੈਠਾ ਹੈ।

ਪ੍ਰਤੀਕਾਤਮਕ ਢੰਗ ਨਾਲ ਪਾਕਿਸਤਾਨ ਦੀ ਬਦਹਾਲ ਹੋਂਦ ਨੂੰ ਰੂੜੀ ਤੋਂ ਲੱਭੇ ਪੁਰਾਣੇ, ਪਾਟੇ, ਪੱਥਰ ਹੋਏ ਪਤਾਵੇ ਵਾਲੇ ਬੂਟ (ਫ਼ੌਜੀ ਨਿਜ਼ਾਮ) ਅਤੇ ਤਾਵੀਜ਼ ਦੀ ਕਾਲੀ ਡੋਰੀ ਵਰਗੇ ਸੂਤਰ (ਧਰਮ) ਜਿਹੇ ਤਸਮਿਆਂ ਵਿੱਚ ਬੱਝਾ ਵਿਖਾਇਆ ਗਿਆ ਹੈ। ਇਸ ਦਾ ਸੱਜਾ ਪੈਰ ਕੱਛੂਕੰਮੇ ਦੀ ਖਲ ਵਰਗੇ ਬੂਟ (ਫ਼ੌਜ) ਦੀ ਸਖਤਾਈ ਝੱਲਦਾ ਹੋਇਆ ਵੀ ਇਹ ਸਮਝਣ ਯੋਗ ਨਹੀਂ ਰਿਹਾ ਕਿ ਯਖ ਸੀਤ ਹਵਾ ਕਿਧਰੋਂ ਅੰਦਰ ਆ ਰਹੀ ਹੈ ਤੇ ਇਸਦਾ ਖੱਬਾ ਪੈਰ ਅਤਿ ਗ਼ਰੀਬੀ ਵਿੱਚ ਕੈਂਚੀ ਚੱਪਲ ਪਾ ਕੇ ਹਯਾਤੀ ਦਾ ਸਫ਼ਰ ਲੰਘਾ ਰਿਹਾ ਹੈ।

ਡਿਸਪੈਂਸਰੀ ਵਿੱਚ ਸਟਰੇਚਰ 'ਤੇ ਪਏ ਪੈਰ ਦੇ ਵਜੂਦ ਨੂੰ ਬੂਟ ਲੱਥਣ ਤੋਂ ਬਾਅਦ ਪਤਾ ਲੱਗ ਰਿਹਾ ਹੈ ਕਿ ਹੁਣ ਇਹ ਪੈਰ ਭਾਰ ਝੱਲਣਯੋਗ ਨਹੀਂ ਰਿਹਾ। ਕਹਾਣੀ ਦੀਆਂ ਇਹ ਮਹੱਤਵਪੂਰਨ ਸਤਰਾਂ ਨਾ ਕਹਿੰਦਿਆਂ ਹੋਇਆਂ ਵੀ ਅਯੂਬ ਖ਼ਾਂ, ਯਹੀਆਂ ਖ਼ਾਂ, ਜ਼ਿਆ-ਉਲ-ਹੱਕ ਤੇ ਮੁਸ਼ਰਫ ਦੇ ਫ਼ੌਜੀ ਤਾਨਾਸ਼ਾਹੀ ਜ਼ੁਲਮ ਦੀ ਅਜਿਹੀ ਮੂੰਹ ਬੋਲਦੀ ਤਸਵੀਰ ਹਨ, ਜਿਸ ਵਿੱਚੋਂ ਮੌਜੂਦਾ ਪਾਕਿਸਤਾਨ ਆਪਣੇ ਆਖ਼ੀਰਲੇ ਸਾਹ ਲੈਂਦਾ ਵਖਾਇਆ ਗਿਆ ਹੈ। ਆਖ਼ੀਰਲੇ ਇਸਨੂੰ ਬਚਾਉਣ ਦੀ ਸਮਰੱਥਾ ਰੱਖਣ ਵਾਲੇ ਡਾਕਟਰ ਅਤੇ ਉਹਨਾਂ ਦੀ ਢਾਣੀ ਵੀ ਬਦਨੀਤ ਹੋ ਚੁੱਕੀ ਹੈ।

**ਸ਼ਰਨਜੀਤ ਕੌਰ** : ਇਹ ਕਹਾਣੀ ਪ੍ਰਤੀਕਾਤਮਕ ਸ਼ੈਲੀ ਰਾਹੀਂ ਸਮਾਜ ਦੇ ਕੋਝੇ ਪੱਖਾਂ ਵੱਲ ਸੰਕੇਤ ਕਰ ਰਹੀ ਹੈ। ਗੁੰਝਲਦਾਰ ਬਿਰਤਾਂਤ ਵਿਚ ਢਲੀ ਕਹਾਣੀ ਬਹੁ-ਦਿਸ਼ਾਵੀ ਸੱਚ ਨੂੰ ਪੇਸ਼ ਕਰਦੀ ਹੈ। ਕਹਾਣੀ ਪ੍ਰਮੁੱਖ ਤੌਰ 'ਤੇ ਸਾਧਨਹੀਣ ਅਤੇ ਬੇਆਸਰਾ ਲੋਕਾਂ ਦੇ ਜੀਵਨ ਦੁਖਾਂਤ ਦਾ ਚਿੱਤਰ ਖਿੱਚ ਰਹੀ ਹੈ ਜੋ ਸਾਰੀ ਉਮਰ ਆਪਣਾ ਹੀ 'ਭਾਰ' ਚੁੱਕਣ ਦੀ ਸਮਰੱਥਾ ਜੁਟਾਉਣ ਵਿਚ ਲਗਾ ਦਿੰਦੇ ਹਨ ਪਰ ਇੱਛਾ ਤੇ ਸਥਿਤੀ ਦੇ ਦਵੰਦ ਵਿਚੋਂ ਉਪਜਿਆ ਤੀਜਾ ਸੱਚ ਉਹਨਾਂ ਦੇ ਵਜੂਦ ਨੂੰ ਆਖ਼ਰ ਖਿੰਨ ਖਿੰਨ ਕਰ ਦਿੰਦਾ ਹੈ ਅਤੇ ਉਹ ਰੂੜੀ ਦੀ ਢੇਰੀ ਬਣ ਕੇ ਹੀ ਰਹਿ ਜਾਂਦੇ ਹਨ। ਕਹਾਣੀ ਦਾ ਇਕੱਲਾ ਇਕੱਲਾ ਵਾਕ ਬਹੁਅਰਥਕ ਹੈ। ਇਸ ਕਹਾਣੀ ਅੰਦਰਲੀਆਂ ਬਹੁਅਰਥਕ ਧੁਨੀਆਂ ਕਿਤੇ ਨਾ ਕਿਤੇ ਅਸਪੱਸ਼ਟਤਾ ਦੇ ਆਲਮ ਦਾ ਕਾਰਨ ਵੀ ਬਣਦੀਆਂ ਹਨ ਪਰ 'ਖਿੰਡਾਅ' ਦੇ ਅਰਥਾਂ ਨੂੰ ਜਿਸ ਪ੍ਰਕਾਰ ਕਹਾਣੀਕਾਰ ਨੇ ਬਿਰਤਾਂਤ ਦੇ ਵਿਚ ਢਾਲਿਆ ਹੈ, ਉਹ ਸਲਾਹੁਣਯੋਗ ਹੈ।

**ਜਸ ਮੰਡ** : ਸਾਡੇ ਵਲੋਂ ਵਿਚਾਰੀਆਂ ਜਾ ਰਹੀਆਂ ਸੱਤ ਕਹਾਣੀਆਂ ਵਿਚੋਂ ਨਸੀਰ ਅਹਿਮਦ ਦੀ ਕਹਾਣੀ 'ਅੰਗੂਠਾ' ਮੈਂ ਸਭ ਤੋਂ ਪਹਿਲਾਂ ਪੜ੍ਹੀ। ਲੇਖਕ ਨੇ ਅੰਗੂਠੇ ਦੇ ਮੈਟਾਫਰ ਨੂੰ ਬਹੁਤ ਸੁਹਣੇ ਤਰੀਕੇ ਨਾਲ ਵਰਤਿਆ ਹੈ। ਹੱਥ ਦਾ ਅੰਗੂਠਾ, ਜਿਹੜਾ ਮੁੱਠ ਬੰਦ ਕਰਨ ਵੇਲੇ ਉਂਗਲਾਂ ਓਹਲੇ ਲੁਕ ਜਾਂਦਾ ਹੈ। ਪੈਰ ਦਾ ਅੰਗੂਠਾ, ਜਿਹੜਾ ਕੱਪੜੇ ਦੀ ਇਕ ਟਾਕੀ ਨਾਲ ਬੰਨ੍ਹੇ ਜਾਣ ਵੇਲੇ ਮੌਤ ਦੀ ਨਿਸ਼ਾਨੀ ਹੈ।

ਕਹਾਣੀ ਦੇ ਸ਼ੁਰੂਆਤੀ ਫਿਕਰਿਆਂ ਵਿਚ ਹੀ ਲੇਖਕ ਦੇ ਦਰਸ਼ਨ ਏ ਦੀਦਾਰ ਹੋ ਜਾਂਦੇ ਹਨ: "ਮੁਠ ਈ ਨਾ ਮੀਟੀ ਜਾਏ ਤੇ ਤਲ਼ੀ ਟੱਡਣ ਦਾ ਕੀਹ ਫ਼ਾਇਦਾ....ਏਸ ਲਈ ਉਂਗਲੀਆਂ ਬਹੁਤ ਜ਼ਰੂਰੀ ਨੇ। ਉਂਜ ਵੀ ਟੱਡੀ ਭਾਵੇਂ ਤਲ਼ੀ ਹੀ ਜਾਂਦੀ ਏ ਪਰ ਮੰਗਦਾ ਸਾਰਾ ਵਜੂਦ ਏ। ਤਲ਼ੀ ਟੱਡਣ ਦੀ ਦੇਰ ਹੁੰਦੀ ਏ ਕਿ ਪੂਰਾ ਵਜੂਦ ਈ ਟੱਡੀ ਹੋਈ ਤਲ਼ੀ ਬਣ ਜਾਂਦਾ ਏ।"

ਹਜ਼ਾਰ ਕੁ ਸ਼ਬਦਾਂ ਦੀ ਨਿੱਕੀ ਜਿਹੀ ਕਹਾਣੀ ਵਿਚ ਇਕ ਇਕ ਗਰੀਬ/ਮੰਗਤੇ ਦੇ ਬਚਪਨ ਤੋਂ ਮੌਤ ਤੱਕ ਦੇ ਸਫਰ ਦੀ ਪੂਰੀ ਤਸਵੀਰ ਤੁਹਾਡੇ ਸਾਹਮਣੇ ਪੇਸ਼ ਹੋ ਜਾਂਦੀ ਹੈ। ਕੁਝ ਕੁ ਫਿਕਰਿਆਂ ਵਿਚ ਮੰਗਤੇ ਦਾ ਪੂਰਾ ਹੁਲੀਆ ਅਤੇ ਉਹਦਾ ਪਹਿਰਾਵਾ, ਉਹਦੀ ਠਾਹਰ ਅਤੇ ਉਹਦਾ ਚੌਗਿਰਦਾ ਪਾਠਕ ਮੂਹਰੇ ਪੇਸ਼ ਹੁੰਦਾ ਹੈ। ਹਸਪਤਾਲ ਵਿਚ ਗਰੀਬ ਨਾਲ ਕਿਹੋ ਜਿਹਾ ਸਲੂਕ ਹੁੰਦਾ ਹੈ, ਭਾਵੇਂ ਕਹਿਣ ਨੂੰ ਉਹ ਚੈਰੀਟੇਬਲ ਹੋਵੇ। ਮਨੁੱਖ, ਜਿਹੜਾ ਉਂਝ ਤਾਂ ਤਰਸਯੋਗ ਜ਼ਿੰਦਗੀ ਬਤੀਤ ਕਰ ਰਿਹਾ ਹੈ, ਪਰੰਤੂ ਅੰਦਰਲੇ ਵਲਵਲਿਆਂ ਤੋਂ ਖਾਲੀ ਨਹੀਂ। ਬਾਲ ਨੂੰ ਦੁੱਧ ਚੁਘਾਂਦੀ ਅਰਧ-ਨਗਨ ਔਰਤ ਨੂੰ ਵੇਖ ਕੇ ਉਸਦੇ ਪੈਰ ਦੀਆਂ ਉਂਗਲਾਂ ਵੀ ਅੰਦਰ ਵੱਲ

ਮੁੜਦੀਆਂ ਹਨ। ਵਿਸ਼ੇਸ਼ ਤੋਂ ਵਿਆਪਕ (Particular to Universal) ਤੱਕ ਦੀ ਦੂਰੀ ਤੈਅ ਕਰਦੀ ਹੋਈ ਇਹ ਕਹਾਣੀ ਪਾਕਿਸਤਾਨ ਦੀ ਜਨਤਾ ਦੀ ਹਾਲਤ ਦੀ ਕਹਾਣੀ ਵੀ ਹੈ ਅਤੇ ਜਿਵੇਂ ਪਰਮਜੀਤ ਮੀਸ਼ਾ ਆਪਣੇ ਪਰਚੇ ਵਿਚ ਲਿਖਦਾ ਹੈ, ਪਾਕਿਸਤਾਨ ਦੇ ਨਿਜ਼ਾਮ ਦੀ ਖਸਤਾ ਹਾਲਤ ਦੀ ਬਾਤ ਵੀ ਪਾਉਂਦੀ ਹੈ।

ਕਹਾਣੀ ਵਿਚ ਲੇਖਕ ਨੇ "ਵਜੂਦ" ਸ਼ਬਦ ਵਰਤਿਆ ਗਿਆ ਹੈ, ਜਿਹੜਾ 'ਸਰੀਰ' ਸ਼ਬਦ ਨਾਲੋਂ ਵਧੇਰੇ ਮੋਕਲਾ ਲਫਜ਼ ਹੈ।

ਕਹਾਣੀ ਵਿਚ ਵਰਤੇ ਗਏ ਕੁਝ ਸ਼ਬਦ ਜਾਂ ਕਥਨ ਮੇਰੇ ਲਈ ਨਵੇਂ ਸਨ, ਜਿਵੇਂ ਢੋਲ ਅੱਗੇ ਜੱਲੀ ਪਾ ਕੇ, ਖੱਬੇ ਹੱਥ ਦੇ ਪਿਛਲੇ ਪਾਸੇ ਧਦਰ ਬਣਾ ਕੇ, ਖ਼ੂਨ ਦੀ ਆਲਕਸ ਵਧਦੀ ਜਾ ਰਹੀ, ਆਦਿ। ਕੁੱਲ ਮਿਲਾ ਕੇ ਕਮਾਲ ਦੀ ਕਹਾਣੀ ਹੈ। ਸਾਡੇ ਵਲੋਂ ਵਿਚਾਰੀਆਂ ਜਾ ਰਹੀਆਂ ਕਹਾਣੀਆਂ ਵਿਚੋਂ ਅੱਵਲ ਨੰਬਰ ਦੀ।

**ਧਨਵੰਤ ਕੌਰ** : ਡਾ. ਮੀਸ਼ਾ ਨੇ ਆਪਣੇ ਪੇਪਰ ਵਿਚ ਅੰਗੂਠੇ ਨੂੰ ਪਾਕਿਸਤਾਨ ਦੇ ਪ੍ਰਤੀਕ ਵਜੋਂ ਡੀਕੋਡ ਕੀਤਾ ਹੈ। ਮੇਰੀ ਜਾਚੇ ਇਹ ਕਹਾਣੀ, ਕਹਾਣੀ ਵਿਧਾ ਦੀ ਸਮਰੱਥਾ ਅਤੇ ਪੜ੍ਹਨ ਦੀਆਂ ਸਭਾਵਨਾਵਾਂ ਦਾ ਅੰਦਾਜ਼ਾ ਦੇਣ ਵਾਲੀ ਇਹ ਇਕ ਸਸ਼ਕਤ ਪੇਸ਼ਕਾਰੀ ਹੈ। ਇਕ ਪਾਸੇ ਹਨ ਜਿਊਣ ਲਈ ਪੱਲੇ ਪਈਆਂ ਕਰੂਰ ਪਰਿਸਥਿਤੀਆਂ ਅਤੇ ਦੂਜੇ ਪਾਸੇ ਹਨ ਜਿਊਣ ਦੇ ਤਕਾਜ਼ੇ। ਮਨੁੱਖੀ ਵਜੂਦ ਦੇ ਇਕ ਅਸਲੋਂ ਹੀ ਨਿਗੂਣੇ ਜਾਪਦੇ ਅੰਗ, ਪੈਰ ਦੇ ਅੰਗੂਠੇ ਦੀ ਜ਼ਬਾਨੀ-ਦਰਸਾਈ ਮਨੁੱਖੀ ਵਜੂਦ ਦੀ ਮੰਦਹਾਲੀ ਜੇ ਇਸ ਦੀ ਸਤਾ ਤੇ ਦਿਖਦੀ ਪਰਤ ਹੈ ਤਾਂ ਮਨੁੱਖੀ ਸਕਾਫ਼ਤ ਅਤੇ ਸਖਾਵਤ ਵਲੋਂ ਮਨੁੱਖ ਦੇ ਜੀਣ ਥੀਣ ਵਿਚਲੇ ਅੰਤਰ ਨੂੰ ਮਾਪਣ ਲਈ ਸਿਰਜੀਆਂ ਕਸੌਟੀਆਂ ਇਸ ਕਹਾਣੀ ਬਿਰਤਾਂਤ ਦੀ ਡੂੰਘੀ ਸੰਰਚਨਾ ਵਿਚ ਪਈਆਂ ਰੌਂਅ ਵਾਂਗ ਪਛਾਣੀਆਂ ਜਾ ਸਕਦੀਆਂ ਹਨ। ਰੂੜ੍ਹੀਆਂ ਫਰੋਲਦੇ ਸੜਕ ਦੀ ਧੂੜ ਫੱਕਦੇ, ਮੰਗਪਿੰਨ ਖਾਂਦੇ, ਲੁੱਟਾਂ ਖੋਹਾਂ ਜਾਂ ਮਜ਼ਾਰਾਂ ਤੇ ਵੰਡੀਆਂ ਜਾਂਦੀਆਂ ਦੰਮਾਂ ਤੋਂ ਢਿੱਡ ਭਰਦੇ ਵਜੂਦਾਂ ਵਜੋਂ ਇਕ ਵਜੂਦ ਦਾ ਅੰਗ ਬਣਿਆ ਇਹ ਅੰਗੂਠਾ ਮਨੁੱਖੀ ਵਜੂਦਾਂ ਦੀ ਇਕ ਕੈਟਾਗਿਰੀ ਪਾਠਕ ਦੇ ਮਨ ਵਿਚ ਗੂੜ੍ਹੀ ਕਰ ਰਿਹਾ ਹੈ। ਦੁੱਧ ਪਿਆਂਦੀਆਂ ਫਕੀਰਨੀਆਂ, ਖੁਸਰਿਆਂ, ਮੰਗਤਿਆਂ ਦੀ, ਤਲੀਆਂ ਟੱਡਣ ਲਈ ਮਜਬੂਰ ਇਹ ਕੈਟਾਗਿਰੀ ਲੋਕਾਈ ਦਾ ਹੀ ਇਕ ਅੰਗ ਹੈ, ਕਿਉਂਕਿ ਇਨ੍ਹਾਂ ਦੀ ਚੇਤਨਾ ਨੇ, ਹਾਵਾਂ-ਤਾਵਾਂ ਨੇ ਹੀ ਨਹੀਂ, ਇਨ੍ਹਾਂ ਦੇ ਥੀਣ ਦੇ ਤਕਾਜ਼ਿਆਂ ਉਤੇ ਵੀ ਮਨੁੱਖ ਤੇ ਮਨੁੱਖਤਾ ਦੇ ਮੁੱਲ ਮੁਲਾਂਕਣ ਹੀ ਲਾਗੂ ਹੋਣੇ ਹਨ। ਤਲੀ ਟੱਡਿਆਂ ਮਨੁੱਖੀ ਵਜੂਦ ਨਮੋਸ਼ੀ ਮੰਨਦਾ ਹੈ, ਅੱਖ ਨਿੰਮੋਝਾਣ ਹੁੰਦੀ ਹੈ ਕਿਉਂਕਿ ਮਨੁੱਖੀ ਵਜੂਦ ਵਿਚ ਗੌਰਵ ਨਾਲ ਜੀਊਣਾ ਲੋਚਦੀ-ਥੀਣ ਦੀ ਹਰਕਤ-ਮਨੁੱਖੀ ਚੇਤਨਾ ਦਾ ਨਿਹਿਤ ਸਾਰ ਹੈ।

ਇਸ ਵਜੂਦ ਦੇ ਇਕ ਪੈਰ ਵਿਚ ਪੱਥਰ ਬਣੇ ਪਤਾਵੇ ਵਾਲਾ ਬੂਟ ਜਿਸ ਵਿਚ ਤਸਮੇਂ ਦੀ ਥਾਂ ਤਾਵੀਜ ਦੀ ਡੋਰੀ ਹੈ, ਦੂਜੇ ਪੈਰ ਵਿਚ ਕੈਂਚੀ ਚੱਪਲ ਜਿਸਦੀਆਂ ਵੱਧਰਾਂ ਵੀ ਹੁਣ ਫਰਾਕ ਦੀਆਂ ਲੀਰਾਂ ਨਾਲ ਬਣੀਆਂ ਹੋਈਆਂ ਹਨ, ਪਜਾਮੇ ਵਿਚ ਨਾਲੇ ਦੀ ਥਾਂ ਟਾਈ, ਖ਼ੈਰਾਤੀ ਡਿਸਪੈਂਸਰੀਆਂ ਵਰਗਾ ਸਭ ਕੁਝ ਜਿਸ ਪਾਸੇ ਸੈਨਤਾਂ ਕਰ ਰਿਹਾ ਹੈ, ਉਸ ਦੀਆਂ ਰਾਜਨੀਤਕ ਸੁਰਾਂ ਨੂੰ ਪਛਾਣਨ ਜਾਂ ਪਰੋਖੇ ਕਰਨਾ ਪਾਠਕ ਤੇ ਨਿਰਭਰ ਹੈ। ਕਹਾਣੀਕਾਰ ਤਾਂ ਇਹ ਸੈਨਤ ਵੀ ਸੁੱਟ ਰਿਹਾ ਹੈ ਕਿ 'ਜੇ ਮੁੱਠ ਈ ਨਾ ਮੀਟੀ ਜਾਏ ਤਾਂ ਤਲੀ ਟੱਡਣ ਦਾ ਕੀ ਫਾਇਦਾ ?' ਇਹ ਉਹ ਕਹਾਣੀ ਹੈ ਜਿਸ ਦਾ ਹਰ

ਵਾਕ ਡੀਕੋਡ ਕਰਕੇ ਹੀ ਕਹਾਣੀ ਦੀ ਰੇਂਜ ਅਤੇ ਮਹੱਤਤਾ ਨੂੰ ਸਮਝਿਆ ਜਾ ਸਕਦਾ ਹੈ। ਕਹਾਣੀ ਦੀਆਂ ਅੰਤਰ ਦ੍ਰਿਸ਼ਟੀਆਂ ਸਮਾਜਕ, ਰਾਜਨੀਤਕ ਵਿਆਖਿਆ ਵਿਸ਼ਲੇਸ਼ਣ ਤਕ ਹੀ ਸੀਮਤ ਨਹੀਂ, ਅਸਤਿਤਵਿਕ, ਵਿਚਾਰਧਾਰਕ ਗੋਲਾਈ ਨਾਲ ਇਕ ਮੁਕੰਮਲ ਕਲਾ ਕਿਰਤ ਸਿਰਜਦੀਆਂ ਹਨ। ਕਹਾਣੀ ਦਾ ਵਕਤ ਬਣਿਆ ਪੈਰ ਦਾ ਅੰਗੂਠਾ ਕਹਿ ਰਿਹਾ ਹੈ ਕਿ ਇਕੱਲੀ ਹੱਥ ਦੀ ਤਲੀ ਹੀ ਨਹੀਂ ਟੱਡੀ ਜਾਂਦੀ, ਪੂਰਾ ਵਜੂਦ ਟੱਡੀ ਤਲੀ ਬਣ ਜਾਂਦਾ ਹੈ, ਸਮੁੱਚੀ ਹੋਂਦ ਗਰਕਦੀ ਹੈ। ਪੈਰ ਦੀ ਵਜੂਦ ਕੋਲ/ਮਨੁੱਖ ਕੋਲ ਕੋਈ ਰਾਹ ਨਹੀਂ ਬਚਦਾ। ਕਹਾਣੀ ਦਾ ਵਿਚਾਰਧਾਰਕ ਪੈਂਤੜਾ ਬੇਹੱਦ ਨਿਰਣਾਇਕ ਹੀ ਨਹੀਂ ਬੇਹੱਦ ਕਲਾਤਮਕ ਤੇ ਮੌਲਿਕ ਬਿੰਬਾਵਲੀ ਵਿਚ ਪੇਸ਼ ਹੋਇਆ ਹੈ। ਕਹਾਣੀ ਦਾ ਵਾਕ ਹੈ 'ਜੇ ਮੁੱਕਾ ਬਣਨ ਦਾ ਵਲ ਜਾਣਦੀਆਂ ਤਾਂ ਤਲੀ ਟੱਡੀ ਹੀ ਕਿਉਂ ਜਾਂਦੀ ?' ਮੁੱਕਾ ਬਣਨ ਵਿਚ ਅੰਗੂਠੇ ਦਾ ਰੋਲ, ਅੰਗੂਠੇ ਵਿਚ ਜੀਉਣ ਦੀ ਹਰਕਤ-ਅਸਲੋਂ ਮੌਲਿਕ ਤੇ ਬੇਹੱਦ ਕਲਾਤਮਕ ਹੈ ਇਸ ਕਹਾਣੀ ਦਾ ਪ੍ਰਤੱਖਣ ਹੈ।

**ਡਾ. ਰਮਿੰਦਰ ਕੌਰ** : ਇਹ ਕਹਾਣੀ ਪ੍ਰਤੀਕਾਤਮਕ ਸ਼ੈਲੀ ਰਾਹੀਂ ਸਮਾਜ ਦੇ ਕੋਝੇ ਪੱਖਾਂ ਵੱਲ ਸੰਕੇਤ ਕਰ ਰਹੀ ਹੈ। ਗੁੰਝਲਦਾਰ ਬਿਰਤਾਂਤ ਵਿਚ ਢਲੀ ਕਹਾਣੀ ਬਹੁ-ਦਿਸ਼ਾਵੀ ਸੱਚ ਨੂੰ ਪੇਸ਼ ਕਰਦੀ ਹੈ। ਕਹਾਣੀ ਪ੍ਰਮੁੱਖ ਤੌਰ 'ਤੇ ਸਾਧਨਹੀਣ ਅਤੇ ਬੇਆਸਰਾ ਲੋਕਾਂ ਦੇ ਜੀਵਨ ਦੁਖਾਂਤ ਦਾ ਚਿੱਤਰ ਖਿੱਚ ਰਹੀ ਹੈ ਜੋ ਸਾਰੀ ਉਮਰ ਆਪਣਾ ਹੀ ਭਾਰ ਚੁੱਕਣ ਦੀ ਸਮਰੱਥਾ ਜੁਟਾਉਣ ਵਿਚ ਲਗਾ ਦਿੰਦੇ ਹਨ ਪਰ ਇੱਛਾ ਤੇ ਸਥਿਤੀ ਦੇ ਦਵੰਦ ਵਿਚੋਂ ਉਪਜਿਆ ਤੀਜਾ ਸੱਚ ਉਹਨਾਂ ਦੇ ਵਜੂਦ ਨੂੰ ਆਖ਼ਰ ਖਿੰਨ ਖਿੰਨ ਕਰ ਦਿੰਦਾ ਹੈ ਅਤੇ ਉਹ ਰੂੜੀ ਦੀ ਢੇਰੀ ਬਣ ਕੇ ਹੀ ਰਹਿ ਜਾਂਦੇ ਹਨ। ਕਹਾਣੀ ਅਪ੍ਰਤੱਖ ਰੂਪ ਵਿਚ ਵਰਗ ਆਧਾਰਿਤ ਸਮਾਜ ਦੇ ਯਥਾਰਥ ਨਾਲ ਦਸਤਪੰਜਾ ਲੈ ਰਹੀ ਹੈ। ਕਹਾਣੀ ਦਾ ਇਕੱਲਾ ਇਕੱਲਾ ਵਾਕ ਬਹੁਅਰਥਕ ਹੈ। ਇਸ ਕਹਾਣੀ ਅੰਦਰਲੀਆਂ ਬਹੁਅਰਥਕ ਧੁਨੀਆਂ ਕਿਤੇ ਨਾ ਕਿਤੇ ਅਸਪਸ਼ਟਤਾ ਦੇ ਆਲਮ ਦਾ ਕਾਰਨ ਵੀ ਬਣਦੀਆਂ ਹਨ ਪਰ ਖਿੰਡਾਅ ਦੇ ਅਰਥਾਂ ਨੂੰ ਜਿਸ ਪ੍ਰਕਾਰ ਕਹਾਣੀਕਾਰ ਨੇ ਬਿਰਤਾਂਤ ਦੇ ਵਿਚ ਢਾਲਿਆ ਹੈ, ਉਹ ਸਲਾਹੁਣਯੋਗ ਹੈ।

**ਰਜਨੀਸ਼** : ਨਸੀਰ ਅਹਿਮਦ ਦੀ ਇਹ ਕਹਾਣੀ ਪ੍ਰਤੀਕਾਤਮਕ ਸ਼ੈਲੀ ਵਿਚ ਲਿਖੀ ਗਈ ਹੈ। ਇਸ ਲਈ ਇਸ ਉੱਤੇ ਟਿੱਪਣੀ ਕਰਦੇ ਹੋਏ ਵਿਦਵਾਨਾਂ ਨੇ ਵਿਚਾਰਾਂ ਨੂੰ ਜਟਿਲ ਭਾਸ਼ਾਈ ਲਿਹਾਫ਼ ਵਿਚ ਲਪੇਟਣ ਦੇ ਆਹਰ ਵਿਚ ਨਜ਼ਰ ਆਉਂਦੇ ਹਨ। ਇਸ ਵਿਚ ਕਹਾਣੀਕਾਰ ਪਾਤਰ ਨਾਮਜ਼ਦ ਨਹੀਂ ਕਰਦਾ, ਸਗੋਂ ਧਿਰਾਂ ਚੁਣਦਾ ਹੈ ਅਤੇ ਕਹਾਣੀ ਸੁਣਾਉਣ ਲਈ ਪਰੰਪਰਾਗਤ ਬਿਰਤਾਂਤ ਵਿਧੀ ਦੀ ਵਰਤੋਂ ਨਹੀਂ ਕਰਦਾ। ਇਸ ਦੇ ਕਾਰਣ ਫ਼ੌਜ/ਸੱਤਾ ਦੇ ਵਿਹਾਰ ਵਿਚ ਮੌਜੂਦ ਹਨ। ਪਾਕਿਸਤਾਨ ਦੀ ਨਿਰੰਕੁਸ਼ ਸੱਤਾ ਦੇ ਜੁਆੜਿਆਂ ਵਿਚ ਫਸਿਆ ਮਨੁੱਖ ਹੋਂਦ ਲਈ ਜੂਝ ਰਿਹਾ ਹੈ। ਮੰਗਤਿਆਂ ਵਾਲੀ ਜ਼ਿੰਦਗੀ, ਸਾਹ ਸੱਤਹੀਣ ਹੋਈ ਲੋਕਾਈ ਵਰਤਾਰੇ ਨੂੰ ਮਹਿਸੂਸਦੀ ਹੈ। ਮਨੁੱਖ ਵਜੂਦਮੰਗਣ ਦੀ ਮੁਦਰਾ ਵਿਚ ਹੈ। ਅਜਿਹੀ ਸਥਿਤੀ ਵਿਚ ਪ੍ਰਗਟਾਵੇ ਦਾ ਬਾਇਸ ਪ੍ਰਤੀਕਾਤਮਕ ਹੋ ਸਕਦੀ ਹੈ। ਇਸ ਵਿਚਲੀ ਸੂਖ਼ਮਤਾ ਨੂੰ ਸੰਜ਼ਮੀ ਸ਼ੈਲੀ ਵਿਚ ਮੁਲੰਕਣ ਅਤੇ ਵਿਸ਼ਲੇਸ਼ਣ ਕਰਨਾ ਕਠਿਨ ਹੈ। ਇਹ ਪਾਕਿਸਤਾਨੀ ਵਿਕਾਸ ਮਾਡਲ ਅਤੇ ਸੱਤਾ ਦੇ ਜਬਰ ਦੇ ਪ੍ਰਗਟਾਵੇ ਬਾਰੇ ਵਧੀਆ ਕਥਾ ਰੂਪ ਹੈ।

***

# ਬੇਖ਼ਬਰ

*-ਕਰਾਮਤ ਮੁਗ਼ਲ*

ਜਿਸ ਵੇਲੇ ਮੈਂ ਹਕੀਮ ਸਾਹਿਬ ਦੀ ਦੁਕਾਨ (ਮਤਬ)ਤੇ ਅਪੜਿਆ ਉਸ ਵੇਲੇ ਉਨ੍ਹਾਂ ਕੋਲ਼ ਦੋ ਜ਼ਨਾਨੀਆਂ ਬੈਠੀਆਂ ਹੋਈਆਂ ਸਨ। ਇੱਕ ਕਿਧਰੇ ਵਡੇਰੀ ਉਮਰ ਦੀ ਸੀ, ਜਦਕਿ ਦੂਜੀ ਛੁਟੇਰੀ ਸੀ। ਉਹ ਦੋਵੇਂ ਮਾਂ ਧੀ ਵੀ ਹੋ ਸਕਦੀਆਂ ਸਨ ਤੇ ਨੋਂਹ ਸੱਸ ਵੀ। ਹਕੀਮ ਸਾਹਿਬ ਉਨ੍ਹਾਂ ਨੂੰ ਆਪ ਭਾਣੇ ਹੌਲੀ ਹੌਲੀ ਉਨ੍ਹਾਂ ਦੇ ਮਰਜ਼,ਇਹਤਿਆਤ ਤੇ ਪ੍ਰਹੇਜ਼ ਬਾਰੇ ਦੱਸਦੇ ਪਏ ਸਨ। ਉਨ੍ਹਾਂ ਮੇਜ਼ ਉੱਤੇ ਵਾਹਵਾ ਸਾਰੀਆਂ ਪੁੜੀਆਂ ਬੰਨ੍ਹ ਕੇ ਰੱਖੀਆਂ ਹੋਈਆਂ ਸਨ। ਇਹ ਦੱਸਣ ਦੀ ਤਾਂ ਹੁਣ ਲੋੜ ਨਹੀਂ ਰਹੀ ਕਿ ਪੁੜੀਆਂ ਵਿਚ ਦਵਾਈ ਈ ਸੀ।

ਮੈਂ ਹਕੀਮ ਸਾਹਿਬ ਹੋਰਾਂ ਕੋਲ਼ ਜ਼ਨਾਨੀਆਂ ਬੈਠੀਆਂ ਵੇਖ ਕੇ ਥੋੜਾ ਝਿਜਕਿਆ ਤੇ ਆਪਣਾ ਅੱਗੇ ਵਧਿਆ ਹੋਇਆ ਸੱਜਾ ਪੈਰ ਮਲਿਆ।

ਆ ਜਾਓ, ਆ ਜਾਓ ਮਾਸਟਰ ਸਾਹਿਬ । ਉਨ੍ਹਾਂ ਉੱਚੀ ਅਵਾਜ਼ ਵਿਚ ਆਖਿਆ।

ਮੈਂ ਹੌਲੀ ਹੌਲੀ ਪੈਰ ਧਰਦਾ ਇਧਰ ਉਧਰ ਵੇਖਦਾ ਦੁਕਾਨ ਦੇ ਅੰਦਰ ਵੜ ਗਿਆ। ਤਸ਼ਰੀਫ਼ ਰੱਖੋ। ਹਕੀਮ ਸਾਹਿਬ ਨੇ ਇੱਕ ਕੁਰਸੀ ਵੱਲ ਇਸ਼ਾਰਾ ਕੀਤਾ।

ਦੋਵੇਂ ਜ਼ਨਾਨੀਆਂ ਦੂਜੇ ਪਾਸੇ ਪਏ ਇੱਕ ਬੈਂਚ ਉੱਤੇ ਬੈਠੀਆਂ ਹੋਈਆਂ ਸਨ। ਮੈਂ ਕੁਰਸੀ ਉਪਰ ਬੈਠ ਗਿਆ ਪਰ ਸਾਫ਼ ਦਿਸਦਾ ਪਿਆ ਸੀ ਕਿ ਮੈਂ ਬੇਸਕੂਨੀ ਵਿਚ ਆਂ।

ਹਕੀਮ ਹੋਰਾਂ ਮੇਰੀ ਬੇਚੈਨੀ ਭਾਂਪ ਲਈ, ਜ਼ਨਾਨੀਆਂ ਨੂੰ ਆਖਣ ਲੱਗੇ ਤੁਸੀਂ ਹੁਣ ਜਾਓ, ਤੇ ਜਿਵੇਂ ਜਿਵੇਂ ਮੈਂ ਦੱਸਿਆ ਏ ਉਸਰਾਂ ਈ ਦਵਾਈ ਲੈਣੀ ਏ ਤੇ ਪ੍ਰਹੇਜ਼ ਵੀ ਕਰਨਾ ਏ। ਲੋਕੀਂ ਪ੍ਰਹੇਜ਼ ਨਹੀਂ ਕਰਦੇ ਤੇ ਫ਼ਿਰ ਗੁਨਾਹ ਹਕੀਮ ਦਾ ਬਣਾ ਦਿੰਦੇ ਨੇਂ। ਯਾਦ ਰੱਖੋ ਦਵਾਈ ਭਾਵੇਂ ਸੋਨੇ ਦੀ ਬਣੀ ਹੋਈ ਹੋਵੇ ਪ੍ਰਹੇਜ਼ ਨਾ ਕਰੀਏ ਤੇ ਉਹ ਵੀ ਸੁਆਹ ਈ ਸਮਝੋ।

ਜਿਵੇਂ ਤੁਸੀਂ ਆਖਿਆ ਏ ਇਹ ਓਵੇਂ ਈ ਕਰੇਗੀ, ਮੈਂ ਆਪ ਪੂਰਾ ਧਿਆਨ ਰੱਖਾਂਗੀ । ਉਮਰ ਵਿਚ ਵੱਡੀ ਜ਼ਨਾਨੀ ਉਠਦਿਆਂ ਬੋਲੀ। ਉਹਦੇ ਤੋਂ ਪਹਿਲੋਂ ਛੋਟੀ ਉਮਰ ਦੀ ਜ਼ਨਾਨੀ ਉਠ ਖਲੋਤੀ ਸੀ। ਫ਼ਿਰ ਉਹ ਦੋਵੇਂ ਅੱਗੜ ਪਿੱਛੜ ਦੁਕਾਨ ਵਿਚੋਂ ਬਾਹਰ ਨਿਕਲ ਗਈਆਂ।

ਹੁਣ ਹਕੀਮ ਸਾਹਿਬ ਮੇਰੇ ਵੱਲ ਧਿਆਨ ਦਿੰਦੇ ਹੋਏ ਬੋਲਦੇ ਨੇ !

ਹੋਰ ਸੁਣਾਉ, ਮਾਸਟਰ ਜੀ ਕੀ ਹਾਲ ਏ ? ਅੱਜ ਕਿਵੇਂ ਇਧਰ ਨੂੰ ਜੀ ਕਰ ਪਿਆ ?

ਬੱਸ ਤੁਹਾਡੇ ਨਾਲ਼ ਮਿਲਿਆਂ,ਗੱਲਾਂ ਬਾਤਾਂ ਕੀਤਿਆਂ ਵਾਹਵਾ ਦਿਨ ਹੋ ਗਏ ਸਨ। ਮੈਂ ਸੋਚਿਆ ਸਲਾਮ ਕਰ ਆਵਾਂ। ਮੈਂ ਅਸਲ ਗੱਲ ਲੁਕਾਉਂਦਿਆਂ ਰਸਮੀ ਜਹਿਆ ਜਵਾਬ ਦਿੱਤਾ। ਜਾਂਦਿਆਂ ਸਾਰ ਆਪਣੇ ਮਤਲਬ ਦੀ ਗੱਲ ਕਰੀਏ ਤਾਂ ਬੰਦੇ ਦੀ ਇੱਜ਼ਤ ਘੱਟ ਜਿਹੀ ਜਾਂਦੀ ਏ।

ਬਿਸਮਿੱਲ੍ਹਾ, ਸਗੋਂ ਸੱਤ ਕਰੋੜ ਬਿਸਮਿੱਲ੍ਹਾ, ਤੁਹਾਡਾ ਮੇਰੇ ਵੱਲ ਆਣਾ ਮੇਰੇ ਲਈ ਬੜੇ ਮਾਣ ਦੀ ਗੱਲ ਏ। ਤੁਸੀਂ ਮੇਰੇ ਬਾਲਾਂ ਦੇ ਉਸਤਾਦ ਓ। ਤੇ ਹੁਣ ਤਾਂ ਮੇਰੇ ਪੋਤਰੇ ਵੀ ਤੁਹਾਡੇ ਕੋਲ਼ ਪੜ੍ਹਨ ਲੱਗ ਪਏ ਨੇ। ਤੁਹਾਡੀ ਇੱਜ਼ਤ ਕਰਨਾ ਤਾਂ ਮੇਰਾ ਫ਼ਰਜ਼ ਏ।

ਇਹ ਤੁਹਾਡੀ ਮਿਹਰਬਾਨੀ ਏ ਹਕੀਮ ਸਾਹਿਬ।

ਇਹ ਤੁਹਾਡਾ ਹੱਕ ਏ ਜੀ।

ਹਕੀਮ ਸਾਹਿਬ ਹੋਰਾਂ ਮੁੱਛਾਂ ਸਫ਼ਾ ਚੱਟ ਕੀਤੀਆਂ ਹੋਈਆਂ ਸਨ ਤੇ ਦਾੜ੍ਹੀ ਵਧਾਈ ਹੋਈ ਸੀ। ਉਨ੍ਹਾਂ ਦੀ ਦਾੜ੍ਹੀ ਵਿਚ ਬੱਸ ਉੱਕਾ ਦੁਕਾ ਈ ਕਾਲੇ ਵਾਲ ਸਨ। ਦਾੜ੍ਹੀ ਨਾ ਅਸਲੋਂ ਛੋਟੀ ਸੀ ਤੇ ਨਾ ਈ ਧੁੰਨੀ ਤੇ ਪੈਂਦੀ ਸੀ। ਗੱਲ ਕਰਦਿਆਂ ਉਹ ਦਾੜ੍ਹੀ ਨੂੰ ਆਪਣੀ ਮੁੱਠ ਵਿਚ ਲੈ ਲੈਂਦੇ। ਕਦੇ ਦਾੜ੍ਹੀ ਵਿਚ ਉਂਗਲਾਂ ਫੇਰਨ ਲੱਗ ਪੈਂਦੇ, ਗ਼ਰਜ਼ ਦਾੜ੍ਹੀ ਨਾਲ਼ ਖੇਡਦੇ ਰਹਿੰਦੇ। ਉਨ੍ਹਾਂ ਕੋਲ਼ ਕੋਈ ਇੱਕ ਅੱਧਾ ਨੁਸਖ਼ਾ ਖ਼ਾਸ ਸੀ ਜਿਹੜਾ ਪਹਿਲੋਂ ਉਨ੍ਹਾਂ ਦੇ ਦਾਦੇ ਦਾ, ਫ਼ਿਰ ਉਹ ਉਨ੍ਹਾਂ ਦੇ ਪਿਓ ਦਾ, ਤੇ ਪਿਓ ਤੋਂ ਬਾਅਦ ਹੁਣ ਉਨ੍ਹਾਂ ਦਾ ਆਜ਼ਮੋਦਾ ਸੀ। ਹੋਰ ਵੀ ਜਿਹਨਾਂ ਲੋਕਾਂ ਉਹ ਦਵਾਈ ਲਈ, ਉਹ ਨੁਸਖ਼ਾ ਵਰਤਿਆ ਸੀ ਇਹ ਈ ਦੱਸ ਪਾਈ ਸੀ ਕਿ ਉਨ੍ਹਾਂ ਦੀ ਦਵਾਈ ਤੀਰ ਬਾ ਹਦਫ਼ ਏ।

ਹਕੀਮ ਸਾਹਿਬ ਦੀ ਸਿਹਤ ਬਹੁਤ ਚੰਗੀ ਸੀ ਤੇ ਉਨ੍ਹਾਂ ਨੂੰ ਵੇਖ ਕੇ ਇਹ ਅੰਦਾਜ਼ਾ ਲਾਣਾ ਡਾਢਾ ਔਖਾ ਸੀ ਕਿ ਉਨ੍ਹਾਂ ਦੀ ਅਸਲ ਉਮਰ ਕਿੰਨੀ ਏ। ਜੇ ਉਹ ਸੱਤਰ ਵਰ੍ਹੇ ਦੇ ਸੀ ਤਾਂ ਲਗਦੇ ਬਿਲਕੁੱਲ ਨਹੀਂ ਸੀ। ਜੇ ਪਚਵੰਜਾ ਵਰ੍ਹੇ ਦੇ ਲਗਦੇ ਸਨ ਤੇ ਹੋ ਸਕਦਾ ਏ ਪਚਵੰਜਾ ਦੇ ਈ ਹੋਵਣ। ਸੁਣਵਾਈ ਸੀ ਕਿ ਉਨ੍ਹਾਂ ਦੀ ਆਮਦਨੀ ਦਾ ਜ਼ਰੀਆ ਨਿੱਕੀ ਮੋਟੀ ਦਵਾਈ ਲੈਣ ਵਾਲੇ ਮਰਦ ਤੇ ਜ਼ਨਾਨੀਆਂ ਨਹੀਂ ਸਨ। ਉਨ੍ਹਾਂ ਦੀ ਆਮਦਨੀ ਦਾ ਵੱਡਾ ਜ਼ਰੀਆ ਉਸ ਖ਼ਾਸ ਨੁਸਖ਼ੇ ਵਾਲੀ ਦਵਾਈ ਸੀ ਜਿਹੜੀ ਉਹ ਬਹੁਤ ਮਹਿੰਗੀ ਵੇਚਦੇ ਹੁੰਦੇ ਸਨ। ਹਰ ਕੋਈ ਉਹ ਦਵਾਈ ਨਹੀਂ ਸੀ ਲੈ ਸਕਦਾ। ਹੋ ਸਕਦਾ ਏ ਕੋਈ ਮਹਾਤੜ ਜ਼ਰੂਰਤਮੰਦ ਉਸ ਦਵਾਈ ਦੀ ਕੀਮਤ ਸੁਣ ਕੇ ਬੇਹੋਸ਼ ਵੀ ਹੋ ਗਿਆ ਹੋਵੇ। ਹੁਣ ਇਹ ਨਹੀਂ ਪਤਾ ਉਸ ਬੇਹੋਸ਼ ਹੋ ਗਏ ਸਾਇਲ ਨੂੰ ਹਕੀਮ ਹੋਰੀਂ ਹੋਸ਼ ਵਿਚ ਕਿਵੇਂ ਲਿਆਏ ਹੋਵਣਗੇ।

ਤੁਸੀਂ ਚੰਗਾ ਕੀਤਾ ਅੱਜ ਮੇਰੇ ਕੋਲ਼ ਆ ਗਏ। ਮੈਂ ਵੀ ਹੁੱਸੜਿਆ ਪਿਆ ਸਾਂ ਤੇ ਤੁਹਾਡੇ ਵਰਗੇ ਬੰਦੇ ਦਾ ਈ ਇੰਤਜ਼ਾਰ ਕਰਦਾ ਪਿਆ ਸਾਂ। ਹਕੀਮ ਹੋਰਾਂ ਮੈਨੂੰ ਦੱਸਿਆ।

ਜੀ ਖ਼ੈਰ ਸੀ ਹਕੀਮ ਸਾਹਿਬ ?ਹੁਕਮ ਕਰੋ।

ਤੁਹਾਡੇ ਨਾਲ਼, ਉਹ ਕੀ ਕਹਿੰਦੇ ਨੇਂ ਕੁਝ ਵਿਚਾਰ ਵਟਾਂਦਰਾ ਕਰਨਾ ਸੀ।

ਜੀ. . . . . . . . . . . . . . . . ਮੇਰੇ ਨਾਲ਼ ?

ਹਾਂ ਭਈ ਕੁੱਝ ਗੱਲਾਂ ਹਰ ਇੱਕ ਨਾਲ਼ ਤਾਂ ਨਹੀਂ ਕੀਤੀਆਂ ਜਾ ਸਕਦੀਆਂ। ਬੰਦਾ ਪਰਿੰਦਾ ਵੇਖ ਕੇ ਈ ਗੱਲ ਕਰੀਦੀ ਏ। ਮੱਝਾਂ ਅੱਗੇ ਬੀਨ ਨਹੀਂ ਵਜਾਈਦੀ।

ਜੀ, ਤੁਹਾਡੀ ਮਿਹਰਬਾਨੀ ਹਕੀਮ ਸਾਹਿਬ ਤੁਸੀਂ ਮੈਨੂੰ ਏਸ ਕਾਬਲ ਸਮਝਿਆ।

ਤੁਸੀਂ ਜਨਾਬ ਏਸ ਕਾਬਲ ਹੋ। ਇਹ ਆਖ ਕੇ ਉਨ੍ਹਾਂ ਥੋੜਾ ਵਕਫ਼ਾ ਲਿਆ ਤੇ ਦੁਬਾਰਾ ਬੋਲੇ,

ਅਸਲ ਵਿਚ ਅੱਜ ਦੁਪਹਿਰ ਵੇਲੇ ਇੱਕ ਗੱਲ ਹੋਈ ਸੀ ਤੇ ਮੈਨੂੰ ਸਮਝ ਨਹੀਂ ਸੀ ਆਂਦੀ ਪਈ ਕਿ ਮੈਂ ਉਹ ਗੱਲ ਕਿਹਦੇ ਨਾਲ਼ ਕਰਾਂ ਕਿਹਨੂੰ ਦੱਸਾਂ ਇਥੋਂ ਦੇ ਲੋਕਾਂ ਨਾਲ਼ ਮੇਰਾ ਬਹੁਤਾ ਦੁਆ ਸਲਾਮ ਨਹੀਂ ਏ। ਤੁਸੀਂ ਮਾਸ਼ਾ-ਅੱਲ੍ਹਾ ਬੜੇ ਪੜ੍ਹੇ ਲਿਖੇ ਓ, ਸਮਝਦਾਰ ਓ। ਤੁਸੀਂ ਤਾਂ ਮੇਰੀ ਗੱਲ ਨੂੰ ਚੰਗੀ ਤਰ੍ਹਾਂ ਸਮਝ ਜਾਓਗੇ ।

ਜੀ, ਜੀ ਤੁਸੀਂ ਦੱਸੋ ਮੈਂ ਆਪਣੀ ਸਮਝ ਮੁਤਾਬਿਕ ਜ਼ਰੂਰ ਸਮਝਣ ਦੀ ਕੋਸ਼ਿਸ਼ ਕਰਾਂਗਾ।

ਹਕੀਮ ਸਾਹਿਬ ਮੈਥੋਂ ਉਮਰ ਵਿਚ ਵੱਡੇ ਸਨ ਏਸ ਪਾਰੋਂ ਮੈਂ ਅਦਬ ਨਾਲ਼ ਬੋਲਦਾ ਪਿਆ ਸਾਂ।

ਫ਼ਿਰ ਉਂਞ ਵੀ ਅੱਜ ਮੈਂ ਉਨ੍ਹਾਂ ਕੋਲ਼ ਆਪਣੀ ਇਕ ਗ਼ਰਜ਼ ਪਾਰੋਂ ਹਾਜ਼ਰ ਹੋਇਆ ਸਾਂ ਤੇ ਗ਼ਰਜ਼ ਬਾਰੇ ਇਕ ਬੜਾ ਸੋਹਣਾ ਅਖਾਣ ਏ ਗੌਂ ਭਨਾਏ ਜੌਂ ਭਾਵੇਂ ਕੱਚੇ ਈ ਹੋਵਣ । ਹੁਣ ਉਹ ਜੋ ਕੁੱਝ ਵੀ ਕਹਿੰਦੇ ਮੈਂ ਸੁਣਨਾ ਈ ਸੁਣਨਾ ਸੀ।

ਪਹਿਲੋਂ ਤੁਸੀਂ ਦੱਸੋ ਚਾਹ ਪੀਓਗੇ ? ਹਕੀਮ ਸਾਹਿਬ ਚਾਣਚੱਕ ਪੁੱਛਿਆ।

ਉਹ. . . . . . ਚਾਹ ਦੀ ਲੋੜ. . . . . . ਤਾਂ . . . ਨਹੀਂ ।

ਚਾਹ ਤਾਂ ਫ਼ਿਰ ਪੀਵਾਂਗੇ, ਪਹਿਲੋਂ ਆਹ ਜਾਂਦੀ ਬਹਾਰ ਦੇ ਮੇਵੇ ਕਿੰਨੂ ਖਾਨੇ ਆਂ। ਉਨ੍ਹਾਂ ਆਪਣੇ ਮੇਜ਼ ਦੀ ਦਰਾਜ਼ ਵਿਚੋਂ ਦੋ ਤਿੰਨ ਕਿੰਨੂ ਕੱਢ ਕੇ ਮੇਜ਼ ਉੱਤੇ ਰੱਖ ਦਿੱਤੇ। ਫ਼ਿਰ ਇੱਕ ਚੰਗਾ ਸਿਹਤਮੰਦ ਕਿੰਨੂ ਫੜ ਕੇ ਮੇਰੇ ਵੱਲ ਵਧਾਇਆ ਤੇ ਆਖਣ ਲੱਗੇ ਲਓ ਖਾਓ, ਤੇ ਤੁਸੀਂ ਆਪਣੇ ਰੱਬ ਦੀਆਂ ਕਿਹੜੀਆਂ ਕਿਹੜੀਆਂ ਨੇਹਮਤਾਂ ਨੂੰ ਝੁਟਲਾਓਗੇ ?

ਜੀ ਜੀ ਅੱਲ੍ਹਾ ਪਾਕ ਦੀਆਂ ਆਪਣੇ ਬੰਦੇ ਲਈ ਬੇਸ਼ੁਮਾਰ ਨੇਹਮਤਾਂ ਨੇ। ਗਿਣਤੀ ਈ ਕੋਈ ਨਹੀਂ। ਮੈਂ ਕਿੰਨੂ ਉਨ੍ਹਾਂ ਦੇ ਹੱਥੋਂ ਫੜਦਿਆਂ ਆਖਿਆ।

ਅੱਜ ਦੁਪਹਿਰ ਨੂੰ ਇੱਕ ਬੰਦਾ ਮੇਰੇ ਕੋਲ਼ ਆਇਆ ਸੀ। ਹਕੀਮ ਹੋਰਾਂ ਦੱਸਿਆ।

ਜੀ ਜੀ।

ਅਸਲ ਵਿਚ ਅਸੀਂ ਬਹੁਤ ਬੇਖ਼ਬਰ ਲੋਕ ਆਂ। ਅਸੀਂ ਸਿਰਫ਼ ਸਾਹਮਣੇ ਵਾਲੀ ਚੀਜ਼ ਵੇਖਦੇ ਆਂ। ਇਸ ਚੀਜ਼ ਪਿੱਛੇ ਕੀ ਲੁਕਿਆ ਹੋਇਆ ਏ ਅਸੀਂ ਉੱਕਾ ਨਹੀਂ ਵੇਖਦੇ ਯਾਂ ਵੇਖਣ ਦੀ ਕੋਸ਼ਿਸ਼ ਨਹੀਂ ਕਰਦੇ।

ਜੀ ਜੀ। ਮੈਂ ਕਿੰਨੂ ਛਿਲਦਿਆਂ ਹੋਇਆਂ ਹੁੰਗਾਰਾ ਦਿੰਦਾ ਹਾਂ।

ਮੈਨੂੰ ਪਤਾ ਸੀ ਹਕੀਮ ਹੋਰੀਂ ਬੇ ਰਬਤ ਗੱਲਾਂ ਕਰਨ ਦੇ ਆਦੀ ਨੇ। ਉਹ ਕੋਈ ਗੱਲ ਕਰਦੇ ਕਰਦੇ ਅਚਾਨਕ ਵਿਚੋਂ ਬਜ਼ਾਹਿਰ ਕੋਈ ਹੋਰ ਗੱਲ ਕਰ ਦੇਂਦੇ ਨੇ । ਬਾਅਦ ਵਿਚ ਪਤਾ ਲਗਦਾ ਏ ਕਿ ਇਸ ਗੱਲ ਦਾ ਪਹਿਲੇ ਕੀਤੀ ਗੱਲ ਨਾਲ਼ ਕੋਈ ਸੰਬੰਧ ਹੈ ਸੀ।

ਹੁਣ ਇਹ ਨਿੱਕਾ ਜਹਿਆ ਬੀਅ ਈ ਵੇਖ ਲਓ। ਉਨ੍ਹਾਂ ਕਿੰਨੂ ਦੀ ਫਾੜੀ ਵਿਚੋਂ ਬੀਅ ਕੱਢ ਕੇ ਮੈਨੂੰ ਵਿਖਾਇਆ। ਵੇਖਣ ਨੂੰ ਤਾਂ ਇਹ ਇੱਕ ਨਿੱਕਾ ਜਹਿਆ ਬੀਅ ਏ ਤੇ ਅਸੀਂ ਇਹਨੂੰ ਉੱਕਾ ਅਹਿਮੀਅਤ ਨਹੀਂ ਦੇਣੀ, ਇਹਨੂੰ ਇਥੇ ਸੁੱਟ ਦੇਣਾ ਏ। ਹਾਲਾਂ ਕਿ ਇਹਦੇ ਵਿਚ ਕਿੰਨੂ ਦਾ ਬੂਟਾ ਲੁਕਿਆ ਹੋਇਆ ਏ। ਕਿੰਨੂ ਦਾ ਉਹ ਬੂਟਾ ਜਿਹਨੂੰ ਹਜ਼ਾਰਾਂ ਲੱਖਾਂ ਕਿੰਨੂ ਲੱਗਣੇ ਨੇ। ਉਨ੍ਹਾਂ ਮੈਨੂੰ ਵਿਖਾ ਕੇ ਆਖਿਆ।

ਜੀ ਬਿਲਕੁੱਲ ਇੰਜ ਈ ਏ। ਤੁਸੀਂ ਬਿਲਕੁੱਲ ਠੀਕ ਆਖਿਆ ਏ।

ਜਿਸਰਾਂ ਏਸ ਬੀਅ ਵਿਚ ਇੱਕ ਬੂਟਾ ਲੁਕਿਆ ਹੋਇਆ ਏ, ਇਸਰਾਂ ਕਿਸੇ ਵਾਕੇ ਪਿੱਛੇ ਵੀ ਕੋਈ ਹੋਰ ਵਾਕਿਆ ਲੁਕਿਆ ਹੁੰਦਾ ਏ। ਜਿਹੜਾ ਆਣ ਵਾਲੇ ਵੇਲੇ ਹੋਣਾ ਹੁੰਦਾ ਏ,ਪਰ ਅਸੀਂ ਉਹਨੂੰ ਨਹੀਂ ਵੇਖ ਸਕਦੇ।

ਮੈਂ ਉਨ੍ਹਾਂ ਦੇ ਮੂੰਹ ਵੱਲ ਵੇਖਣ ਲੱਗ ਪਿਆ।

ਹਕੀਮ ਸਾਹਿਬ ਅੱਜ ਜ਼ਰੂਰ ਕੋਈ ਡੂੰਘੀ ਗੱਲ ਕਰਨ ਦੇ ਮੂਡ ਵਿਚ ਸਨ।

ਅਸੀਂ ਉਹਨੂੰ ਵੇਖਣਾ ਈ ਨਹੀਂ ਚਾਹੁੰਦੇ। ਅਸੀਂ ਸਿਰਫ਼ ਹਾਲ ਵਿਚ ਜੀਣਾ ਚਾਹਨੇ ਆਂ। ਸਮਝ ਆਈ ਕਿ ਨਹੀਂ ?

ਜੀ ਹਕੀਮ ਸਾਹਿਬ , ਮੈਂ ਸਿਰ ਖੁਰਕਿਆ ਤੇ ਸ਼ਰਮਿੰਦਗੀ ਭਰੀਆਂ ਅੱਖਾਂ ਨਾਲ਼ ਉਨ੍ਹਾਂ ਵੱਲ ਵੇਖਿਆ। ਤੁਸੀਂ ਕੋਈ ਡੂੰਘੀ ਗੱਲ ਕੀਤੀ ਏ। ਥੋੜੀ ਜਿਹੀ ਵਜ਼ਾਹਤ ਕਰ ਦਿਓ ਤਾਂ ਮਿਹਰਬਾਨੀ ਹੋਵੇਗੀ।

ਵਜ਼ਾਹਤ ਦੀ ਕਿਹੜੀ ਗੱਲ ਏ,ਵਜ਼ਾਹਤ ਵੀ ਕਰ ਦੇਨੇ ਆਂ । ਜਿਸ ਵੇਲੇ ਕੋਈ ਬੰਦਾ ਜ਼ਨਾਨੀ ਕੱਢ ਕੇ ਲਿਜਾਂਦਾ ਏ, ਉਹ ਇਹ ਗੱਲ ਭੁੱਲਿਆ ਹੁੰਦਾ ਏ,ਏਸ ਉਧਾਲੇ ਵਿਚੋਂ ਇਕ ਹੋਰ ਉਧਾਲ਼ਾ ਫੁਟਣਾ ਏ। ਕਿਉਂ ਜੇ ਸਿਆਣਿਆਂ ਆਖਿਆ ਏ ਡਾਚੀ ਵੀਹ ਕੋਹ ਤੇ ਬੋਤੀ ਤੀਹ ਕੋਹ। ਇਸ ਵੇਲੇ ਅੰਨ੍ਹੇ ਜਜ਼ਬਾਤ ਦੇ ਜ਼ੋਰ ਭਰੇ ਵਹਿਣ ਵਿਚ ਬੰਦਾ ਨਾ ਇਹ ਗੱਲ ਸੋਚਦਾ ਏ ਨਾ ਸੋਚਣਾ ਚਾਹੁੰਦਾ ਏ। ਉਸ ਵੇਲੇ ਉਹ ਬੇਖ਼ਬਰ ਹੁੰਦਾ ਏ। ਤੇ ਬੇਖ਼ਬਰ ਈ ਰਹਿਣਾ ਚਾਂਹਦਾ ਏ ।ਕੋਈ ਉਹਨੂੰ ਖ਼ਬਰਦਾਰ ਕਰਨਾ ਵੀ ਚਾਹਵੇ ਤਾਂ ਉਹ ਖ਼ਬਰਦਾਰ ਹੋਣਾ ਨਹੀਂ ਚਾਹੁੰਦਾ। ਉਹ ਸਿਰਫ਼ ਆਪਣੇ ਫ਼ੌਰੀ ਮਕਸਦ ਦੀ ਪੂਰਤੀ ਉਤੇ ਤੁਲਿਆ ਰਹਿੰਦਾ ਏ। ਆਉਣ ਵਾਲੇ ਪੰਦਰ੍ਹਾਂ ਵੀਹਾਂ ਵਰ੍ਹਿਆਂ ਬਾਅਦ ਜਦ ਉਹਦੀ ਆਪਣੀ ਧੀ ਕਿਸੇ ਨਾਲ਼ ਫੜੀ ਜਾਂਦੀ ਏ ਯਾਂ ਕਿਸੇ ਨਾਲ਼ ਨੱਸ ਜਾਂਦੀ ਏ ਤਾਂ ਫ਼ਿਰ ਉਹਨੂੰ ਚੇਤੇ ਆਂਦਾ ਏ ਡਾਚੀ ਵੀਹ ਕੋਹ ਤੇ ਬੋਤੀ ਤੀਹ ਕੋਹ।

ਜੀ ਤੁਸੀਂ ਠੀਕ ਪਏ ਆਖਦੇ ਓ।

ਮਾਸਟਰ ਸਾਹਿਬ ਤੁਸੀਂ ਕਿਤਾਬਾਂ ਵੀ ਪੜ੍ਹਦੇ ਓ ? ਉਨ੍ਹਾਂ ਅਚਾਨਕ ਸਵਾਲ ਕੀਤਾ।

ਜੀ ਮੈਂ ਸਮਝਿਆ ਨਹੀਂ, ਮੈਂ ਥੋੜਾ ਹੈਰਾਨ ਸਾਂ।

ਮੇਰਾ ਮਤਲਬ ਏ ਸਕੂਲ ਦੀਆਂ ਕਿਤਾਬਾਂ ਤੋਂ ਵੱਖ ਕੋਈ ਹੋਰ ਕਿਤਾਬਾਂ,ਇਲਮੀ ਕਿਤਾਬਾਂ, ਕਹਾਣੀਆਂ ਵਾਲੀਆਂ ਕਿਤਾਬਾਂ, ਤਾਰੀਖ਼ੀ ਕਿਤਾਬਾਂ, ਕੋਈ ਨਾਵਲ ਵਗ਼ੈਰਾ ?

ਮੈਂ ਸ਼ਰਮਿੰਦਗੀ ਨਾਲ਼ ਨਜ਼ਰਾਂ ਝੁਕਾ ਲਈਆਂ।

ਨਹੀਂ ਪੜ੍ਹਦੇ ? ਉਨ੍ਹਾਂ ਤਸਦੀਕ ਚਾਹੀ

ਜੀ. . . . . . . ਬੱਸ. . . . . ਕੀ ਦਸਾਂ.....ਮੈਂ ਹਕਲਾਇਆ।

ਸ਼ੌਕ ਨਹੀਂ ?

ਨਹੀਂ ,ਨਹੀਂ, ਭਾਵੇਂ ਬਹੁਤਾ ਨਹੀਂ ਪਰ ਮਾੜਾ ਮੋਟਾ ਤਾਂ ਸ਼ੌਕ ਹੈਗਾ ਏ।

ਫ਼ਿਰ ?

ਹਕੀਮ ਸਾਹਿਬ, ਕਿਤਾਬਾਂ ਮਹਿੰਗੀਆਂ ਈ ਬਹੁਤ ਨੇ । ਇੱਕ ਸਕੂਲ ਟੀਚਰ ਮਹਿੰਗਾਈ ਦੇ ਏਸ ਦੌਰ ਵਿਚ ਆਪਣੇ ਬਾਲ ਬੱਚੇ ਸਾਂਭੇ ਪਾਲੇ ਕਿ ਮਹਿੰਗੀਆਂ ਕਿਤਾਬਾਂ ਮਿਲ ਲਵੇ।

ਹਾਂ ਇਹ ਤਾਂ ਤੁਸੀਂ ਠੀਕ ਆਖਿਆ ਏ। ਅੱਛਾ ਤੁਸੀਂ ਮੇਰੇ ਕੋਲੋਂ ਪੜ੍ਹਨ ਲਈ ਕਿਤਾਬ ਲੈ ਜਾਇਆ ਕਰੋ ਪਰ ਇੱਕ ਸ਼ਰਤ ਏ।

ਜੀ ਉਹ ਕੀ ?

ਇੱਕ ਨਹੀਂ ਸਗੋਂ ਦੋ ਸ਼ਰਤਾਂ ਨੇ ।

ਜੀ ਦੱਸੋ

ਇੱਕ ਤਾਂ ਕਿਤਾਬ ਖ਼ਰਾਬ ਨਾ ਹੋਵੇ ਤੇ ਦੂਜੀ ਇਹ ਕਿ ਕਿਤਾਬ ਵਾਪਸ ਕੀਤੀ ਜਾਵੇ।

ਜੀ ਠੀਕ ਏ ਮੈਂ ਝੱਟ ਵਾਦਾ ਕਰ ਲਿਆ। ਹਾਲਾਂ ਮੈਨੂੰ ਪਤਾ ਸੀ ਬਾਲਾਂ ਵਾਲੇ ਘਰ ਵਿਚ ਕਿਤਾਬ ਖ਼ਰਾਬ ਨਾ ਹੋਵੇ, ਇਹ ਹੋ ਈ ਨਹੀਂ ਸਕਦਾ। ਪਰ ਉਸ ਵੇਲੇ ਇਹੋ ਜਿਹੀ ਗੱਲ ਕਰਨ ਦਾ ਮੌਕਾ ਨਹੀਂ ਸੀ।

ਕਿਤਾਬ ਵਾਲੀ ਗੱਲ ਮੈਂ ਏਸ ਪਾਰੋਂ ਕੀਤੀ ਕਿ ਮੈਨੂੰ ਕਿਸੇ ਕਿਤਾਬ ਵਿਚੋਂ ਪੜ੍ਹੀ ਹੋਈ ਇਕ ਗੱਲ ਚੇਤੇ ਆ ਗਈ ਸੀ। ਕਿਤਾਬਾਂ ਪੜ੍ਹੀਏ ਤਾਂ ਫ਼ਿਰ ਉਨ੍ਹਾਂ ਵਿਚ ਲਿਖੀਆਂ ਕੰਮ ਦੀਆਂ ਗੱਲਾਂ ਚੇਤੇ ਵੀ ਰੱਖਣੀਆਂ ਚਾਹੀਦੀਆਂ ਨੇ।

ਜੀ ਹਾਂ ਬਿਲਕੁੱਲ

ਉਹ ਜਿਹੜੀ ਗੱਲ ਮੈਂ ਕੀਤੀ ਸੀ ਨਾਂ ਕਿ ਅਸੀਂ ਸਿਰਫ਼ ਹਾਲ ਵੇਖਨੇ ਆਂ,ਹਾਲ ਵਿਚ ਜੀਨੇ ਆਂ,ਕੱਲ੍ਹ ਕੀ ਹੋਏਗਾ,ਸਾਨੂੰ ਪਤਾ ਨਹੀਂ ਹੁੰਦਾ, ਨਾ ਅਸੀਂ ਪਤਾ ਕਰਨਾ ਚਾਹਨੇ ਆਂ। ਇਹ ਕਿੱਸਾ ਸਾਡੀ ਇਸੇ ਆਦਤ,ਇਸੇ ਵਿਹਾਰ ਨੂੰ ਜ਼ਾਹਰ ਕਰਦਾ ਏ।

ਜੀ

ਬਹੁਤ ਪੁਰਾਣੀ ਗੱਲ ਏ। ਇੱਕ ਲਾਫ਼ਾਨੀ ਦੇਵੀ ਨੂੰ ਏਸ ਦੁਨੀਆ ਦੇ ਇੱਕ ਫ਼ਾਨੀ ਇਨਸਾਨ ਨਾਲ਼ ਮੁਹੱਬਤ ਹੋ ਗਈ। ਜ਼ਾਹਰ ਏ ਉਹ ਫ਼ਾਨੀ ਇਨਸਾਨ ਤੇਰੇ ਮੇਰੇ ਵਰਗਾ ਕੋਈ ਆਮ ਇਨਸਾਨ ਨਹੀਂ ਹੋਵੇਗਾ। ਉਹ ਕੋਈ ਉੱਚਾ ਲੰਮਾ ਗੋਰਾ ਚਿੱਟਾ ਸਿਹਤਮੰਦ ਬੰਦਾ ਹੋਵੇਗਾ, ਜਿਹਦੀਆਂ ਅੱਖਾਂ ਸ਼ਰਬਤੀ ਹੋਣਗੀਆਂ, ਜਿਹਦੇ ਵਾਲ਼ ਰੇਸ਼ਮ ਵਰਗੇ ਨਰਮ ਮੁਲਾਇਮ ਹੋਣਗੇ। ਜਿਹਦੀ ਵਾਜ ਸ਼ਹਿਦ ਭਰੀ ਮਿੱਠੀ ਹੋਵੇਗੀ ਤੇ ਪਤਾ ਨਹੀਂ ਉਹਦੇ ਵਿਚ ਹੋਰ ਕੀ ਕੀ ਖ਼ੂਬੀਆਂ ਹੋਣਗੀਆਂ। ਉਹਦੀਆਂ ਉਨ੍ਹਾਂ ਖ਼ੂਬੀਆਂ ਪਾਰੋਂ ਈ ਉਹ ਲਾਫ਼ਾਨੀ ਦੇਵੀ ਲਾਫ਼ਾਨੀ ਦੇਵਤਿਆਂ ਨੂੰ ਛੱਡ ਕੇ ਉਸ ਫ਼ਾਨੀ ਬੰਦੇ ਉਤੇ ਮਰੀ ਹੋਵੇਗੀ।

ਜੀ ਸਹੀ ਏ ਉਹ ਬੰਦਾ ਤਾਕਤਵਰ ਵੀ ਹੋਵੇਗਾ।

ਹਾਂ, ਹਾਂ, ਦੇਵੀ ਕਿਸੇ ਕਮਜ਼ੋਰ ਲਿੱਸੇ ਤੇ ਮਾੜੇ ਬੰਦੇ ਉਤੇ ਤਾਂ ਦਿਵਾਨੀ ਨਹੀਂ ਹੋਈ ਹੋਵੇਗੀ। ਹੋ ਸਕਦਾ ਏ ਉਹ ਬੰਦਾ ਦਸਾਂ ਬਾਰ੍ਹਾਂ ਬੰਦਿਆਂ ਤੋਂ ਵੱਧ ਜ਼ੋਰ ਵਾਲਾ ਹੋਵੇ,ਸਗੋਂ ਹੋਵੇ ਕੀ,ਉਹ ਜ਼ਰੂਰ ਹੋਵੇਗਾ।

ਜੀ ਤੇ ਉਹ ਚੀਤੇ ਵਾਂਗੂੰ ਤੇਜ਼ ਨੱਸਦਾ ਵੀ ਹੋਵੇਗਾ।

ਤੇਰੀ ਇਹ ਗੱਲ ਵੀ ਬਿਲਕੁੱਲ ਠੀਕ ਏ। ਦੇਵੀ ਕਿਸੇ ਸੁਸਤਲ ਵਜੂਦ, ਢਿੱਲੇ ਬੰਦੇ ਨਾਲ਼ ਪਿਆਰ ਤਾਂ ਨਹੀਂ ਕਰ ਸਕਦੀ।

ਉਹਦੇ ਕੰਨ ਵੀ ਢੇਰ ਤੇਜ਼ ਹੋਣਗੇ। ਉਹਨੂੰ ਦਿਸਦਾ ਵੀ ਦੂਜਿਆਂ ਨਾਲੋਂ ਕੁੱਝ ਜ਼ਿਆਦਾ ਹੋਵੇਗਾ। ਸਗੋਂ ਮੇਰਾ ਤੇ ਖ਼ਿਆਲ ਏ ਉਹਨੂੰ ਬਿੱਲੀ ਵਾਂਗੂੰ ਅੰਨ੍ਹੇਰੇ ਵਿਚ ਵੀ ਦਿਸਦਾ ਹੋਵੇਗਾ।

ਤੇਰੀ ਇਹ ਗੱਲ ਵੀ ਸੁੱਟਣ ਵਾਲੀ ਨਹੀਂ ਏ। ਹਕੀਮ ਸਾਹਿਬ ਖ਼ੁਸ਼ ਹੋ ਗਏ ਕਿ ਮੈਂ ਨਾ ਸਿਰਫ਼ ਪੂਰੀ ਦਿਲਚਸਪੀ ਨਾਲ਼ ਉਨ੍ਹਾਂ ਦੀ ਗੱਲ ਸੁਣ ਰਿਹਾ ਹਾਂ, ਸਗੋਂ ਠੀਕ ਠਾਕ ਹੁੰਗਾਰਾ ਵੀ ਦਿੰਦਾ ਪਿਆ ਹਾਂ।

ਹਕੀਮ ਸਾਹਿਬ ਮੇਰਾ ਖ਼ਿਆਲ ਏ ਉਹ ਬੰਦਾ ਅਕਲਮੰਦ ਵੀ ਹੋਵੇਗਾ। ਦੇਵੀ ਕਿਸੇ ਬੇਵਕੂਫ਼, ਗ਼ਬੀ ਤੇ ਘਾਮੜ ਨੂੰ ਤਾਂ ਘਾਹ ਨਹੀਂ ਪਾ ਸਕਦੀ।

ਹਾਂ, ਤੇ ਸਾਨੂੰ ਇਹ ਪਤਾ ਲੱਗਾ ਕਿ ਉਹ ਬੰਦਾ ਆਮ ਬੰਦਿਆਂ ਨਾਲੋਂ ਰੱਤੀ ਭੋਰਾ ਨਹੀਂ ਬਹੁਤ ਜ਼ਿਆਦਾ ਵੱਧ ਸੀ। ਅਕਲ ਵਿਚ, ਸ਼ਕਲ ਵਿਚ ਤੇ ਹੋਰ ਗੱਲਾਂ ਵਿਚ। ਜਦੋਂ ਦੇਵੀ ਨੂੰ ਉਸ ਬੰਦੇ ਨਾਲ਼ ਪਿਆਰ ਹੋ ਗਿਆ ਤਾਂ ਇੱਕ ਮਸਲਾ ਪੈਦਾ ਹੋ ਗਿਆ, ਤੇ ਉਹ ਮਸਲਾ ਇਹ ਸੀ ਕਿ ਦੇਵੀ ਲਾਫ਼ਾਨੀ ਏ ਉਹਨੂੰ ਮੌਤ ਨਹੀਂ,ਜਦ ਕਿ ਉਹ ਬੰਦਾ ਫ਼ਾਨੀ ਏ ।ਉਹ ਸੌ ਵਰ੍ਹੇ ਵੀ ਜੀਵੇ ਆਖ਼ਿਰ ਉਹਨੇ ਮਰਨਾ ਏ। ਫ਼ਿਰ ਕੀ ਕੀਤਾ ਜਾਵੇ ? ਆਪਣੇ ਮਤਲਬ ਲਈ, ਆਪਣੇ ਫ਼ਾਇਦੇ ਲਈ ਤਗੜੇ ਲੋਕ ਪੁਰਾਣੇ ਕਾਇਦੇ ਕਨੂੰਨ ਤੋੜਦੇ ਤੇ ਨਵੇਂ ਬਣਾਂਦੇ ਈ ਰਹਿੰਦੇ ਨੇਂ। ਦੇਵੀ ਨੇ ਦੇਵਤਿਆਂ ਨੂੰ ਮਿੰਨਤ ਕੀਤੀ ਕਿ ਏਸ ਬੰਦੇ ਨੂੰ ਲਾਫ਼ਾਨੀ ਕਰ ਦਿੱਤਾ ਜਾਵੇ। ਦੇਵੀ ਦੀ ਇਹ ਦਰਖ਼ਾਸਤ ਸੁਣ ਕੇ ਦੇਵਤਾ ਬਹੁਤ ਹੱਸੇ। ਫ਼ਿਰ ਉਨ੍ਹਾਂ ਦੇਵੀ ਦੀ ਦਰਖ਼ਾਸਤ ਮੰਨ ਲਈ ਤੇ ਉਸ ਬੰਦੇ ਨੂੰ ਲਾਫ਼ਾਨੀ ਹੋਣ ਦਾ ਵਰਦਾਨ ਦੇ ਦਿੱਤਾ।

ਬੜੀ ਗੱਲ ਏ। ਉਹਦੀਆਂ ਤੇ ਪੰਜੇ ਈ ਘਿਓ ਵਿਚ ਹੋ ਗਈਆਂ। ਮੁਹੱਬਤ ਕਰਨ ਨੂੰ ਦੇਵੀ, ਤੇ ਨਾਲ਼ ਈ ਹਮੇਸ਼ਾ ਵਾਲੀ ਜ਼ਿੰਦਗੀ। ਨਾ ਮੌਤ ਨਾ ਖੋਤ। ਦਿਨ ਈਦ ਤੇ ਰਾਤ ਸ਼ਬਰਾਤ।

ਜੀ, ਜੀ, ਇੰਜ ਈ ਉਹ ਦੋਵੇਂ ਖ਼ੁਸ਼ ਖ਼ੁਸ਼ ਮਜ਼ੇ ਨਾਲ਼ ਜ਼ਿੰਦਗੀ ਗੁਜ਼ਾਰਨ ਲੱਗ ਪਏ ਤੇ ਬੜਾ ਚਿਰ ਮਜ਼ੇ ਨਾਲ਼ ਈ ਜੀਵਨ ਬਤੀਤ ਕਰਦੇ ਰਹੇ। ਫ਼ਿਰ ਹੌਲੀ ਹੌਲੀ ਉਸ ਫ਼ਾਨੀ ਬੰਦੇ (ਜਿਹਨੂੰ ਦੇਵੀ ਨੇ ਦੇਵਤਿਆਂ ਦੀ ਮਿੰਨਤ ਸਮਾਜਤ ਕਰਕੇ ਲਾਫ਼ਾਨੀ ਬਣਵਾ ਲਿਆ ਸੀ)ਦੇ ਅੰਗ ਕਮਜ਼ੋਰ ਹੋਣਾ ਸ਼ੁਰੂ ਹੋ ਗਏ। ਵੇਲ਼ਾ ਗੁਜ਼ਰਦਾ ਰਿਹਾ ਤੇ ਹੌਲੀ ਹੌਲੀ ਉਸ ਬੰਦੇ ਦੇ ਅੰਦਰ ਬਹੁਤ ਸਾਰੀਆਂ ਤਬਦੀਲੀਆਂ ਹੋ ਗਈਆਂ । ਉਹਦਾ ਹੁਸਨ ਘਿਣਾਅ ਗਿਆ। ਉਹਦੀ ਖ਼ੂਬਸੂਰਤੀ ਬਦਸੂਰਤੀ ਵਿਚ ਬਦਲ ਗਈ,ਉਹਦੇ ਰੇਸ਼ਮੀ ਵਾਲ਼ ਝਾੜ ਝੰਖਾਰ ਹੋ ਗਏ, ਉਹਦੀਆਂ ਅੱਖਾਂ ਰਹਿ ਗਈਆਂ। ਹੁਣ ਉਹਨੂੰ ਅਸਲੋਂ ਮੱਠਾ ਦਿਸਦਾ, ਕੰਨਾਂ ਤੋਂ ਸੁਣਾਈ ਦੇਣਾ ਬੰਦ ਹੋ ਗਿਆ। ਚੀਤੇ ਵਾਂਗੂੰ ਭੱਜਣ ਵਾਲਾ ਮੰਜੇ ਤੋਂ ਨਾ ਉਠਦਾ,ਅੱਵਲ ਤੇ ਟੁਰਦਾ ਈ ਨਾ ਤੇ ਜੇ ਟੁਰਦਾ ਤਾਂ ਸੋਟੇ ਦਾ ਸਹਾਰਾ ਲੈ ਕੇ ਟੁਰਦਾ। ਅਕਲ ਵੀ ਚਲੀ ਗਈ। ਹਵਾਸ ਬਾਖ਼ਤਾ ਰਹਿੰਦਾ ਤੇ ਉਟਪਟਾਂਗ ਗੱਲਾਂ ਮਾਰਦਾ ਰਹਿੰਦਾ। ਯਾਦਦਾਸ਼ਤ ਸਾਥ ਛੱਡ ਗਈ।

ਤੇ ਉਹ ਖ਼ਾਸ ਚੀਜ਼ ਜਿਹਦੀ ਦੇਵੀ ਨੂੰ ਸਭ ਤੋਂ ਵੱਧ ਲੋੜ ਸੀ ਉਹ ਵੀ ਮਰ ਮੁੱਕ ਗਈ ਹੋਵੇਗੀ, ਮੈਂ ਜੋਸ਼ ਨਾਲ਼ ਆਖਿਆ। .

ਹਕੀਮ ਸਾਹਿਬ ਮੇਰੇ ਵੱਲ ਗ਼ੌਰ ਨਾਲ਼ ਵੇਖਿਆ। ਝੱਟ, ਚੰਗਾ ਵੇਖਦੇ ਰਹੇ ਤੇ ਫ਼ਿਰ ਹੱਸ ਪਏ। ਹਾਂ ਉਧਰੋਂ ਵੀ ਉਹ ਵੇਲ੍ਹਾ ਹੋ ਗਿਆ । ਹੁਣ ਦੇਵੀ ਬਹੁਤ ਪ੍ਰੇਸ਼ਾਨ ਹੋਈ। ਇਹ ਤਾਂ ਉਹ ਬੰਦਾ ਨਹੀਂ ਏ ਜਿਹਦੇ ਨਾਲ਼ ਉਹਨੂੰ ਮੁਹੱਬਤ ਹੋਈ ਸੀ। ਉਹਨੇ ਸੋਚਿਆ,ਉਹ ਕੁੱਝ ਦਿਨ ਸੋਚਦੀ ਰਹੀ ਤੇ ਫ਼ਿਰ ਉਹਨੇ ਸੋਚ ਸੋਚ ਕੇ ਦੇਵਤਾਵਾਂ ਅੱਗੇ ਦਰਖ਼ਾਸਤ ਕੀਤੀ ਕਿ ਉਸ ਬੰਦੇ ਨੂੰ ਉਹਦਾ ਅਸਲ ਅੰਜਾਮ ਦੇ ਦਿੱਤਾ ਜਾਵੇ।

ਅਸਲ ਅੰਜਾਮ ?

ਮੌਤ, ਇਨਸਾਨ ਦਾ ਅਸਲ ਅੰਜਾਮ ਤੇ ਮੌਤ ਈ ਏ ਨਾ। ਦੱਸਣਾ ਮੈਂ ਇਹ ਚਾਹੁੰਦਾ ਸਾਂ ਕਿ ਦੇਵੀ ਇਹ ਗੱਲ ਤਾਂ ਚੇਤੇ ਰੱਖੀ ਕਿ ਉਸ ਬੰਦੇ ਨੂੰ ਲਾਫ਼ਾਨੀ ਬਣਵਾ ਲਿਆ, ਪਰ ਆਪਣੀ ਮੁਹੱਬਤ ਦੇ ਨਸ਼ੇ ਵਿਚ ਇਹ ਗਲ ਭੁੱਲ ਗਈ ਕਿ ਓਸ ਬੰਦੇ ਸਦਾ ਇਹੋ ਜਹਿਆ ਨਹੀਂ ਰਹਿਣਾ ਇੱਕ ਵੇਲ਼ਾ ਆਣਾ ਏ ਕਿ ਓਸ ਅਸਲੋਂ ਗੱਡੀਓਂ ਰਹਿ ਜਾਣਾ ਏ । ਸਾਡਾ ਹਾਲ ਵੀ ਉਸ ਦੇਵੀ

ਵਰਗਾ ਏ, ਸਗੋਂ ਉਹਦੇ ਤੋਂ ਵੀ ਬਦਤਰ ਏ। ਅਸੀਂ ਬੇਖ਼ਬਰ ਆਂ ਤੇ ਬੇਖ਼ਬਰ ਰਹਿਣਾ ਚਾਹੁੰਦੇ ਆਂ। ਜਿਸਰਾਂ ਕਬੂਤਰ ਬਿੱਲੀ ਨੂੰ ਵੇਖ ਕੇ ਅੱਖਾਂ ਬੰਦ ਕਰ ਲੈਂਦਾ ਏ, ਯਾਂ ਸ਼ੁਤਰਮਰਗ਼ ਰੇਤ ਵਿਚ ਸਿਰ ਤੁੰਨ ਦਿੰਦਾ ਏ ਤੇ ਸੋਚਦਾ ਏ ਕਿ ਇੰਝ ਕੀਤਿਆਂ ਹੋਣੀ ਟਲ ਜਾਵੇਗੀ, ਅਸੀਂ ਵੀ ਇੰਜ ਈ ਕਰਦੇ ਆਂ। ਅਸੀਂ ਸੋਚਨੇ ਆਂ ਵੇਲ਼ਾ ਹਮੇਸ਼ਾ ਇਕੋ ਜਹਿਆ ਰਹਿਣਾ ਏ। ਆਉਣ ਵਾਲੀ ਭਲਕ ਨੂੰ ਉੱਕਾ ਭੁਲਾ ਈ ਦੇਨੇ ਆਂ।

ਜੀ ਇੰਜ ਈ ਏ, ਪਰ ਤੁਸੀਂ ਸ਼ੁਰੂ ਵਿਚ ਕਿਸੇ ਬੰਦੇ ਦੇ ਆਉਣ ਦੀ ਗੱਲ ਕੀਤੀ ਸੀ,ਮੈਂ ਉਨ੍ਹਾਂ ਨੂੰ ਚੇਤੇ ਕਰਾਇਆ।

ਮੈਂ ਉਧਰ ਈ ਆਂਦਾ ਪਿਆ ਆਂ। ਸਗੋਂ ਇਹ ਸਾਰੀਆਂ ਗੱਲਾਂ ਇਸ ਗੱਲ ਨੂੰ ਦੱਸਣ ਲਈ ਈ ਕੀਤੀਆਂ ਨੇ। ਉਹ ਬੰਦਾ ਜਿਹੜਾ ਅੱਜ ਦੁਪਹਿਰਾਂ ਨੂੰ ਮੇਰੇ ਕੋਲ਼ ਆਇਆ,ਇੱਕ ਵਾਰੀ ਪਹਿਲੋਂ ਵੀ ਆਇਆ ਸੀ। ਸਗੋਂ ਦੋ ਵਾਰੀ ਆਇਆ ਸੀ। ਸਭ ਤੋਂ ਪਹਿਲੋਂ ਉਹ ਅੱਜ ਤੋਂ ਵੀਹ ਬਾਈ ਵਰ੍ਹੇ ਪਹਿਲੋਂ ਆਇਆ ਸੀ। ਉਹਨੇ ਮੇਰੀ ਮਸ਼ਹੂਰੀ ਸੁਣੀ ਹੋਈ ਸੀ। ਪਰ ਜਿਸ ਵੇਲੇ ਉਹਨੇ ਅਪਣਾ ਮਸਲਾ ਬਿਆਨ ਕੀਤਾ ਉਹ ਥੋੜਾ ਵੱਖਰਾ ਸੀ,ਵੱਖਰਾ ਕੀ ਉਲਟ ਸੀ। ਉਹ ਮੇਰੇ ਕੋਲੋਂ ਦਵਾਈ ਲੈਣ ਆਇਆ ਸੀ, ਪਰ ਆਪਣੇ ਲਈ ਨਹੀਂ ਆਪਣੀ ਬੀਵੀ ਲਈ।

ਆਮ ਤੌਰ ਤੇ ਮੇਰੇ ਕੋਲੋਂ ਨਵੇਂ ਵਿਆਹੇ ਤੇ ਪੁਰਾਣੇ ਵਿਆਹੇ ਖ਼ਾਸ ਦਵਾਈ ਲੈਣ ਆਂਦੇ ਨੇ, ਤੇ ਮੈਂ ਵੀ ਉਨ੍ਹਾਂ ਦੀ ਵਾਹਵਾ ਛਿੱਲ ਲਾਹਨਾ ਆਂ, ਪਰ ਉਹ ਬੰਦਾ ਆਪਣੇ ਲਈ ਨਹੀਂ ਆਪਣੀ ਬੀਵੀ ਲਈ ਦਵਾਈ ਲੈਣ ਆਇਆ ਸੀ ।

ਬੀਵੀ ਲਈ ਦਵਾਈ ?

ਮੈਂ ਵੀ ਤੇਰੇ ਵਾਂਗੂੰ ਹੈਰਾਨ ਹੋਇਆ ਸਾਂ। ਉਹਦਾ ਆਖਣਾ ਸੀ ਕਿ ਉਹਦੀ ਬੀਵੀ ਉਹਦਾ ਸਾਥ ਨਹੀਂ ਦੇ ਪਾਂਦੀ। ਉਹ ਬੜੀ ਛੇਤੀ...........ਥੱਕ ਜਾਂਦੀ ਏ।

ਉਹਨੇ ਆਖਿਆ, ਹਕੀਮ ਸਾਹਿਬ ਕੋਈ ਇਹੋ ਜਿਹੀ ਦਵਾਈ ਦਿਓ ਕਿ ਮੇਰੀ ਬੀਵੀ ਮੇਰੇ ਨਾਲ਼ ਨਾਲ਼ ਭੱਜੇ। ਉਹ ਮੇਰਾ ਪੂਰਾ ਪੂਰਾ ਸਾਥ ਦੇਵੇ। ਮੈਨੂੰ ਰਾਹ ਵਿਚ ਨਾ ਛੱਡ ਦੇਵੇ। ਚੰਗੀ ਘੋੜੀ ਵਾਂਗ ਮੈਨੂੰ ਤੋੜ ਮੰਜ਼ਿਲ ਤੇ ਅਪੜਾਵੇ।

ਭਾਵੇਂ ਏਸ ਤਰ੍ਹਾਂ ਦਾ ਕੇਸ ਪਹਿਲੋਂ ਮੇਰੇ ਕੋਲ਼ ਨਹੀਂ ਸੀ ਆਇਆ। ਫ਼ਿਰ ਵੀ ਮੈਂ ਕੋਸ਼ਿਸ਼ ਕੀਤੀ ਤੇ ਕੁੱਝ ਦਿਨਾਂ ਬਾਅਦ ਮੈਂ ਉਹਨੂੰ ਇੱਕ ਦਵਾਈ ਬਣਾ ਕੇ ਦੇ ਦਿੱਤੀ। ਆਪਣੇ ਵੱਲੋਂ ਤਾਂ ਮੈਂ ਉਹਦਾ ਮੱਥਾ ਡਮ੍ਹਿਆ ਸੀ, ਮਤਲਬ ਉਹਨੂੰ ਟਾਲਿਆ ਸੀ ਪਰ ਪਤਾ ਲੱਗਾ ਮੇਰੀ ਦਵਾਈ ਕੰਮ ਕਰ ਗਈ ਸੀ। ਮੈਨੂੰ ਇੱਕ ਵਾਰੀ ਉਹ ਰਾਹ ਵਿਚ ਮਿਲਿਆ ਤੇ ਉਹਨੇ ਮੇਰਾ ਸ਼ੁਕਰੀਆ ਅਦਾ ਕੀਤਾ। ਫ਼ਿਰ ਉਹ ਮੈਨੂੰ ਭੁੱਲ ਭੁਲਾ ਗਿਆ। ਪੰਜ ਕੁ ਵਰ੍ਹੇ ਪਿੱਛੋਂ ਉਹ ਦੂਜੀ ਵਾਰ ਮੇਰੇ ਕੋਲ਼ ਆਇਆ। ਹੁਣ ਉਹ ਆਪਣੇ ਲਈ ਦਵਾਈ ਲੈਣ ਆਇਆ ਸੀ। ਮੈਂ ਕੁੱਝ ਮਹਿੰਗਾ ਆਂ ਪਰ ਉਹਨੇ ਕਿਵੇਂ ਨਾ ਕਿਵੇਂ ਪੈਸੇ ਜੋੜ ਲਏ ਸਨ ਤੇ ਮੇਰੀ ਦੱਸੀ ਕੀਮਤ ਦੇ ਮੁਤਾਬਿਕ ਪੈਸੇ ਲੈ ਆਇਆ ਸੀ। ਮੈਨੂੰ ਕੋਈ ਹੈਰਾਨੀ ਨਾ ਹੋਈ । ਜਿੰਨਾ ਤੇਜ਼ ਉਹ ਨੱਸਦਾ ਪਿਆ ਸੀ ਆਖ਼ਿਰ ਉਹਨੇ ਘਰਕਣਾ ਈ ਸੀ ਤੇ ਘਰਕ ਕੇ ਡਿਗਣਾ ਈ ਸੀ। ਤੇ ਅੱਜ ਦੁਪਹਿਰੀਂ ਉਹ ਤੀਜੀ ਵਾਰ ਮੇਰੇ ਕੋਲ਼ ਆਇਆ। ਤੇ ਤੂੰ ਸੋਚ ਅੱਜ ਉਹ ਮੇਰੇ ਕੋਲ਼ ਕਿਉਂ ਆਇਆ ?

ਇਕ ਵਾਰੀ ਫ਼ਿਰ ਉਹ ਆਪਣੇ ਲਈ...

ਨਹੀਂ ਬਿਲਕੁੱਲ ਨਹੀਂ

ਫ਼ਿਰ ਮੈਂ ਕੁੱਝ ਅੰਦਾਜ਼ਾ ਲਾਵਣ ਤੋਂ ਕਾਸਿਰ ਆਂ

ਅੱਜ ਉਹ ਇੱਕ ਵਾਰੀ ਫ਼ਿਰ ਆਪਣੀ ਬੀਵੀ ਲਈ ਦਵਾਈ ਲੈਣ ਆਇਆ ਸੀ

ਬੀਵੀ ਲਈ ਦਵਾਈ,ਇੱਕ ਵਾਰੀ ਫ਼ਿਰ,ਪਰ ਹੁਣ ਕਾਹਦੇ ਲਈ ?ਮੈਂ ਹੈਰਾਨੀ ਦੀ ਸਿਖ਼ਰ ਤੇ ਸਾਂ

ਹੁਣ ਉਹ ਆਪਣੀ ਬੀਵੀ ਦੀ ਰਫ਼ਤਾਰ ਮੱਠੀ ਕਰਨ ਲਈ ਦਵਾਈ ਲੈਣ ਆਇਆ ਸੀ। ਹੁਣ ਉਹ ਆਪਣੀ ਬੀਵੀ ਦਾ ਸਾਥ ਦੇਣ ਤੋਂ ਆਜ਼ਿਜ਼ ਸੀ। ਵੀਹ ਬਾਈ ਵਰ੍ਹੇ ਪਹਿਲੋਂ ਜਦੋਂ ਉਹਨੇ ਆਪਣੀ ਬੀਵੀ ਨਾਲ਼ ਸਿੰਗ ਫਸਾਏ ਸਨ ਉਹਦਾ ਖ਼ਿਆਲ ਸੀ ਉਹ ਹਮੇਸ਼ਾ ਇੰਜ ਦਾ ਈ ਰਵੇਗਾ। ਉਹ ਇੱਕ ਮੂਰਖ ਤੇ ਬੇਖ਼ਬਰ ਨੌਜਵਾਨ ਸੀ। ਵੇਲੇ ਨੇ ਉਹਨੂੰ ਮਿੱਧ ਕੇ ਰੱਖ ਦਿੱਤਾ। ਉਹਨੇ ਸੁਤੜੇ ਨਾਗਾਂ ਨੂੰ ਛੇੜਿਆ ਸੀ। ਹੁਣ ਉਹ ਨਾਗਣੀ ਉਹਦੇ ਕਾਬੂ ਤੋਂ ਬਾਹਰ ਹੋ ਗਈ ਸੀ। ਇਸ ਮੂਰਖ ਨੂੰ ਸਾਰੇ ਮੰਤਰ ਭੁੱਲ ਗਏ ਸਨ। ਆਪਣੇ ਹੱਥੀਂ ਜਗਾਈ ਹੋਈ ਨਾਗਣੀ ਹੁਣ ਉਹ ਸੁਲਾਣਾ ਚਾਹੁੰਦਾ ਸੀ। ਪਰ ਬਿਫਰੀ ਹੋਈ ਨਾਗਣ ਹੁਣ ਸੌਣ ਨੂੰ ਤਿਆਰ ਨਹੀਂ ਸੀ। ਉਹ ਸ਼ੂਕਰਦੀ ਸੀ ਤੇ ਉਹਦੀ ਫੁਣਕਾਰ ਅੱਗ ਭਰੀ ਸੀ। ਇਸ ਅੱਗ ਨੂੰ ਬੁਝਾਣ ਲਈ ਉਹਦੇ ਕੋਲ਼ ਪਾਣੀ ਕੋਈ ਨਹੀਂ ਸੀ। ਤਲਾਅ ਸੁੱਕ ਗਿਆ ਸੀ

ਫ਼ਿਰ ਤੁਸਾਂ ਉਹਨੂੰ ਦਵਾਈ ਦਿੱਤੀ ?

ਹਾਂ, ਕੁੱਝ ਓਹੜ ਪੋਹੜ ਕੀਤਾ ਤਾਂ ਹੈ

ਮਤਲਬ ਤੁਹਾਨੂੰ ਸੌ ਫ਼ੀਸਦ ਆਪਣੀ ਦਵਾਈ ਤੇ ਭਰੋਸਾ ਨਹੀਂ ?

ਤੇਰੇ ਸਵਾਲ ਦਾ ਜਵਾਬ ਏ ਕੁਝ ਕੁਝ ਹਾਂ ਤੇ ਕੁਝ ਕੁਝ ਨਹੀਂ

ਕੀ ਮਤਲਬ ?

ਮੈਨੂੰ ਆਪਣੀ ਦਵਾਈ ਤੇ ਥੋੜਾ ਬਹੁਤਾ ਭਰੋਸਾ ਹੈ ਪਰ ਉਹਦੀ ਬੀਵੀ ਤੇ ਬਿਲਕੁੱਲ ਨਹੀਂ। ਮਾਮਲਾ ਸਾਡੇ ਈ ਨਹੀਂ ਉਹਦੀ ਬੀਵੀ ਦੇ ਵੀ ਵਸੋਂ ਬਾਹਰ ਹੋ ਗਿਆ ਏ।

ਇਹ ਤੇ ਹੈ ਵੇ।

ਦੱਸਣਾ ਮੈਂ ਤੈਨੂੰ ਇਹ ਚਾਹਨਾਂ ਕਿ ਹੁਣ ਉਹ ਹੱਥਾਂ ਨਾਲ਼ ਦਿੱਤੀਆਂ ਗੰਢਾਂ ਦੰਦਾਂ ਨਾਲ਼ ਖੋਲ੍ਹਦਾ ਫਿਰਦਾ ਏ। ਆਉਣ ਵਾਲੇ ਵੇਲੇ ਤੋਂ ਬੇਖ਼ਬਰੀ ਨੇ ਉਹਨੂੰ ਇਹ ਦਿਨ ਵਿਖਾਇਆ ਏ।

ਜੀ ਬਿਲਕੁੱਲ ਠੀਕ ਏ. । ਅਸੀਂ ਹਾਲ ਵਿਚ ਜੀਨੇ ਆਂ ਤੇ ਆਣ ਵਾਲਾ ਵੇਲ਼ਾ ਨਾ ਵੇਖ ਸਕਦੇ ਆਂ ਤੇ ਆਪਣੀ ਮਸਤੀ ਵਿਚ ਨਾ ਵੇਖਣਾ ਚਾਹੁੰਦੇ ਆਂ।

ਇਹ ਗੱਲਾਂ ਤਾਂ ਹੋ ਗਈਆਂ। ਤੁਸੀਂ ਦੱਸੋ ਕੀ ਗੱਲਾਂ ਬਾਤਾਂ ਈ ਕਰਨ ਆਏ ਸਾਓ ਤੁਹਾਨੂੰ ਕੋਈ ਕੰਮ ਤੇ ਨਹੀਂ ਸੀ ?

ਨਹੀਂ ਨਹੀਂ ਮੈਨੂੰ ਕੋਈ ਕੰਮ ਨਹੀਂ ਸੀ, ਮੈਂ ਸਿਰਫ਼ ਤੁਹਾਨੂੰ ਮਿਲਣ ਆਇਆ ਸਾਂ। ਮੈਂ ਬੜਾ ਜ਼ੋਰ ਦੇ ਕੇ ਆਖਿਆ। ਏਨਾ ਕੁੱਝ ਸੁਣਨ ਤੋਂ ਬਾਅਦ ਵੀ ਜੇ ਮੈਂ ਉਹ ਕੰਮ ਦਸਦਾ ਜਿਹਦੇ ਲਈ ਮੈਂ ਗਿਆਂ ਸਾਂ ਤਾਂ ਮੇਰੀ ਮੂਰਖਤਾ ਵਿਚ ਕਿਸੇ ਨੂੰ ਵੀ ਸ਼ੱਕ ਨਹੀਂ ਸੀ ਰਹਿਣਾ।

ਸ਼ਾਦੀ ਤੋਂ ਬਾਅਦ ਪੰਦਰ੍ਹਾਂ ਵਰ੍ਹੇ ਚੰਗੇ ਭਲੇ ਗੁਜ਼ਰ ਗਏ ਸਨ। ਹੁਣ ਵੀ ਸਭ ਕੁੱਝ ਨਾਰਮਲ ਸੀ। ਫ਼ਿਰ ਐਵੇਂ ਸੁਣ ਸੁਣਾ ਕੇ ¨ਜ਼ਰੂਰ ¨¨

## 'ਬੇਖ਼ਬਰ' ਬਾਰੇ ਵਿਚਾਰ-ਚਰਚਾ

**ਬਲਬੀਰ ਪਰਵਾਨਾ** : ਜਗੀਰੂ ਮਾਨਸਿਕਤਾ ਵਾਲੇ ਸਮਾਜ 'ਚ ਸੈਕਸ ਨਾਲ ਜੁੜੀਆਂ ਬਹੁਤ ਸਾਰੀਆਂ ਮਿੱਥਾਂ ਬਣੀਆਂ ਹੋਈਆਂ ਹਨ। ਇਨ੍ਹਾਂ 'ਚ ਮੁੱਖ ਤੌਰ 'ਤੇ ਇਸਨੂੰ ਮਾਨਸਿਕਤਾ ਨਾਲ ਨਾ ਜੋੜ ਕੇ ਸਿਰਫ਼ ਸਰੀਰਕ ਕਿਰਿਆ ਤਕ ਸੀਮਤ ਕਰ ਦਿੱਤਾ ਜਾਂਦਾ; ਜਿਵੇਂ ਕਿਸਾਨੀ 'ਚ ਮੰਨਿਆ ਜਾਂਦਾ ਕਿ ਜਿੰਨਾ ਡੂੰਘਾ ਹਲ ਵਾਹਿਆ ਜਾਵੇ, ਫ਼ਸਲ ਓਨੀ ਹੀ ਪਲਰਦੀ ਹੈ। ਔਰਤ ਨੂੰ ਭੋਇੰ ਵਾਂਗ ਸਮਝ ਕੇ, ਮਰਦ ਦੇ ਪੱਠਿਆਂ ਦੀ ਸਮਰੱਥਾ ਨੂੰ ਪਰਖਿਆ ਜਾਂਦਾ। ਜ਼ੋਰ-ਅਜਮਾਈ ਦੀ ਖੇਡ ਸਮਝਣ ਨਾਲ ਪਰ ਕਈ ਤਰ੍ਹਾਂ ਦੇ ਵਿਗਾੜ ਪੈਦਾ ਹੋਣੇ ਸ਼ੁਰੂ ਹੋ ਜਾਂਦੇ ਹਨ, ਜਿਨ੍ਹਾਂ ਨੂੰ ਆਧਾਰ ਬਣਾ ਕੇ ਨੀਮ-ਹਕੀਮ 'ਸ਼ਰਤੀਆ ਇਲਾਜ' ਵਰਗੀਆਂ ਮਿੱਥਾਂ ਘੜਦੇ ਹਨ। ਕਿਸੇ ਅਖ਼ਬਾਰ ਦਾ ਪੰਨਾ ਖੋਲ੍ਹ ਕੇ ਦੇਖ ਲਵੋ ਜਾਂ ਸੜਕਾਂ/ਬਾਜ਼ਾਰਾਂ ਕੰਢੇ ਅਜਿਹੇ ਨੀਮ-ਹਕੀਮਾਂ ਦੇ ਇਸ਼ਤਿਹਾਰ ਅਕਸਰ ਨਜ਼ਰ ਆ ਜਾਂਦੇ ਹਨ, ਜਿਨ੍ਹਾਂ ਤੋਂ ਇਸ ਸਮੱਸਿਆ ਦੀ ਵਿਕਰਾਲਤਾ ਦਾ ਅੰਦਾਜ਼ਾ ਲਾਇਆ ਜਾ ਸਕਦਾ। 'ਬੇਖਬਰ' ਇਸੇ ਸਮੱਸਿਆ ਦੀਆਂ ਕੁਝ ਤੰਦਾਂ ਫੜਨ ਦਾ ਯਤਨ ਹੈ। 'ਹਕੀਮ' ਪਾਤਰ ਲੇਖਕ ਨੇ ਬੜੀ ਸਫ਼ਲਤਾ ਨਾਲ ਸਿਰਜਿਆ। ਕਹਾਣੀ ਦੀਆਂ ਛੋਹਾਂ ਸਹਿਜਤਾ ਨਾਲ ਅਗਾਂਹ ਵਧਦੀਆ ਹਨ। ਭਾਵੇਂ ਕਹਾਣੀ ਵਿਚ ਬਹੁਤਾ ਸੰਘਣਾ ਬਿਰਤਾਂਤ ਨਹੀਂ, ਇਕਹਿਰੀ ਪਰਤ ਦੇ ਹੁੰਦਿਆਂ ਵੀ, ਕਹਾਣੀ ਪ੍ਰਭਾਵ ਛੱਡਦੀ ਹੈ।

**ਰਮਨਪ੍ਰੀਤ ਕੌਰ 'ਚੌਹਾਨ'**: ਬੇਖਬਰ ਵਿੱਚ ਦੱਸਿਆ ਗਿਆ ਹੈ ਕਿ ਵਿਅਕਤੀ ਆਪਣੀਆਂ ਖਾਹਿਸ਼ਾਂ ਕਾਰਣ ਕਸ਼ਟ ਭੋਗਦਾ ਹੈ। ਕਹਾਣੀ ਦਾ ਮੂਲ ਹੈ ਮੌਤ ਹੀ ਜੀਵਨ ਦਾ ਅਨਿਵਾਰੀ ਅੰਤ ਹੈ। ਕਹਾਣੀ ਦੇ ਪਾਤਰ ਹਕੀਮ ਸਾਹਿਬ ਬੜੀ ਸਧਾਰਨਤਾ ਨਾਲ ਮੌਤ ਦੀ ਅਸਲੀਅਤ ਨੂੰ ਉਜਾਗਰ ਕਰਦੇ ਹਨ ਜਿਵੇਂ

ਮੌਤ, ਇਨਸਾਨ ਦਾ ਅਸਲ ਅੰਜਾਮ ਤੇ ਮੌਤ ਈ ਏ ਨਾ।

ਇਹ ਕਹਾਣੀ ਮਨੁੱਖ ਨੂੰ ਸਮੇਂ ਦੀ ਚਾਲ ਤੁਰਨ ਦੀ ਪ੍ਰੇਰਨਾ ਵੀ ਦਿੰਦੀ ਹੈ। ਹਕੀਮ ਸਾਹਿਬ ਦੇਵੀ ਅਤੇ ਲਾਫਾਨੀ ਬੰਦੇ ਦੀ ਕਹਾਣੀ ਸੁਣਾ ਕੇ ਮਨੁੱਖ ਦੇ ਅਸਤਿੱਤਵ ਦੀ ਪੂਰਨਤਾ ਦਾ ਗੰਭੀਰ ਪ੍ਰਸ਼ਨ ਪੜ੍ਹਾ ਕਰ ਦਿੰਦਾ ਹੈ। ਕਹਾਣੀ ਦੇ ਸਾਰੇ ਬਿਰਤਾਂਤਕ ਧੁਰੇ ਵਿੱਚ ਹਕੀਮ ਸਾਹਿਬ ਲੌਕਿਕ ਅਤੇ ਪਾਰਲੌਕਿਕ ਸੰਦਰਭਾ ਦੇ ਹਵਾਲੇ ਨਾਲ ਮਨੁੱਖੀ ਜ਼ਿੰਦਗੀ ਦੇ ਸਾਰ ਤੱਤ ਨੂੰ ਪਰਿਭਾਸ਼ਤ ਕਰਦੇ ਹਨ। ਪਰੰਪਰਕ ਜੀਵਨ ਮੁੱਲ੍ਹਾਂ ਨਾਲ ਜੁੜਿਆ ਮਾਸਟਰ ਇੱਕ ਸੰਵੇਦਨਸ਼ੀਲ ਪਾਤਰ ਹੈ ਪਰ ਆਪਣੀ ਅਣਖ ਅਤੇ ਇੱਜਤ ਕਰਕੇ ਹਕੀਮ ਸਾਹਿਬ ਨਾਲ ਆਪਣੀ ਸਮੱਸਿਆ ਦਾ ਜ਼ਿਕਰ ਸਿੱਧਾ ਨਹੀਂ ਕਰਦਾ। ਪਰ ਹਕੀਮ ਸਾਹਿਬ ਪਦਾਰਥੀ ਵਸਤਾਂ ਪਿੱਛੇ ਇਨਸਾਨੀ ਵਾਸਤਵਿਕਤਾ ਮਾਸਟਰ ਨੂੰ ਸਮਝਾਉਂਦਾ ਹੈ। ਮਾਸਟਰ ਹਕੀਮ ਸਾਹਿਬ ਕੋਲ ਪਰਿਵਾਰਕ ਸੁੱਖ ਲਈ ਆਉਂਦਾ ਹੈ ਪਰ ਹਕੀਮ ਸਾਹਿਬ ਆਪਣੀ ਉਮਰ ਦੇ ਤਜਰਬੇ ਦੇ ਆਧਾਰ ਤੇ ਮਾਸਟਰ ਦੀ ਮਾਨਸਿਕਤਾ ਸਮਝ ਲੈਂਦਾ ਹੈ ਅਤੇ ਗੱਲਾਬਾਤਾਂ ਰਾਹੀਂ ਆਦਰਸ਼ ਪਰਿਵਾਰਕ ਜ਼ਿੰਦਗੀ ਬਤੀਤ ਕਰਨ ਦਾ ਇਸ਼ਾਰਾ ਕਰਦਾ ਹੈ। 'ਬੇਖਬਰ' ਕਹਾਣੀ ਵਿੱਚ ਦੱਸਿਆ ਗਿਆ ਹੈ ਕਿ ਮਰਦ ਬੇਸ਼ੱਕ ਮਾਨਸਿਕ, ਆਰਥਿਕ ਪੱਖੋਂ ਪੂਰਨ ਆਜ਼ਾਦ ਹੈ ਪਰ ਔਰਤ ਨੂੰ ਪਰਿਵਾਰਕ ਸੁੱਖ ਦੇਣ ਲਈ ਹਕੀਮ ਵਰਗਿਆਂ ਦੀ ਹੀ ਜ਼ਰੂਰਤ ਹੈ। ਹਕੀਮ ਦੀਆਂ ਗੱਲਾਂ ਸੁਣ ਕੇ ਮਾਸਟਰ ਨੂੰ ਮਾਨਸਿਕ ਸੰਤੁਸ਼ਟੀ ਮਿਲਦੀ ਹੈ। ਹਕੀਮ ਸਾਹਿਬ ਨੇ ਬੇਖਬਰ ਕਹਾਣੀ ਵਿੱਚ ਮਜਬੂਤ ਪਰਿਵਾਰ ਸੁਖ ਲਈ ਸਿਆਣਪ ਅਤੇ ਆਦਰਸਤਾ ਦੀ ਹਾਮੀ ਭਰੀ ਹੈ।

**ਦੀਪਤੀ ਬਬੂਟਾ** : ਬੜੀ ਕਮਾਲ ਦੀ ਕਹਾਣੀ ਹੈ। ਕੁੱਝ ਵੀ ਨਾ ਕਹਿ ਕੇ ਸਭ ਕੁੱਝ ਕਹਿੰਦੀ ਨਾਗ ਵਾਂਗ ਮੇਲਦੀ ਕਹਾਣੀ ਆਪਣੇ ਆਸ਼ੇ ਵੱਲ ਵੱਧਦੀ ਜਾਂਦੀ ਹੈ। ਇਹੀ ਕਾਰਣ ਹੈ ਕਿ ਹਕੀਮ ਕੋਲ ਇਲਾਜ ਲਈ ਆਏ ਵਿਅਕਤੀ ਨੂੰ ਆਪਣੀ ਕਮਜ਼ੋਰੀ ਬਾਰੇ ਗੱਲ ਕਰਨ ਦੀ ਲੋੜ ਹੀ ਨਹੀਂ ਰਹਿੰਦੀ।

**ਭਗਵੰਤ ਰਸੂਲਪੁਰੀ**: ਕਰਾਮਤ ਦੀ ਏਸ ਕਹਾਣੀ ਦੀ ਬੁਣਤੀ ਮੈਨੂੰ ਨਵੇਕਲੀ ਤੇ ਚੰਗੀ ਲੱਗੀ ਏ। ਕਹਾਣੀ ਵਿਚ ਇਕ ਪਾਤਰ ਹਕੀਮ ਏ, ਜਿਸ ਨੂੰ ਕਹਾਣੀਕਾਰ ਬੜੀ ਕੁਸ਼ਲਤਾ ਨਾਲ ਉਸਾਰਦਾ ਏ। ਉਸ ਰਾਹੀ ਜਿਹੜਾ ਬਿਰਤਾਂਤ ਸਿਰਜਿਆ ਗਿਆ ਏ ਉਹ ਪਾਠਕ ਨੂੰ ਆਪਣੇ ਨਾਲ ਤੋਰ ਲੈਂਦਾ ਏ। ਪਰਤ ਦਰ ਪਰਤ ਕਹਾਣੀ ਖੁੱਲ੍ਹਦੀ ਜਾਂਦੀ ਏ ਤੇ ਅੰਤ ਵਿਚ ਪੂਰੀ ਖੁੱਲ੍ਹ ਜਾਂਦੀ ਏ। ਇਹਨੂੰ ਰਹੱਸ ਦੀ ਤਕਨੀਕ ਵੀ ਕਹੀ ਜਾ ਸਕਦੀ ਏ।

ਏਸ ਕਹਾਣੀ ਰਾਹੀਂ ਕਰਾਮਤ ਏਹ ਕਹਿਣਾ ਚਾਹੁੰਦਾ ਏ ਕਿ ਕਾਮ ਦੀ ਤ੍ਰਿਪਤੀ ਤੇ ਖ਼ਾਹਸ਼ ਰੱਖਣੀ ਅਜਿਹੀ ਭੁੱਖ ਤੇ ਲੋੜ ਏ ਜਿਹਨੂੰ ਜਿੰਨੀ ਘਟਾਓ ਘਟ ਜਾਂਦੀ ਏ, ਜਿੰਨੀ ਵਧਾਓ ਵਧਦੀ ਜਾਂਦੀ ਏ। ਕਹਾਣੀ ਅੱਗੇ ਏਹ ਵੀ ਕਹਿੰਦੀ ਏ ਕਿ ਔਰਤ ਦੀ ਇਹ ਭੁੱਖ ਵਧ ਜਾਵੇ ਤਾਂ ਉਹ ਬੇਕਾਬੂ ਵੀ ਹੋ ਜਾਂਦੀ ਏ। ਕਰਾਮਤ ਮੁਗ਼ਲ ਏਹ ਵੀ ਕਹਿੰਦਾ ਏ ਕਿ ਏਸ ਲੋੜ ਦਾ ਸੰਬੰਧ ਦਿਮਾਗ਼ ਨਾਲ ਏ।

ਕਹਾਣੀ ਵਿਚ ਔਰਤ-ਮਰਦ ਦੀ ਕਾਮ ਭੁੱਖ ਨੂੰ ਲੈ ਕੇ ਗੁੱਝੀਆਂ ਗੱਲਾਂ ਤੇ ਰਮਜਾਂ ਹਨ। ਕਹਾਣੀ ਦਾ ਪਾਤਰ ਮਾਸਟਰ ਅਸਲ 'ਚ ਆਪਣੀ ਘਟਦੀ ਜਾਂਦੀ ਕਾਮ ਭੁੱਖ ਨੂੰ ਵਧਾਉਣ ਲਈ ਹਕੀਮ ਕੋਲ ਜਾਂਦਾ ਏ, ਜਦ ਕਿ ਮਾਸਟਰ ਦੇ ਆਪਣੀ ਪਤਨੀ ਨਾਲ ਸੰਬੰਧ ਨਾਰਮਲ ਹੁੰਦੇ ਨੇ। ਹਕੀਮ ਵੱਲੋਂ ਏਸ ਮਸਲੇ 'ਤੇ ਜਿਹੜਾ ਬਿਰਤਾਂਤ ਪੇਸ਼ ਕੀਤਾ ਜਾਂਦਾ ਏ, ਉਸ ਨੂੰ ਮਾਸਟਰ ਸੁਣ ਕੇ ਆਪਣੀ ਸੋਚ ਬਦਲ ਲੈਂਦਾ ਏ। ਕਹਾਣੀ ਵਿਚ ਇਹ ਗੱਲ ਨਾ ਹਕੀਮ ਨੂੰ ਪਤਾ ਲੱਗਦੀ ਏ ਅਤੇ ਨਾ ਹੀ ਮਾਸਟਰ ਉਸ ਨੂੰ ਏਹ ਗੱਲ ਦੱਸਦਾ ਏ।

ਹਕੀਮ ਕੋਲ ਜਿਹੜੀਆਂ ਪਹਿਲਾਂ ਦੋ ਔਰਤਾਂ ਦਵਾਈ ਲੈਣ ਬੈਠੀਆਂ ਹਨ, ਉਨ੍ਹਾਂ ਵਿਚ ਰਹੱਸ ਏ ਕਿ ਉਹ ਕਿਸ ਮਰਜ਼ ਦੀ ਦਵਾਈ ਲੈਣ ਆਈਆਂ ਨੇ। ਹਕੀਮ ਕੋਲ ਉਸਦਾ ਜਾਣੂ ਆਪਣੇ ਢਿੱਡ ਦੀ ਗੱਲ ਦੱਸਣ ਆਇਆ ਏ ਜਿਹੜਾ ਗੱਲ ਕਹਾਣੀ ਦੇ ਅੰਤ ਤੱਕ ਦੱਸਦਾ-ਦੱਸਦਾ ਲਮਕਾਈ ਜਾਂਦਾ ਏ ਅੰਤ ਆਪਣੇ ਢਿੱਡ ਵਿਚ ਹੀ ਲੈ ਕੇ ਤੁਰ ਜਾਂਦਾ ਏ।

ਪਰ ਮੈਨੂੰ ਲੱਗਦਾ ਏ ਕਿ ਹਕੀਮ ਨੂੰ ਉਹਦੀ ਮਰਜ਼ ਦਾ ਪਤਾ ਲੱਗ ਜਾਂਦਾ ਏ। ਉਸ ਦੀ ਬੇਚੈਨੀ ਭਾਂਪ ਲੈਂਦਾ ਏ। ਏਸੇ ਲਈ ਉਹ ਇਕ ਕਹਾਣੀ ਦਾ ਪ੍ਰਸੰਗ ਸੁਣਾਉਂਦਾ ਏ। ਜਿਸ ਵਿਚ ਉਹ ਦੱਸਦਾ ਏ ਕਿ ਲਾਫ਼ਾਨੀ ਦੇਵੀ ਦੀ ਆਪਣੇ ਦੇਵਤੇ ਤੋਂ ਮੋਹ ਭੰਗ ਹੋ ਕੇ ਇਸ ਲਫ਼ਾਨੀ ਬੰਦੇ ਨਾਲ ਮੁਹੱਬਤ ਹੋ ਜਾਂਦੀ ਏ। ਸਮਾਂ ਗੁਜ਼ਰਨ ਨਾਲ ਉਸ ਬੰਦੇ ਦੇ ਅੰਗ ਕਮਜ਼ੋਰ ਹੋ ਜਾਂਦੇ ਹਨ। ਕਹਾਣੀ ਦਾ ਏਹ ਬਿਰਤਾਂਤ ਲੰਮਾ ਜਾਂਦਾ ਏ। ਸਿੱਟਾ ਏਹ ਨਿਕਲਦਾ ਏ ਕਿ ਮਾਸਟਰ ਜਿਹੜੀ ਮਰਜ਼ ਆਪਣੇ ਮਨ ਵਿਚ ਲੈ ਹਕੀਮ ਕੋਲ ਆਇਆ ਸੀ, ਜਦੋਂ ਹਕੀਮ ਉਹਨੂੰ ਆਉਣ ਦਾ ਕਾਰਨ ਪੁੱਛਦਾ ਏ ਤਾਂ ਉਹ ਦੱਸੇ ਬਗੈਰ ਚਲੇ ਜਾਂਦਾ ਏ।

ਕਹਾਣੀ ਬੰਦੇ ਤੇ ਔਰਤ ਦੀ ਕਾਮ ਤ੍ਰਿਪਤੀ ਦੀ ਗੰਢ ਨੂੰ ਖੋਲਦੀ ਏ। ਅਜਿਹਾ ਮੈਨੂੰ ਏਸ ਕਹਾਣੀ ਤੋਂ ਲੱਗਾ ਏ।

**ਜਸਵਿੰਦਰ ਸਿੰਘ** : ਕਰਾਮਤ ਮੁਗਲ ਦੀ ਇਹ ਕਹਾਣੀ ਬੇਖ਼ਬਰ ਬੰਦੇ ਦੀ ਕਾਮੁਕ ਭੁੱਖ-

ਅਯਾਸ਼ੀ-ਆਨੰਦ ਦੀਆਂ ਬੇਲਗਾਮ ਚਾਹਤਾਂ ਦੇ ਆਰ-ਪਾਰ ਫੈਲਦੀ ਹੈ ਤੇ ਇਹਨਾਂ ਨੂੰ ਬੜੀ ਕਲਾਤਮਕ ਤਨਜ਼ ਨਾਲ ਬੇਪਰਦ ਕਰ, ਇਨਸਾਨੀ ਜ਼ਿੰਦਗੀ ਦੇ ਸੁਹਜ-ਸੱਚਾਂ ਦੀ ਸੋਝੀ ਕਰਵਾ ਜਾਂਦੀ ਹੈ। ਕਹਾਣੀ ਦਾ ਵਕਤਾ ਪਾਤਰ ਮਾਸਟਰ ਹੈ, ਜੋ 'ਖਾਸ ਗਰਜ' ਖਾਤਰ ਪਛਾਣੂੰ ਹਕੀਮ ਕੋਲ ਗਿਆ ਹੈ। ਕਥਾ ਵਾਪਰਨ ਸਥੱਲ ਹੱਟੀ ਹੈ। ਹਕੀਮ ਬੈਠੀਆਂ ਦੋਹਾਂ ਤਰੀਮਤਾਂ ਨੂੰ ਦਵਾ ਦੇ ਤੋਰ, ਮਾਸਟਰ ਨਾਲ ਅਪਣਤ ਜਤਾਉਂਦਾ ਤੇ ਸਾਂਝਦਾਰੀ ਦੀਆਂ ਤੰਦਾਂ ਜੋੜਦਾ ਬਾਤੂਨੀ ਬਣ ਪ੍ਰਸੰਗ ਦਰ ਪ੍ਰਸੰਗ ਬੜੀ ਰੋਚਕਤਾ ਨਾਲ ਖੋਹਲਦਾ ਹੈ। ਕਹਾਣੀ ਦੀ ਰਵਾਨੀ ਤੇ ਰਹੱਸਮਈਤਾ ਕਮਾਲ ਦੀ ਹੈ। ਕਾਮੁਕ ਆਨੰਦਾਂ ਨੂੰ ਬੇਹੱਦ ਸੁਹਜ ਭਰਪੂਰ ਪ੍ਰਤੀਕਮਈ ਲੋਕ ਬੋਲੀ ਵਿਚ ਪ੍ਰਗਟਾਉਣ ਦੀ ਸਮਰੱਥਾ ਲਾਸਾਨੀ ਹੈ। ਬੇਖ਼ਬਰ ਨੂੰ ਖੋਲਣ ਦੀ ਕਲਾ ਜੁਗਤ ਦਾ ਪ੍ਰਸੰਗ ਤਿੰਨ ਪੱਧਰਾਂ 'ਤੇ ਖੁਲਦਾ ਹੈ। ਲਾਸਾਨੀ ਪਰੀ ਦਾ ਫਾਨੀ ਤਕੜੇ-ਸੁੰਦਰ-ਹਾਣ ਦੇ ਬੰਦੇ ਤੇ ਮੋਹਿਤ ਹੋਣਾ ਤੇ ਦੇਵਤਿਆਂ ਕੋਲੋਂ ਉਸਨੂੰ ਲਾਫਾਨੀ ਬਣਾ ਲੈਣਾ; ਇਹ ਸੰਭਵ ਨਹੀਂ ਹੈ। ਹੱਢ-ਹੰਢਾ ਕਮਜ਼ੋਰ ਹੋਏ ਨੂੰ ਪਰੀ ਫਿਰ ਦੇਵਤਿਆਂ ਨੂੰ ਆਖ 'ਅਸਲ ਅੰਜਾਮ' ਭਾਵ ਮੌਤ ਤੀਕ ਪਹੁੰਚਾਂਦੀ ਹੈ। ਇਹ ਲਾਸਾਨੀ ਦੇਵੀ ਦੀ ਚਾਹਤ ਤੇ ਦੇਵਤਿਆਂ ਦੇ ਵਰਦਾਨ ਦੇ ਬਾਵਜੂਦ ਮਨੁੱਖੀ ਦੇਹੀ ਦੇ ਹੰਢਣ-ਬਿਨਸਣ ਦਾ ਅਟੱਲ ਸੱਚ ਉਜਾਗਰ ਕਰ ਇਕ ਅਮੀਰ ਬੰਦੇ ਦੀਆਂ ਤਿੰਨ ਫੇਰੀਆਂ ਦੇ ਰਾਜ਼ ਨਸ਼ਰ ਕਰ, 'ਖਾਸ ਦਵਾਈ' ਜੋ ਬੜੀ ਮਹਿੰਗੀ ਦਾ 'ਕੱਚ-ਸੱਚ' ਨਸ਼ਰ ਕਰ ਕਈ ਬਾਤਾਂ ਪਾ ਜਾਂਦੀ ਕਰਾਮਤ ਮੁਗਲ ਨੂੰ ਕਹਾਣੀ ਉਸ ਅਮੀਰ ਬੰਦੇ ਦੀਆਂ ਤਿੰਨ ਫੇਰੀਆਂ ਦੇ ਮੰਤਵਾਂ-ਪਰਿਵਾਰਾਂ ਰਾਹੀਂ ਬੰਦੇ ਦੀ ਅਬੁੱਝ ਪਿਆਸ-ਭਟਕਣ ਤੇ ਤਲਖ਼ ਕੌੜੇ ਸੱਚ ਦਾ ਭੇੜ ਮਚਾ ਉਸਦੇ ਹਸ਼ਰ ਨੂੰ ਅਤਿ ਸੁੰਦਰ ਸ਼ੈਲੀ ਵਿਚ ਜ਼ਾਹਿਰ ਵੀ ਕਰ ਜਾਂਦੀ ਹੈ ਤੇ ਸਾਇਸਤਗੀ ਵੀ ਬਰਕਰਾਰ ਰੱਖਦੀ ਹੈ। ਪਹਿਲਾਂ ਆਪਣੀ 'ਮਰਦਾਨਾ ਸ਼ਕਤੀ', ਫਿਰ ਬੀਵੀ ਲਈ ਓਸੇ ਸ਼ਕਤੀ ਤੇ ਤੀਜੀ ਵਾਰ ਬੀਵੀ ਦੀ ਰਫ਼ਤਾਰ ਮੱਠੀ ਕਰਨ ਲਈ ਦਵਾਈ ਖਾਤਰ ਫੇਰੀ ਕੌੜੇ ਸੱਚ ਨੂੰ ਉਭਾਰਦੀ ਹੈ। ਉਦੋਂ ਵਾਪਰਦੀ ਹੈ, ਜਦ ਮਾਸਟਰ ਦੋਨੋਂ ਕਥਾਵਾਂ ਦਾ ਹਸ਼ਰ ਸੁਣ ਓਸੇ ਦਵਾਈ ਖ਼ਾਤਰ 'ਖਾਸ ਗਰਜ' ਖਾਤਰ ਹਕੀਮ ਕੋਲ ਪਹੁੰਚਾ, "ਫਿਰ ਐਵੇਂ ਸੁਣ ਸੁਣ ਕੇ...ਜ਼ਰੂਰ...", ਬਿਨ ਦਵਾਈਓਂ ਪਰਤਣਾ ਬੇਹਤਰ ਸਮਝਦਾ ਹੈ।

ਇਹ ਕਹਾਣੀ ਮਰਦਾਵੀਂ ਕਾਮੁਕ ਸਲੂਕ ਅਤੇ ਜਿਸਮ ਦੀ ਕੁਰੱਖਤ ਸੱਚਾਈ ਦੇ ਆਰ-ਪਾਰ ਫੈਲੇ-ਫੈਲਾਏ ਜਾਲ ਅਥਵਾ ਤੰਤਰ ਨੂੰ ਬੜੇ ਰੋਚਕ ਅੰਦਾਜ਼ ਵਿਚ ਜ਼ਾਹਰ ਕਰ ਜਾਂਦੀ ਹੈ। ਮਨੁੱਖੀ ਫਿਤਰਤ ਦੀ ਏਹ ਬਾਤ ਕਰਾਮਤ ਮੁਗਲ ਨੇ ਬਾਕਮਾਲ ਪਾਈ ਹੈ ਤੇ ਪਾਈ ਵੀ ਬੜੀ ਸੁਹਜਭਰੀ ਬਿਰਤਾਂਤਕਾਰੀ ਨਾਲ।

**ਮਹਿਲ ਸਿੰਘ** : ਇਹ ਕਹਾਣੀ ਮਰਦਾਨਾ ਤਾਕਤ ਲਈ ਦੇਸੀ ਵੈਦ/ਹਕੀਮਾਂ ਦੇ ਪੱਲੇ ਪੈਣ ਦੇ ਰਹੱਸ ਨਾਲ ਸੰਬੰਧਿਤ ਹੈ। ਦੇਸੀ ਨੀਮ-ਹਕੀਮ ਕਿਵੇਂ ਅਜੇਹੇ ਬੰਦਿਆਂ ਨੂੰ ਲੁੱਟਦੇ ਹਨ, ਇਸ ਦਾ ਭੇਦ ਇਸ ਕਹਾਣੀ ਵਿਚ ਖੁੱਲ੍ਹਦਾ ਹੈ। ਮਰਦ ਕਿਵੇਂ ਆਪਣੀ ਕਾਮ ਖੇਡ ਦੇ ਮੁਤਾਬਕ ਔਰਤ ਦੀ ਸੀਮਾ ਸ਼ਕਤੀ ਨਿਰਧਾਰਤ ਕਰਨ ਦੀ ਕੋਸ਼ਿਸ ਕਰਦਾ ਹੈ, ਅਜੇਹੀ ਜਗੀਰੂ ਸੋਚ ਦਾ ਪ੍ਰਗਟਾਵਾ ਵੀ ਇਸ ਕਹਾਣੀ ਵਿਚ ਹੈ ?

**ਡਾ. ਜਨਮੀਤ** : ਭਾਰਤੀ ਸਮਾਜ ਵਿਚ ਮਰਦਾਨਾ ਤਾਕਤ ਹਾਸਲ ਕਰਨ ਦੇ ਇਸ਼ਤਿਹਾਰ ਏਥੋਂ ਦੀ ਆਬਾਦੀ ਵਾਂਗ ਕਰੋੜਾਂ ਦੀ ਤਾਦਾਦ ਵਿਚ ਨਸ਼ਰ ਹੁੰਦੇ ਹਨ। ਇਹ ਹਕੀਕਤ ਵੀ ਸਭ ਜਾਣਦੇ ਨੇ ਕਿ ਮਰਦ ਔਰਤ ਦੇ ਮਨੋਰੰਜਨ ਦਾ ਜ਼ਰੀਆ ਦੁਨੀਆਂ ਦੇ ਇਸ ਖਿੱਤੇ ਵਿਚ ਪ੍ਰਮੁੱਖ

ਤੌਰ ਤੇ ਜਿਨਸੀ ਸੰਬੰਧ ਹੀ ਨੇ। ਏਸੇ ਲਈ ਹਿਕਮਤ ਦਾ ਖ਼ਾਨਦਾਨੀ ਕਾਰੋਬਾਰ ਅਜੋਕੇ ਬਿਊਟੀਪਾਰਲਰਾਂ ਵਾਂਗ ਸਦੀਆਂ ਤੋਂ ਵਧਦਾ ਫੁਲਦਾ ਰਿਹਾ ਹੈ। 'ਬੇਖ਼ਬਰ' ਅਫ਼ਸਾਨਾ ਏਸੇ ਮਰਜ਼ ਨੂੰ ਪੇਸ਼ ਕਰਨ ਦੀ ਇਕ ਫੂਹੜ ਜਿਹੀ ਕੋਸ਼ਿਸ਼ ਹੈ। ਜਿੱਥੋਂ ਤੱਕ ਪੇਸ਼ਕਾਰੀ ਦਾ ਤਾਅਲੁੱਕ ਹੈ, ਅਫ਼ਸਾਨਾ ਨਿਗਾਰ ਅਦਬੀ ਜ਼ਾਬਤੇ ਵਿਚ ਨਹੀਂ ਰਹਿ ਸਕਿਆ। ਇਸ ਲਈ ਇਹ ਅਫ਼ਸਾਨਾ ਘੱਟ ਤੇ ਪੋਰਨੋਗ੍ਰਾਫੀ ਵਧੇਰੇ ਬਣ ਗਿਆ ਏ। ਲੇਖਕ ਨੇ ਭਾਵੇਂ ਇਹ ਰੌਚਿਕਤਾ ਪੈਦਾ ਕਰਨ ਲਈ ਕੀਤਾ ਹੋਵੇ, ਪਰ ਚੰਗੇ ਭਲੇ ਅਫ਼ਸਾਨੇ ਦਾ ਸੱਤਿਆਨਾਸ਼ ਕਰ ਮਾਰਿਆ ਹੈ।

**ਗੁਰਪ੍ਰੀਤ ਬਰਾੜ** : ਕਰਾਮਤ ਮੁਗ਼ਲ ਰਚਿਤ 'ਬੇਖ਼ਬਰ' ਕਹਾਣੀ ਮਨੁੱਖ ਵੱਲੋਂ ਕੀਤੇ ਜਾਂਦੇ ਕੰਮਾਂ ਪ੍ਰਤੀ ਭਵਿੱਖੀ ਨਤੀਜਿਆਂ ਦੀ ਬੇਖ਼ਬਰੀ ਤੇ ਜਿਨਸੀ ਮਾਮਲਿਆਂ ਵਿੱਚ ਬੇਸਬਰੀ ਦੀ ਡੂੰਘੇ ਅਰਥਾਂ ਵਿੱਚ ਬਾਤ ਪਾਉਂਦੀ ਹੈ। 'ਲਫ਼ਾਨੀ ਦੇਵੀ' ਵਰਗੇ ਪਾਤਰ ਰਾਹੀਂ ਸਮੇਂ ਦੀ ਚਾਲ ਨਾਲ ਬੰਦੇ ਦੀ ਜ਼ਿੰਦਗੀ ਦੀ ਮੱਧਮ ਹਢਣ ਵਾਲੀ ਰਫ਼ਤਾਰ ਪ੍ਰਤੀ ਬੇਖ਼ਬਰੀ ਦੇ ਨਤੀਜਿਆਂ ਦੀ ਖ਼ੂਬਸੂਰਤ ਪੇਸ਼ਕਾਰੀ ਹੈ। ਇਹ ਕਹਾਣੀ ਮਨੁੱਖ ਦੇ ਅੱਜ ਵਿੱਚ ਕੇਂਦਰਿਤ ਸਿਰਫ਼ 'ਜਿਨਸੀ ਆਨੰਦ' ਦੀ ਚਰਚਾ ਬਾਖ਼ੂਬੀ ਕਰਦੀ ਹੈ। ਜ਼ਿੰਦਗੀ ਵਿਚਲੀਆਂ ਹੋਰ ਬੇਸ਼ੁਮਾਰ ਨੇਹਮਤਾਂ ਨੂੰ ਭੁੱਲ ਕੇ ਬੰਦਾ ਕਿਵੇਂ ਸਿਰਫ਼ ਇਸ ਤੇ ਆਪਣਾ ਧਿਆਨ ਫੋਕਸ ਕਰਦਾ ਹੈ। ਕਹਾਣੀ ਦੇ ਹਵਾਲੇ ਇਸ ਕਹਾਣੀ ਦੀ ਅਗਲੀ ਸਥਿਤੀ ਵੀ ਦਰਸਾਉਂਦੇ ਹਨ ਕਿ ਪਿਤਰਕੀ ਸੰਰਚਨਾ ਵਿੱਚ ਜਿਵੇਂ ਹੋਰ ਸਮਾਜਿਕ, ਸਭਿਆਚਾਰਕ ਮਰਿਯਾਦਾਵਾਂ ਨਾਰੀ ਦੀ ਜ਼ਿੰਦਗੀ ਤੇ ਲਾਗੂ ਹੁੰਦੀਆਂ ਹਨ, ਉਸੇ ਤਰ੍ਹਾਂ 'ਨਾਰੀ ਕਾਮੁਕਤਾ' ਤੇ ਵੀ ਉਹ ਆਪਣਾ ਅਧਿਕਾਰ ਚਾਹੁੰਦਾ ਹੈ।

**ਡਾ. ਰਮਿੰਦਰ ਕੌਰ** : ਕਹਾਣੀ ਉੱਤਮ ਪੁਰਖੀ ਹੈ First Person Narrative ਸ਼ੈਲੀ ਵਿਚ। 'ਮੈਂ' ਬਿਰਤਾਂਤਕਾਰ ਦੇ ਆਪਣੇ ਅਨੁਭਵ ਜਾਂ ਆਪਣੇ ਨਾਲ ਘਟੀਆਂ ਘਟਨਾਵਾਂ ਦੀ ਕਹਾਣੀ। ਪਰ ਬਿਰਤਾਂਤ ਦੇ ਅੰਦਰਲੀ ਦੁਨੀਆ ਬਿਰਤਾਂਤ ਤੋਂ ਬਾਹਰੀ ਦੁਨੀਆਂ ਵਿਚ ਉਸੇ ਤਰ੍ਹਾਂ ਨਹੀਂ ਲੱਭੇਗੀ, ਕਿਉਂਕਿ ਕਲਾ ਬਣਨ ਲਈ ਸੱਚ ਇਕਹਿਰਾ ਨਹੀਂ ਡੂੰਘੀ ਰਮਜ਼ ਵਾਲਾ ਤੇ ਇਕ ਤੋਂ ਜ਼ਿਆਦਾ ਸੰਭਾਵਨਾਵਾਂ ਵਾਲਾ ਸੁਝਾਵੀ ਹੁੰਦਾ ਹੈ। ਕਰਾਮਤ ਮੁਗਲ ਦੀ ਕਹਾਣੀ 'ਬੇਖਬਰ' ਮੁਖ ਬਿਰਤਾਂਤ ਦੇ ਨਾਲ ਕਈ ਉਪ ਬਿਰਤਾਂਤ ਨਾਲ ਲੈ ਕੇ ਚਲ ਰਹੀ ਹੈ। ਮੈਂ ਪਾਤਰ ਮਾਸਟਰ ਹੈ ਤੇ ਕਹਾਣੀ ਦਾ ਮੁਖ ਪਾਤਰ ਹਕੀਮ ਹੈ, ਜਿਸ ਕੋਲੋਂ ਆਪਣੀ ਕਾਮੁਕ ਸ਼ਕਤੀ ਨੂੰ ਬਰਕਰਾਰ ਰੱਖਣ ਲਈ ਦੂਰੋਂ ਦੂਰੋਂ ਲੋਕ ਬਹੁਤ ਮਹਿੰਗੀ ਦਵਾਈ ਲੈਣ ਆਉਂਦੇ ਹਨ। ਮੈਂ ਪਾਤਰ ਵੀ ਹਕੀਮ ਕੋਲ ਇਸੇ ਕੰਮ ਲਈ ਆਉਂਦਾ, ਪਰ ਕੰਮ ਦੱਸਦਾ ਨਹੀਂ। ਕਹਾਣੀ ਵਿਚਲੇ ਨਿੱਕੇ ਨਿੱਕੇ ਵੇਰਵਿਆਂ ਤੋਂ ਪਾਠਕ ਨੂੰ ਪਤਾ ਲੱਗਦਾ ਹੈ ਕਿ ਹਕੀਮ ਨੂੰ ਇਸ ਗੱਲ ਦਾ ਅਹਿਸਾਸ ਹੈ ਕਿ ਮੈਂ ਪਾਤਰ ਕਿਸ ਕੰਮ ਲਈ ਆਇਆ। ਕਹਾਣੀ ਵਿਚ ਨਾ ਕੋਈ ਮੁਖ ਘਟਨਾ ਹੈ ਨਾ ਹੀ ਕੋਈ ਗੁੰਝਲ ਜਾਂ ਦੁਬਿਧਾ। ਇਕ ਸੰਦੇਸ਼ ਸੁਝਾਇਆ ਗਿਆ ਹੈ ਕਿ ਦੂਰ ਅੰਦੇਸ਼ੀ ਦੀ ਘਾਟ ਕਾਰਨ ਲਏ ਗਏ ਫੈਸਲੇ ਸਮੇਂ ਦੀ ਗਤੀ ਨੂੰ ਰੋਕ ਨਹੀਂ ਸਕਦੇ। ਹੌਲੀਆਂ ਲੋੜਾਂ ਕਈ ਕਿਸਮ ਤਨਾਉ ਅਤੇ ਦੁਖਾਂ ਦਾ ਕਾਰਨ ਬਣਦੀਆਂ ਹਨ। ਸ਼ਿਲਪਕਾਰੀ ਪੱਖੋਂ ਇਸ ਕਹਾਣੀ ਦੀ ਮੁਖ ਵਿਸ਼ੇਸ਼ਤਾ ਅੰਤਰਪਾਠ ਹੈ ਤੇ ਵਿਚਾਰ ਵਸਤੂ ਦੀ ਦ੍ਰਿਸ਼ਟੀ ਤੋਂ ਦਾਰਸ਼ਨਿਕਤਾ। ਕਹਾਣੀ ਦੀ ਬੁਣਤਰ ਭਾਵੇਂ ਸੰਘਣੀ ਨਹੀਂ ਪਰ ਅੰਤਰਪਾਠ ਰਮਜ਼ ਭਰਪੂਰ ਹਨ ਜੋ ਗੱਲ ਉਹ ਪਾਠਕ ਦੇ ਮਨ ਵਿਚ ਪਾਉਣਾ ਚਾਹੁੰਦਾ ਹੈ ਉਹ ਦੱਸਦਾ ਨਹੀਂ। ਉਹ ਉਸਨੂੰ ਮਹਿਸੂਸ ਹੀ ਨਹੀਂ ਹੋਣ ਦਿੰਦਾ ਕਿ ਉਹ ਕੁਝ ਸਮਝਾ ਰਿਹਾ ਹੈ। ਅੰਤਰਪਾਠ ਕਹਾਣੀ ਦੇ ਬਿਰਤਾਂਤ ਵਿਚ ਰਮ ਕੇ ਡੂੰਘੀ

ਸਮਝ ਬਣਦੇ ਹਨ। ਦੁਹਰਾ ਹੈ ਪਰ ਪਾਠਕ ਦੀ ਦਿਲਚਸਪੀ ਬਣੀ ਰਹਿੰਦੀ ਹੈ, ਕਥਾ ਰਸ ਕਾਇਮ ਰਹਿੰਦਾ ਹੈ। ਪ੍ਰਕਿਰਤਕ ਵਰਤਾਰੇ ਦੇ ਨਾਲ ਨਾਲ ਚਲਦਾ ਮਨੁੱਖ ਹੀ ਸੰਤੁਲਿਤ ਜ਼ਿੰਦਗੀ ਗੁਜ਼ਾਰ ਸਕਦਾ ਹੈ। ਮੌਜੂਦਾ ਸਮੇਂ ਵਿਚ ਪ੍ਰਕਿਰਤੀ ਵਿਚਲੀ ਸਹਿਜਤਾ ਨਾਲੋਂ ਨਾਤਾ ਤੋੜ ਚੁਕੇ ਮਨੁੱਖ ਨੂੰ ਖਬਰਦਾਰ ਕੀਤਾ ਜਾ ਰਿਹਾ ਹੈ। ਔਰਤ ਮਰਦ ਵਿਚਲਾ ਕਾਮੁਕ ਰਿਸ਼ਤਾ ਪ੍ਰਕਿਰਤਕ ਨਿਯਮ ਅਨੁਸਾਰ ਵੰਸ਼ ਨੂੰ ਵਧਾਉਣ ਦਾ ਇਕ ਵਸੀਲਾ ਹੈ, ਪਰੰਤੂ ਮਨੁੱਖ ਕਾਮ ਦੇ ਘੋੜੇ ਤੇ ਸਵਾਰ ਹੋ ਕੇ ਕਾਮੁਕਤਾ ਦੀਆਂ ਮੰਜ਼ਿਲਾਂ ਸਰ ਕਰ ਲੈਣਾ ਚਾਹੁੰਦਾ ਹੈ। ਵਕਤੀ ਰਸ ਨੂੰ ਮਾਣਨ ਦੀ ਲਾਲਸਾ ਤਹਿਤ ਉਹ ਆਪਣੀ ਸਰੀਰਕ ਸਮਰੱਥਾ ਦੀਆਂ ਅਸਲ ਸੀਮਾਵਾਂ ਤੋਂ ਬੇਖ਼ਬਰ ਹੈ। ਇਲਮ ਰਾਹੀਂ ਦਿਮਾਗੀ ਸਮਰੱਥਾ ਅਤੇ ਸੋਚ ਸ਼ਕਤੀ ਵਧਾਉਣ ਦੀ ਬਜਾਏ ਕਾਮੁਕ ਸ਼ਕਤੀ ਵਧਾਉਣ ਦਾ ਰੁਝਾਣ ਹੈ। ਹਕੀਮ ਇਕ ਜਾਗਰੂਕ ਪਾਤਰ ਦੇ ਰੂਪ ਵਿਚ ਪੇਸ਼ ਹੋਇਆ ਹੈ। ਉਸ ਦੀ ਹਿਕਮਤ ਸਿਰਫ਼ ਮਨੁੱਖੀ ਸਰੀਰ ਦੁਆਲੇ ਹੀ ਮਹਿਦੂਦ ਨਹੀਂ ਬਲਕਿ ਮਨੁੱਖ ਜਿੰਦਗੀ ਦੇ ਅੰਤਿਮ ਮਨਸ਼ੇ ਵੀ ਉਸਦੀ ਨਜ਼ਰਸਾਨੀ ਹੇਠ ਹਨ। ਹਕੀਮ ਇਲਮ ਵੰਡਣ ਵਾਲੇ ਪਰੰਤੂ ਖ਼ੁਦ ਇਲਮ ਤੋਂ ਬੇਲਾਗ ਰਹਿਣ ਵਾਲੇ ਮਾਸਟਰ ਨੂੰ ਦੂਜਿਆਂ ਵਿਅਕਤੀਆਂ ਦੀ ਉਦਾਹਰਨਾਂ ਦੇ ਕੇ ਅਸਲੀਅਤ ਤੋਂ ਜਾਣੂ ਕਰਵਾਉਣਾ ਚਾਹੁੰਦਾ ਹੈ। ਕਹਾਣੀ ਕਈ ਦਿਸ਼ਾਵਾਂ ਵੱਲ ਵਿਸਥਾਰ ਗ੍ਰਹਿਣ ਕਰਦੀ ਹੈ। ਮਰਦ ਆਪਣੀ ਤਾਕਤ ਵਧਾ ਕੇ ਕਾਮ ਦੀਆਂ ਮੰਜ਼ਿਲਾਂ ਸਰ ਕਰਨਾ ਚਾਹੁੰਦਾ ਹੈ ਪਰ ਜਦੋਂ ਉਸ ਦਾ ਵਾਹ ਇਸਤਰੀ ਤਾਕਤ ਨਾਲ ਪੈਂਦਾ ਹੈ ਫਿਰ ਉਸ ਨੂੰ ਠੱਲ ਪਾਉਣ ਦੇ ਤਰੀਕੇ ਲੱਭਦਾ ਹੈ ਇਹ ਗੱਲ ਸਿਰਫ਼ ਕਾਮੁਕਤਾ ਵਿਚ ਹੀ ਲਾਗੂ ਨਹੀਂ ਹੁੰਦੀ ਹੋਰਨਾਂ ਦਿਸ਼ਾਵਾਂ ਵਿਚ ਵੀ ਲਾਗੂ ਹੈ। ਕਾਮੁਕ ਮਾਨਸਿਕਤਾ ਜ਼ਿੰਦਗੀ ਵਿਚ ਨਿਘਾਰ ਹੀ ਲਿਆਉਂਦੀ ਹੈ।

**ਮਨੀਸ਼ ਕੁਮਾਰ** : ਕਹਾਣੀ ਉੱਤਮ ਪੁਰਖੀ ਤਕਨੀਕ ਹੇਠ ਨਿੱਕੇ ਨਿੱਕੇ ਉਪ-ਬਿਰਤਾਂਤਾਂ ਨਾਲ ਅੱਗੇ ਵਧਦੀ ਹੋਈ ਆਪਣੇ ਮੁੱਖ ਬਿਰਤਾਂਤ ਨੂੰ ਲਮਕਾਉਂਦੀ ਹੋਈ ਸਿਖ਼ਰ ਵੱਲ ਵੱਧਦੀ ਹੈ। ਕਹਾਣੀ ਦਾ ਮੈਂ ਪਾਤਰ ਮਾਸਟਰ ਹੈ। ਦੂਸਰੇ ਪਾਸੇ ਕਹਾਣੀ ਦਾ ਕੇਂਦਰੀ ਪਾਤਰ ਹਕੀਮ ਹੈ ਜਿਸ ਕੋਲੋਂ ਕਾਮੁਕ ਸੰਤੁਸ਼ਟੀ ਦੀ ਦਵਾਈ ਲੈਣ ਦੂਰੋਂ-ਦੂਰੋਂ ਲੋਕ ਆਉਂਦੇ ਕਹਾਣੀ ਵਿੱਚ ਦਰਸਾਏ ਗਏ ਹਨ। ਮੁੱਖ ਪਾਤਰ ਕੋਲ ਹਕੀਮ ਦੀਆਂ ਦੋ ਪੀੜ੍ਹੀਆਂ ਪੜ੍ਹੀਆਂ/ਪੜ੍ਹ ਰਹੀਆਂ ਹਨ, ਜਿਸ ਕਰਕੇ ਹਕੀਮ ਉਸ ਨੂੰ ਬਾ-ਇੱਜ਼ਤ ਆਪਣੇ ਕੋਲ ਬਿਰਾਜਮਾਨ ਹੋਣ ਲਈ ਕਹਿੰਦਾ ਹੈ। ਮੁੱਖ ਪਾਤਰ ਬੈਠ ਕੇ ਉਸ ਨਾਲ ਗੱਲਬਾਤ ਕਰਨੀ ਸ਼ੁਰੂ ਕਰ ਦਿੰਦਾ ਹੈ। ਹਕੀਮ ਵਡੇਰੀ ਉਮਰ ਦਾ ਹੋਣ ਕਰਕੇ ਮੁੱਖ ਪਾਤਰ ਨਾਲ ਸਨੇਹੀ ਵਿਚਾਰਕੀ ਮਾਨਸਿਕਤਾ ਵਾਲਾ ਨਜ਼ਰੀਂ ਪੈਂਦਾ ਹੈ। ਹਕੀਮ ਨੇ ਉਸ ਨੂੰ ਇੱਕ ਵਿਅਕਤੀ ਬਾਰੇ ਦੱਸਣਾ ਹੁੰਦਾ ਹੈ ਜੋ ਉਸ ਕੋਲ ਸਾਲ ਹੀ ਵਿਚ ਤੀਸਰੀ ਵਾਰ ਦਵਾਈ ਲੈਣ ਆਉਂਦਾ ਹੈ। ਉਹ ਉਸ ਬਾਰੇ ਗੱਲ ਛੇੜ ਕੇ ਕਈ ਹੋਰਾਂ ਬਾਰੇ ਗੱਲ ਸ਼ੁਰੂ ਕਰ ਦਿੰਦਾ ਹੈ ਜਿਸ ਕਾਰਨ ਮੁੱਖ ਪਾਤਰ ਉਸ ਕੋਲ ਬੈਠਾ ਤੰਗ ਹੋਣ ਲੱਗਦਾ ਹੈ। ਮੁਖ ਪਾਤਰ ਨੂੰ ਹਕੀਮ ਦੀ ਗੱਲ ਜ਼ਬਰਦਸਤੀ ਸੁਣਨੀ ਪੈਂਦੀ ਹੈ। ਕਹਾਣੀ ਵਿਚ ਹਕੀਮ ਲੋਕ ਕਥਾ ਦਾ ਮਿੱਥ ਭੰਜਨ ਸੁਧਾਰਵਾਦੀ ਕਰਦਾ ਹੈ। ਕਹਾਣੀ ਦੇ ਅੰਤ ਵਿੱਚ ਉਹ ਆਪਣੀ ਸ਼ੁਰੂ ਕੀਤੀ ਗੱਲ ਨੂੰ ਦੁਹਰਾ ਕੇ ਆਪਣੀ ਗੱਲ ਸਮਾਪਤ ਕਰ ਦਿੰਦਾ ਹੈ। ਉਸ ਦੀ ਗੱਲ ਦਾ ਆਧਾਰ ਉਹ ਵਿਅਕਤੀ ਹੈ ਜੋ ਆਪਣੀ ਕਾਮ ਸ਼ਕਤੀ ਵਧਾਉਣ ਲਈ ਕ੍ਰਮਵਾਰ ਆਪਣੇ ਲਈ, ਪਤਨੀ ਲਈ, ਆਪਣੇ ਲਈ ਤਿੰਨ ਦਫ਼ਾ ਆਉਂਦਾ ਹੈ ਕਿਉਂਕਿ ਦੋ ਵਾਰ ਉਹ ਖ਼ੁਦ ਸੰਤੁਸ਼ਟ

ਨਹੀਂ ਹੈ ਅਤੇ ਇੱਕ ਵਾਰ ਉਸ ਦੀ ਪਤਨੀ। ਹਕੀਮ ਦਾ ਨੁਕਤਾ ਸਿਰਫ਼ ਇਸ ਗੱਲ 'ਤੇ ਰਹਿੰਦਾ ਹੈ ਕਿ ਹਾਲ/ਵਰਤਮਾਨ ਦੀ ਪੀੜ੍ਹੀ ਦੀ ਮਾਨਸਿਕਤਾ ਸਿਰਫ਼ ਇਕੋ ਧੁਰੇ (ਕਾਮ) ਦੁਆਲੇ ਕੇਂਦਰਿਤ ਹੈ ਕਹਾਣੀ ਵਿਚ ਮੁੱਖ ਪਾਤਰ ਆਪਣੀ ਇਸੇ ਮਨਸ਼ਾ ਹੇਠ ਹਕੀਮ ਕੋਲ ਆਉਂਦਾ ਹੈ ਪਰ ਹਕੀਮ ਦੀ ਸਿਆਣਪੀ ਲਾਹਣਤ ਕਾਰਨ ਉਹ ਆਪਣੀ ਇਸੇ ਗੱਲ ਨੂੰ ਆਪਣੇ ਮਨ ਅੰਦਰ ਹੀ ਦਬਾ ਲੈਂਦਾ ਹੈ, ਜਿਸ ਕਾਰਨ ਉਹ ਕਹਾਣੀ ਵਿਚ ਦਮਿਤ ਭਾਵਨਾਵਾਂ ਦਾ ਸ਼ਿਕਾਰ ਨਜ਼ਰੀਂ ਪੈਂਦਾ ਹੈ।

ਕਹਾਣੀਕਾਰ ਮੁੱਖ ਪਾਤਰ ਅਤੇ ਹਕੀਮ ਨੂੰ ਇੱਕ ਪੀੜ੍ਹੀ ਵਿੱਚ ਰੱਖ ਕੇ ਪੇਸ਼ ਕਰਦਾ ਹੈ। ਇਸਦੇ ਨਾਲ ਹੀ ਉਹ ਉਨ੍ਹਾਂ ਨੂੰ ਇੱਕੋ ਪੀੜ੍ਹੀ ਦੀ ਵੱਖਰੀ-ਵੱਖਰੀ ਮਾਨਸਿਕਤਾ ਨੂੰ ਵੀ ਸਮਵਿੱਥ ਉੱਤੇ ਪੇਸ਼ ਕਰਦਾ ਹੈ। ਇਸ ਤੋਂ ਇਲਾਵਾ ਹਕੀਮ ਵੱਡੀ ਉਮਰ ਦਾ ਹੈ, ਜਿਸ ਨੂੰ ਇਕੱਲਤਾ ਤੋਂ ਛੁਟਕਾਰੇ ਲਈ ਕੋਈ ਸੁਣਨ ਵਾਲਾ ਸਰੋਤਾ ਚਾਹੀਦਾ ਹੈ। ਕਹਾਣੀਕਾਰ ਨੇ ਹਕੀਮ ਦੀ ਦੂਰ ਦ੍ਰਿਸ਼ਟੀ ਤਹਿਤ ਤਾਰਕਿਕ ਮਿੱਥ ਭੰਜਨ ਵੀ ਕੀਤਾ ਹੈ। ਕਹਾਣੀ ਵਿਚ ਛੋਟੇ-ਛੋਟੇ ਬਿਰਤਾਂਤ ਮੁੱਖ ਬਿਰਤਾਂਤ ਲਈ ਖੱਪੇ ਦੇ ਤੌਰ ਤੇ ਲਟਕਾਓ ਦੀ ਜੁਗਤ, ਸੰਵਾਦ, ਲੋਕਧਾਰਾ ਆਦਿ ਅਹਿਮ ਜੁਗਤਾਂ ਕਹਾਣੀ ਦੇ ਸਰੋਕਾਰਾਂ ਨੂੰ ਉਜਾਗਰ ਕਰਨ ਲਈ ਵਰਤੀਆਂ ਗਈਆਂ ਹਨ। ਇਸ ਤੋਂ ਇਲਾਵਾ ਵਰਤਮਾਨ ਸਮਾਜ ਦੀ ਕਾਮੁਕ ਮਾਨਸਿਕਤਾ ਕਾਰਨ ਸਮਾਜਿਕਤਾ ਵਿਚ ਆ ਰਹੇ ਨਿਘਾਰ ਨੂੰ ਵੀ ਕਹਾਣੀਕਾਰ ਨੇ ਕਹਾਣੀ ਦੇ ਕੇਂਦਰ ਵਿਚ ਰੱਖ ਕੇ ਸਮਾਜਿਕ/ਮਾਨਸਿਕ ਯਥਾਰਥ ਨੂੰ ਵੀ ਬਾਖ਼ੂਬੀ ਪੇਸ਼ ਕੀਤਾ ਹੈ।

**ਪਰਮਜੀਤ ਮੀਸ਼ਾ** : ਇਹ ਕਹਾਣੀ ਉਸ ਮੁਆਸ਼ਰੇ ਦੀ ਬਾਤ ਪਾਉਂਦੀ ਹੈ, ਜਿਸ ਵਿੱਚ ਨਵੀਂ ਪੀੜ੍ਹੀ ਨੂੰ ਇਲਮ ਵੰਡਣ ਦੀ ਜ਼ਿੰਮੇਵਾਰੀ ਵਾਲਾ ਸ਼ਖ਼ਸ (ਮਾਸਟਰ) ਮਹਿੰਗਾਈ ਦੀ ਦੁਹਾਈ ਪਾ ਕੇ ਕਿਤਾਬਾਂ ਨਾ ਖ਼ਰੀਦ ਤੇ ਪੜ੍ਹ ਸਕਣ ਤੇ ਤਰਕ ਰਾਹੀਂ ਮੌਜੂਦਾ ਤੇ ਭਵਿੱਖ ਵਿਚਲੇ ਸਮਾਜ ਦੇ ਉਸ ਸਰੂਪ ਬਾਰੇ ਸਾਨੂੰ ਸੋਚਣ ਵੱਲ ਇਸ਼ਾਰਾ ਕਰਦਾ ਹੈ, ਜਿਸ ਸਮਾਜ ਵਿੱਚ ਆਪਣੀ ਢਲਦੀ ਉਮਰ 'ਚ ਮਰਦਾਨਗੀ ਕਾਇਮ ਰੱਖਣ ਦੀ ਚਾਹਤ ਅਧੀਨ ਲੋਕ ਸ਼ਰਤੀਆਂ ਇਲਾਜ ਕਰਨ ਵਾਲੇ ਹਕੀਮਾਂ ਦੀ ਸ਼ਰਨ ਵਿੱਚ ਜਾਂਦੇ ਹਨ।

ਸਤਹੀ ਪੱਧਰ ਤੇ ਤਾਂ ਕਹਾਣੀ ਸੈਕਸ ਅਧਾਰਿਤ ਸਮੱਸਿਆਵਾਂ ਨਾਲ ਜੁੜੀਆਂ ਵਿਭਿੰਨ ਗੱਲਾਂ ਦਾ ਇਜ਼ਹਾਰ ਹੈ ਪਰ ਕਹਾਣੀ ਦਾ ਅਸਲ ਮਕਸਦ ਇਨਸਾਨ ਦੀ ਉਸ ਮਾਨਸਿਕਤਾ ਨੂੰ ਬਿਆਨ ਕਰਨ ਨਾਲ ਸਬੰਧਿਤ ਹੈ, ਜਿਸ ਅਧੀਨ ਉਹ 'ਬੇਖ਼ਬਰ' ਰਹਿਣ ਦਾ ਖ਼ਮਿਆਜ਼ਾ ਭੁਗਤਦਾ ਹੈ। ਜਜ਼ਬਾਤ ਦੇ ਵਹਿਣ ਹੇਠ ਵਗਦਿਆਂ, ਫ਼ੌਰੀ ਮਕਸਦ ਨੂੰ ਪੂਰਾ ਕਰਨ ਹਿੱਤ ਉਹ ਏਨਾ ਮਸਰੂਫ਼ ਹੋ ਜਾਂਦਾ ਹੈ ਕਿ ਆਪਣੀ ਅਜਿਹੀ ਚਾਹਤ ਕਾਰਨ, ਭਵਿੱਖ ਵਿੱਚ ਵਾਪਰਨ ਵਾਲੇ ਦੁਖਾਂਤ ਦੀ ਨੀਂਹ ਆਪਣੇ ਹੱਥੀ ਰੱਖਦਾ ਹੈ। ਇੰਜ ਵੇਲੇ ਨੂੰ ਹਮੇਸ਼ਾ ਇਕੋ ਜਿਹਾ ਵੇਖਣ ਦੀ ਸੋਚ ਅਧੀਨ ਜਾਣ ਬੁੱਝ ਕੇ ਹੋਣੀ ਨੂੰ ਟਾਲਣ ਲਈ ਨਾ ਸਿਰਫ਼ ਬੇਖ਼ਬਰ ਬਣਿਆ ਰਹਿੰਦਾ ਹੈ ਸਗੋਂ ਹੱਥ ਨਾਲ ਦਿੱਤੀਆਂ ਗੰਢਾਂ ਦੰਦਾਂ ਨਾਲ ਖੋਲਣ ਲਈ ਮਜਬੂਰ ਹੋਣਾ ਪੈਂਦਾ ਹੈ।

**ਸ਼ਰਨਜੀਤ ਕੌਰ** : ਇਹ ਕਹਾਣੀ ਦੂਰ ਅੰਦੇਸ਼ੀ ਦੀ ਦ੍ਰਿਸ਼ਟੀ ਰੱਖਣ ਦੀ ਸਮਝ ਪ੍ਰਦਾਨ ਕਰ ਰਹੀ ਹੈ। ਇਸ ਕਹਾਣੀ ਦਾ ਕੈਨਵਸ ਵਾਰਤਾਲਾਪੀ ਸ਼ੈਲੀ ਰਾਹੀਂ ਅੱਗੇ ਵੱਧ ਰਿਹਾ ਹੈ, ਚੁਸਤ ਵਾਰਤਾਲਾਪ ਵਿਚੋਂ ਹੀ ਕਹਾਣੀ ਦਾ ਸੰਦੇਸ਼ ਜਾਂ Message ਰੂਪਮਾਨ ਹੋ ਰਿਹਾ ਹੈ। ਕਹਾਣੀ ਕਿਸੇ ਵਿਸ਼ਾਲ ਘਟਨਾ ਦੇ ਸਿਰ 'ਤੇ ਨਹੀਂ ਖੜ੍ਹੀ ਬਲਕਿ ਵਿਆਖਿਆ ਤੇ ਵਿਸਥਾਰ ਉੱਪਰ ਉੱਸਰੀ ਹੋਈ ਹੈ। ਕਹਾਣੀ ਮਨਮੁੱਖ ਹੋਣ ਨਾਲੋਂ ਵਿਵੇਕਸ਼ੀਲ ਬਣਤ ਉੱਪਰ ਜ਼ੋਰ ਦੇ

ਰਹੀ ਹੈ। ਕਹਾਣੀ ਵਿਚਲਾ ਬਿਰਤਾਂਤ ਕੋਈ ਵੀ ਗੁੰਝਲ ਨਹੀਂ ਪੈਦਾ ਕਰ ਰਿਹਾ ਸਗੋਂ ਵਿਆਖਿਆ, ਵਿਸਥਾਰ ਵਿਚ ਵੀ ਰੌਚਕਤਾ ਅਤੇ ਪ੍ਰਭਾਵ ਦੀ ਏਕਤਾ ਕਾਇਮ ਰੱਖਣ ਵਿਚ ਸਫ਼ਲ ਰਿਹਾ ਹੈ। ਕਹਾਣੀ ਬੇਖ਼ਬਰ ਬਣ ਕੇ ਜਿਊਣ ਨਾਲੋਂ ਬਾ-ਖ਼ਬਰ ਰਹਿਣ ਦੀ ਤਾਕੀਦ ਕਰ ਰਹੀ ਹੈ।

**ਜਸ ਮੰਡ** : ਇਹ ਕਹਾਣੀ ਦੇਸੀ ਵਿਆਗਰਾ ਬਾਰੇ ਹੈ। ਕਹਾਣੀ ਦਾ ਪਲਾਟ ਸਿੱਧਾ-ਸਾਦਾ ਹੈ। ਇਕ ਬੰਦਾ ਤਿੰਨ ਵਾਰੀ ਹਕੀਮ ਤੋਂ ਦਵਾਈ ਲੈਣ ਆਉਂਦਾ ਹੈ। ਪਹਿਲੀ ਵਾਰੀ ਆਪਣੀ ਬੀਵੀ ਦੀ ਸੰਭੋਗ ਇੱਛਾ ਵਧਾਉਣ ਲਈ, ਦੂਜੀ ਵਾਰੀ ਖ਼ੁਦ ਆਪਣੀ ਸੰਭੋਗ ਇੱਛਾ ਵਧਾਉਣ ਲਈ ਅਤੇ ਤੀਜੀ ਵਾਰੀ ਆਪਣੀ ਬੀਵੀ ਦੀ ਸੰਭੋਗ ਇੱਛਾ ਮੱਠੀ ਕਰਨ ਲਈ। ਹਕੀਮ ਉਸ ਔਰਤ ਦੀ ਤੁਲਨਾ ਕਾਬੂ ਤੋਂ ਬਾਹਰ ਹੋ ਗਈ, ਬਿਫਰੀ ਹੋਈ ਨਾਗਣੀ ਨਾਲ ਕਰਦਾ ਹੈ ਜਿਹੜੀ "ਸ਼ੂਕਰਦੀ ਸੀ ਤੇ ਉਹਦੀ ਫੁਣਕਾਰ ਅੱਗ ਭਰੀ ਸੀ।" ਹਕੀਮ ਨੇ ਦਵਾਈ ਤਾਂ ਦੇ ਦਿੱਤੀ, ਪਰੰਤੂ ਉਸਨੂੰ ਉਸ ਆਦਮੀ ਦੀ ਬੀਵੀ ਉੱਤੇ ਬਿਲਕੁਲ ਭਰੋਸਾ ਨਹੀਂ। ਮੇਰੇ ਹਿਸਾਬ ਨਾਲ ਇਸ ਕਹਾਣੀ ਵਿਚ ਔਰਤ ਦੀ ਸੰਭੋਗ ਇੱਛਾ ਬਾਰੇ ਰੂੜ੍ਹੀਵਾਦੀ ਸੰਕਲਪ ਪੇਸ਼ ਕੀਤਾ ਗਿਆ ਹੈ।

ਕਹਾਣੀ ਕਹਿਣ ਦਾ ਢੰਗ ਲੇਖਕ ਨੂੰ ਆਉਂਦਾ ਹੈ। ਗੱਲਾਂ-ਗੱਲਾਂ ਵਿਚ ਦੇਵੀ ਦੀ ਕਹਾਣੀ ਰਾਹੀਂ ਬੰਦੇ ਦੀ ਅਮਰ ਹੋਣ ਦੀ ਇੱਛਾ ਉੱਤੇ ਵਿਅੰਗ ਵੀ ਕੱਸਿਆ ਗਿਆ ਹੈ, ਅਤੇ ਇਹ ਨੁਕਤਾ ਵੀ ਬਣਾਇਆ ਗਿਆ ਹੈ ਕਿ ਆਪਣੇ ਮਤਲਬ ਲਈ, ਆਪਣੇ ਫ਼ਾਇਦੇ ਲਈ ਤਗੜੇ ਲੋਕ ਪੁਰਾਣੇ ਕਾਇਦੇ ਕਨੂੰਨ ਤੋੜਦੇ ਤੇ ਨਵੇਂ ਬਣਾਉਂਦੇ ਈ ਰਹਿੰਦੇ ਨੇ। ਕਿਤਾਬਾਂ ਦੀ ਅਹਿਮੀਅਤ ਦਾ ਨੁਕਤਾ ਵੀ ਉਠਾਇਆ ਗਿਆ ਹੈ ਅਤੇ ਇਹ ਵੀ ਕਿ ਅਸੀਂ ਸੋਚਨੇ ਆਂ ਵੇਲ਼ਾ ਹਮੇਸ਼ਾ ਇਕੋ ਜਹਿਆ ਰਹਿਣਾ ਏ, ਆਉਣ ਵਾਲੀ ਭਲਕ ਨੂੰ ਉੱਕਾ ਭੁਲਾ ਈ ਦੇਨੇ ਆਂ।

ਕਬੂਤਰ ਦੇ ਅੱਖਾਂ ਮੀਟਣ ਵਰਗਾ ਸ਼ੁਤਰਮੁਰਗ ਬਾਰੇ ਮੁਹਾਵਰਾ "ਸ਼ੁਤਰਮਰਗ਼ ਰੇਤ ਵਿਚ ਸਿਰ ਤੁੰਨ ਦਿੰਦਾ ਏ ਤੇ ਸੋਚਦਾ ਏ ਕਿ ਇੰਝ ਕੀਤਿਆਂ ਹੋਣੀ ਟਲ ਜਾਵੇਗੀ" ਮੇਰੇ ਲਈ ਨਵਾਂ ਹੈ। ਅਜਿਹੇ ਕੁਝ ਹੋਰ ਕਥਨ ਨੇ: ਨਾ ਮੌਤ ਨਾ ਖੋਤ; ਦਿਨ ਈਦ ਤੇ ਰਾਤ ਸ਼ਬਰਾਤ; ਉਹਦਾ ਹੁਸਨ ਘਿਣਾਅ ਗਿਆ; ਗ਼ਬੀ ਤੇ ਘਾਮੜ; ਡਾਚੀ ਵੀਹ ਕੋਹ ਤੇ ਬੋਤੀ ਤੀਹ ਕੋਹ; ਆਜ਼ਮੋਦਾ; ਆਦਿ।

**ਸੁਕੀਰਤ** : ਕਰਾਮਤ ਮੁਗ਼ਲ ਦੀ ਕਹਾਣੀ 'ਬੇਖ਼ਬਰ' ਲਹਿੰਦੇ ਪੰਜਾਬ ਵਿਚ ਕਹਾਣੀ ਸੁਣਾਉਣ ਦੇ ਅਜੇ ਵੀ ਮਕਬੂਲ ਉਸ ਹੁਨਰ ਦੀ ਵੰਨਗੀ ਹੈ ਜੋ ਸਾਡੇ ਬੰਨੇ ਤਕਰੀਬਨ ਲੋਪ ਹੁੰਦਾ ਜਾ ਰਿਹਾ ਲਭਦਾ ਹੈ: ਗੱਲਾਂਬਾਤਾਂ ਕਰਨ ਦੇ ਸਹਿਜ ਜਹੇ ਜਾਪਦੇ ਅੰਦਾਜ਼ ਵਿਚ ਡੂੰਘੀਆਂ ਗੱਲਾਂ ਕਰ ਜਾਣਾ, ਅਛੋਪਲੇ ਹੀ ਆਲ-ਦੁਆਲ ਦੀਆਂ ਵਾਪਰਨੀਆਂ ਤੇ ਤਨਜ਼ ਕਰ ਜਾਣਾ, ਏਧਰ ਓਧਰ ਦੀਆਂ ਮਾਰਦਿਆਂ ਅਸਲੋਂ ਵੱਡੇ ਅਰਥਾਂ ਵਾਲੀ ਕੋਈ ਗਲ ਸਮਝਾ ਜਾਣਾ। ਲੋਕ ਕਥਾਵਾਂ ਤੋਂ ਲੈ ਕੇ ਪੰਚਤੰਤਰ ਤਕ, ਅਤੇ ਪਿੱਛੋਂ ਜਾ ਕੇ ਸਾਹਿਤਕ ਕਿਰਤਾਂ ਵਿਚ ਵੀ ਇਸ ਢੰਗ ਨੂੰ ਬਾਖੂਬੀ ਵਰਤਿਆ ਗਿਆ ਹੈ।

ਸਦੀਆਂ ਪੁਰਾਣੀ ਇਸ ਵਿਧਾ ਨੇ ਅਜੇ ਵੀ ਵੇਲਾ ਨਹੀਂ ਵਿਹਾਇਆ, ਸਿਰਫ਼ ਇਸਨੂੰ ਵਰਤਣ ਵਾਲੇ ਕੋਲ ਸਧਿਆ ਹੋਇਆ ਹੱਥ ਹੋਣਾ ਚਾਹੀਦਾ ਹੈ, ਜੋ ਕਰਾਮਤ ਮੁਗ਼ਲ ਕੋਲ ਮੌਜੂਦ ਹੈ ਅਤੇ ਬੇਖ਼ਬਰ ਉਸਦਾ ਪਰਤੱਖ ਪਰਮਾਣ ਹੈ।

**ਧਨਵੰਤ ਕੌਰ** : ਬਹੁਤ ਹੀ ਸੂਖ਼ਮ ਤਨਜ਼ਾਂ ਅਤੇ ਗਹਿਰੇ ਅਰਥਾਂ ਨਾਲ ਸਧਿਆ ਹੋਇਆ

ਹੈ ਇਸ ਕਹਾਣੀ ਦਾ ਬਿਰਤਾਂਤ। ਹਾਲ ਵਿਚ ਜੀਣ ਦੀ ਥਾਂ ਹਯਾਤੀ ਨੂੰ ਤ੍ਰੈਕਾਲੀ-ਸਮਅੱਰਤਾ ਵਿਚ ਵੇਖਣਾ, ਬੀਜ ਵਿਚ ਲੁਕੇ ਬੂਟੇ ਨੂੰ ਹੀ ਨਹੀਂ, ਉਸ ਵਰਗੇ ਲੱਖਾ ਹਜ਼ਾਰ ਬੀਜ ਪੈਦਾ ਕਰਨ ਵਾਲੇ ਫਲਾਂ ਨਾਲ ਲੱਦੇ ਬੂਟੇ ਦੇ ਰੂਪ ਵਿਚ ਵੇਖਣਾ, ਪ੍ਰਹੇਜਗਾਰੀ, ਸ਼ੁਕਰਗੁਜ਼ਾਰੀ, ਇਲਮ ਦੀ ਦੁਨੀਆਂ ਨਾਲ ਰਾਬਤਾ ਬਣਾਉਣ ਦੀਆਂ ਦਾਰਸ਼ਨਿਕ ਸੈਨਤਾਂ ਦੇਣ ਵਾਲੀ ਇਹ ਕਹਾਣੀ ਸਮਝਾਉਂਦੀ ਨਹੀਂ, ਸੁਣਾਉਂਦੀ ਹੈ। ਹਾਂ, ਸੁਣਨ ਲਈ ਅਜਿਹੇ ਸ੍ਰੋਤੇ ਦੀ ਤਵਕੋਂ ਜ਼ਰੂਰ ਕਰਦੀ ਹੈ ਜਿਹੜਾ ਸਮਝ ਰੱਖਦਾ ਹੋਵੇ। ਕਹਾਣੀ ਦਾ ਵਕਤਾ ਮੱਝਾਂ ਅੱਗੇ ਬੀਨ ਵਜਾਉਣ ਦਾ ਮਨੋਰਥ ਕਦਾਚਿਤ ਨਹੀਂ ਰੱਖਦਾ। ਸਮਝਦਾਰ ਤੇ ਉਤਸੁਕ ਸ੍ਰੋਤੇ ਨਾਲ ਹੀ ਉਹ ਆਪਣੀ ਗੱਲ ਸਾਂਝੀ ਕਰ ਰਿਹਾ ਹੈ ਅਤੇ ਇਹ ਵੀ ਦੱਸ ਰਿਹਾ ਹੈ ਜਿਹੜੀ ਗੱਲ ਉਹ ਦੱਸ ਰਿਹਾ ਹੈ ਉਹ ਅਸਲੋਂ ਨਵੀਂ ਨਹੀਂ, ਇਲਮ ਦੀ ਦੁਨੀਆਂ ਵਿਚ ਅਜਿਹੀਆਂ ਕਹਾਣੀਆਂ ਪਹਿਲਾਂ ਵੀ ਕਈ ਢੰਗਾਂ ਤਰੀਕਿਆਂ ਨਾਲ ਸੁਣਾਈਆਂ ਜਾ ਚੁੱਕੀਆਂ ਹਨ। ਇਸੇ ਕਰਕੇ ਮਾਸਟਰ ਦੇ ਰੂਪ ਵਿਚ ਕਲਪੇ ਬਿਰਤਾਂਤ ਸ੍ਰੋਤੇ ਨੂੰ ਉਹ ਬਿਰਤਾਂਤ ਪੜ੍ਹਨ ਦੀ ਹਦਾਇਤ ਕਰ ਰਿਹਾ ਹੈ। ਸੀਮਤ ਜਿਹੇ ਸਮੇਂ ਲਈ ਮਿਲੀ ਮਨੁੱਖੀ ਜ਼ਿੰਦਗੀ ਦੇ ਰਹੱਸ ਅਤੇ ਸੁਹਜ ਤੋਂ ਬੇਨਿਆਜ਼, ਮੌਤ ਤੋਂ ਬੇਖ਼ਬਰ ਬੰਦਾ ਜਿਸ ਐਜ ਤੇ ਅਨੰਦ ਵਿਚ ਗਲਤਾਨ ਰਹਿਣਾ ਚਾਹੁੰਦਾ ਹੈ ਉਸ ਦੀ ਤੀਬਰਤਾ, ਤੀਖਣਤਾ, ਨਿੱਜਤਾ ਸੁਆਰਥ ਤੇ ਬੇਸਕੂਨੀ ਨੂੰ ਕਹਾਣੀ ਜਿੰਨੇ ਕਲਾਤਮਕ ਸੰਜਮ ਨਾਲ ਸਿਰਜਦੀ ਅਤੇ ਸਮੇਟਦੀ ਹੈ, ਉਹ ਮਿਸਾਲੀ ਹੈ। ਕਹਾਣੀ ਵਿਚਲੀ ਲਫਾਨੀ ਦੇਵੀ ਵਾਲੀ ਮਨੁੱਖੀ ਦੇਹ ਦੇ ਹੰਢਣ ਬਿਨਸਣ ਦੀ ਅਟੱਲ ਸੱਚਾਈ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਉਜਾਗਰ ਕਰ ਰਹੀ ਹੈ। ਹਕੀਮ ਵੱਲ ਕਿਸੇ ਗ਼ੈਰਹਾਜ਼ਰ ਪਾਤਰ ਦੇ ਹਵਾਲੇ ਨਾਲ ਪਾਈ ਬਾਤ ਜ਼ਿੰਦਗੀ ਨੂੰ ਜਾਣਨ ਤੇ ਮਾਣਨ ਤੋਂ ਬੇਖ਼ਬਰ, ਇਕੋ ਇਕ ਲਲਕ ਨੂੰ ਜਿਊਣ ਦੀ ਜ਼ਾਮਨੀ ਅਤੇ ਅਨੰਦ ਸਮਝੀ ਬੈਠੇ ਮਨੁੱਖ ਦਾ ਵਿਆਪਕ ਬਿੰਬ ਹੀ ਨਹੀਂ ਸਿਰਜ ਰਹੀ, ਮਰਦ ਔਰਤ ਕਾਮੁਕਤਾਵਾਂ ਦੀ ਪਰਸਪਰ ਨਿਰਭਰਤਾ ਦੇ ਨਾਲ ਨਾਲ ਨਿੱਜਤਾਵਾਂ ਦਾ ਨਿਖੜਵਾਂ ਪ੍ਰਮਾਣ ਵੀ ਦੇ ਰਹੀ ਹੈ। ਜ਼ਿੰਦਗੀ ਦੀਆਂ ਬੇਸ਼ੁਮਾਰ ਨਿਹਮਤਾਂ ਤੋਂ ਬੇਖ਼ਬਰ ਇਕੋ ਨੁਕਤੇ ਤੇ ਸਿਮਟੇ ਮਨੁੱਖ ਨੂੰ ਸੋਝੀਆਂ ਦੇਣ ਵਾਲੀ ਇਹ ਇਕ ਜਾਨਦਾਰ ਅਤੇ ਸ਼ਾਨਦਾਰ ਕਹਾਣੀ ਹੈ। ਲੋਕ ਮੁਹਾਵਰੇ ਲੋਕ ਹੁੰਗਾਰਾ, ਬਾਤਾਂ ਵਰਗੀ ਰਵਾਨੀ ਅਤੇ ਬਿਨਾਂ ਜਿੱਚ ਕੀਤੇ ਬਿਰਤਾਂਤ ਸ੍ਰੋਤੇ ਨੂੰ ਆਪਣੇ ਵੱਲ ਕਰ ਲੈਣ ਦੇ ਵੱਲ ਨੇ ਕਰਾਮਤ ਮੁਗਲ ਨੂੰ ਉਸਤਾਦ ਕਹਾਣੀਕਾਰਾਂ ਵਿਚ ਸ਼ੁਮਾਰ ਕਰ ਦਿੱਤਾ ਹੈ।

**ਰਜਨੀਸ਼** : ਕਰਾਮਤ ਮੁਗਲ ਦੀ ਕਹਾਣੀ ਬੇਖ਼ਬਰ ਨੂੰ ਪੰਜਾਬੀ ਵਿਦਵਾਨਾਂ ਨੇ ਵੱਖੋ ਵੱਖਰੇ ਕੋਣਾਂ ਤੋਂ ਸਮਝਦੇ ਹੋਏ ਇਸ ਦੀ ਮੂਲ ਸੁਰ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਹੈ। ਕਾਮੁਕਤਾ ਨੂੰ ਲੈ ਕੇ ਦੱਖਣੀ ਅਤੇ ਕੇਂਦਰੀ ਏਸ਼ੀਆ ਵਿਚ ਕਬਿਲਾਈ ਮਾਨਸਿਕਤਾ ਅਜੇ ਵੀ ਭਾਰੂ ਹੈ। ਇਸ ਵਿਚ ਮਰਦ ਅੰਦਰਲੀ ਦਾਬੇ ਦੀ ਮਾਨਸਿਕਤਾ-ਕਾਮੁਕਤਾ ਦੇ ਖੇਤਰ ਵਿਚ ਵੀ ਭਾਰੂ ਹੈ। ਕਰਾਮਤ ਮੁਗਲ ਇਸ ਮਸਲੇ ਨੂੰ ਦੇਹ ਦੇ ਵਿਗਸਣ ਦੇ ਮਸਲੇ ਤਕ ਸੀਮਤ ਕਰ ਦਿੰਦਾ ਹੈ। ਉਹ ਜਿਹੜੀ ਲੋਕ ਕਹਾਣੀ ਦਾ ਸਹਾਰਾ ਲੈਂਦਾ ਹੈ ਉਸ ਨੂੰ ਵੀ ਦੇਹ ਦੀ ਸੰਭਾਲ ਤਕ ਸੀਮਤ ਕਰ ਦਿੰਦਾ ਹੈ। ਮੌਤ ਇਸ ਵਿਚ ਸਿੱਖਿਆ ਦਾ ਚਿੰਨ੍ਹ ਬਣ ਕੇ ਉੱਭਰਦਾ ਸੰਕਲਪ ਹੈ। ਕਹਾਣੀ ਦਾ ਬਿਰਤਾਂਤ ਲੋਕ ਮੁਹਾਵਰੇ ਵਿਚ ਉੱਸਰਦਾ ਹੈ। ਕਹਾਣੀ ਮਰਦਾਵੀਂ ਵਿਹਾਰ ਨੂੰ ਨਿੰਦਣ ਦੀ ਥਾਂ ਸਹਿਜ ਰਹਿਣ ਉੱਤੇ ਮੁੱਕਦੀ ਹੈ। ਇਸ ਤਰ੍ਹਾਂ ਇਸ ਕਹਾਣੀ ਨੂੰ ਦ੍ਰਿਸ਼ਟੀ ਪੱਖੋਂ ਆਧੁਨਿਕ ਕਹਿਣ ਵਿਚ ਝਿਜਕ ਹੁੰਦੀ ਹੈ।

●●●

# ਔਂਤਰਿਆਂ ਦੀ ਖੱਟੀ (ਕੁਤੇ ਗਏ ਗੁਆ)

*-ਸਾਬਰ ਅਲੀ ਸਾਬਰ*

ਵਰ੍ਹਿਆਂ ਪਿੱਛੋਂ ਵੇਖਿਆ, ਬੁੱਢਾ ਹੋਇਆ ਪਿਆ ਸੀ, ਅੱਖਾਂ ਢਿਲਕੀਆਂ ਪਈਆਂ ਸਨ, ਪਰ ਉਹਦੇ ਬੌਬ ਕੱਟ ਵਾਲ਼ ਹਾਲੀ ਵੀ ਸਸਤੇ ਵਸਮੇਂ ਦੀ ਗੂੜ੍ਹੇ ਕਾਲੇ ਰੰਗ ਦੀ ਵਰਦੀ ਪਾ ਕੇ ਆਕੜੇ ਬੈਠੇ ਸਨ। ਜਿਹਨਾਂ ਨੂੰ ਉਹਨੇ ਹਮੇਸ਼ ਵਾਂਗੂੰ ਖੱਬੀ ਅੱਖ ਤੇ ਚੀਰ ਕੱਢ ਕੇ ਦੋ ਹਿੱਸਿਆਂ ਚ ਵੰਡਿਆ ਹੋਇਆ ਸੀ, ਸੱਜੇ ਪਾਸੇ ਬਹੁਤੇ ਤੇ ਖੱਬੇ ਥੋੜੇ। ਬੱਗੀਆਂ, ਪੂਣੀ ਵਰਗੀਆਂ ਕਤਰਾਵੀਆਂ ਮੁੱਛਾਂ, ਅੱਖਾਂ ਚ ਸੁਰਮਾ ਨਾ ਬੁੱਲ੍ਹਾਂ ਤੇ ਸੱਕ, ਮਿਜ਼ਾਜ਼ ਦੇ ਉੱਕਾ ਖ਼ਿਲਾਫ਼ ਸਾਦਮ ਸਾਦਾ। ਪਿੰਡ ਦੇ ਮੇਨ ਸਟਾਪ ਤੇ ਖਲੋਤੇ ਦੁਆਲੇ ਜਾਨਣ ਵਾਲਿਆਂ ਦੀ ਇੱਕ ਮੁਨਾਸਬ ਜਿਹੀ ਤਾਦਾਦ ਮੌਜੂਦ ਸੀ, ਜਿਵੇਂ ਕਿਸੇ ਖ਼ਾਸ ਬੰਦੇ ਦੁਆਲੇ ਹੁੰਦੀ ਏ। ਸਾਰੇ ਉਹਨੂੰ ਮਿੱਠੀਆਂ ਮਿੱਠੀਆਂ ਨਜ਼ਰਾਂ ਨਾਲ਼ ਵੇਖ ਰਹੇ ਸਨ ਤੇ ਹਰ ਆਣ ਵਾਲਾ ਹੱਥ ਮਿਲਾ ਕੇ ਹਾਲ ਚਾਲ ਪੁੱਛ ਰਿਹਾ ਸੀ। ਪਿੰਡ ਦਾ ਤੇ ਕੁੱਤਾ ਨਹੀਂ ਮਾਣ ਹੁੰਦਾ, ਉਹ ਤੇ ਫ਼ਿਰ ਜਿਊਂਦਾ ਜਾਗਦਾ ਇਨਸਾਨ ਸੀ। ਪੰਜਾਹ ਸਾਲਾਂ ਦੀ ਉਮਰ ਵਿਚ ਵੀ ਉਹਦੀ ਜਵਾਨੀ ਵੇਖਣ ਵਾਲੀ ਹੁੰਦੀ ਸੀ। ਸ਼ਰੀਕੇ ਦੇ ਕੁੱਝ ਮਰਦਾਂ ਤੋਂ ਅੱਡ ਉਹਨੂੰ ਸਾਰੇ ਪਿਆਰ ਕਰਦੇ ਸਨ। ਕਦੀ ਕਿਸੇ ਬਾਲ ਨੇ ਛੇੜਖ਼ਾਨੀ ਕਰ ਦੇਣੀ ਤੇ ਵੇਖਣ ਵਾਲਿਆਂ ਦੀ ਹਮਦਰਦੀ ਉਹਦੇ ਨਾਲ਼ ਹੋਣੀ, ਜਿਵੇਂ ਸਭ ਦਾ ਹੀ ਦੋਸਤ ਹੋਵੇ। ਹੋਸ਼ ਸੰਭਾਲੀ ਤੇ ਰੰਨ ਨਾ ਕੰਨ, ਕੋਈ ਫ਼ਿਕਰ ਨਾ ਫ਼ਾਕਾ ਤੇ ਐਸ਼ ਕਰ ਕਾਕਾ ਵਾਲਾ ਹਿਸਾਬ। ਮਾਂ ਪਿਓ ਨਿੱਕੇ ਹੁੰਦਿਆਂ ਈ ਮਰ ਗਏ, ਜਵਾਨ ਹੋਇਆ ਤੇ ਭਰਾਵਾਂ ਨੇ ਉਹਦੀਆਂ ਆਦਤਾਂ ਤੋਂ ਤੰਗ ਆ ਕੇ ਲਾ-ਤਅੱਲਕੀ ਦਾ ਐਲਾਨ ਕਰ ਦਿੱਤਾ। ਹਿੱਸੇ ਆਉਂਦੀ ਥਾਂ ਵੰਡ ਕੇ ਦੇ ਦਿੱਤੀ, ਆਪਣੀ ਪਕਾ ਤੇ ਖਾਹ। ਚਾਰ ਮਰਲੇ ਥਾਂ ਵਿਚ ਇਕ ਸ਼ਹਿਤੀਰ ਵਾਲਾ ਕੱਚਾ ਕੋਠਾ, ਚਾਵਾਂ ਚੁੱਲ੍ਹਾ, ਦੋ ਚਾਰ ਭਾਂਡੇ ਤੇ ਜੱਦੀ ਪੁਸ਼ਤੀ ਕੰਮ ਦੇ ਕੁੱਝ ਔਜ਼ਾਰ ਉਹਦੇ ਹਿੱਸੇ ਆਏ। ਬੱਤਖ਼ ਦੇ ਬੱਚੇ ਨੂੰ ਤਰਨਾ ਤੇ ਆਉਂਦਾ ਈ ਹੁੰਦਾ ਏ, ਆਪਣੀ ਖੱਡੀ ਲਾ ਬੈਠਾ ਤੇ ਲੋਕ ਉਹਦੇ ਕੋਲੋਂ ਦੋਹਰਾਂ, ਖੇਸ ਤੇ ਖੱਦਰ ਉਣਾਨ ਲੱਗ ਪਏ। ਇਹ ਉਹ ਕੰਮ ਸੀ ਜਿਹਦੇ ਵਿਚ ਕਮਾਈ ਘੱਟ, ਤੇ ਉਹਦੀ ਦਿਲਚਸਪੀ ਜ਼ਿਆਦਾ ਸੀ। ਉਂਜ ਵੀ ਉਹਨੇ ਬਹੁਤੀ ਕਮਾਈ ਕਰ ਕੇ ਕੀ ਕਰਨੀ ਸੀ। "ਦਮ ਦਾ ਦਮ ਨਾ ਧੋਖਾ ਨਾ ਗ਼ਮ" , ਉਹ ਆਪਣੇ ਜੋਗਾ ਆਪਣੇ ਹਾਂਡੀ ਟੁੱਕਰ ਬੌਹਕਰ ਬੁਹਾਰੀ ਬੜੇ ਸ਼ੌਕ ਨਾਲ਼ ਕਰਦਾ ਤੇ ਕਦੀ ਕਦੀ ਸ਼ਰੀਕਾਂ ਨੂੰ ਸਾੜਨ ਵਾਸਤੇ ਚੌਂਤਰੇ ਤੇ ਗੋਹਿਆ ਮਿੱਟੀ ਵੀ ਫੇਰ ਲੈਂਦਾ। ਦਿਲਚਸਪੀ ਤੇ ਸ਼ੌਕ ਨਾਲ਼ ਕੰਮ ਕਰਨ ਦੀ ਵਜ੍ਹਾ ਤੋਂ ਇਲਾਕੇ ਚ ਚੰਗਾ ਕਾਰੀਗਰ ਮਸ਼ਹੂਰ ਹੋ ਗਿਆ ਤੇ ਨਾਲ ਪਿੰਡਾਂ ਚੋਂ ਵੀ ਲੋਕ ਦੋਹਰਾਂ, ਖੇਸ ਤੇ ਖੱਦਰ ਉਣਾਨ ਲਈ ਅਪਣਾ ਸੂਤਰ ਉਹਦੇ ਹਵਾਲੇ ਕਰਨ ਲੱਗ ਪਏ। ਕੱਲਾ ਬੰਦਾ ਕਿੰਨਾ ਕੁ ਕੰਮ ਕਰਦਾ, ਕਈਆਂ ਨੂੰ ਜਵਾਬ ਦੇਣਾ ਪੈਂਦਾ ਤੇ ਮਜਬੂਰ ਕਰਨ ਵਾਲਿਆਂ ਦੀ ਵਾਰੀ ਤਿੰਨ ਤਿੰਨ ਮਹੀਨੇ ਬਾਅਦ ਆਉਂਦੀ। ਚੰਗੀ ਚੋਖੀ ਤੇ ਸੋਹਣੀ ਮਾਰਕੀਟ ਹੋਣ ਦੇ ਬਾਵਜੂਦ ਉਹਨੇ ਆਪਣੀ ਮਜ਼ਦੂਰੀ ਨਾ ਵਧਾਈ ਤੇ ਨਾ ਈ ਕੋਈ ਉਹਦੀ ਮਿਹਨਤ ਰੱਖਦਾ ਸੀ। ਕੁੱਝ ਔਂਤਰਾ ਨਖੱਤਰਾ ਹੋਣ ਦੀ ਵਜ੍ਹਾ ਤੋਂ ਉਹਦੇ ਨਾਲ਼ ਹਮਦਰਦੀ ਰੱਖਦੇ ਤੇ ਬਾਕੀ ਉਹਦੀਆਂ ਅਦਾਵਾਂ ਤੇ ਖ਼ਿਦਮਤਾਂ ਤੋਂ ਖ਼ੁਸ਼ ਹੋ ਕੇ ਨਾ ਸਿਰਫ਼ ਉਹਦੀ ਦਿਲੋਂ ਇੱਜ਼ਤ ਕਰਦੇ

ਸਗੋਂ ਖ਼ਰਚੇ ਪਾਣੀ ਦਾ ਵੀ ਖ਼ਿਆਲ ਰੱਖਦੇ। ਦਿਨ ਨੂੰ ਖੱਡੀ ਵਿਚ, ਤੇ ਸ਼ਾਮ ਹੁੰਦਿਆਂ ਈ ਆਪਣੀ ਆਦਤ ਮੁਜਬ ਲੋਕਾਂ ਦਾ ਥਕੇਵਾਂ ਲਾਹੁਣ ਟੁਰ ਪੈਂਦਾ। ਕੋਈ ਨਾ ਕੋਈ ਪਿਆਰ ਕਰਨ ਵਾਲਾ ਮਿਲ ਈ ਜਾਂਦਾ ਜਿਹਨੂੰ ਘੁਟ ਨੱਪ ਕੇ ਉਹ ਆਪਣੀ ਆਦਤ ਪੂਰੀ ਕਰ ਲੈਂਦਾ, ਮਰਦਾਂ ਦੀ ਨਾੜ ਲੜਦਾ ਕਾਰੀਗਰ ਸੀ। ਆਪ ਭਾਵੇਂ ਜਿੰਨਾ ਮਰਜ਼ੀ ਥੱਕਿਆ ਹੁੰਦਾ ਪਰ ਜਿੰਨਾ ਚਿਰ ਇਕ ਦੋ ਜੀਆਂ ਨੂੰ ਮੁੱਠੀ ਦੱਥਾ ਨਹੀਂ ਸੀ ਕਰ ਲੈਂਦਾ ਉਹਨੂੰ ਨੀਂਦਰ ਨਹੀਂ ਸੀ ਆਉਂਦੀ। ਤਰ੍ਹਾਂ ਤਰ੍ਹਾਂ ਦੀਆਂ ਗੱਲਾਂ ਮਸ਼ਹੂਰ ਹੋਣ ਦੇ ਬਾਵਜੂਦ ਲੋਕ ਉਹਦੇ ਤੋਂ ਨਫ਼ਰਤ ਨਹੀਂ ਸੀ ਕਰਦੇ, ਸਗੋਂ ਕਿਸੇ ਲੜਾਈ ਝਗੜੇ ਵਾਲੀ ਜਗ੍ਹਾ ਤੇ ਚਲਾ ਜਾਂਦਾ ਤੇ ਉਹਦੀ ਮਿੱਠੀ ਜਿਹੀ ਸ਼ਕਲ ਤੇ ਟੋਰ ਵੇਖ ਕੇ ਬਹੁਤੇ ਲੋਕਾਂ ਦਾ ਮਿਜਾਜ਼ ਨਰਮ ਹੋ ਜਾਂਦਾ। ਨਫ਼ਰਤ ਕਰਦੇ ਸੀ ਤੇ ਬੱਸ ਉਹਦੇ ਲਗਦੇ ਲਾਣੇ, ਜਿਹਨਾਂ ਦੇ ਰੀਐਕਸ਼ਨ ਚ ਉਹ ਸਗੋਂ ਸੱਕ ਸੁਰਮੇ ਤੇ ਕੰਘੀ ਪੱਟੀ ਦਾ ਜ਼ਿਆਦਾ ਖ਼ਿਆਲ ਰੱਖਦਾ। "ਅਖ਼ੇ ਯੇ ਤੋ ਚਲਤੀ ਹੈ ਤੁਝੇ ਊਂਚਾ ਉੜਾਨੇ ਕੇ ਲੀਏ" ਸਵੇਰੇ ਸਵੇਰੇ ਉੱਠ ਕੇ ਨਹਾਂਦਾ ਤੇ ਕਦੀ ਕਦੀ ਤੌਲੀਆ ਲੈ ਕੇ ਕੋਠੇ ਤੇ ਵੀ ਚੜ੍ਹ ਜਾਂਦਾ, ਮੁੜ ਕੇ ਤਿਆਰ ਹੋ ਕੇ ਸਾਰਾ ਦਿਨ ਖੱਡੀ ਦੇ ਪਿਆਰ ਚ ਗੁਜ਼ਾਰ ਦਿੰਦਾ। ਸਾਦਾ ਦੋਹਰਾਂ ਖੇਸ ਉਣਾਨ ਵਾਲਿਆਂ ਵਾਸਤੇ ਉਹਦੇ ਕੋਲ਼ ਹੁਣ ਬਿਲਕੁਲ ਟਾਇਮ ਨਹੀਂ ਸੀ। ਵੰਨ-ਸੁਵੰਨੇ ਡਿਜ਼ਾਇਨਾਂ ਦੇ ਧੁੱਸੇ ਤੇ ਚਾਦਰਾਂ ਬਨਾਣ ਲੱਗ ਪਿਆ ਜਿਹਨਾਂ ਦੀ ਕਵਾਲਿਟੀ ਦੀ ਬੁੱਕਲ ਵਿਚ ਲੋਕ ਨਾ ਸਿਰਫ਼ ਆਪਣੇ ਆਪ ਨੂੰ ਚੰਗਾ ਮਹਿਸੂਸ ਕਰਦੇ ਸਗੋਂ ਅਹਿਮ ਮੌਕਿਆਂ ਤੇ ਇੱਕ ਦੂਜੇ ਨੂੰ ਤੁਹਫ਼ੇ ਵੱਜੋਂ ਵੀ ਦਿੰਦੇ। ਕੰਮ ਦੀ ਕਵਾਲਿਟੀ ਪਾਰੋਂ ਜ਼ਿੰਦਗੀ ਦੇ ਮਿਆਰ ਚ ਇਕ ਕੁਦਰਤੀ ਜਿਹਾ ਵਾਧਾ ਹੋ ਗਿਆ ਪਰ ਉਹਦੀ ਘੁਟਾਈ ਨਪਾਈ ਤੇ ਲੋਕਾਂ ਦੇ ਢਿੱਡ ਮਲਣ ਦੀ ਆਦਤ ਨਾ ਗਈ ਜਿਹੜੀ ਹੁਣ ਲੋਕਾਂ ਦੀ ਵੀ ਮਜਬੂਰੀ ਬਣ ਚੁੱਕੀ ਸੀ। ਉਹਨੇ ਆਪਣੀ ਤੇਲ ਵਾਲੀ ਸ਼ੀਸ਼ੀ ਖੱਡੀ ਵਿਚ ਈ ਰੱਖ ਲਈ ਕਿ ਜਿਹਨੂੰ ਕੋਈ ਮਸਲਾ ਹੈ ਉਹ ਏਥੇ ਈ ਆ ਜਾਵੇ ਯਾ ਫ਼ਿਰ ਇੰਝ ਕਹਿ ਲੌ ਇਥੇ ਵੀ ਆ ਸਕਦਾ ਏ।ਇਹਨੀਂ ਦਿਨੀਂ ਉਹਦੀ ਆਪਣੇ ਤੋਂ ਪੰਦਰਾਂ ਕੁ ਸਾਲ ਛੋਟੇ ਜਵਾਨ ਭਤਰੀਏ ਨਾਲ਼ ਦੋਸਤੀ ਹੋ ਗਈ। ਖ਼ੂਨੀ ਰਿਸ਼ਤੇ ਵੱਲੋਂ ਪਹਿਲੀ ਵਾਰ ਏਨਾ ਰਿਸਪਾਂਸ ਤੇ ਮੁਹੱਬਤ ਮਿਲੀ, ਬੱਸ ਫ਼ਿਰ ਕੀ ਸੀ ਫ਼ਨਾਹਫ਼ਿਲ ਮੁਹੱਬਤ ਹੋ ਗਿਆ। ਉਹਦੀ ਤੇ ਜਿਵੇਂ ਲਾਟਰੀ ਨਿਕਲ਼ ਆਈ ਹੋਵੇ। ਖਾਣ ਪੀਣ ਸੌਣ ਬਹਿਣ ਤਕ ਇਕੱਠਾ ਹੋ ਗਿਆ ਪਰ ਕਿਸੇ ਨੇ ਕੋਈ ਗੱਲ ਨਾ ਕੀਤੀ। ਉਂਜ ਵੀ ਲੋਕ ਹੁਣ ਉਹਦੀ ਇੱਕ ਅਜੀਬ ਜਿਹੀ ਇੱਜ਼ਤ ਕਰਨ ਲੱਗ ਪਏ ਸਨ ਜੋ ਸ਼ਾਇਦ ਉਮਰ ਦਾ ਤਕਾਜ਼ਾ ਸੀ ਤੇ ਇਕ ਵੱਡੇ ਕਾਰੀਗਰ ਹੋਣ ਦਾ ਇਹਤਰਾਮ ਵੀ। ਦੋ ਕੁ ਸਾਲਾਂ ਬਾਅਦ ਭਤਰੀਏ ਦਾ ਵਿਆਹ ਹੋ ਗਿਆ ਪਰ ਦੋਸਤੀ ਚ ਕੋਈ ਫ਼ਰਕ ਨਾ ਆਇਆ, ਸਗੋਂ ਉਹਨੇ ਨਵੇਂ ਵਿਆਹੇ ਜੋੜੇ ਨੂੰ ਵੀ ਆਪਣੇ ਨਾਲ਼ ਰਹਿਣ ਤੇ ਰਾਜ਼ੀ ਕਰ ਲਿਆ ਜਿਹਦੇ ਤੇ "ਅੱਲ੍ਹਾ ਦਿੱਤੀਆਂ ਗਾਜਰਾਂ ਤੇ ਵਿਚੇ ਈ ਰੰਬਾ ਰੱਖ ਦਿੱਤੈ" ਦੇ ਤਹਿਤ ਕਿਸੇ ਰਿਸ਼ਤੇਦਾਰ ਨੇ ਵੀ ਇਤਰਾਜ਼ ਨਾ ਕੀਤਾ। ਦੋ ਕੁ ਮਹੀਨਿਆਂ ਮਗਰੋਂ ਈ ਲੜਾਈ ਝਗੜਾ ਸ਼ੁਰੂ ਹੋ ਗਿਆ ਤੇ ਕੁੜੀ ਮਾਪਿਆਂ ਦੇ ਬੂਹੇ ਤੇ।। ਬਰਾਦਰੀ ਦੀ ਪਰ੍ਹੈ ਪੰਚਾਇਤ ਹੋਈ ਪਰ ਕੁੜੀ ਮੰਨੀ ਨਾ ਕੁੜੀ ਵਾਲੇ। ਆਖ਼ਿਰ ਤੀਜੀ ਪੰਚਾਇਤ ਚ ਫ਼ੈਸਲਾ ਹੋਇਆ ਕਿ ਦੋਵੇਂ ਜੀਅ ਚਾਚੇ ਘਰ ਨਹੀਂ ਰਹਿਣਗੇ। ਮੁੰਡਾ ਆਪਣੇ ਪਿਓ ਵੱਲ ਰਵੇ ਯਾ ਫ਼ਿਰ ਆਪਣਾ ਵੱਖਰਾ ਕੋਠਾ ਛੱਤੇ। ਮਨ ਮਨਈਆ ਹੋ ਗਿਆ ਤੇ ਬਰਾਦਰੀ ਦੇ ਕੁੱਝ ਕਣ ਟੁੱਟਿਆਂ ਉਹਦੇ ਤੇ ਚੜ੍ਹਾਈ ਕਰ ਦਿੱਤੀ ਕਿ

ਤੇਰੀ ਵਜ੍ਹਾ ਤੋਂ ਸਾਡੀ ਕੁੜਮਾਂ ਦੇ ਪਿੰਡ ਬਦਨਾਮੀ ਹੋਈ ਏ, ਅਖ਼ੇ ਤੁਹਾਡਾ ਮੁੰਡਾ ਚਾਚੇ ਨਾਲ਼।।। ਉਨ੍ਹਾਂ ਉਹਦੇ ਮਕਾਨ ਨੂੰ ਜਿੰਦਰਾ ਮਾਰ ਦਿੱਤਾ ਤੇ ਡਰਾਣ ਧਮਕਾਣ ਲੱਗ ਪਏ ਕਿ ਇਹਦਾ ਮੂੰਹ ਕਾਲ਼ਾ ਕਰਕੇ ਪਿੰਡੋਂ ਕੱਢ ਦੇਣਾ ਚਾਹੀਦਾ ਏ। ਸ਼ਰੀਕਾਂ ਦੀਆਂ ਗੱਲਾਂ ਲਾਸ਼ਰੀਕ ਦੇ ਏਜੰਟ ਤੱਕ ਪਹੁੰਚੀਆਂ ਤੇ ਉਹਨੇ ਜੁਮੇ ਦੇ ਖ਼ੁਤਬੇ ਚ ਕੋੜਿਆਂ ਤੋਂ ਲੈ ਕੇ ਸੰਗਸਾਰ ਕਰਨ ਤੱਕ ਦੀਆਂ ਸਾਰੀਆਂ ਸਜ਼ਾਵਾਂ ਦੀ ਤਫਸੀਲ ਬਿਆਨ ਕਰ ਦਿੱਤੀ। ਮਕਾਨ ਨੂੰ ਜਿੰਦਰਾ ਵੱਜਣ ਨਾਲ਼ ਉਹਦੀ ਹਰ ਸ਼ੈ ਤੇ ਕਬਜ਼ਾ ਹੋ ਗਿਆ ਤੇ ਏਸ ਤੋਂ ਬਾਅਦ ਉਹਦਾ ਕੋਈ ਪਤਾ ਨਾ ਲੱਗਾ ਕਿਧਰ ਗਿਆ, ਵੀਹ ਪੰਝੀ ਸਾਲ ਕਿੱਥੇ ਰਹਿੰਦਾ ਰਿਹਾ। ਸੁਣਿਆ ਏ ਜਦੋਂ ਪਿੰਡੋਂ ਨਿਕਲਿਆ ਤੇ ਉਹਦੇ ਕੋਲ਼ ਬੱਸ ਸਾਢੇ ਬੱਤੀ ਰੁਪਏ ਤੇ ਉਹਦੀ ਤੇਲ ਦੀ ਸ਼ੀਸ਼ੀ ਸੀ। ਮੈਂ ਅੱਗੇ ਵੱਧ ਕੇ ਉਹਦੇ ਨਾਲ਼ ਹੱਥ ਮਿਲਾਇਆ ਤੇ ਉਹਨੇ ਮੁਸਕਰਾਂਦਿਆਂ ਹੋਇਆਂ ਆਪਣੇ ਜਜ਼ਬਾਤ ਦਾ ਇਜ਼ਹਾਰ ਕੀਤਾ। ਮੈਂ ਹਾਲੀ ਉਹਦਾ ਹੱਥ ਛੱਡਿਆ ਨਹੀਂ ਸੀ ਕਿ ਕਿਸੇ ਨੇ ਉਹਦੇ ਨਾਲ਼ ਨਜ਼ਰਾਂ ਮਿਲਾਂਦਿਆਂ ਹੋਇਆਂ ਆਖਿਆ। "ਮੁਬਾਰਕ ਹੋਵੇ ਜੀ" ਮੈਂ ਖ਼ੁਸ਼ਗਵਾਰ ਜਿਹੀ ਹੈਰਾਨੀ ਤੇ ਕਾਬੂ ਪਾਂਦਿਆਂ ਹੋਇਆਂ ਉਹਨੂੰ ਪੁੱਛਿਆ, "ਕਾਹਦੀਆਂ ਮੁਬਾਰਕਾਂ ਮਿਲ ਰਹੀਆਂ ਨੇਂ ਜੀ ?" ਉਹ ਇਕ ਥੱਕੀ ਜਿਹੀ ਅਦਾ ਨਾਲ਼ ਮੇਰੇ ਤੋਂ ਹੱਥ ਛੁਡਾਂਦਾ ਹੋਇਆ ਦੂਜੇ ਪਾਸੇ ਮੂੰਹ ਕਰ ਕੇ ਬੋਲਿਆ। "ਉਮਰੇ ਤੇ ਚੱਲਿਆਂ।"

## 'ਔਂਤਰਿਆਂ ਦੀ ਖੱਟੀ' ਬਾਰੇ ਵਿਚਾਰ-ਚਰਚਾ

**ਬਲਬੀਰ ਪਰਵਾਨਾ** : ਇਸ ਕਹਾਣੀ 'ਚ ਸੰਚਾਰ ਦੇ ਬਹੁਤ ਗੈਪ ਹਨ। ਲੇਖਕ ਕਹਿਣਾ ਕੀ ਚਾਹੁੰਦਾ ਹੈ ? ਮੁੱਖ ਪਾਤਰ ਚੰਗਾ ਕਾਰੀਗਰ ਹੈ, ਵਿਹਾਰ ਦਾ ਸਾਫ਼ ਹੈ। ਮੌਕੇ-ਬੇਮੌਕੇ ਦੂਸਰਿਆਂ ਦੇ ਕੰਮ ਵੀ ਆਉਂਦਾ ਹੈ। ਕੁਝ ਸੰਕੇਤ ਅਜਿਹੇ ਹਨ ਜਿਨ੍ਹਾਂ ਤੋਂ ਲਗਦਾ ਕਿ ਹੋਮੋ ਹੈ। ਭਤੀਜੇ ਦੇ ਵਿਆਹ ਪਿਛੋਂ ਉਸਦੇ ਆਪਣੀ ਬੀਵੀ ਨਾਲ ਪਏ ਵਿਗਾੜ ਤੋਂ ਇਹ ਸੰਕੇਤ ਕੁਝ ਵਧੇਰੇ ਸਪੱਸ਼ਟ ਹੁੰਦੇ ਹਨ ਪਰ ਲੇਖਕ ਜਿਥੇ ਲਿਆ ਕੇ ਇਸਨੂੰ ਮੁਕਾਉਂਦਾ ਹੈ, ਉਸ 'ਚੋਂ ਕੁਝ ਇਹੋ ਜਿਹਾ ਭਾਵ ਉਭਰਦਾ ਹੈ ਜਿਵੇਂ ਪੰਜਾਬੀ ਦੀ ਕਹਾਵਤ ਹੈ 'ਨੌਂ ਸੌ ਚੂਹਾ ਖਾ ਕੇ ਬਿੱਲੀ ਹੱਜ ਨੂੰ ਚੱਲੀ।' ਉਹ ਅਜਿਹਾ ਕਿਉਂ ਹੈ, ਇਸਦਾ ਕਿਤੇ ਸੰਕੇਤ ਮਾਤਰ ਵੀ ਵਿਸ਼ਲੇਸ਼ਣ ਨਹੀਂ ਹੈ। ਨਾ ਹੀ ਅਖੀਰ 'ਚ ਉਸ 'ਚ ਜਿਹੜੀ ਤਬਦੀਲੀ ਮੈਂ ਪਾਤਰ ਨੂੰ ਦਿਸਦੀ ਹੈ, ਉਸਦਾ ਕੋਈ ਸੰਕੇਤ। ਸਿਰਫ਼ ਇਹ ਹੀ ਪਤਾ ਲਗਦਾ ਹੈ ਕਿ ਜਿੱਥੇ ਉਹ ਹੁਣ ਰਹਿ ਰਿਹਾ ਹੈ ਉਨ੍ਹਾਂ ਲੋਕਾਂ 'ਚ ਉਸਦਾ ਵਿਸ਼ੇਸ਼ ਆਦਰ ਹੈ। ਕਹਾਣੀ 'ਚ ਇੰਜ ਦੇ ਸੰਚਾਰ-ਖੱਪੇ ਹਨ ਕਿ ਪਾਠਕ ਦੇ ਹੱਥ-ਪੱਲੇ ਕੁਝ ਨਹੀਂ ਪੈਂਦਾ। ਕੋਈ ਤੰਦ ਅਜਿਹੀ ਨਹੀਂ ਦਿਸਦੀ ਜਿਸਦੇ ਸਹਾਰੇ ਕਿਸੇ ਸਿੱਟੇ 'ਤੇ ਪੁੱਜ ਸਕੇ।

**ਰਮਨਪ੍ਰੀਤ ਕੌਰ 'ਚੌਹਾਨ'** : ਇਹ ਕਹਾਣੀ ਪਰਿਵਾਰ ਵਿਹੂਣੇ ਪਾਤਰ ਦੀ ਵਿਥਿਆ ਹੈ। ਕਹਾਣੀਕਾਰ ਪਾਤਰ ਦੇ ਸੰਵੇਦਨਸ਼ੀਲ ਮਨ ਤੋਂ ਜਾਣੂੰ ਹੈ ਪਰ ਪਾਤਰ ਪੇਂਡੂ ਭਾਈਚਾਰੇ ਅਤੇ ਪਰਿਵਾਰਕ ਵਿਤਕਰਿਆ ਕਾਰਣ ਦੁਰਕਾਰਿਆ ਜਾਂਦਾ ਹੈ। ਕਹਾਣੀ ਵਿੱਚ ਕਹਾਣੀਕਾਰ ਨੇ ਸੰਪਤੀ-ਰਿਸ਼ਤਿਆਂ ਦੇ ਨਾਲ-ਨਾਲ ਪਰਿਵਾਰਕ ਸੰਬੰਧਾਂ ਦੇ ਮਸਲੇ ਨੂੰ ਵੀ ਉਭਾਰਿਆ ਹੈ। ਸੰਪਤੀ ਦਾ ਮਸਲਾ ਪਿੰਡ ਦੀ ਪੰਚਾਇਤ ਨਾਲ ਹੱਲ ਹੋ ਜਾਂਦਾ ਹੈ । ਪਾਤਰ ਦੇ ਮਨ ਵਿੱਚ ਉਬਾਲ ਤਾਂ ਆਉਂਦਾ ਹੈ ਪਰ ਉਹ ਕਿਰਿਆ ਦਾ ਰੂਪ ਨਹੀਂ ਧਾਰਨ ਕਰਦਾ। ਆਪਣੀ ਕਾਰੀਗਰੀ ਦੇ ਆਧਾਰ ਤੇ ਪਾਤਰ ਪੇਂਡੂ ਢਾਂਚੇ ਵਿੱਚ ਰਹਿਣ ਦੇ ਯੋਗ ਹੋ ਜਾਂਦਾ ਹੈ। ਪਰ ਜ਼ਿੰਦਗੀ ਦੇ

ਖਲਾਅ ਨੂੰ ਭਰਨ ਲਈ ਪਾਤਰ ਸਮਲਿੰਗੀ ਸੰਬੰਧ ਵੀ ਸਥਾਪਿਤ ਕਰਦਾ ਹੈ। ਪਾਤਰ ਦੇ ਗੈਰ-ਸਮਾਜਕ ਰਿਸ਼ਤੇ ਬਾਰੇ ਕਹਾਣੀਕਾਰ ਨੇ ਸੰਕੇਤ ਕੀਤਾ ਹੈ ਜਿਵੇਂ:

ਸ਼ਾਮ ਹੁੰਦਿਆ ਈ ਆਪਣੀ ਆਦਤ ਮੂਜ਼ਬ ਲੋਕਾਂ ਦਾ ਥਕੇਵਾਂ ਲਾਹੁਣ ਟੁਰ ਪੈਂਦਾ। ਕੋਈ ਨਾ ਕੋਈ ਪਿਆਰ ਕਰਨ ਮਿਲ ਈ ਜਾਂਦਾ, ਜਿਹਨੂੰ ਘੁਟ ਨੱਪ ਕੇ ਉਹ ਆਪਣੀ ਆਦਤ ਪੂਰੀ ਕਰ ਲੈਂਦਾ।

ਭਤਰੀਏ ਨਾਲ ਦੋਸਤੀ ਤੋਂ ਪਾਤਰ ਦੀ ਸਖਸ਼ੀਅਤ ਖੇਰੂੰ ਖੇਰੂੰ ਹੋ ਜਾਂਦੀ ਹੈ। ਪਾਤਰ ਦੀ ਕਾਮਭੁੱਖ ਦੀ ਬੇਬਸੀ ਮਾਨਸਿਕ ਤਨਾਉ ਦੀ ਵਜ੍ਹਾ ਹੈ ਕਿਉਂਕਿ ਪਾਤਰ ਸਵੈਮਾਨੀ ਨਹੀਂ ਹੈ। ਪਾਤਰ ਭਤਰੀਏ ਕਾਰਣ ਪਿੰਡ ਛੱਡ ਦਿੰਦਾ ਹੈ। ਵਧੀਆ ਕਾਰੀਗਰ ਹੋਣ ਦੇ ਬਾਵਜੂਦ ਪਾਤਰ ਆਪਣਾ ਅਸਤਿੱਤਵ ਉੱਚਾ ਚੁੱਕਣ ਦੀ ਵੀ ਕੋਸ਼ਿਸ਼ ਨਹੀਂ ਕਰਦਾ। ਬਿਆਨੀਆ ਢੰਗ ਨਾਲ ਲਿਖੀ ਹੋਈ ਕਹਾਣੀ ਦਾ ਪਾਤਰ ਚੇਤੰਨ ਨਹੀਂ ਹੈ। ਉਹ ਆਪਣੇ ਨਾਲ ਹੁੰਦੇ ਗਲਤ ਵਰਤਾਰੇ ਦਾ ਵਿਰੋਧ ਨਹੀਂ ਕਰਦਾ ਬਲਕਿ ਚੁੱਪ-ਚਾਪ ਜ਼ਿੰਦਗੀ ਬਸਰ ਕਰ ਰਿਹਾ ਹੈ। ਜਿੱਥੇ ਪੇਂਡੂ ਭਾਈਚਾਰਾ ਪਾਤਰ ਦਾ ਵਿਰੋਧ ਕਰਦਾ ਹੈ ਉਥੇ ਪਾਤਰ ਆਪਣੇ ਅਸਤਿੱਤਵ ਲਈ ਪੇਂਡੂ ਭਾਈਚਾਰੇ ਨਾਲ ਜੂਝਦਾ ਨਹੀਂ। ਇਸ ਤਰ੍ਹਾਂ ਇਹ ਕਹਾਣੀ ਮਾਨਵੀ ਸਰੋਕਾਰਾਂ ਦੇ ਕਰੂਰ ਪਹਿਲੂਆਂ ਨੂੰ ਉਭਾਰਦੀ ਹੈ। ਪਾਤਰ ਆਪਣੀਆਂ ਪ੍ਰਤਿਕੂਲ ਸਥਿਤੀਆਂ ਵਿੱਚ ਸਮਲਿੰਗੀ ਸੰਬੰਧ ਕਾਇਮ ਕਰਕੇ ਆਪਣੇ ਅੰਦਰਲੀਆਂ ਕੁਦਰਤੀ ਲੋੜਾਂ ਨੂੰ ਪੂਰਾ ਕਰਦਾ ਹੈ, ਪਰ ਅਜਿਹੇ ਗੈਰ-ਕੁਦਰਤੀ ਸੰਬੰਧਾਂ ਦੀ ਉਮਰ ਥੋੜ ਚਿਰ ਹੁੰਦੀ ਹੈ।

ਤੇ ਬਰਾਦਰੀ ਦੇ ਕਣ ਟੁੱਟਿਆ ਉਹਦੇ ਚੜ੍ਹਾਈ ਕਰ ਦਿੱਤੀ ਕਿ ਤੇਰੀ ਵਜ੍ਹਾਂ ਤੋਂ ਸਾਡੀ ਕੁੜਮਾ ਦੇ ਪਿੰਡ ਬਦਨਾਮੀ ਹੋਈ ਏ, ਆਖੇ ਤੁਹਾਡਾ ਮੁੰਡਾ ਚਾਚੇ ਨਾਲ ...?

ਇਸ ਕਹਾਣੀ ਵਿੱਚ ਕਹਾਣੀਕਾਰ ਪਾਤਰ ਦੀ ਉਲਝੀ ਮਾਨਸਿਕਤਾ ਨੂੰ ਪ੍ਰਗਟਾਇਆ ਗਿਆ ਹੈ। ਕਹਾਣੀਕਾਰ ਪਾਤਰ ਦੇ ਮਨ ਦੀਆਂ ਸੱਧਰਾਂ ਨੂੰ ਅਹਿਮੀਅਤ ਦਿੰਦਾ ਹੈ। ਪਾਤਰ ਵੀ ਦੋਹਰੇ ਮਾਪ ਦੰਡ ਨਾਲ ਜ਼ਿੰਦਗੀ ਨਹੀਂ ਜਿਉਂਦਾ। ਏਨੀ ਨਿਰਾਸ਼ਾ ਤੋਂ ਬਾਅਦ ਵੀ ਪਾਤਰ ਆਪਣੀ ਸੋਚ ਵਿਚ ਤਬਦੀਲੀ ਨਹੀਂ ਲਿਆਉਂਦਾ ਸਗੋਂ ਨਿਰਾਸ਼ ਹੋ ਕੇ ਘਰ ਛੱਡ ਕੇ ਚਲਾ ਜਾਂਦਾ ਹੈ। ਔਂਤਰਿਆਂ ਦੀ ਖੱਟੀ ਕਹਾਣੀ ਵਿੱਚ ਕਹਾਣੀਕਾਰ ਨੇ ਬੜੀ ਬੇਬਾਕੀ ਨਾਲ ਪਾਤਰ ਦੇ ਵੱਖਰੇ ਵਿਹਾਰ ਬਾਰੇ ਬਿਆਨ ਕੀਤਾ ਹੈ।

**ਸੁਕੀਰਤ** : ਔਂਤਰਿਆਂ ਦੀ ਖੱਟੀ ਇਕਸਾਰ ਤੁਰੀ ਜਾਣ ਵਾਲੀ ਇਕਹਿਰੀ ਕਹਾਣੀ ਹੈ, ਜੋ ਪਾਠਕ ਨੂੰ ਕੁਝ ਸੋਚਣ ਜਾਂ ਸਮਝਣ ਦਾ ਤਰੱਦਦ ਕਰਨ ਲਈ ਨਹੀਂ ਆਖਦੀ । ਸਿਵਾਏ ਆਪਣੇ ਆਖਰੀ ਫ਼ਿਕਰੇ ਦੇ, "ਉਮਰੇ ਤੇ ਚੱਲਿਆਂ"। ਉਦੋਂ ਰਤਾ ਸੋਚਣਾ ਪਿਆ ਕਿ ਕੀ ਆਪਣੇ ਗ਼ੈਰ-ਰਵਾਇਤੀ ਲਿੰਗਕ ਵਿਹਾਰ ਕਾਰਨ ਕਦੇ ਪਿੰਡੋਂ ਕੱਢੇ ਗਏ ਬੰਦੇ ਨਾਲ ਮੁੜ ਦੁਆ ਸਲਾਮ ਸਿਰਫ਼ ਏਸ ਲਈ ਹੋ ਰਹੀ ਹੈ ਕਿਉਂਕਿ ਉਹ ਉਮਰਾ ( ਹਜ ਤੋਂ ਉਲਟ ਸਾਲ ਦੇ ਕਿਸੇ ਵੀ ਮਹੀਨੇ ਮੱਕਾ ਸ਼ਰੀਫ਼ ਦੀ ਯਾਤਰਾ ਤੇ ਨਿਕਲਣਾ) ਦਾ ਪੁੰਨ ਖੱਟਣ ਲਈ ਨਿਕਲ ਰਿਹਾ ਹੈ, ਜੋ ਰਵਾਇਤੀ ਮਨਾਂ ਵਿਚ ਉਸ ਦੀ ਮੁੜ ਸਮਾਜਕ ਬਹਾਲੀ ਲਈ ਕਾਫ਼ੀ ਹੈ।

ਸਾਬਰ ਅਲੀ ਸਾਬਰ ਨੇ ਆਪਣੀ ਕਹਾਣੀ ਦੇ ਧਰਾਤਲ ਲਈ ਇਕ ਅਖਾਉਤੀ ਵਰਜਤ ਵਰਤਾਰਾ ਤਾਂ ਚੁਣਿਆ ਹੈ ਪਰ ਇਸ ਵਰਤਾਰੇ ਬਾਰੇ ਉਹ ਕਹਿਣਾ ਕੀ ਚਾਹੁੰਦਾ ਹੈ, ਸਮਝ ਨਹੀਂ

ਪੈਂਦੀ। ਕਿਸੇ ਵੀ ਕਿਸਮ ਦੇ ਲੇਖਕੀ ਦ੍ਰਿਸ਼ਟੀਕੋਣ ਤੋਂ ਵਿਰਵੀ ਹੋਣ ਕਾਰਨ ਕਹਾਣੀ ਮਹਿਜ਼ ਘਟਨਾਵਾਂ ਦੀ ਸਪਾਟ ਬਿਆਨੀ ਬਣ ਕੇ ਰਹਿ ਜਾਂਦੀ ਹੈ, ਜਿਸ ਕੋਲ ਜੁੱਸਾ ਤਾਂ ਹੈ, ਪਰ ਵਿਚਲੀ ਰੂਹ ਦਾ ਝਾਉਲਾ ਨਹੀਂ ਪੈਂਦਾ।

**ਦੀਪਤੀ ਬਬੂਟਾ** : ਕਹਾਣੀ ਔਂਤਰਿਆ ਦੀ ਖੱਟੀ ਇੱਕ ਅਜਿਹੇ ਮਨੁੱਖ ਦੀ ਹੋਣੀ ਬਿਆਨ ਕਰਦੀ ਹੈ ਜੋ ਪੂਰਨ ਪੁਰਸ਼ ਨਹੀਂ ਤੇ ਭਰਾਵਾਂ ਵੱਲੋਂ ਸਮਾਜ ਵਿੱਚ ਆਪਣੀ ਹੋਂਦ ਨੂੰ ਬਚਾਉਣ ਲਈ ਸਮਾਂ ਰਹਿੰਦੇ ਵੱਖਰਾ ਕਰ ਦਿੱਤਾ ਗਿਆ ਹੈ। ਜੱਦੀ ਕੰਮ 'ਚ ਨਿਪੁੰਨ ਪਾਤਰ ਜਲਦੀ ਚੰਗੇ ਕਾਰੀਗਰ ਵਜੋਂ ਸਥਾਪਿਤ ਹੋ ਜਾਂਦਾ ਹੈ, ਪਰੰਤੂ ਉਹ ਆਪਣੇ ਵਜੂਦ ਦੇ ਅੰਦਰੂਨੀ ਸੱਚ ਤੋਂ ਮੁਨਕਿਰ ਨਹੀਂ। ਦਿਨ ਭਰ ਖੱਡੀ 'ਤੇ ਕੰਮ ਕਰਨ ਤੋਂ ਬਾਦ ਉਹ ਆਪਣੀ ਅਸਲ ਭੁੱਖ ਨੂੰ ਤ੍ਰਿਪਤ ਕਰਨ ਲਈ ਕੋਈ ਨਾ ਕੋਈ ਅਜਿਹਾ ਲੋੜਵੰਦ ਲੱਭ ਲੈਂਦਾ, ਜਿਸ ਦੀ ਲੋੜ ਪੂਰੀ ਕਰਦਾ ਉਹ ਆਪਣੀ ਭੁੱਖ ਸ਼ਾਂਤ ਕਰ ਲੈਂਦਾ। ਲੋਕਾਂ ਕੋਲੋਂ ਉਸ ਨੂੰ ਮੋਹ-ਮੁਹੱਬਤ ਦੀ ਕੋਈ ਘਾਟ ਨਾ ਸੀ, ਪਰ ਭਰਾਵਾਂ ਦੇ ਸਨੇਹ ਤੋਂ ਵਿਰਵਾ। ਭਤੀਜੇ ਦੀਆਂ ਉਸ ਵਰਗੀਆਂ ਆਦਤਾਂ ਉਸ ਲਈ ਸਕੂਨ ਬਣਨ 'ਚ ਸਹਾਇਕ ਤਾਂ ਹੋਈਆਂ, ਪਰ ਸਦੀਵੀ ਨਾ ਹੋਈਆਂ। ਭਤੀਜੇ ਦਾ ਵਿਆਹ ਹੋਇਆ। ਭਤੀਜ ਨੂੰਹ ਨੂੰ ਵੀ ਆਪਣੇ ਕੋਲ ਰੱਖ ਲਿਆ, ਪਰ ਛੇਤੀ ਹੀ ਭਤੀਜੇ ਦੀ ਵਹੁਟੀ ਨੂੰ ਘਰਵਾਲੇ ਦੇ ਚਾਚੇ ਨਾਲ ਸੰਬੰਧਾਂ ਦੀ ਭਿਣਕ ਲੱਗੀ ਤੇ ਉਹ ਪੇਕੇ ਜਾ ਬੈਠੀ।

ਪੰਚਾਇਤ ਦੇ ਫੈਸਲੇ ਨਾਲ ਭਤੀਜਾ ਘਰਵਾਲੀ ਨਾਲ ਪਿਉ ਦੇ ਘਰ ਰਹਿਣ ਲੱਗਦਾ ਹੈ। ਭਰਾਵਾਂ ਨੂੰ ਮੌਕਾ ਮਿਲਿਆ ਤੇ ਪਾਤਰ 'ਤੇ ਕੁੜਮਾਂਚਾਰੀ ਵਿੱਚ ਨੱਕ ਵਢਾਉਣ ਦੀਆਂ ਅਲਾਮਤਾਂ ਲਗਾ ਕੇ ਘਰ ਨੂੰ ਜਿੰਦਰਾ ਮਾਰ ਦੇਣਾ, ਕਹਾਣੀ ਦਾ ਸਾਰ ਹੋ ਨਿਬੜਦਾ ਹੈ। ਉਸ ਦੀ ਕੀਤੀ ਖੱਟੀ ਸ਼ਰੀਕਾ ਸਾਂਭ ਲੈਂਦਾ ਹੈ, ਪਰ ਉਸ ਨੂੰ ਸਾਂਭਣਾਂ ਤਾਂ ਦੂਰ ਦੀ ਗੱਲ ਉਸ ਨੂੰ ਕੋਈ ਨਾਂ ਤੱਕ ਦੇਣ ਨੂੰ ਤਿਆਰ ਨਹੀਂ। ਕਹਾਣੀ ਪਿੱਛਲ ਝਾਤ ਵਿੱਚ ਚੱਲਦੀ, ਪਾਤਰ ਉਸਾਰੀ ਕਰਨ ਵਿੱਚ ਕਾਮਯਾਬ ਰਹੀ ਹੈ। ਉਹ ਥੱਕੀ ਜਿਹੀ ਅਦਾ ਨਾਲ ਮੇਰੇ ਤੋਂ ਹੱਥ ਛੁਡਾਂਦਾ ਹੋਇਆ ਦੂਜੇ ਪਾਸੇ ਮੂੰਹ ਕਰਕੇ ਬੋਲਿਆ, " ਉਮਰੇ 'ਤੇ ਚੱਲਿਆਂ।" ਮੈਂ ਪਾਤਰ ਵੱਲੋਂ ਮੁੱਖ ਪਾਤਰ ਦਾ ਹੱਥ ਫੜਨਾ, ਮੁੱਖ ਪਾਤਰ ਦਾ ਹੱਥ ਛੁਡਾਉਣਾ। ਸਪੱਸ਼ਟ ਕਰਦਾ ਹੈ ਤਲਬਗਾਰ ਉਸ ਨੂੰ ਅੰਤ ਤੱਕ ਭੋਗਣ ਲਈ ਤਤਪਰ ਹੈ ਪਰੰਤੂ ਜਿਸ ਸਮਾਜ ਨੇ ਉਸ ਦੀ ਹੋਂਦ ਨੂੰ ਸਵੀਕਾਰ ਨਹੀਂ ਕੀਤਾ, ਉਸ ਵੱਲੋਂ ਮੂੰਹ ਮੋੜ ਕੇ ਅੰਤ ਉਹ ਆਪਣੇ ਈਸ਼ਟ ਨੂੰ ਸਮਰਪਿਤ ਹੋਣ ਚੱਲਿਆ ਹੈ। ਵਧੀਆ ਕਹਾਣੀ ਹੈ। ਵਿਸ਼ੇ ਮੁਤਾਹਿਕ ਕਹਾਣੀ ਦਾ ਨਿਭਾਅ ਕਮਾਲ ਹੈ।

**ਭਗਵੰਤ ਰਸੂਲਪੁਰੀ** : ਸਾਬਰ ਦੀ ਏਸ ਕਹਾਣੀ 'ਔਂਤਰਿਆਂ ਦੀ ਖੱਟੀ' ਦੇ ਕੇਂਦਰ ਵਿਚ ਇਕ ਛੜਾ ਬੰਦਾ ਏ। ਜਿਹਦੇ ਮਨ ਵਿਚ ਡੂੰਘੀ ਇਕ ਹਿਰਸ ਦੱਬੀ ਹੋਈ ਏ। ਇਹ ਸਮਲਿੰਗੀ ਤੇ ਔਰਤ ਦੀ ਹਿਰਸ ਏ। ਲੇਖਕ ਉਸ ਪਾਤਰ ਦੀ ਜਿੱਥੇ ਸਮਾਜਿਕ ਸਥਿਤੀ ਬਿਆਨ ਕਰਦਾ ਏ, ਉੱਥੇ ਉਹਦੀ ਆਰਥਿਕ ਸਥਿਤੀ ਬਿਆਨ ਕਰਦਾ ਹੋਇਆ ਉਹਦੇ ਜਾਤੀ ਪਿਛੋਕੜ ਨੂੰ ਬਿਆਨ ਕਰਦਿਆ ਉਸਦੇ ਕੰਮ ਧੰਦੇ ਦਾ ਬਿਰਤਾਂਤ ਸਿਰਜਦਾ ਏ। ਇਹ ਪਾਤਰ ਖੱਡੀ ਦਾ ਕੰਮ ਕਰਦਾ ਹੋਇਆ ਏਸ ਲਈ ਮਾਲਸ ਦਾ ਕੰਮ ਕਰਨ ਲੱਗ ਪੈਂਦਾ ਏ, ਕਿਉਂਕਿ ਉਹਦੇ ਮਨ ਵਿਚ ਸਮਲਿੰਗਤਾ ਦੀ ਹਿਰਸ ਦੱਬੀ ਪਈ ਏ, ਜਿਸ ਨੂੰ ਦੂਜੇ ਬੰਦੇ ਦੇ ਹੱਥਾਂ ਦੇ ਸਪਰਸ ਨਾਲ ਅਤ੍ਰਿਪਤ ਕਰਨਾ ਦੀ ਲਾਲਸਾ ਕਰਦਾ ਏ। ਮਾਲਸ਼ ਕਰਦਿਆਂ ਇਕ ਮਰਦ ਨਾਲ ਉਹ ਦੈਹਿਕ ਰਿਸ਼ਤਾ

ਬਣਾ ਲੈਂਦਾ ਏ। ਜਦੋਂ ਉਸ ਦਾ ਕਿਸੇ ਔਰਤ ਨਾਲ ਵਿਆਹ ਹੋ ਜਾਂਦਾ ਏ ਤਾਂ ਕਹਾਣੀ 'ਚ ਸੰਕਟ ਪੈਦਾ ਹੋ ਜਾਂਦਾ ਏ। ਸਮਾਜਿਕ ਅਸਤਿਤਵ ਮਿੱਟੀ ਹੋਣ ਦੇ ਡਰੋਂ ਉਹ ਛੜਾ ਪਾਤਰ ਪਿੰਡੋਂ ਭੱਜ ਜਾਂਦਾ ਏ। ਲੇਖਕ 'ਉਮਰੇ ਤੇ ਚੱਲਿਆਂ' ਵਾਕ ਨਾਲ ਕਹਾਣੀ ਖਤਮ ਕਰ ਦਿੰਦਾ ਏ, ਜਦੋਂ ਉਹ ਪਿੰਡੋਂ ਭੱਜਾ 20-25 ਸਾਲ ਬਾਅਦ ਪਿੰਡ ਮੁੜਦਾ ਏ।

ਸਾਬਰ ਦੀ ਏਹ ਕਹਾਣੀ ਵੀ 'ਨਿੱਕੀ ਹੁਨਰੀ ਕਹਾਣੀ' ਮੈਨੂੰ ਲੱਗੀ ਏ। ਉਹ ਇਕ ਪੈਰੇ ਵਿਚ ਸਾਰੀ ਕਹਾਣੀ ਉਸਾਰਦਾ ਏ। ਸਮਾਜ ਵਿਚੋਂ ਇਕ ਹਿਰਸੀ ਬੰਦੇ ਦਾ ਪਾਤਰ ਤਾਂ ਲੇਖਕ ਨੇ ਲੱਭ ਲਿਆ ਏ, ਉਸ ਦੇ ਆਲੇ ਦੁਆਲੇ ਕਹਾਣੀ ਕਿਵੇਂ ਉਸਾਰਨੀ ਏ, ਏਸ ਕਲਾ ਤੋਂ ਉਹ ਵਿਰਵਾ ਰਹਿ ਜਾਂਦਾ ਏ। ਮੈਨੂੰ ਇਹ ਬਿਲਕੁਲ ਸਧਾਰਨ ਪੱਧਰ ਦੀ ਕਹਾਣੀ ਲੱਗੀ ਏ। ਇਕ ਅਜਿਹੇ ਬੰਦੇ ਦਾ ਸ਼ਬਦ ਚਿੱਤਰ ਵੀ ਲੱਗਾ ਏ ਜੋ ਛੜਾ ਰਹਿ ਜਾਂਦਾ ਏ ਤੇ ਇਕ ਮੁੰਡੇ ਨਾਲ ਸਮਲਿੰਗੀ ਸੰਬੰਧ ਉਸਾਰ ਲੈਂਦਾ ਏ। ... ਲੇਖਕ ਕਹਾਣੀ ਵਿਚ ਕੋਈ ਦ੍ਰਿਸ਼ ਨਹੀਂ ਉਸਾਰਦਾ। ਔਂਤਰੇ ਬੰਦੇ ਨੂੰ ਸਮਾਜ ਵਿਚ ਸਪੇਸ ਕਿਉਂ ਨਹੀਂ ਮਿਲਦੀ... ਲੇਖਕ ਕਹਾਣੀ ਵਿਚ ਇਹ ਗੱਲ ਦੱਸਣ ਦੀ ਕੋਸ਼ਿਸ਼ ਕਰਦਾ ਏ... ਪਰ ਉਹ ਕਹਾਣੀ ਵਿਚ ਇਹ ਗੱਲ ਕਹਿਣ ਤੋਂ ਵਿਰਵਾ ਰਹਿ ਜਾਂਦਾ ਏ।

**ਮਹਿਲ ਸਿੰਘ** : ਇਸ ਕਹਾਣੀ ਵਿਚੋਂ ਇਹ ਸਪੱਸ਼ਟ ਹੁੰਦਾ ਹੈ ਕਿ ਜਦੋਂ ਤੱਕ ਬੰਦੇ ਨੂੰ ਸਮਾਜ ਵੱਲੋਂ ਪਿਆਰ ਸਤਿਕਾਰ ਮਿਲਦਾ ਰਹਿੰਦਾ ਹੈ ਤਾਂ ਬੰਦਾ ਵਧੇਰੇ ਸਮਾਜਕ ਹੋਣ ਦੀ ਕੋਸ਼ਿਸ਼ ਕਰਦਾ ਹੈ। ਪਰ ਜਦੋਂ ਸਮਾਜ ਤੁਹਾਡਾ ਮੌਜੂ ਬਨਾਉਣਾ ਸ਼ੁਰੂ ਕਰ ਦੇਂਦਾ ਹੈ ਤਾਂ ਤੁਸੀਂ ਦੂਸਰੇ ਜਾਂ ਸਮਾਜਕ ਭਲੇ ਦੀ ਥਾਂ ਆਪਣੇ ਨਿੱਜ ਤੱਕ ਸਿਮਟ ਜਾਂਦੇ ਹੋ। ਇਸ ਕਹਾਣੀ ਵਿਚੋਂ ਜਾਗੀਰਦਾਰੀ ਸਮਾਜ ਦੀ ਸਮੂਹਿਕ ਸੋਚ ਅਤੇ ਸਰਮਾਏਦਾਰੀ ਸਮਾਜ ਦੀਆਂ ਵਿਅਕਤੀਗਤ ਅਖਾਂਕਿਆਵਾਂ ਦਾ ਆਪਸੀ ਤਨਾਅ ਤੇ ਟਕਰਾਅ ਵੀ ਸਾਹਮਣੇ ਆਉਂਦਾ ਹੈ।

**ਡਾ. ਰਮਿੰਦਰ ਕੌਰ** : ਇਹ ਕਹਾਣੀ ਪ੍ਰੰਪਰਾ ਤੇ ਆਧੁਨਿਕਤਾ ਦੇ ਮਿਸ਼ਰਣ ਰਾਹੀਂ ਵਰਤਮਾਨ ਮਨੁੱਖ ਅਤੇ ਵਰਤਮਾਨ ਸਮੇਂ ਦੇ ਸੱਚ ਨੂੰ ਦਰਸਾ ਰਹੀ ਹੈ। ਕਹਾਣੀ ਵਿਚਲਾ ਪਾਤਰ ਬੁਣਾਈ ਅਤੇ ਮਾਲਿਸ਼ ਕਰਨ ਦੇ ਕਿੱਤਿਆਂ ਨਾਲ ਜੁੜਿਆ ਹੋਇਆ ਹੈ। ਉਹ ਵਿਆਹ ਸੰਬੰਧ ਤੋਂ ਵਾਂਝਾ ਹੈ। ਲੇਕਿਨ ਉਹ ਸੈਕਸੁਯਲੀ ਮਰਦਾਂ ਵੱਲ ਉਲਾਰ ਹੈ। ਜਿਸ ਨੂੰ ਆਧੁਨਿਕ ਯੁੱਗ ਨੇ ਭਖ ਸੰਬੰਧਾਂ ਦਾ ਨਾਮ ਦਿੱਤਾ ਹੈ। ਉਹ ਕਿੱਤੇ ਵਜੋਂ ਪ੍ਰੰਪਰਕ ਹੈ, ਲੇਕਿਨ ਸੁਭਾਅ ਵਜੋਂ ਆਧੁਨਿਕ ਦੌਰ ਦੀਆਂ ਸਮੀਕਰਣਾਂ ਨਾਲ ਜਾ ਜੁੜਦਾ ਹੈ। ਉਸਦਾ ਅਜਿਹਾ ਸੁਭਾਅ ਉਸ ਲਈ ਮੁਸੀਬਤਾਂ ਤੇ ਮੁਸ਼ਕਲਾਂ ਦਾ ਕਾਰਨ ਵੀ ਸਿੱਧ ਹੁੰਦਾ ਹੈ ਪਰੰਤੂ ਉਹ ਆਦਤ ਦਾ ਬੱਝਾ ਹੋਇਆ ਹੈ। ਉਸਦੀ ਇੱਜ਼ਤ ਤੇ ਸ਼ੋਹਰਤ ਵੀ ਉਸਦੀ ਇਸੇ ਆਦਤ ਕਾਰਨ ਖਿੰਡ-ਪੁੰਡ ਜਾਂਦੀ ਹੈ। ਉਹ ਪਾਤਰ ਆਪਣੇ ਪੇਸ਼ੇ ਨਾਲ ਤਾਂ ਜੁੜਿਆ ਰਹਿੰਦਾ ਹੈ, ਪਰ ਕਹਾਣੀ ਮੋੜਾ ਉੱਥੇ ਕੱਟਦੀ ਜਦ ਕਹਾਣੀਕਾਰ ਕਹਾਣੀ ਦੇ ਅੰਤ 'ਤੇ ਸੰਕੇਤਕੀ ਚਿਹਨਾਂ ਰਾਹੀਂ ਉਸਨੂੰ ਆਪਣੀ ਆਦਤ ਵਲੋਂ ਮੂੰਹ ਮੋੜਦੇ ਦਿਖਾਉਂਦਾ ਹੈ। ਕਹਾਣੀ ਦੀ ਰਮਜ਼ ਕਹਾਣੀ ਦੇ ਅੰਤ ਵਿਚ ਲੁਪਤ ਹੈ। ਕਹਾਣੀ ਦੇ ਬਿਰਤਾਂਤਕੀ ਉਸਾਰ ਨੂੰ ਦੇਖੀਏ ਤਾਂ ਕਹਾਣੀ ਵਿਚ ਸੁਧਾਰ ਦੀਆਂ ਗੁੰਜਾਇਸ਼ਾਂ ਅਜੇ ਬਾਕੀ ਹਨ। ਸਿਰਲੇਖ ਤੇ ਕਥਾ ਸੰਦਰਭ ਵਿਚ ਤਾਲਮੇਲ ਦੀ ਕਮੀ ਰੜਕਦੀ ਹੈ।

**ਮਨੀਸ਼ ਕੁਮਾਰ** : ਕਹਾਣੀ ਮੈਂ ਪੁਰਖੀ ਪ੍ਰਧਾਨ ਹੈ। ਮੈਂ ਪਾਤਰ 'ਮੈਂ' ਦਾ ਬਿਰਤਾਂਤ 'ਪਰ'

ਵਜੋਂ ਕਰਦਾ ਹੈ। ਕਹਾਣੀ ਦਾ ਮੁੱਖ ਪਾਤਰ ਅਜਿਹਾ ਵਿਅਕਤੀ ਹੈ, ਜਿਸ ਅੰਦਰ ਬੰਦਾ ਹੋਣ ਦੇ ਬਾਵਜੂਦ ਔਰਤ ਬਿਰਤੀ ਦੀਆਂ ਮਾਨਸਿਕ-ਸਰੀਰਕ ਕਿਰਿਆਵਾਂ ਕਾਰਜਸ਼ੀਲ ਰਹਿੰਦੀਆਂ ਹਨ। ਉਹ ਆਪਣੀ ਕਾਮੁਕਤਾ ਨੂੰ ਸਥਿਰ ਕਰਨ ਲਈ ਪਿੰਡ ਦੇ ਵੱਖ-ਵੱਖ ਵਿਅਕਤੀਆਂ ਨਾਲ ਸੰਪਰਕ ਵਿੱਚ ਆਉਂਦਾ/ਸੰਬੰਧ ਬਣਾਉਂਦਾ ਹੈ। ਕਹਾਣੀ ਵਿੱਚ ਉਸ ਦੀਆਂ ਅਜਿਹੀਆਂ ਹਰਕਤਾਂ ਕਾਰਨ ਉਸ ਦਾ ਪਰਿਵਾਰ ਉਸ ਨਾਲ ਨਾਤਾ ਤੋੜ ਕੇ ਬੇਦਖ਼ਲ ਕਰ ਦਿੰਦੇ ਹਨ। ਕਹਾਣੀ ਦੀ ਸ਼ੁਰੂਆਤ ਮੁੱਖ ਪਾਤਰ ਦੇ ਪਿੰਡ ਪਰਤਣ ਅਤੇ ਮੈਂ ਪਾਤਰ ਦੀ ਮੁਲਾਕਾਤ ਦੀ ਘਟਨਾ ਦੇ ਰੂਪ ਵਿੱਚ ਹੁੰਦੀ ਹੈ। ਕਹਾਣੀ ਵਿੱਚ ਮੁੱਖ ਪਾਤਰ ਆਪਣੀ ਸਮਾਜਿਕ ਹੋਂਦ ਦੀ ਮੰਗ ਕਾਰਨ ਖੱਡੀ ਦਾ ਕੰਮ ਕਰਦਾ ਹੈ। ਆਪਣੀ ਕਿਰਤ ਵਿੱਚ ਕਾਰੀਗਰ ਹੋਣ ਕਾਰਨ ਲੋਕ ਦੂਰੋਂ ਦੂਰੋਂ ਖੱਡੀ ਦਾ ਕੰਮ ਉਸ ਕੋਲੋਂ ਕਰਾਉਂਦੇ ਹਨ। ਇਸ ਤੋਂ ਬਿਨ੍ਹਾਂ ਉਹ ਆਪਣੀ ਮਾਨਸਿਕ ਸਰੀਰਕ ਪੂਰਤੀ ਲਈ 'ਮਾਲਿਸ਼' ਕਰਨ ਦਾ ਕੰਮ ਵੀ ਕਰਦਾ ਹੈ। ਕਹਾਣੀ ਵਿੱਚ ਮਾਲਿਸ਼ ਅਤੇ ਤੇਲ ਅਜਿਹੀ ਮਾਨਸਿਕਤਾ ਵਾਲੇ ਵਰਗ ਦੇ ਕਾਮੁਕ ਔਜ਼ਾਰ ਦਾ ਪ੍ਰਤੀਕ ਹੋ ਨਿਬੜਦੇ ਹਨ। ਕਹਾਣੀ ਵਿੱਚ ਲੇਖਕ ਨੇ ਮੁਹਾਵਰਾ-ਨੁਮਾਂ ਵਾਕਾਂ ਦੀ ਦਰੁਸਤ ਵਰਤੋਂ ਕਰਕੇ ਕਹਾਣੀ ਬਿਰਤਾਂਤ ਨੂੰ ਪੁਖ਼ਤਗੀ ਵੱਲ ਤੋਰਿਆ ਹੈ। ਇਸ ਤੋਂ ਬਿਨ੍ਹਾਂ ਲੇਖਕ ਨੇ ਮੁੱਖ ਪਾਤਰ ਦੇ ਅਜਿਹੇ ਮਾਨਸਿਕ-ਸਰੀਰਕ ਤੌਰ 'ਤੇ ਹੋਣ/ਬਣਾਉਣ ਦਾ ਕਾਰਨ ਅਸਿੱਧੇ ਤੌਰ ਤੇ ਸਮਾਜ ਨੂੰ ਗਰਦਾਨਿਆ ਹੈ ਕਿਉਂਕਿ ਕਹਾਣੀ ਵਿਚ ਕਈ ਬੇਨਾਮ ਪਾਤਰ ਉਸ ਦੀ ਇਸ ਮਜਬੂਰੀ ਦਾ ਦੁਰ ਉਪਯੋਗ ਕਰਦੇ ਹਨ ਤੇ ਉਸ ਨੂੰ ਇਸ ਅਪਰਾਧ-ਨੁਮਾਂ ਕਾਰਜ ਵਿਚ ਧਕੇਲਦੇ ਹੋਏ ਦ੍ਰਿਸ਼ਟੀਗੋਚਰ ਵੀ ਹੁੰਦੇ ਹਨ। ਕਹਾਣੀ ਪਾਠ ਅੰਦਰ ਉਹ ਪਹਿਲਾਂ ਦੂਸਰਿਆਂ ਕੋਲ ਮਾਲਸ਼ ਕਰਨ ਲਈ ਜਾਂਦਾ ਹੈ ਅਤੇ ਫਿਰ ਉਹ ਆਪਣੀ ਖੱਡੀ ਵਿੱਚ ਹੀ ਤੇਲ-ਮਾਲਿਸ਼ ਦਾ ਕੰਮ ਸ਼ੁਰੂ ਕਰ ਦਿੰਦਾ ਹੈ।ਇਸ ਦਾ ਕਾਰਨ ਉਸ ਅੰਦਰ ਕਾਮ ਦੀ ਚੇਤਨਾ ਦਾ ਤੀਬਰ ਹੋਣਾ ਹੈ। ਕਹਾਣੀ ਵਿਚ ਉਹ ਆਪਣੇ ਭਤੀਜੇ ਨਾਲ ਵਰਜਿਤ ਸੰਬੰਧ ਹੇਠ ਵਿਚਰਦਾ ਹੋਇਆ ਪਰਿਵਾਰ ਵਿੱਚ ਪਹਿਲੀ ਵਾਰ ਨੇੜਤਾ ਦਾ ਸੰਬੰਧ ਵੀ ਸਥਾਪਿਤ ਕਰਦਾ ਹੈ। ਉਸ ਦਾ ਭਤੀਜਾ ਵਿਆਹ ਉਪਰੰਤ ਵੀ ਉਸ ਦੇ ਘਰ ਰਹਿੰਦਾ ਹੈ ਜੋ ਉਸਦੀ ਪਰਿਵਾਰਕ ਤਿੜਕਣਬਾਜ਼ੀ ਦਾ ਕਾਰਨ ਬਣਦਾ ਹੈ। ਇਸ ਉਪਰੰਤ ਉਸ ਨੂੰ ਪਿੰਡ ਤੋਂ ਕੱਢ ਦਿੱਤਾ ਜਾਂਦਾ ਹੈ। ਕਈ ਸਾਲ ਉਹ ਬਾਹਰ ਰਹਿਣ ਉਪਰੰਤ ਪਿੰਡ ਪਰਤਦਾ ਹੈ ਤਾਂ ਮੈਂ ਪਾਤਰ ਉਸ ਨਾਲ ਹੱਥ ਮਿਲਾਉਂਦਾ ਹੈ। ਇਸ ਘਟਨਾ ਦੇ ਨਾਲ ਹੀ ਕਹਾਣੀ ਵਿਚ ਤੀਸਰਾ ਸ਼ਖ਼ਸ ਮੌਜੀ ਅੰਦਾਜ਼ ਵਿੱਚ ਪੁੱਛਦਾ ਹੈ ਕਿ 'ਕਿੱਧਰ ਨੂੰ' ਤਾਂ ਮੁੱਖ ਪਾਤਰ ਕਹਿੰਦਾ ਹੈ ਕਿ 'ਉਮਰੇ ਤੇ ਚੱਲਿਆ।' ਇਸ ਬੰਦ ਅੰਤ ਰਾਹੀਂ ਲੇਖਕ ਨੇ ਮੁੱਖ ਪਾਤਰ ਅੰਦਰਲੀ ਕਾਮ ਚੇਤਨਾ ਦਾ ਵਧਦੀ ਉਮਰ ਵਿੱਚ ਵੀ ਤੀਬਰ ਹੋਣਾ ਦਰਸਾਇਆ ਹੈ। ਅਜਿਹੇ ਕਈ ਪ੍ਰਸੰਗਾਂ ਰਾਹੀਂ ਲੇਖਕ ਕਹਾਣੀ ਦੀ ਸ਼ੁਰੂਆਤ ਮੁੱਖ ਪਾਤਰ ਦੇ ਨਕਸ਼ ਵਰਨਣ ਦੀ ਜੁਗਤ ਰਾਹੀਂ ਕਰਦਾ ਹੋਇਆ ਬਹੁਪਰਤੀ ਬਿਰਤਾਂਤ ਸਿਰਜਦਾ ਹੈ। ਕਹਾਣੀ ਵਿਚ ਮੁਹਾਵਰੇ-ਨੁਮਾਂ ਵਾਕ ਕਹਾਣੀ ਦੀ ਰੌਚਿਕਤਾ, ਸੰਖੇਪਤਾ ਅਤੇ ਰਵਾਨੀ ਨੂੰ ਸਿਖ਼ਰ ਪ੍ਰਦਾਨ ਕਰਦੇ ਹਨ।

**ਪਰਮਜੀਤ ਮੀਸ਼ਾ**: ਔਂਤਰਿਆਂ (ਬੇਔਲਾਦੇ) ਦੀ ਖੱਟੀ ਕੁੱਤਿਆਂ (ਜਿਹਨਾਂ ਦੀ ਖੱਟੀ 'ਤੇ ਕੋਈ ਹੱਕ ਨਹੀਂ) ਦੇ ਹੀ ਕੰਮ ਆਉਂਦੀ ਹੈ, ਦੇ ਸਿਰਲੇਖ ਵਾਲੀ ਇਹ ਕਹਾਣੀ ਉਸ ਇਨਸਾਨ ਬਾਰੇ ਹੈ, ਜਿਸ ਨੂੰ ਮਾਪਿਆਂ ਦੇ ਫ਼ੌਤ ਹੋ ਜਾਣ ਬਾਅਦ ਭਰਾਵਾਂ ਨੇ ਉਸ ਦੀ ਰੰਗੀਨ,

ਸ਼ੌਕੀਨ ਤਬੀਅਤ ਅਤੇ ਆਦਤਾਂ ਕਰਕੇ ਅਲੱਗ ਕਰ ਦਿੱਤਾ ਹੈ। ਸ਼ਰੀਕਾਂ ਅਤੇ ਆਪਣੇ ਲਾਣੇ ਦੇ ਜੀਆਂ ਦੀਆਂ ਅੱਖਾਂ ਵਿੱਚ ਰੜਕਣ ਵਾਲਾ ਇਹ ਇਨਸਾਨ ਆਪਣੇ ਖ਼ਾਨਦਾਨੀ ਪੇਸ਼ੇ ਨੂੰ ਦਿਲਚਸਪੀ ਤੇ ਸ਼ੌਕ ਨਾਲ ਅਪਣਾਉਣ ਨਾਲ ਅਜਿਹੀ ਇੱਜ਼ਤ ਦਾ ਭਾਈਵਾਲ ਬਣਦਾ ਹੈ ਕਿ ਲੋਕ ਦੋਹਰੇ, ਖੇਸ ਤੇ ਖੱਦਰ ਉਨਵਾਉਣ ਲਈ ਮਹੀਨਿਆਂ ਬੱਧੀ ਇੰਤਜ਼ਾਰ ਕਰਦੇ ਹਨ। ਉਸਨੂੰ ਆਲੇ ਦੁਆਲੇ 'ਚੋਂ ਮਿਲ ਰਹੇ ਪਿਆਰ ਤੇ ਇੱਜ਼ਤ ਦਾ ਕਾਰਨ ਦੂਜਿਆਂ ਦਾ ਥਕੇਵਾਂ ਲਾਹੁਣ ਅਤੇ ਨਾਫ਼ (ਧਰਨ) ਮਲਨ ਦਾ ਹੁਨਰ ਵੀ ਹੈ। ਉਹਦੀ ਸ਼ਕਲ, ਟੋਰ ਅਤੇ ਨਰਮ ਮਿਜ਼ਾਜ ਝਗੜੇ-ਝੇੜੇ ਖ਼ਤਮ ਕਰਨ ਦਾ ਕਾਰਨ ਵੀ ਬਣਦੇ ਹਨ। ਉਹਦੇ ਸ਼ਰੀਰ ਉਹਨੂੰ ਉਹਦੇ ਤੋਂ ਛੋਟੇ ਭਤਰੀਏ ਨਾਲ ਹੋਈ ਮੁਹੱਬਤ ਕਾਰਨ ਸਮਾਜਕ ਤੌਰ ਤੇ ਭੰਡਣ ਤੇ ਧਾਰਮਿਕ (ਜੁੰਮੇ ਦੇ ਖ਼ੁਤਬੇ) ਸਜ਼ਾ ਦਾ ਭਾਈਵਾਲ ਬਣਾਉਣ 'ਚ ਭਾਵੇਂ ਕਾਮਯਾਬ ਹੋ ਜਾਂਦੇ ਹਨ ਪਰ ਉਹ ਵੀ ਘਰੋਂ ਨਿਕਲਣ ਲੱਗਿਆਂ ਆਪਣਾ ਹੁਨਰ (ਤੇਲ ਦੀ ਸ਼ੀਸ਼ੀ) ਨਾਲ ਲੈ ਕੇ ਸਫ਼ਰ ਸ਼ੁਰੂ ਕਰਦਾ ਹੈ ਤੇ 20-25 ਸਾਲ ਬਾਅਦ ਪਰਤਿਆ ਧਰਮ (ਉਮਰੇ ਤੇ ਜਾਣ, ਭਾਵ ਹੱਜ ਤੋਂ ਇਲਾਵਾ ਸ਼ੌਕੀਆ ਮੱਕੇ ਦੀ ਜ਼ਿਆਰਤ ਕਰਨ) ਦੇ ਤੜਕੇ ਨਾਲ ਉਸੇ ਮੁਆਸ਼ਰੇ ਦਾ ਮੁਅੱਜ਼ਜ਼ ਨਾਗਰਿਕ ਬਣ ਜਾਂਦਾ ਹੈ, ਜਿਸ ਵਿੱਚੋਂ ਉਸਨੂੰ ਕਿਸੇ ਵੇਲੇ ਛੇਕਿਆ ਗਿਆ ਸੀ।

**ਜਸ ਮੰਡ**: ਇਸ ਕਹਾਣੀ ਦਾ ਮੁੱਖ ਪਾਤਰ ਪਿੰਡ ਵਿਚ ਵਸਦਾ ਇਕ ਸਮਲਿੰਗਕ ਆਦਮੀ ਹੈ। ਉਹ ਔਰਤਾਂ ਵਾਂਗ ਅੱਖਾਂ 'ਚ ਸੁਰਮਾ ਪਾਉਂਦਾ ਅਤੇ ਬੁੱਲ੍ਹਾਂ ਤੇ ਸੱਕ ਮਲਦਾ ਹੈ। ਉਸਨੂੰ ਮਰਦਾਂ ਦੀ ਘੁਟਾਈ ਨਪਾਈ ਤੇ ਢਿੱਡ ਮਲਣ ਦਾ ਸ਼ੌਕ ਵੀ ਹੈ।

ਕਹਾਣੀ ਦੀ ਪੜ੍ਹਤ ਤੋਂ ਮੇਰਾ ਪ੍ਰਭਾਵ ਇਹ ਬਣਦਾ ਹੈ ਕਿ ਕਹਾਣੀਕਾਰ ਔਤਰੇ ਦੀ ਖੱਟੀ ਨੂੰ ਅਜਾਂਈ ਜਾਣ ਵਾਲੀ ਪੇਸ਼ ਕਰਦਾ ਹੈ, ਅਤੇ ਸਮਲਿੰਗਕ ਬਿਰਤੀ ਦਾ ਮਜ਼ਾਕ ਉਡਾਂਦਾ ਹੈ। ਇਨ੍ਹਾਂ ਦੋਵਾਂ ਪੱਧਰਾਂ ਉੱਤੇ ਕਹਾਣੀ ਪੁਲੀਟੀਕਲੀ ਇਨਕੌਰੈਕਟ ਕਹਾਣੀ ਹੈ। ਕੋਈ ਇਨਸਾਨ ਕੁਦਰਤੀ ਤੌਰ ਉੱਤੇ ਵੀ ਔਂਤਰਾ ਹੋ ਸਕਦਾ ਹੈ, ਅਤੇ ਆਪਣੀ ਚੋਣ ਕਰਕੇ ਵੀ। ਬੇਵਸੀ ਹੋਵੇ ਜਾਂ ਖ਼ੁਦ ਦੀ ਚੋਣ, ਇਹ ਮਜ਼ਾਕ ਉਡਾਣ ਵਾਲੀ ਗੱਲ ਬਿਲਕੁਲ ਨਹੀਂ। ਸਮਲਿੰਗਕਤਾ ਬਾਰੇ ਵੀ ਕਹਾਣੀਕਾਰ ਅਜੇ ਰੂੜ੍ਹੀਬੱਧ ਰਵੱਈਏ ਨਾਲ ਖੜੋਤਾ ਜਾਪਦਾ ਹੈ। ਕੁੜਮਾਂ ਵਿਚ ਬਦਨਾਮੀ ਕਰਵਾਣ ਵਾਲਾ, ਜਿਹਦਾ ਉਮਰੇ ਉੱਤੇ ਜਾਣਾ ਸ਼ਾਇਦ ਉਸਨੂੰ ਅਟਪਟਾ ਜਿਹਾ ਜਾਪਦਾ ਹੈ। ਵੈਸੇ, ਇਸ ਕਹਾਣੀ ਵਿਚਲੇ ਔਤਰੇ ਦੀ ਉਹ ਕਿਹੜੀ ਖੱਟੀ ਹੈ, ਜਿਹੜੀ ਕੁੱਤੇ ਗਏ ਗੁਆ, ਇਹ ਕਹਾਣੀ ਦੀ ਪੜ੍ਹਤ ਵਿਚੋਂ ਤਾਂ ਨਿਕਲ ਕੇ ਆਉਂਦਾ ਨਹੀਂ ਜਾਪਦਾ!

ਕਹਾਣੀ ਵਿਚ ਵਰਤੇ ਗਏ ਬਹੁਤ ਸਾਰੇ ਅਖਾਣ ਇਸਦੀ ਸ਼ੈਲੀ ਨੂੰ ਸੰਵਾਰਦੇ ਹਨ। ਦੋਹਰਾਂ, ਘੁੱਸੇ, ਭਤਰੀਆ, ਫਨਾਹਫਿਲ, ਨਾਫ ਲਾੜਨਾ, ਆਦਿ ਸ਼ਬਦ ਮੇਰੇ ਲਈ ਨਵੇਂ ਹਨ।

**ਧਨਵੰਤ ਕੌਰ** : ਇਹ ਕਹਾਣੀ ਬੰਦ ਸਮਾਜ ਦੇ ਬੰਦੇ ਨੂੰ ਹਾੜਨ ਤੋਲਣ ਦੇ ਰਵੀਰਿਆਂ ਵਤੀਰਿਆਂ ਦੀ ਕਹਾਣੀ ਹੈ। ਸਮਾਜ ਦੁਆਰਾ ਨਿਰਧਾਰਿਤ ਪ੍ਰਭਾਵਿਤ ਜਿਊਣ ਦੀ ਇਕ ਵਿਧੀ ਹੈ; ਜਿਨ੍ਹਾਂ ਜਿਨ੍ਹਾਂ ਕੋਈ ਮਨੁੱਖ ਉਸ ਦੇ ਅਨੁਰੂਪ ਹੋ ਕੇ, ਅਨੁਸਾਰੀ ਹੋ ਕੇ ਜਿਉਂਦਾ ਓਨਾ ਓਨਾ ਪ੍ਰਵਾਨ ਹੁੰਦਾ ਜਾਂਦਾ ਤੇ ਜਿਨ੍ਹਾਂ ਪਾਸੇ ਹੁੰਦਾ ਜਾਂ ਪਾਸੇ ਰਹਿ ਜਾਂਦਾ ਹੈ ਓਦਾ ਹੀ ਹੇਠ ਆ ਜਾਂਦਾ ਹੈ। ਕਹਾਣੀ ਦਾ ਨਾਇਕ ਪਿਤਾ ਪੁਰਖੀ ਕੰਮ ਧੰਦੇ ਵਿਚ ਪ੍ਰਬੀਨ ਹੋ ਕੇ ਨਾਮਣਾ ਖੱਟਦਾ ਹੈ। ਉਸਦਾ ਕੂਲਾ ਵਿਹਾਰ, ਦੂਜੇ ਦੇ ਕੰਮ ਆਉਣ ਦੀ ਰੁਚੀ, ਲਾਲਚੀ ਨਾ ਹੋਣ ਦੀ ਬਿਰਤੀ ਉਹ

ਗੁਣ ਹਨ, ਜਿਨ੍ਹਾਂ ਕਰਕੇ ਉਹ ਜਾਣਿਆ ਜਾਂਦਾ। ਲੋਕ ਉਸਨੂੰ ਹੱਥਾਂ ਤੇ ਚੁੱਕਦੇ ਹਨ। ਦੂਜੀ ਸਥਿਤੀ ਹੈ ਉਸਦੇ ਅਣਵਿਆਹੇ ਹੋਣ ਦੀ, ਸ਼ੌਕੀਨ ਹੋਣ ਦੀ। ਇਸ ਸਥਿਤੀ ਬਾਰੇ ਹੁੰਗਾਰਾ ਅੱਡੋ ਅੱਡ ਹੈ। ਕੁਝ ਲੋਕ ਅਜਿਹੇ ਵੀ ਹਨ ਜਿਹੜੇ ਉਸਦੀਆਂ ਸ਼ੌਕੀਨੀਆਂ ਤੇ ਰਸਕ ਕਰਦੇ ਹਨ। ਕੁਝ ਅਜਿਹੇ ਹਨ ਜੋ ਉਸ ਨੂੰ ਔਂਤਰਾ ਨਖਤਰਾ ਜਾਣ ਹਮਦਰਦੀ ਰੱਖਦੇ ਹਨ। ਕੁਝ ਉਸ ਤੋਂ ਫਾਇਦਾ ਵੀ ਉਠਾਉਂਦੇ ਹਨ ਅਤੇ ਕੁਝ ਉਸਨੂੰ ਲੀਹੋਂ ਲੱਥੇ ਹੋਣ ਕਰਕੇ ਸ਼ੱਕ ਦੇ ਘੇਰੇ ਵਿਚ ਰੱਖਦੇ ਹਨ। ਇਸ ਸਥਿਤੀ ਨੇ ਉਸਦੇ ਸਮੁੱਚੇ ਚਰਿਤਰ ਨੂੰ ਹੀ ਸੰਦੇਹੀ ਬਣਾ ਦਿੱਤਾ ਹੈ। ਭਤੀਜੇ ਦੇ ਸੁਹਰਿਆਂ ਵੱਲ ਖੜੇ ਕੀਤੇ ਸੁਆਲ ਸਮਾਜ ਦੀ ਕਚਹਿਰੀ ਵਿਚ ਖ਼ੁਦ ਬਖ਼ੁਦ ਜਾਇਜ਼ ਸਮਝ ਲਏ ਗਏ ਹਨ ਅਤੇ ਅਲੱਗ ਥਲੱਗ ਪਏ ਕਥਾਨਾਇਕ ਨੂੰ ਆਪਣਾ ਘਰ, ਆਪਣਾ ਪਿੰਡ ਛੱਡਣਾ ਪੈ ਗਿਆ ਹੈ। ਤੀਜੀ ਸਥਿਤੀ ਹੈ ਉਸਦੀ ਵਰ੍ਹਿਆਂ ਪਿਛੋਂ ਪਿੰਡ ਮੁੜਨ ਦੀ ਅਤੇ ਇਸ ਐਲਾਨ ਦੀ ਕਿ ਉਹ 'ਉਮਰੇ ਤੇ ਚੱਲਿਆ।' ਇਹ ਸਥਿਤੀ ਫੇਰ ਉਸਨੂੰ ਮੇਨ ਸਟਰੀਮ ਵਿਚ ਲੈ ਆਈ ਹੈ ਕਿਉਂਕਿ ਧਾਰਮਿਕ ਰਵੀਰ ਇਸਨੂੰ ਮਾਨਤਾ ਦਿੰਦਾ ਹੈ ਅਤੇ ਸਮਾਜਕ ਰੱਟ ਵਿਚ ਪਏ ਬੰਦੇ ਲਈ ਇਹ ਅਵਸਰ ਮਿਲਣਾ ਹੀ ਮੁਬਾਰਕ ਹੈ। ਕਹਾਣੀ ਦੇ ਨਾਇਕ ਦੀ ਆਪਣੇ ਬਾਰੇ, ਆਪਣੀ ਸਥਿਤੀ ਬਾਰੇ ਕੀ ਸੋਚ ਹੈ, ਇਹ ਕਹਾਣੀ ਵਿਚ ਕਿਤੇ ਦਰਜ਼ ਨਹੀਂ ਨਾਇਕ ਬਾਰੇ ਸਮਾਜ ਦੇ ਰਵੱਈਏ, ਸਮਾਜ ਦੀਆਂ ਪ੍ਰਵਾਨਗੀਆਂ-ਅਪ੍ਰਵਾਨਗੀਆਂ ਨੇ ਹੀ ਕਥਾਨਕ ਸਿਰਜਿਆ ਹੈ। ਬੰਦੇ ਦੇ ਆਤਮ ਨੂੰ ਖ਼ਾਰਿਜ ਕਰਕੇ, ਉਸਨੂੰ ਸਮਾਜਕ ਕੋਡਾਂ ਵਿਚ ਹੀ ਬੰਨ੍ਹਣ ਪਰਖਣ ਦੀ ਚਾਲੂ ਅਤੇ ਭਾਰੂ ਪ੍ਰਵਿਰਤੀ ਦਾ ਇਹ ਇਕੋ ਇਕ, ਬਿਨਾਂ ਸੁਰ ਉੱਚੀ ਕੀਤਿਆਂ ਸਿਰਜਿਆ, ਕਥਾ ਬਿੰਬ ਹੈ।

**ਰਜਨੀਸ਼**: ਸਾਬਰ ਅਲੀ ਸਾਬਰ ਦੀ ਇਹ ਕਹਾਣੀ ਜੜ ਸਮਾਜਿਕ ਮੁੱਲਾਂ ਵਾਲੇ ਸਮਾਜ ਵਿਚ ਸਮਲਿੰਗੀ ਵਿਅਕਤੀ ਪ੍ਰਤੀ ਪਹੁੰਚ ਵਿਚੋਂ ਉਪਜੇ ਸੰਕਟ ਦੁਆਲੇ ਬੁਣੀ ਗਈ ਹੈ। ਸਮਾਜ ਵਿਅਕਤੀ ਦੇ ਬਿੰਬ ਨੂੰ ਸਮਾਜ ਘੜਦਾ ਹੈ। ਉਸ ਦੇ ਵਿਅਕਤੀਤਵ ਉਤੇ ਉਸ ਦੀ ਆਪਣੀ ਮਰਜ਼ੀ ਨਹੀਂ ਚਲਦੀ ਹੈ। ਸਮੁੱਚੀ ਕਹਾਣੀ ਦੀ ਬਣਤਰ ਦੇ ਕੇਂਦਰ ਵਿਚ ਵਿਅਕਤੀ ਹਨ, ਰਿਸ਼ਤੇ ਜਾਂ ਫਿਰ ਕਿੱਤਾ; ਵਿਅਕਤੀ ਨਹੀਂ। ਸਮਲਿੰਗੀ ਹੈ, ਲੋਕ ਹਨ ਅਤੇ ਭਤੀਜਾ ਅਤੇ ਉਸ ਦੀ ਪਤਨੀ ਹੈ। ਸਮਲਿੰਗੀ ਵਿਅਕਤੀ ਦਾ ਇਕ ਬਿੰਬ ਹੈ। ਉਹ ਖੇਸ, ਚਾਦਰਾਂ ਬੁਣਦਾ ਹੈ। ਕਾਰੀਗਰ ਹੈ, ਸਮਲਿੰਗੀ ਹੈ। ਉਸ ਦਾ ਸਮਾਜ ਵਿਚ ਇਕ ਬਿੰਬ ਹੈ। ਇਹ ਬਿੰਬ ਉਸ ਤੋਂ ਪਿੰਡ ਛੁਡਾ ਦਿੰਦਾ ਹੈ। ਇਕ ਵਕਫ਼ੇ ਬਾਅਦ ਜਦੋਂ ਵਾਪਸ ਆਉਂਦਾ ਹੈ ਉਸ ਦਾ ਬਿੰਬ ਨਾਲ ਹੀ ਆ ਜਾਂਦਾ ਹੈ। ਉਸ ਨਾਲ ਹੱਥ ਮਿਲਾਉਣ ਵਾਲੇ ਵਿਅਕਤੀ ਨੂੰ ਮੁਬਾਰਕ ਦੇ ਪਿੱਛੇ ਵੀ ਸਮਾਜ ਦੀ ਉਹੀ ਘਾੜਤ ਕੰਮ ਕਰਦੀ ਹੈ। ਇਸੇ ਬਿੰਬ ਤੋਂ ਤੰਗ ਆ ਕੇ ਉਹ ਉਮਰੇ ਵਲੇ ਤੁਰ ਪੈਂਦਾ ਹੈ। ਕਹਾਣੀ ਸੰਜਮੀ ਸ਼ੈਲੀ ਵਿਚ ਹੈ। ਘਟਨਾਵਾਂ ਬਿਆਨ ਮਾਤਰ ਹਨ। ਇਹੀ ਬਿਆਨ ਕਹਾਣੀ ਦੀ ਗਤੀ ਦਾ ਅਧਾਰ ਹੈ। ਇਹ ਪਾਕਿਸਤਾਨੀ ਕਹਾਣੀ ਦੇ ਇਸ ਦੌਰ ਦੀ ਖਾਸੀਅਤ ਬਣ ਰਹੀ ਹੈ। ਇਸ ਵਿਚੋਂ ਪਾਤਰ ਅਤੇ ਘਟਨਾਵਾਂ ਦੇ ਵੇਰਵੇ ਗੁੰਮ ਹਨ। ਕਹਾਣੀ ਨੂੰ ਸਾਡੀ ਕਹਾਣੀ ਵਾਂਗ ਬਹੁਤੀ ਵਾਰੀ ਲੰਮੀ ਕਰਨ ਦੀ ਖ਼ਬਤ ਵੀ ਨਹੀਂ ਹੈ ਜਾਂ ਫਿਰ ਕਹਾਣੀਕਾਰਾਂ ਦੀ ਸਮਰੱਥਾ ਉਤੇ ਵੀ ਹੈ।

***

# ਗੋਗੋ

*-ਅਲੀ ਉਸਮਾਨ ਬਾਜਵਾ*

"ਓ ਕਿਸੇ ਖ਼ਬੀਸ ਦੀਏ ਨਸਲੇ !ਉਸ ਮਾਂ ਨੂੰ ਫੜ ਜਿਹੜੀ ਚੁੰਘਣ ਨੂੰ ਭੱਜੀ ਫਿਰਦੀ ਏ।"

ਫੀਕੇ ਨੇ ਆਪਣੀ ਜ਼ਨਾਨੀ ਨੂੰ ਹਰ ਵਾਰ ਦੀ ਤਰ੍ਹਾਂ ਗਾਲ੍ਹ ਕੱਢ ਕੇ ਆਖਿਆ । ਫੀਕੇ ਦੀ ਜ਼ਨਾਨੀ ਸ਼ਹਿਰ ਦੀ ਜਮ ਪਲ ਸੀ। ਏਸ ਜਾਹਲ ਨਾਲ਼ ਖੌਰੇ ਕਿਵੇਂ ਨੱਥੀ ਹੋ ਗਈ ਸੀ। ਘਰ ਨੂੰ ਬਚਾਉਣ ਲਈ ਪੱਬਾਂ ਭਾਰ ਗਾਲ੍ਹਾਂ ਖਾਂਦੀ ਰਹਿੰਦੀ ਪਰ ਉਹਦੀ ਕੋਈ ਵੀ ਕਾਰ ਸਿਰੇ ਨਾ ਚੜ੍ਹਦੀ। ਵਿਆਹ ਤੋਂ ਕੁੱਝ ਅਰਸੇ ਬਾਅਦ ਉਨ੍ਹਾਂ ਘਰ ਇੱਕ ਮੁੰਡਾ ਹੋਇਆ। ਦੋਹਾਂ ਜੀਆਂ ਦੀ ਰੁਟੀਨ ਫੇਰ ਵੀ ਨਾ ਬਦਲੀ। ਮੁੰਡਾ ਹੋਣ ਦੇ ਬਾਅਦ ਵੀ ਉਹੋ ਜਿਹਾ ਵਰਤਾਅ। ਫੀਕੇ ਨੂੰ ਦੁਨੀਆ ਦੀ ਹਰ ਸ਼ੈ ਨਾਲੋਂ ਬਹੁਤੀ ਆਪਣੀਆਂ ਮੱਝਾਂ ਗਾਵਾਂ ਨਾਲ਼ ਪ੍ਰੀਤ ਸੀ। ਗੋਹੇ ਨਾਲ਼ ਭਰੀ ਹਵੇਲੀ ਤੇ ਥਾਂ ਥਾਂ ਤੇ ਬਝੇ ਡੰਗਰ। ਇਨ ਡੰਗਰਾਂ ਵਿਚ ਸ਼ਹਿਰ ਦੀ ਕੁੜੀ ਲਗੀ ਫਿਰਦੀ ਤਾਂ ਜੇ ਉਹਦਾ ਮਜਾਜ਼ੀ ਖ਼ੁਦਾ ਤੇ ਪੇਕੇ ਸਹੁਰੇ ਰਾਜ਼ੀ ਰਹਿਣ।

ਫੀਕਾ ਸਵੇਲੇ ਉਠਦਾ। ਨਾਲ਼ ਜ਼ਨਾਨੀ ਵੀ ਹੁੰਦੀ ! ਧਾਰਾਂ ਚੋਂਦਿਆਂ ਜਾਵਾਂ ਨੂੰ ਧਰੋਂਦੀ। ਜਾਵਾਂ ਦੇਮੂੰਹ ਵਿਚੋਂ ਝੱਗ ਨਿਕਲਦੀ ਤੇ ਉਹਦੇ ਕੱਪੜੇ ਲਿੱਬੜ ਜਾਂਦੇ। ਉਹਦਾ ਸਾਹ ਫੁੱਲਿਆ ਰਹਿੰਦਾ। ਇੱਕ ਤੋਂ ਬਾਅਦ ਦੂਜਾ ਜਾਅ। ਉਹਦੀਆਂ ਬਾਹਵਾਂ ਨਿਕਲਦੀਆਂ ਜਾਂਦੀਆਂ। ਪਰ ਕਿਲੋ ਕਿਲੋ ਦੀਆਂ ਗਾਲ੍ਹਾਂ ਉਹਦੇ ਸਿਰ ਤੇ ਵੱਜਦੀਆਂ ਰਹਿੰਦੀਆਂ। ਇੰਜ ਈ ਡੰਗ ਟਪਾਂਵਦੀ ਰਹੀ। ਪਰ ਫੀਕਾ, ਫੀਕਾ ਈ ਰਿਹਾ। ਉਹਨੂੰ ਵੀ ਕੋਈ ਖ਼ਰੀਦੀ ਹੋਈ ਗਾਂ ਈ ਸਮਝਦਾ ਸੀ। ਪੱਠੇ ਵੱਢਣਾ, ਭਰੀ ਚੁੱਕਣਾ, ਨਿਆਣਾ ਬੰਨਣਾ, ਕਿੱਲੇ ਵੱਲ ਦੇਣਾ, ਡੰਗਰ ਨੁਹਾਣਾ, ਪੱਠੇ ਕੁਤਰਨਾ, ਗੁਤਾਵਾ ਕਰਨਾ ਤੇ ਕਹੀ ਦਾ ਟੱਪ ਲਾਉਣਾ, ਹਰ ਸ਼ੈ ਏਥੇ ਈ ਸਿੱਖੀ ਲਥੜੀ ਵਿਚਾਰੀ ਨੇ। ਦੋ ਤਿੰਨ ਵਰ੍ਹਿਆਂ ਤੋਂ ਬਾਅਦ ਏਸ ਘਰ ਗੋਗੋ ਹੋ ਪਈ । ਉਹਦਾ ਭਰਾ ਹੁਣ ਰਿੜ੍ਹਦਾ ਨਹੀਂ ਸੀ ਤੇ ਹਵੇਲੀ ਵਿਚ ਵੀ ਫੇਰੇ ਪਾਉਣ ਲੱਗ ਪਿਆ ਸੀ। ਸਕੂਲ ਦਾ ਮੂੰਹ ਨਹੀਂ ਸੂ ਵੇਖਿਆ ਕਦੀ। ਡੰਗਰ ਬਣਿਆ ਹੋਇਆ ਸੀ, ਡੰਗਰਾਂ ਵਿਚ ਰਹਿ ਰਿਹਾ ਸੀ ਤੇ ਡੰਗਰ ਈ ਹੋ ਰਿਹਾ ਸੀ।

ਗੋਗੋ ਆਪਣੇ ਵੀਰ ਨਾਲੋਂ ਸਕੀ ਤਾਂ ਨਹੀਂ ਸੀ। ਜਦ ਤੀਕ ਗੋਗੋ ਰਿੜ੍ਹਨਾ ਸਿਖਿਆ, ਉਹਦੇ ਭਰਾ ਨੇ ਮੱਝ ਦਾ ਰੱਸਾ ਹੱਥ ਵਿਚ ਫੜ ਲਿਆ ਸੀ । ਜ਼ਰਾ ਕੁ ਉਤਾਂਹ ਹੋਈ ਤੇ ਮਾਂ ਹਿੰਮਤ ਹਾਰ ਬੈਠੀ। ਉੱਕੀ ਮੁੱਕੀ ਪੇਕੇ ਜਾ ਬੈਠੀ। ਹੁਣ ਮਾਂ ਕੋਲ਼ ਕੋਈ ਨਾ, ਤੇ ਪਿਓ ਪਿਓ ਕੋਈ ਨਾ। ਫੁਫੀਆਂ,ਚਾਚੇ ਵੀ ਵਿਆਹੇ ਵਰੇ ਸਨ। ਮਾਂ ਦੇ ਨਾ ਕੀਤੇ ਹੋਏ ਗੁਨਾਹਵਾਂ ਦੀ ਸਜ਼ਾ ਵੀ ਕਿਸੇ ਹੋਰ ਨੂੰ ਭੁਗਤਣੀ ਪੈ ਗਈ।

ਗੋਗੋ ਨੇ ਨਾ ਉਸਤਾਨੀ ਜੀ ਦੇ ਨਿਆਣੇ ਕੁੱਛੜੇ ਲਾ ਕੇ ਖਿਡਾਏ ਸਨ ਤੇ ਨਾ ਈ ਕਦੀ ਬਾਜੀ ਹੋਰਾਂ ਦੇ ਘਰ ਪੱਟੀ ਸੀਨੇ ਲਾ ਕੇ ਗਈ ਸੀ। ਪਿਓ ਉਹਦੇ ਨੇ ਉਹਨੂੰ ਕਿਲੇ ਵੱਲ ਸਿਖਾਂਦਿਆਂ , ਡੰਗਰ ਸਾਂਭਣ ਦਾ ਹਰ ਇਕ ਵੱਲ ਸਿਖਾ ਦਿੱਤਾ ਸੀ । ਉਹ ਮਾਰਨ ਵਾਲਿਆਂ ਡੰਗਰ ਨੂੰ ਵੀ ਲੂਣ ਦੀ ਮੁਠ ਦੇ ਲੈਂਦੀ ਸੀ।

ਕਿੰਨਾ ਈ ਚਿਰ ਉਹਦਾ ਜੁੱਸਾ ਇਕੋ ਜਿਹਾ ਰਿਹਾ। ਖਿੱਲਰੇ ਤੇ ਜੁੜੇ ਵਾਲ਼ ਜਿਨ੍ਹਾਂ ਵਿਚੋਂ ਕੰਘੀ ਛੱਡਿਆਂ ਉਂਗਲਾਂ ਵੀ ਨਾ ਲੰਘਣ, ਉਹਦੇ ਅਗਲੇ ਦੰਦ ਥੋੜੇ ਉੱਚੇ ਸਨ। ਭਾਵੇਂ ਹੱਸਦੀ, ਰੋਂਦੀ ਯਾ ਚੁੱਪ ਰਹਿੰਦੀ ਉਹ ਕਦੇ ਨਾ ਅੰਦਰ ਹੋਏ, ਹੇਠਲੇ ਬੁਲ੍ਹ ਉਤੇ ਬੈਠੇ ਰਹਿੰਦੇ। ਦਰਬਾਰ ਦੀਆਂ ਬੇਰੀਆਂ ਤੇ ਲੱਗਣ ਵਾਲੇ ਸੇਓ ਬੇਰਾਂ ਵਰਗਾ ਮੂੰਹ ਸੀ ਉਹਦਾ। ਨਾ ਗੋਲ ਨਾ ਲੰਮਾ। ਭੁੱਸਾ ਪਿਆ ਰੰਗ। ਨਾ ਪੈਰੀਂ ਜੁੱਤੀ, ਨਾ ਸਿਰ ਤੇ ਲੀੜਾ। ਅੱਡੀਆਂ ਦੇ ਫੱਟਾਂ ਵਿੱਚ ਗੋਹਿਆ ਫਸਿਆ ਰਹਿੰਦਾ । ਦਾਤਰੀ ਨੇ ਉਹਦੀ ਹਰ ਇਕ ਉਂਗਲ਼ ਦਾ ਸੁਆਦ ਚੱਖਿਆ ਸੀ।

ਦਿਹਾੜੇ ਲੰਘਦੇ ਗਏ। ਕੀ ਕੀ ਨਾ ਹੋਇਆ ਇਨ੍ਹਾਂ ਦਿਹਾੜਿਆਂ ਵਿਚ। ਗੋਗੋ ਦਾ ਭਰਾ ਵੱਡਾ ਸੀ ਤੇ ਹੁਣ ਘਰੋਂ ਨੱਸਣਾ ਸਿੱਖ ਗਿਆ ਸੀ। ਕਿੰਨਾ ਕਿੰਨਾ ਚਿਰ ਘਰੋਂ ਬਾਹਰ ਰਹਿੰਦਾ। ਹੁਣ ਗੋਗੋ ਸੀ ਤੇ ਉਹਦਾ ਪਿਓ ਸੀ। ਫੀਕਾ ਰੱਜ ਕੇ ਨਿੱਕੀ ਕੁੜੀ ਕੋਲੋਂ ਕੰਮ ਲੈਂਦਾ ਤੇ ਫਿਰ ਵੀ ਰਾਜ਼ੀ ਨਾ ਹੁੰਦਾ । ਉਹ ਨਿੱਕੀ ਸੀ ਤੇ ਉਹਦਾ ਵਰਤਾ ਵੀ ਬਾਲਾਂ ਵਰਗਾ ਸੀ। ਕਿੰਨਾ ਕੁ ਕੰਮ ਕਰਦੀ ? ਰੋਜ਼ ਈ ਪਿਓ ਕੋਲੋਂ ਲੁਕਦੀ ਫਿਰਦੀ। ਉਹ ਰਾਤਾਂ ਨੂੰ ਹੱਥ ਵਿਚ ਡਾਂਗ ਲੈ ਕੇ ਤੇ ਗਲੀਆਂ ਵਿਚ ਰੌਲ਼ਾ ਪਾਂਦਾ ਰਹਿੰਦਾ । "ਏ ਗੋਗੋ। ਏ ਗੋਗੋ।।। ਕਿੱਥੇ ਮਰ ਗਈ ਐਂ।।। ? ਨਾਲੋ ਨਾਲ਼ ਭੁੰਜੇ ਡਾਂਗ ਮਾਰਦਾ।

ਗੋਗੋ ਜਿੱਥੇ ਹੁੰਦੀ, ਓਥੇ ਈ ਸਾਹ ਡੱਕ ਕੇ ਬੈਠੀ ਰਹਿੰਦੀ। ਕਦੀ ਕਿਸੇ ਦੇ ਤੂੜੀ ਵਾਲੇ ਢਾਰੇ ਵਿਚ ਤੇ ਕਦੀ ਕਿਸੇ ਦੇ ਕੋਠੇ ਤੇ। ਇੱਕ ਵਾਰੀ ਗੋਗੋ ਜੱਟਾਂ ਦੀ ਖੁਰਲੀ ਵਿਚ ਸੁੱਤੀ ਲੱਭੀ। ਉਹਦੇ ਅੱਬੇ ਵਰਗੇ ਅੱਬੇ ਨੂੰ ਬੁਲਾਇਆ ਗਿਆ। ਉਹ ਡਾਂਗ ਲੈ ਸਿਰ ਤੇ ਆਣ ਖਲੋਤਾ। ਹੁਣ ਵਿਹੜਾ ਮਹੱਲਾ ਕੱਠਾ ਹੋਇਆ ਸੀ ਤੇ ਮਾਰਿਆ ਨਹੀਂ ਸੂ। "ਏ ਗੋਗੋ !!।।। ਉੱਚੀ ਜਿਹੀ ਆਖਿਆ ਸੂ। ਗੋਗੋ ਨੇ ਨੂਟੀਆਂ ਅੱਖਾਂ ਉਘੇੜੀਆਂ ਤੇ ਆਪਣੇ ਆਲੇ ਦੁਆਲੇ ਲੋਕ ਈ ਲੋਕ ਵੇਖੇ। ਜਿਨ੍ਹਾਂ ਵਿਚ ਉਹ ਵੀ ਸੀ ਜਿਹਦੇ ਕੋਲੋਂ ਸਾਰੀ ਰਾਤ ਨੱਸ ਨੱਸ ਕੇ ਖੁਰਲੀ ਵਿਚ ਆਣ ਸੁੱਤੀ ਸੀ। ਜ਼ਰਾ ਕੁ ਹੋਸ਼ ਕਾਬੂ ਆਏ ਤੇ ਇੱਕ ਦਮ ਉੱਠੀ। ਖੁਰਲੀ ਵਿੱਚੋਂ ਛਾਲ ਮਾਰੀ ਤੇ ਨੱਸ ਗਈ। ਪਿਓ ਉਹਦਾ ਫਿਰ ਉਹੋ ਜਿਹੀਆਂ ਅਵਾਜਾਂ ਮਾਰਦਾ ਰਹਿ ਗਿਆ।

ਕਦੇ ਬਹੁਤੇ ਦਿਨਾਂ ਬਾਅਦ ਫੜੀ ਜਾਂਦੀ ਤੇ ਉਹਨੂੰ ਹਵੇਲੀ ਵਿਚ ਪਈ ਲੋਹੇ ਦੀ ਹੱਲ ਨਾਲ਼ ਬੰਨ੍ਹ ਛੱਡਦਾ ਤੇ ਡੰਗਰ ਵਾਲੇ ਰੱਸੇ ਨਾਲ਼ ਦੱਬ ਸੌੜ ਚਾੜ੍ਹਦਾ। ਚੀਕਾਂ ਦੀਆਂ ਵਾਜਾਂ ਹਰ ਕਿਸੇ ਦੀ ਕੰਨੀਂ ਪੈਂਦੀਆਂ। ਪਰ ਕਿਸੇ ਦੀ ਹਿੰਮਤ ਨਾ ਪੈਂਦੀ ਕਿ ਫੀਕੇ ਨਾਲ਼ ਮੱਥਾ ਲਾਵੇ। ਬੀਬੀਆਂ ਆਪਣੇ ਵਿਹੜਿਆਂ ਵਿਚ ਬੈਠੀਆਂ ਈ ਹੌਕੇ ਭਰਦੀਆਂ।" ਹਾਏ ਨੀ, ਵਿਚਾਰੀ ਨੂੰ ਮਾਰ ਈ ਛੱਡਣ ਲੱਗਾ ਏ।।। ਨੀ ਅੱਗ ਲਾਉ ਨੀ ਇਹੋ ਜਹੇ ਪਿਓ ਨੂੰ।।। ਭਲਾ ਕੋਈ ਆਪਣੀ ਔਲਾਦ ਨੂੰ ਵੀ ਇੰਝ ਕੁੱਟਦਾ ਏ। ਹਾਏ ਹਾਏ।। ਨੀ ਭੈਣਾ ਏਡਾ ਜ਼ੁਲਮ।।। ਹਾਏ ਓ ਮੇਰਿਆ ਡਾਢਿਆ ਰੱਬਾ, ਏਸ ਭਾਈ ਨੂੰ ਹਿਦਾਇਤ ਦੇ।।।"

ਫੇਰ ਅਖ਼ੀਰ ਜਦੋਂ ਗੋਗੋ ਦੀਆਂ ਅੱਖਾਂ ਪੁੱਠੀਆਂ ਪੈਣ ਲੱਗ ਪੈਂਦੀਆਂ ਤੇ ਲਾਸਾਂ ਵਾਸਤੇ ਉਹਦੇ ਜੁੱਸੇ ਉੱਤੇ ਕੋਈ ਥਾਂ ਨਾ ਬਚਦਾ ਤੇ ਉਹਦੇ ਚਾਚੇ ਡਰਦੇ ਡਰਦੇ ਆਂਦੇ ਤੇ ਉਹਦਾ ਰੱਸਾ ਖੋਲਦੇ। ਫੀਕੇ ਦੀ ਅੱਜ ਤਾਈਂ ਕਿਸੇ ਨਾਲ਼ ਨਹੀਂ ਸੀ ਬਣੀ। ਭਰਾ ਵੀ ਡਰਦੇ ਸਨ ਕਿ ਕੀ ਸਿਰ ਪੀੜ ਲਈਏ।

ਪਰ ਫੇਰ ਲੋਕਾਂ ਦੇ ਮੂੰਹ ਨੂੰ ਆ ਜਾਂਦੇ। ਗਾਲ੍ਹੋਂ-ਗਾਲ੍ਹੀ ਹੋ ਕੇ ਗੋਗੋ ਨੂੰ ਛੁਡਾਂਦੇ ਤੇ ਰਾਤ ਪੈਂਦਿਆਂ ਈ ਗੋਗੋ ਫੇਰ ਕਿਸੇ ਦੀ ਕੁੜ ਵਿਚ ਹੁੰਦੀ। ਬੁਖ਼ਾਰ ਨਾਲ਼ ਤਪਦੀ, ਭੁਖਮਭਾਣੀ, ਜੁੱਸਾ ਟੋਂਹਦੀ।।। ਪਿੱਸੂਆਂ ਨਾਲ਼ ਰਾਤ ਲੰਘਾ ਛੱਡਦੀ। ਫੀਕਾ ਜਿੰਨਾ ਕੁੱਟਦਾ ਗਿਆ ਉਹ ਓਨੀ ਡਾਢੀ ਹੁੰਦੀ ਗਈ। ਹੁਣ ਲੁਕਣ ਦੇ ਸਾਰੇ ਦਾਅ ਪੇਚ ਵੀ ਸਮਝ ਗਈ ਸੀ। ਸ਼ਿਕਰ ਦੁਪਿਹਰਾਂ ਤੇ ਕੱਕਰ ਪਾਉਂਦੀਆਂ ਸੀਤ ਦੀਆਂ ਰਾਤਾਂ।।। ਹਰ ਮੌਸਮ ਵਿਚੋਂ ਲੰਘਦੀ ਰਹੀ।

ਉਹਦੇ ਹਾਣੀ ਮੁੰਡਿਆਂ ਵਿੱਚੋਂ ਵੀ ਕਿਸੇ ਵਿਚ ਹਿੰਮਤ ਨਹੀਂ ਸੀ ਕਿ ਉਹਦੇ ਨਾਲ਼ ਲੜਨ ਦੀ ਸੋਚੇ। ਕਦੀ ਭਰਾ ਸਾਲ ਬਾਅਦ ਆ ਜਾਂਦਾ ਤੇ ਉਹਦੀ ਥੋੜੀ ਧੂਫ਼ ਨਿਕਲਦੀ। ਪਰ ਭਰਾ ਵੀ ਮਹੀਨਾ ਖੰਡ ਈ ਟਿਕਦਾ ਤੇ ਫਿਰ ਫੀਕੇ ਤੋਂ ਦੂਰ ਹੋ ਜਾਂਦਾ।

ਰਾਤਾਂ ਨੂੰ ਪਿੰਡ ਦੀਆਂ ਗਲੀਆਂ ਵਿਚ ਭੌਂਦਿਆਂ ਭੌਂਦਿਆਂ ਗੋਗੋ ਨੂੰ ਪਤਾ ਈ ਨਾ ਲੱਗਾ ਕਿ ਕਦੋਂ ਉਹਦਾ ਕੱਦ ਵੱਧ ਗਿਆ ਤੇ ਕਦੋਂ ਸੀਨੇ ਵਿਚ ਗੋਲੀਆਂ ਬਣ ਗਈਆਂ। ਮਾਂ ਤੇ ਹੁੰਦਿਆਂ ਵੀ ਮੋਈ ਸੀ। ਧੀ ਨੂੰ ਕੌਣ ਦੱਸਦਾ ਕਿ ਕਿਹੜੇ ਦਿਨਾਂ ਵਿਚ ਕੀ ਕਰੀਦਾ ਏ। ਗੋਗੋ ਸਾਰੀਆਂ ਪੌੜੀਆਂ ਆਪ ਈ ਚੜ੍ਹਦੀ ਗਈ। ਇਨ੍ਹਾਂ ਗਲੀਆਂ ਵਿਚ ਈ ਉਹ ਕਬੂਤਰਬਾਜ਼ ਵੀ ਫਿਰਦੇ ਸਨ ਜਿਹੜੇ ਸਾਰੀ ਦਿਹਾੜੀ ਕਬੂਤਰਾਂ ਪਿੱਛੇ ਭੱਜਦੇ ਤੇ ਜੇ ਕਦੀ ਸ਼ਰਤ ਜਿੱਤ ਜਾਂਦੇ ਤੇ ਚਾਟੀ ਪਾਉਂਦੇ। ਦੇਸੀ ਪੀਂਦੇ ਤੇ ਗਲੀਆਂ ਵਿਚ ਕੁੱਤੇ ਖੱਸੀ ਕਰਦੇ ਫਿਰਦੇ। ਗੋਗੋ ਉਨ੍ਹਾਂ ਕੋਲੋਂ ਚੁੱਪ ਚੁਪੀਤੀ ਲੰਘ ਜਾਂਦੀ।

ਪਰ ਹੌਲੀ ਹੌਲੀ ਜਦ ਗੋਗੋ ਦੇ ਕੱਪਿੜਆਂ ਦੀ ਤਾਦਾਦ ਕੁੱਝ ਵੱਧ ਗਈ ਤੇ ਕਬੂਤਰ ਬਾਜਾਂ ਦੇ ਮੂੰਹ ਵਿਚੋਂ ਆਉਣ ਵਾਲੀ ਹਵਾੜ ਨਾਲ਼ ਉਹਦਾ ਵਾਸਤਾ ਪਿਆ। ਪਹਿਲੀ ਵਾਰੀ ਬੱਛੀ ਨੇ ਉਹਨੂੰ ਉਸ ਅੱਖ ਨਾਲ਼ ਵੇਖਿਆ ਸੀ। ਬੱਛੀ ਪਿੰਡ ਦਾ ਵਿਹਲਾ ਤੇ ਉਜੱਡ ਮੁੰਡਾ ਸੀ। ਮਾਪੇ ਵੀ ਤੰਗ ਤੇ ਪਿੰਡ ਵਾਲੇ ਵੀ। ਉਹਦੇ ਕੋਲੋਂ ਤੇ ਜਨੌਰ ਵੀ ਤ੍ਰਹਿੰਦੇ ਸਨ। ਇਹ ਗਲ ਗਰਮੀ ਦੀ ਕਿਸੇ ਚੁੱਪ ਕੀਤੀ ਰਾਤ ਦੀ ਨਹੀਂ ਬਲਕਿ ਸ਼ਿਖਰ ਦੁਪਿਹਰ ਦਾ ਵੇਲਾ ਸੀ। ਪੜ੍ਹਨ ਵਾਲੇ ਬਾਲ ਘਰਾਂ ਨੂੰ ਅੱਪੜ ਪਏ ਸਨ। ਕੰਮਾਂ ਤੋਂ ਲੋਕ ਵੀ ਘਰ ਆ ਵੜੇ ਸਨ ਤੇ ਫੈਕਟਰੀ ਵਾਲੇ ਮਜ਼ਦੂਰ ਵੀ ਆਪਣੀ ਆਪਣੀ ਫੈਕਟਰੀ ਵਿਚ ਪੋਣੇ ਖੋਲ ਕੇ ਬੈਠ ਗਏ ਸਨ। ਕੱਚੀ ਲੱਸੀ ਪੀਤੀ ਜਾ ਰਹੀ ਸੀ। ਖੱਖੜੀਆਂ ਹਦਵਾਣੇ ਠੰਢੇ ਹੋਣ ਧਰੇ ਸਨ। ਗੋਗੋ ਪਿਓ ਕੋਲੋਂ ਲੁਕ ਕੇ ਤੇ ਬਖਤਾਵਰ ਦੇ ਢੱਠੇ ਖੂਹ ਤੇ ਕੰਡਿਆਂ ਵਾਲਿਆਂ ਕਿੱਕਰਾਂ ਹੇਠ ਬੈਠੀ ਸੀ। ਕੋਲ਼ ਈ ਡੰਗਰ ਵੀ ਬੱਝੇ ਸਨ। ਗੋਗੋ ਇੱਕ ਕੱਟੀ ਕੋਲ਼ ਬੈਠ ਕੇ ਉਹਦੇ ਕੰਨਾਂ ਨਾਲ਼ ਖੇਡ ਰਹੀ ਸੀ। ਕਦੇ ਉਹਦੇ ਸਿਙਾ ਉਤੇ ਹੱਥ ਫੇਰਦੀ ਕਦੀ ਉਹਦਿਆਂ ਥਣਾਂ ਨੂੰ ਹੱਥ ਲਾਂਦੀ। ਕੱਟੀ ਪੂਛਲ ਹਿਲਾ ਕੇ ਰਹਿ ਜਾਂਦੀ।

ਬੱਛੀ ਥੌਰੇ ਕਿਧਰੋਂ ਇਸ ਪਾਸੇ ਆ ਨਿਕਲਿਆ। ਹੱਥ ਵਿਚ ਪਰ ਕੁਤਰਿਆ ਕਬੂਤਰ ਫੜਿਆ ਸਾਸੂ। ਉਹਦੇ ਪਰਾਂ ਨੂੰ ਹਰਾ ਰੰਗ ਲਾਇਆ ਸੂ ਤੇ ਉਹਦੇ ਸਿਰ ਤੇ ਹੌਲੀ ਹੌਲੀ ਹੱਥ ਫੇਰੀ ਜਾਂਦਾ ਸੀ। ਗੋਗੋ ਆਪਣੇ ਧਿਆਨੇ ਕੱਟੀ ਨਾਲ਼ ਖੇਡ ਰਹੀ ਸੀ ਕਿ ਬੱਛੀ ਉਹਦੇ ਪਿੱਛੇ ਆਣ ਖਲੋਤਾ। ਉਹਨੂੰ ਵੇਹੰਦਾ ਰਿਹਾ। ਫਿਰ ਉਸ ਆਲ ਦੁਆਲੇ ਝਾਤ ਪਾਈ। ਲੋਕੀ ਆਪਣੇ ਆਪਣੇ ਘਰਾਂ ਵਿਚ ਲੁਕੇ ਸਨ। ਸਾਰਾ ਪਿੰਡ ਖ਼ਾਲੀ ਜਾਪਦਾ ਸੀ।

"ਗੋਗੋ।।।!"

ਬੱਛੀ ਨੇ ਉਹਦੇ ਮੋਢੇ ਤੇ ਹੱਥ ਰੱਖਦਿਆਂ ਆਖਿਆ। ਗੋਗੋ ਤ੍ਰਭਕ ਗਈ। ਮੁੜਕੇ ਵੇਖਿਆ ਤੇ ਬੱਛੀ ਆਪਣੇ ਮੈਲੇ ਦੰਦ ਕੱਢੀ ਖਲੋਤਾ ਸੀ।

"ਹਾ। ਵੇ ਭਾ ਬੱਛੀ।। ਤ੍ਰਾਹ ਈ ਕੱਢ ਛੱਡਿਆ ਈ।। ਕੀ ਆ ?" ਗੋਗੋ ਨੇ ਗ਼ੁੱਸੇ ਨਾਲ਼ ਆਖਿਆ।

"ਇਥੇ ਬੈਠ ਰਹੀ ਐਂ ? ਤੇਰਾ ਅੱਬਾ ਤੈਨੂੰ ਲੱਭ ਰਿਹਾ ਏ।"

ਬੱਛੀ ਨੇ ਇੰਜ ਆਖਿਆ ਜਿਵੇਂ ਉਹਦਾ ਓਲ੍ਹਾ ਪਛਾਣ ਗਿਆ ਹੋਵੇ। ਹਾਲਾਂਕਿ ਗੋਗੋ ਦਾ ਪਿਓ ਡੰਗਰ ਲੈ ਕੇ ਤੇ ਜੰਗਲੇ ਗਿਆ ਸੀ ਤੇ ਏਸ ਵੇਲੇ ਸਿਰ ਤੇ ਪਰਨਾ ਬੰਨ੍ਹ ਕੇ ਤੇ ਡਾਂਗ ਹੱਥ ਵਿਚ ਫੜੀ ਕਿਧਰੇ ਬੈਠਾ ਹੁੱਕਾ ਫੂਕਦਾ ਹੋਣਾ ਏ।

ਗੋਗੋ ਥੋੜੀ ਜਿੰਨੀ ਕੱਚੀ ਪੈ ਗਈ।

"ਕਿੱਥੇ ਈ ਅੱਬਾ ਮੇਰਾ 'ਭਾ ਬੱਛੀ ?" ਗੋਗੋ ਨੇ ਮਿੱਠਾ ਜਿਹਾ ਬਣ ਕੇ ਪੁੱਛਿਆ ।

"ਮਸੀਤ ਅੱਗੋਂ ਲੰਘ ਰਿਹਾ ਸੀ। ਮੈਨੂੰ ਪੁੱਛਿਆ ਸੂ।"

ਗੋਗੋ ਨੂੰ ਪਤਾ ਵੀ ਸੀ ਕਿ ਉਹਦਾ ਪਿਓ ਜੰਗਲੇ ਗਿਆ ਏ ਫਿਰ ਵੀ ਡਰ ਜਿਹੀ ਗਈ। ਕਿਧਰੇ ਆ ਈ ਨਾ ਗਿਆ ਹੋਏ।

"ਉਹਨੂੰ ਦੱਸੀਂ ਨਾ ਸੂ।" ਗੋਗੋ ਤਰਲਾ ਕੀਤਾ।

"ਛੱਡ ਦੇ ਕੱਟੀ ਦੀ ਜਾਨ। ਇਧਰ ਆ ਮੇਰੇ ਕੋਲ਼। ਇਹ ਵੇਖ ਕਬੂਤਰ।" ਗੋਗੋ ਨੇ ਕਬੂਤਰ ਉਹਦੇ ਹੱਥੋਂ ਲੈ ਲਿਆ ਤੇ ਦੋਵੇਂ ਕਿੱਕਰ ਹੇਠ ਬੈਠ ਗਏ। ਗੋਗੋ ਕਬੂਤਰ ਨਾਲ਼ ਖੇਡਣ ਲੱਗ ਪਈ ਤੇ ਬੱਛੀ ਨੇ ਉਹਦੀ ਧੌਣ ਦੁਆਲੇ ਬਾਂਹ ਪਾ ਕੇ ਤੇ ਗਲਮੇ ਵਿਚ ਝਾਤ ਪਾਈ।

ਗੋਗੋ ਥੋੜੀ ਜਿਹੀ ਘਬਰਾਈ ਤੇ ਪਰ੍ਹਾਂ ਹਟ ਗਈ।

ਬੱਛੀ ਨੇ ਉਹਨੂੰ ਆਪਣੇ ਵਲ ਧਰੂਹ ਲਿਆ, ਕਿਉਂ ਤ੍ਰਹਿਨੀ ਐਂ ? ਕੁਝ ਨਹੀਂ ਹੁੰਦਾ ਗੋਗੋ। ਤੂੰ ਖੇਡੀ ਜਾ।" ਬੱਛੀ ਨੇ ਆਖਿਆ।

ਗੋਗੋ ਚੁੱਪ ਜਿਹੀ ਹੋ ਗਈ ਪਰ ਉਹਦਾ ਦਿਲ ਖੌਰੇ ਕਿਉਂ ਫੜਕੀ ਜਾਂਦਾ ਸੀ, ਕਲੇਜੇ ਵਿਚ ਰੜਕ ਜਿਹੀ ਪੈਂਦੀ ਸੂ।

ਥੋੜੀ ਕੁ ਦੇਰ ਬਾਅਦ ਬੱਛੀ ਨੇ ਉਹਦੇ ਪੱਟ ਤੇ ਹੱਥ ਰੱਖ ਛੱਡਿਆ। ਗੋਗੋ ਦੇ ਜੁੱਸੇ ਵਿਚ ਕੀੜੀਆਂ ਜਿਹੀਆਂ ਭਜਣ ਲੱਗ ਪਈਆਂ, ਮੱਥੇ ਤੇ ਤ੍ਰੇਲੀ ਆ ਗਈ ਤੇ ਸਾਹ ਹਨੇਰੀ ਵਾਂਗ ਚੱਲਣ ਲੱਗ ਪਏ। ਉਹਨੂੰ ਨਹੀਂ ਸੀ ਪਤਾ ਇਹ ਕਿੰਜ ਹੋਇਆ, ਅੱਜ ਤੋਂ ਪਹਿਲਾਂ ਕਦੀ ਇੰਝ ਹੋਇਆ ਜੁ ਨਹੀਂ ਸੀ। ਗੋਗੋ ਦੇ ਏਨਾ ਨੇੜੇ ਕਦੀ ਕੋਈ ਨਹੀਂ ਸੀ ਆਇਆ। ਉਹਦੀ ਮਾਂ ਆਈ ਹੋਵੇਗੀ, ਪਰ ਉਸ ਵੇਲੇ ਗੋਗੋ ਨੇ ਹੋਸ਼ ਨਹੀਂ ਸੀ ਸਾਂਭਿਆ। ਬੱਛੀ ਦਾ ਹੱਥ ਵਧਦਾ ਵਧਦਾ ਵਾਹਵਾ ਵੱਧ ਗਿਆ। ਗੋਗੋ ਹੁਣ ਆਪਣੇ ਵੱਸ ਵਿਚ ਨਹੀਂ ਸੀ। ਕੁੱਝ ਪਲਾਂ ਬਾਅਦ ਜਦ ਕਬੂਤਰ ਗੋਗੋ ਦੇ ਹੱਥ ਵਿਚ ਨਹੀਂ ਸੀ ਤੇ ਕੱਟੀ ਦੇ ਸਿਙ ਉਤੇ ਜਾ ਬੈਠਾ ਸੀ, ਗੋਗੋ ਨੇ ਪੀੜ ਦੇ ਨਾਲ਼ ਚੀਕ ਮਾਰਨ ਦੀ ਕੋਸ਼ਿਸ਼ ਕੀਤੀ ਪਰ ਬੱਛੀ ਨੇ ਉਹਦੇ ਮੂੰਹ ਤੇ ਹੱਥ ਰੱਖ ਦਿੱਤਾ। ਲਹੂ ਦੀ ਇਕ ਲਕੀਰ ਫੁੱਟੀ।

ਕੱਟੀ ਕੰਨ ਹਿਲਾ ਹਿਲਾ ਕੇ ਪਿੰਡ ਵੱਲ ਵੇਖਣ ਲੱਗ ਪਈ ਤੇ ਕਿੱਕਰ ਉੱਤੇ ਬੈਠੀਆਂ ਚਿੜੀਆਂ ਖੌਰੇ ਕਾਹਨੂੰ ਉਡ ਗਈਆਂ।

ਬੱਛੀ ਕਬੂਤਰ ਲੈ ਕੇ ਇੰਜ ਉਠ ਖਲੋਤਾ ਜਿਵੇਂ ਕੋਈ ਵਾਢੀ ਪੂਰੀ ਕਰ ਕੇ ਉਠਦਾ ਏ।

"ਕਿਸੇ ਨੂੰ ਦੱਸੀਂ ਨਾ।।" ਬੱਛੀ ਨੇ ਹੌਲੀ ਜਿਹੀ ਆਖਿਆ ਤੇ ਪਿੰਡ ਵੱਲ ਟੁਰ ਗਿਆ। ਗੋਗੋ ਓਥੇ ਈ ਪੀੜ ਨਾਲ਼ ਦੁਖਦੀ ਰਹੀ। ਦੁਖਣਾ ਤੇ ਉਹਦੀ ਹਯਾਤੀ ਦਾ ਹਿੱਸਾ ਸੀ। ਗੋਗੋ ਨੇ ਤਾਂ ਕਿਸੇ ਨੂੰ ਨਾ ਦੱਸਿਆ ਪਰ ਬੱਛੀ ਨੇ ਸਾਰੇ ਕਬੂਤਰਬਾਜਾਂ ਦੇ ਕੰਨੀਂ ਇਹ ਗੱਲ ਪਾ ਛੱਡੀ।

ਬੱਛੀ ਪਰ ਕੁਤਰਨ ਦਾ ਖਿਡਾਰੀ ਸੀ। ਗੋਗੋ ਦੇ ਵੀ ਕੁਤਰ ਛੱਡੇ, ਸੋ ਨਹੀਂ ਸੀ ਉਡ ਸਕਦੀ। ਜਿਹੜਾ ਜਿੰਨਾ ਉਡਾਂਦਾ,ਉਡਦੀ ਤੇ ਫਿਰ ਖੁੱਡੇ ਵਿਚ।

ਮਾਸਟਰ ਅਮਾਨਉੱਲਾਹ ਵਾਹਵਾ ਨਮਾਜ਼ੀ ਪਰਹੇਜ਼ੀ ਸੀ। ਦਾੜ੍ਹੀ ਰੱਖੀ ਸੂ। ਮਸਿਜਦ ਦਾ ਇਮਾਮ ਤਾਂ ਨਹੀਂ ਸੀ, ਪਰ ਇਮਾਮ ਦੀ ਤਨਖ਼ਾਹ ਘਰ ਘਰ ਜਾ ਕੇ ਕੱਠੀ ਕਰਦਾ ਸੀ। ਬੱਛੀ ਇੱਕ ਦਿਨ ਮਾਸਟਰ ਸਾਹਿਬ ਦੀ ਹਨੇਰੀ ਗਲੀ ਵਿਚੋਂ ਲੰਘਿਆ ਤੇ ਵੇਖਿਆ ਸੂ ਕਿ ਮਾਸਟਰ ਅਮਾਨਉੱਲਾਹ ਗੋਗੋ ਦੇ ਉੱਕਾ ਲਾਗੇ ਖਲੋਤਾ ਏ। ਬੱਛੀ ਉਨ੍ਹਾਂ ਦੇ ਸਿਰ ਤੇ ਆਣ ਖਲੋਤਾ। ਜਦ ਮਾਸਟਰ ਜੀ ਦੀ ਨਜ਼ਰ ਉਹਦੇ ਤੇ ਪਈ ਤੇ ਇੱਕ ਪੈਰ ਥੋੜਾ ਜਿੰਨਾ ਪਿਛਾਂਹ ਪੁੱਟ ਕੇ ਆਖਣ ਲੱਗੇ

"ਕਿੱਧਰ ਨੂੰ ਗਈ ਆ ਮੱਝ ਤੇਰੀ ਗੋਗੋ ?"

"ਸਰ ਜੀ , ਪਤਾ ਨਹੀਂ, ' ਰੱਸਾ ਤੁੜਵਾ ਲਿਆ ਸੂ।" ਗੋਗੋ ਵੀ ਪੱਕੀ ਪੀਡੀ ਹੋ ਗਈ ਸੀ। ਇਹੋ ਜਹੀਆਂ ਗੱਲਾਂ ਬੱਛੀ ਤੋਂ ਸਿਵਾ ਕੌਣ ਜਾਣ ਸਕਦਾ ਸੀ ?

ਖ਼ੈਰ, ਹੌਲੀ ਹੌਲੀ ਗੋਗੋ ਨੇ ਅਜਿਹੇ ਪਰ ਕੱਢੇ ਕਿ ਕੋਈ ਨਾ ਕੁਤਰ ਸਕਿਆ। ਆਪ ਮੁਹਾਰੇ ਉਡਣ ਵਾਲੀ ਕਬੂਤਰੀ ਨੂੰ ਬੱਛੀ ਵੀ ਨਾ ਫੜ ਸਕਿਆ ।

ਗੋਗੋ ਦਾ ਅੱਬਾ ਹੁਣ ਉਹਨੂੰ ਵਗਾਹਤਾਂ ਨਹੀਂ ਸੀ ਮਾਰਦਾ। ਗੋਗੋ ਵੱਡੀ ਹੋ ਗਈ ਸੀ। ਪਰ ਹੁਣ ਗੋਗੋ ਦਾ ਜੀ ਕਰਦਾ ਸੀ ਕਿ ਅੱਬੇ ਨੂੰ ਹੱਲ ਨਾਲ਼ ਬੰਨ ਕੇ ਤੇ ਤੂੜੀ ਵਾਲੀ ਤਰੰਗਲ਼ੀ ਨਾਲ਼ ਵਾਹਵਾ ਕੁੱਟੇ। ਹੁਣ ਪੈਰੀਂ ਜੁੱਤੀ ਪਾਉਂਦੀ ਸੀ ਤੇ ਬੰਦੇ ਵੇਖ ਕੇ ਸੀਨੇ ਉੱਤੇ ਲੀੜਾ ਸਿੱਧਾ ਕਰਦੀ ਸੀ। ਪਿੰਡ ਵਿਚ ਰਹਿ ਕੇ ਲੱਸੀ ਨੂੰ ਤਰਸਣ ਵਾਲੀ ਗੋਗੋ ਹੁਣ ਕੰਨਾਂ ਵਿਚ ਟੂਟੀਆਂ ਲਾ ਕੇ ਖੌਰੇ ਕਿਹਦੇ ਕਿਹਦੇ ਨਾਲ਼ ਮੋਬਾਈਲ ਅਤੇ ਗੱਲਾਂ ਕਰਦੀ ਗਲੀਆਂ ਵਿਚੋਂ ਲੰਘਦੀ ਜਾਂਦੀ।

ਕੱਲ ਤੱਕ ਜਿਹੜੀਆਂ ਬੀਬੀਆਂ ਆਪਣੇ ਵਿਹੜਿਆਂ ਵਿਚ ਬੈਠਕੇ "ਹਾਏ ਹਾਏ, ਵਿਚਾਰੀ ਮਰ ਈ ਚਲੀ ਜੇ "ਆਂਹਦੀਆਂ ਸਨ, ਹੁਣ " ਸ਼ਾਲਾ। ਮਰ ਈ ਜਾਏ ਇਹੋ ਜਿਹੀ ਹਰਾਮਦੀ 'ਆਖਣ ਲੱਗ ਪਈਆਂ।

ਸਾਰੇ ਹਰਾਮੀ, ਤੇ ਸ਼ਰੀਫ਼ ਦਿਸਣ ਵਾਲੇ ਹਰਾਮੀ ਵੀ ਏਸ ਕਬੂਤਰੀ ਅੱਗੇ ਦਾਣਾ ਪਾਉਂਦੇ ਸਨ। ਪਹਿਲਾਂ ਪਹਿਲਾਂ ਤੇ ਇਹ ਚੁਗਦੀ ਰਹੀ ਪਰ ਹੁਣ ਉਹਨੂੰ ਆਪਣੀ ਕੀਮਤ ਦਿਸਣ ਲੱਗ ਪਈ ਸੀ। ਕਾਬਲੀ ਕਿੱਕਰ ਦੇ ਕੰਡੇ ਵਰਗੀ ਗੋਗੋ ਉਤੇ ਹੁਣ ਮਾਸ ਚੜ ਗਿਆ ਸੀ।

ਗੋਗੋ ਦੀਆਂ ਸਾਰੀਆਂ ਫੁਫੀਆਂ ਵਿਆਹੀਆਂ ਸਨ, ਪਰ ਇਕ ਕੁਆਰੀ ਸੀ। ਉਹ ਅੱਧੀ ਸ਼ੁਦੈਣ ਸੀ। ਥਾਂ ਥਾਂ ਤੋਂ ਵਾਲ਼ ਕੱਟ ਛੱਡਦੀ ਸੀ, ਮੁੱਠਾਂ ਭਰ ਭਰ ਖੋਂਹਦੀ ਤੇ ਸਿਗਰੇਟ

ਫੂਕੀ ਜਾਂਦੀ ਸੀ। ਗਲੀਆਂ ਵਿਚੋਂ ਲੰਘਦੀ ਤੇ ਜਿੰਨੇ ਪੈਰ ਪੁੱਟਦੀ ਉਨੇ ਸੂਟੇ ਖਿੱਚਦੀ। ਪਿੰਡ ਦੇ ਮੁੰਡੇ ਉਹਨੂੰ ਇੰਜਣ ਆਂਹਦੇ ਕਿਉਂ ਜੋ ਉਹਦਾ ਧੂੰਆਂ ਉਂਜ ਈ ਉਹਦੇ ਪਿੱਛੇ ਪਿੱਛੇ ਉਡਦਾ ਸੀ। ਕੰਮ ਡੰਗਰਾਂ ਦੇ ਉਹ ਵੀ ਕਰ ਲੈਂਦੀ ਸੀ।

ਪਹਿਲਾਂ ਗੋਗੋ ਗਵਾਂਢੀਆਂ ਦੇ ਆਂਡੇ ਚੁੱਕਣਾ ਸਿੱਖੀ, ਫੇਰ ਬੱਕਰੀਆਂ ਦਾ ਦੁੱਧ ਚੋਣਾ, ਫੇਰ ਢਕਲੇ ਪਾਥੀਆਂ ਵੇਚਣਾ, ਫੇਰ ਹੌਲੀ ਹੌਲੀ ਲੋਕਾਂ ਦੇ ਸੰਦੂਕ ਤੇ ਪੇਟੀਆਂ ਫੋਲਣ ਲੱਗ ਪਈ। ਹੁਣ ਲੁਕ ਕੇ ਢਾਰੇ ਵਿਚ ਵੜਨ ਦੀ ਬਜਾਏ ਫੁਫੀਆਂ ਵੱਲ ਜਾਂਦੀ ਸੀ। ਵਾਹਵਾ ਦਿਹਾੜੇ ਰਹਿ ਕੇ ਨਵੇਂ ਸੂਟ ਲਿਆਉਂਦੀ। ਬੱਸ ਦੇ ਕੰਡਕਟਰ ਤੋਂ ਲੈ ਕੇ ਰੇੜ੍ਹੀ ਵਾਲੇ ਤੱਕ ਸਭ ਨੂੰ ਪਰਚਾ ਲੈਂਦੀ। ਮਾਂ ਦੀ ਰੋਕ ਟੋਕ ਤਾਂ ਹੈ ਨਹੀਂ ਸੀ। ਪਿਓ ਨੂੰ ਸਿਰਫ਼ ਡੰਗਰਾਂ ਦਾ ਕੰਮ ਚਾਹੀਦਾ ਸੀ। ਗੋਗੋ ਨੂੰ ਬੱਸ ਆਪਣੇ ਸਿਵਾ ਹੁਣ ਕੋਈ ਨਹੀਂ ਸੀ ਦਿਸਦਾ। ਜਿੱਥੇ ਪੈਸਾ ਧੇਲਾ ਮਿਲਦਾ ਓਥੇ ਸਭ ਕੁੱਝ ਕਰਨ ਨੂੰ ਰਾਜ਼ੀ ਹੋ ਜਾਂਦੀ ਤੇ ਜਿੱਥੇ ਮੁਫ਼ਤਖ਼ੋਰਾ ਲੱਭਦਾ ਉਹਨੂੰ ਛਿੱਲ ਕੇ ਰੱਖ ਛੱਡਦੀ। ਮੋਟਰ ਤੇ ਜਾ ਕੇ ਠੰਢੇ ਪਾਣੀ ਵਿਚ ਬੈਠੀ ਰਹਿੰਦੀ। ਪਿਓ ਨੂੰ ਖਿਆਲਾਂ ਵਿਚ ਸੌਂੜ ਚਾੜ੍ਹਦੀ। ਲੋਕਾਂ ਦੇ ਡੰਗਰਾਂ ਨੂੰ ਕਿੱਲੇ ਤੋਂ ਖੋਲ੍ਹ ਕੇ ਉਨ੍ਹਾਂ ਦੇ ਗਲ ਰੱਸਾ ਵੱਲ ਛੱਡਦੀ। ਖੋਤੇ ਖੋਤੀਆਂ ਨੂੰ ਫੜਕੇ ਉਨ੍ਹਾਂ ਦੀਆਂ ਲੱਤਾਂ ਜਕੜ ਛੱਡਦੀ। ਬੱਝੇ ਡੰਗਰਾਂ ਨੂੰ ਡਾਂਗਾਂ ਮਾਰਦੀ। ਰਾਤਾਂ ਨੂੰ ਗਲੀਆਂ ਵਿਚੋਂ ਲੰਘਿਦਆਂ ਬਲਬ ਭੰਨਦੀ ਤੇ ਬੂਹੇ ਖੜਕਾ ਕੇ ਲੁਕ ਜਾਂਦੀ। ਉਹਦਾ ਜੀ ਕਰਦਾ ਕਿ ਹਰ ਕਿਸੇ ਨੂੰ ਪੀੜ ਹੋਵੇ। ਕਿਸੇ ਦਾ ਚੰਗਾ ਨਹੀਂ ਸੀ ਸੋਚਦੀ।

ਗੋਗੋ ਇਕ ਦਿਨ ਮੰਜੀ ਉੱਤੇ ਪਈ ਉੱਠੀ ਤੇ ਭੱਜ ਕੇ ਖੁਰੇ ਵਿਚ ਵੜ ਗਈ। ਸ਼ੁਦੈਣ ਫੁਫੀ ਸ਼ਾਜ਼ੀ ਨੇ ਉਹਨੂੰ ਉਲਟੀ ਕਰਿਦਆਂ ਵੇਖ ਲਿਆ ਤੇ ਨਾਲ਼ ਈ ਰੌਲ਼ਾ ਪਾ ਛੱਡਿਆ। ਗੋਗੋ ਦੀ ਦਾਦੀ ਨੂੰ ਪਤਾ ਲੱਗਿਆ ਤੇ ਵਿਚਾਰੀ ਥਾਂ ਤੇ ਮਰ ਕੇ ਮਿੱਟੀ ਹੋ ਗਈ। ਉਹਦਾ ਦਾਦਾ ਸ਼ਫ਼ੀ ਮੰਜੀ ਉੱਤੇ ਪਿਆ ਰਹਿੰਦਾ ਸੀ। ਪਹਿਲਾਂ ਉਹ ਕੁਲਫ਼ੀਆਂ ਵੇਚਦਾ ਸੀ ਪਰ ਬਾਅਦ ਵਿਚ ਉਹਦੇ ਕੋਲ਼ ਵਾਹਵਾ ਜ਼ਮੀਨ ਹੋ ਗਈ, ਪਰ ਹਾਲੇ ਵੀ ਪਿੰਡ ਵਾਲੇ ਉਹਨੂੰ ਸ਼ਫ਼ੀ ਕੁਲਫ਼ੀ ਆਂਹਦੇ ਸਨ ਤੇ ਉਹਦੀ ਮੋਟਰ ਨੂੰ ਸ਼ਫ਼ੀ ਕੁਲਫ਼ੀ ਦੀ ਮੋਟਰ।

ਦਾਦੀ ਨੇ ਸ਼ਾਜ਼ੀ ਦਾ ਮੂੰਹ ਬੰਦ ਕਰਾਇਆ ਤੇ ਪਿੰਡ ਦੀ ਦਾਈ ਨੂੰ ਲੱਭ ਲਿਆਂਦਾ। ਪਰ ਦਾਈ ਆਖਣ ਲੱਗੀ ਕੰਮ ਵੱਸੋਂ ਬਾਹਰ ਏ। ਬੋਰੀ ਦਾਣਿਆਂ ਦੀ ਦੇ ਕੇ ਦਾਈ ਦਾ ਵੀ ਮੂੰਹ ਬੰਦ ਕਰਵਾਇਆ ਗਿਆ ਪਰ ਅਗਲੇ ਕੁੱਝ ਦਿਹਾੜਿਆਂ ਵਿਚ ਹਰ ਬੀਬੀ ਫੇਰ ਆਪਣੇ ਵਿਹੜੇ ਬੈਠੀ "ਇਹ ਕੁੱਝ ਤਾਂ ਹੋਣਾ ਈ ਸੀ। ਕੰਜਰੀ ਨਾ ਹੋਵੇ ਤੇ।।" ਆਖ ਰਹੀ ਸੀ ਕਿ ਫੀਕਾ ਕੁਹਾੜੀ ਲੈ ਕੇ ਦੋ ਟੋਟੇ ਕਰ ਛੱਡਣ ਲੱਗਾ ਸੀ ਗੋਗੋ ਦੇ। ਬਚ ਬਚਾ ਕਰਾ ਕੇ ਦਿਨਾਂ ਵਿਚ ਗੋਗੋ ਦਾ ਰਿਸ਼ਤਾ ਲੱਭ ਲਿਆ ਗਿਆ। ਸ਼ਹਿਰ ਵਿਚ ਲਾਰੀ ਅੱਡੇ ਕੋਲ਼ ਮਹੱਲਾ ਹੰਟਰ ਪੁਰੇ ਦਾ ਰਹਿਣ ਵਾਲਾ ਮੁੰਡਾ ਮਕੈਨਿਕ ਸੀ ਤੇ ਮੋਟਰਸਾਈਕਲਾਂ ਠੀਕ ਕਰਦਾ ਸੀ।

ਇਹ ਪਿੰਡ ਵਾਲਿਆਂ ਲਈ ਆਖਿਆ ਗਿਆ ਸੀ, ਉਂਜ ਮੁੰਡਾ ਨਸ਼ਈ ਸੀ। ਗੋਗੋ ਸਹੁਰੇ ਟੁਰ ਗਈ ਤੇ ਪਿੰਡ ਵਾਲੇ ਥੂ ਥੂ ਕਰਦੇ ਰਹੇ। ਪਰ ਲੋਕ ਵੀ ਮੂੰਹ ਉਤੇ ਕੁੱਝ, ਤੇ ਪਿੱਛੋਂ ਕੁੱਝ ਹੁੰਦੇ ਨੇ।

ਸੱਤਾਂ ਮਹੀਨਿਆਂ ਤੋਂ ਕੁੱਝ ਦਿਨ ਘੱਟ ਸਨ, ਤੇ ਗੋਗੋ ਆਪਣਾ ਮੁੰਡਾ ਕੁਛੜ ਚੁੱਕੀ ਆ ਰਹੀ ਸੀ। ਨਸ਼ਈ ਬੰਦਾ ਵੀ ਨਾਲ਼ ਸੀ। ਜਿਹੜੀ ਬੀਬੀ ਲੱਭਦੀ, ਮੁੰਡਾ ਵੇਖਕੇ ਮੁਬਾਰਕ

ਦੇਂਦੀ ਤੇ ਪੁੱਛਦੀ , "ਸੱਤ ਮਾਹੀਆ ਈ ਗੋਗੋ ?" ਗੋਗੋ ਸਾਰੇ ਦੰਦ ਕੱਢ ਕੇ ਵਿਖਾ ਛੱਡਦੀ।

ਵਰ੍ਹਾ ਪੂਰਾ ਵੀ ਨਾ ਹੋਇਆ ਤੇ ਗੋਗੋ ਲੜ ਕੇ ਪੇਕੇ ਆ ਬੈਠੀ। ਬੰਦਾ ਵੀ ਨਾ ਲੈਣ ਆਇਆ। ਥੋੜਾ ਈ ਚਿਰ ਪਿੰਡ ਵਿਚ ਰਹੀ ਤੇ ਮੁੰਡਾ ਛੱਡ ਕੇ ਟੁਰ ਗਈ। ਵਾਪਸ ਨਾ ਆਈ।

ਬੁਢੀ ਦਾਦੀ ਤੇ ਸ਼ੁਦੈਣ ਫੁਫੀ ਰਲ ਕੇ ਮੁੰਡੇ ਨੂੰ ਸਾਂਭਣ ਲੱਗ ਪਈਆਂ । ਜਿਹੜੇ ਹੰਟਰ ਪੁਰੇ ਉਹ ਵਿਆਹੀ ਸੀ, ਓਥੇ ਈ ਬੱਸਾਂ ਟਰੱਕਾਂ ਦੇ ਡਰਾਈਵਰ ਤੇ ਪਠਾਣ ਵੀ ਰਹਿੰਦੇ ਸਨ। ਓਥੇ ਈ ਗੋਗੋ ਨੂੰ ਚਰਸ ਤੇ ਦਾਰੂ ਵੇਚਣ ਵਾਲੇ ਲੱਭ ਗਏ। ਉਹ ਅੱਠ ਦਸ ਬੰਦੇ ਸਨ, ਜਿਨ੍ਹਾਂ ਵਿਚ ਕੱਲੀ ਬੀਬੀ ਸੀ।

ਰਾਤ ਨੂੰ ਉਨ੍ਹਾਂ ਨਾਲ਼ ਨਿਕਲ ਜਾਂਦੀ, ਸੜਕੇ ਖਲੋ ਕੇ ਕਿਸੇ ਗੱਡੀ ਵਾਲੇ ਨੂੰ ਹੱਥ ਦੇ ਇਸ਼ਾਰੇ ਨਾਲ਼ ਰੋਕਦੀ ਤੇ ਉਹਨੂੰ ਲੈ ਕੇ ਓਥੇ ਆ ਜਾਂਦੀ ਜਿਥੇ ਉਹਦੇ ਸੰਗੀ ਪਹਿਲਾਂ ਈ ਛਾਹੀ ਲਾ ਕੇ ਬੈਠੇ ਹੁੰਦੇ। ਜਿਹੜਾ ਵੀ ਲੁੱਟਿਆ ਜਾਂਦਾ ਉਹਨੂੰ ਵੇਖ ਕੇ ਗੋਗੋ ਦੀਆਂ ਗੋਲ ਅੱਖੀਆਂ ਵਿਚ ਅਜੀਬ ਜਹਿਆ ਸਕੂਨ ਆ ਜਾਂਦਾ।

ਥਾਣੇ ਇੰਜ ਆਉਂਦੀ ਜਾਂਦੀ ਜਿਵੇਂ ਕੁੜੀਆਂ ਮਾਂ ਦੇ ਘਰ ਆਉਂਦੀਆਂ ਨੇ । ਪੁਲਿਸ ਵਾਲੇ ਮੁੱਛਾਂ ਮਰੋੜਦੇ ਤੇ ਹੱਸਦੇ। ਪਰ ਗੋਗੋ ਨੂੰ ਪਤਾ ਸੀ ਕਿ ਕਿਹਨੂੰ ਕਿੱਥੇ ਤੀਕ ਰੱਖਣਾ ਏ। ਫਿਰ ਜਦ ਉਹਦੇ ਜੁਰਮ ਸਾਬਤ ਹੋਣ ਲੱਗ ਪਏ ਤੇ ਇਹ ਸਾਰਾ ਟੋਲਾ ਇਸ਼ਤਿਹਾਰੀ ਹੋ ਗਿਆ, ਇਨ੍ਹਾਂ ਦਾ ਕੋਈ ਠਿਕਾਣਾ ਨਾ ਰਿਹਾ। ਸਾਰੇ ਸ਼ਹਿਰਾਂ ਵਿਚ ਭੱਜੇ ਫਿਰਦੇ, ਲੁੱਟਦੇ ਤੇ ਟੁਰੇ ਜਾਂਦੇ।

"ਹਾਏ ਭੈਣਾ, ਸੁਣਿਆ ਏ ਗੋਗੋ ਕਿਸੇ ਗੈਂਗ ਵਿਚ ਏ। ਇਸ਼ਤਿਹਾਰਣ ਹੋ ਗਈ ਏ", ਬੀਬੀਆਂ ਫੇਰ ਹੇਠਲੇ ਬੁਲ੍ਹੀ ਉਤੇ ਉਂਗਲ਼ ਰਖ ਕੇ ਜੀਭਾਂ ਹਿਲਾਂਦੀਆਂ ਰਹੀਆਂ।

ਇੱਕ ਦਿਨ ਪੁਲਿਸ ਨੇ ਗੋਗੋ ਦਾ ਬੂਹਾ ਖੜਕਾਇਆ। ਵਡੇਰੀ ਦਾਦੀ ਨਿਕਲੀ।

" ਇਥੇ ਕੋਈ ਗੋਗੋ ਰਹਿੰਦੀ ਏ ?" ਬੈਲਟ ਤੇ ਲਮਕਦੇ ਢਿੱਡ ਵਾਲੇ ਸਬ ਇੰਸਪੈਕਟਰ ਨੇ ਪੁੱਛਿਆ ।

"ਕੀ ਹੋਇਆ ਏ ਪੁੱਤਰ ?" ਗੋਗੋ ਦੀ ਦਾਦੀ ਦੀਆਂ ਲੱਤਾਂ ਵਿਚੋਂ ਜਾਨ ਈ ਨਿਕਲ਼ ਗਈ ।

"ਮਾਈ !ਕੀ ਲਗਦੀ ਏ ਗੋਗੋ ਤੇਰੀ ?" ਹੁਣ ਤੇ ਖੌਰੇ ਗੋਗੋ ਉਨ੍ਹਾਂ ਦੀ ਕੁੱਝ ਨਹੀਂ ਸੀ ਲਗਦੀ, ਪਰ ਮਾਈ ਨਿਰਾ" ਪੋਤਰੀ ਆਖ ਕੇ ਚੁੱਪ ਹੋ ਗਈ।

"ਇੱਕ ਮੁੰਡਾ ਚੁੱਕਿਆ ਗਿਆ ਏ, ਤੇ ਏਸ ਕੁੜੀ ਨੇ ਪਠਾਣਾਂ ਹੱਥੀਂ ਵੇਚਿਆ ਏ, ਪਤਾ ਆਪਣੀ ਫੁਫੀ ਦਾ ਦਿੱਤਾ ਸੁ ਜਿਹੜੀ ਬੰਨ੍ਹ ਬਾਜਵੇ ਰਹਿੰਦੀ ਏ।

ਪਠਾਣ ਓਥੇ ਪੈਸੇ ਦੇਣ ਆਏ ਸਨ। ਮਾਈ, ਜੇ ਉਹ ਅੰਦਰ ਈ ਤੇ ਬਾਹਰ ਕੱਢ ਸੁ।" ਸਬ ਇੰਸਪੈਕਟਰ ਨੇ ਅੱਖਾਂ ਪਾੜ ਕੇ ਆਖਿਆ।

ਵਡੇਰੀ ਮਾਈ ਬੂਹੇ ਵਿਚ ਈ ਢਹਿ ਗਈ। ਪੁਲਿਸ ਵਾਲੇ ਘਰ ਦਾ ਸਾਮਾਨ ਖਲਾਰ ਕੇ ਤੇ ਫੀਕੇ ਨੂੰ ਫੜ ਕੇ ਲੈ ਗਏ।

ਪਿੰਡ ਵਾਲੇ ਇੱਕ ਵਾਰੀ ਫੇਰ ਇੱਕ ਦੂਜੇ ਕੰਨੀਂ ਗੱਲਾਂ ਕਰਨ ਲੱਗ ਪਏ।

ਫੀਕੇ ਨੂੰ ਪੁਲਿਸ ਵਾਲੇ ਮਹੀਨੇ ਬਾਅਦ ਚਿੱਥ ਕੇ ਸੁੱਟ ਗਏ। ਦੋ ਮਹੀਨਿਆਂ ਬਾਅਦ

ਫੀਕਾ ਵੱਲ ਹੋ ਗਿਆ।

ਫੇਰ ਕੁੱਝ ਵਰ੍ਹਿਆਂ ਬਾਅਦ ਬੱਛੀ ਬਖਤਾਵਰ ਦੇ ਢੱਠੇ ਖੂਹ ਕੋਲ ਲੰਘਿਆ ਤੇ ਵੇਖਿਉਸੁ ਕਿ ਪਰਾਲ਼ੀ ਦੇ ਭੱਸੇ ਨਾਲ਼ ਕੋਈ ਸ਼ੈ ਪਈ ਏ। ਉਹਨੇ ਆਪਣੀ ਨਿੱਕੀ ਕੁੜੀ ਨੂੰ ਮੋਢਿਆਂ ਤੇ ਚੁੱਕਿਆ ਸੀ। ਦੂਰੋਂ ਪਤਾ ਨਹੀਂ ਸੀ ਲਗਦਾ ਕਿ ਹੈ ਕਿਹੜੀ ਸ਼ੈ ਵੇ। ਨੇੜੇ ਹੋਇਆ ਤੇ ਉਹਨੂੰ ਇੱਕ ਨਿੱਕਾ ਜਹਿਆ ਮੁੰਡਾ ਲੁਕਾ ਲੱਭਾ। ਬੱਛੀ ਉਹਦੇ ਪਿੱਛੇ ਖਲੋਤਾ ਰਿਹਾ। ਫਿਰ ਉਹਦੇ ਮੋਢੇ ਉਤੇ ਹੌਲੀ ਜਿਹੀ ਹੱਥ ਰੱਖਿਆ। ਉਸ ਪਰਤ ਕੇ ਵੇਖਿਆ ਤੇ ਬੱਛੀ ਨੂੰ ਉਹਦਾ ਮੁਹਾਂਦਰਾ ਵੇਖਿਆ ਵੇਖਿਆ ਲੱਗਿਆ।

'ਭਾ ਬੱਛੀ। ਤ੍ਰਾਹ ਈ ਕੱਢ ਛੱਡਿਆ ਈ। ਮੇਰੇ ਨਾਨੇ ਨੂੰ ਨਾ ਦੱਸੀਂ, ਮੈਂ ਇਥੇ ਲੁਕਿਆ ਵਾਂ।" ਬਾਲ ਦੀਆਂ ਅੱਖਾਂ ਵਿਚ ਤਰਲਾ ਸੀ। ਬੱਛੀ ਉਠ ਖਲੋਤਾ ਤੇ ਧੀ ਨੂੰ ਚੁੱਕੀ ਪਿੰਡ ਵੱਲ ਟੁਰ ਪਿਆ।

## 'ਗੋਗੋ' ਬਾਰੇ ਵਿਚਾਰ-ਚਰਚਾ

**ਬਲਬੀਰ ਪਰਵਾਨਾ** : ਇਹ ਇਕ ਅਜਿਹਾ ਦੁਖਾਂਤ ਹੈ, ਜਿਹੜਾ ਗਰੀਬੀ ਨਾਲੋਂ ਵੱਧ ਸਮਾਜਕ ਪਰੰਪਰਾਵਾਂ ਸਿਰਜਦੀਆਂ ਹਨ। ਵਿਆਹ ਕਰ ਦਿੱਤਾ ਜਾਂਦਾ ਬਿਨਾਂ ਇਹ ਦੇਖਿਆਂ ਕਿ ਵਿਆਹੇ ਜਾਣ ਵਾਲਾ ਪਰਿਵਾਰਕ ਜ਼ਿੰਮੇਵਾਰੀਆਂ ਨਿਭਾਉਣ ਦੇ ਸਮਰੱਥ ਵੀ ਹੈ। ਬੱਚੇ ਜੰਮੇ ਜਾਂਦੇ ਹਨ, ਬਿਨਾਂ ਇਹ ਸਮਝਦਿਆਂ ਕਿ ਇਹ ਪਾਲਣੇ ਵੀ ਹੁੰਦੇ ਹਨ। ਜਦੋਂ ਮਾਪੇ ਆਪਣੇ ਬੱਚਿਆਂ ਦੀ ਠੀਕ ਪਰਵਰਸ਼ ਨਹੀਂ ਕਰ ਸਕਦੇ ਤਾਂ ਉਹ ਰੁਲਦੇ ਹਨ ਤੇ ਅਗਾਂਹ ਇਹ ਪੀੜੀ ਦਰ ਪੀੜੀ ਪਰੰਪਰਾ ਹੀ ਬਣਨ ਲੱਗ ਪੈਂਦੀ ਹੈ ਪਰ ਇਸਦੇ ਜ਼ੁੰਮੇਵਾਰ, ਸਮਾਜ 'ਚ 'ਜ਼ੁੰਮੇਵਾਰ' ਹੀ ਬਣੇ ਰਹਿੰਦੇ ਹਨ। ਕਹਾਣੀ ਦੀਆਂ ਅੰਤਲੀਆਂ ਛੇ ਲਾਈਨਾਂ ਕਮਾਲ ਦੀਆਂ ਹਨ, ਜਿਹੜੀਆਂ ਇਸ ਦੁਖਾਂਤ ਨੂੰ ਸਿਖ਼ਰ 'ਤੇ ਲੈ ਜਾਂਦੀਆਂ। ਉਹ ਛੋਟਾ ਮੁੰਡਾ ਬੱਛੀ ਦਾ ਹੀ ਹੈ, ਗੋਗੋ ਨਾਲ ਪਹਿਲੇ ਸੰਬੰਧ ਵੇਲੇ ਦਾ, ਇਸਦਾ ਅਹਿਸਾਸ ਉਸਨੂੰ ਤਕਦਿਆਂ ਹੀ ਹੋ ਜਾਂਦਾ, ਪਰ ਉਹ ਬੇਲਾਗ ਰਹਿੰਦਾ ਤੇ ਆਪਣੀ ਧੀ ਨੂੰ ਚੁੱਕੀ ਪਿੰਡ ਵਲ ਤੁਰ ਪੈਂਦਾ; ਧੀ, ਜਿਹੜੀਆਂ ਰਸਮਾਂ ਨਾਲ ਵਿਆਹੀ ਔਰਤ ਦੇ ਪੇਟੋਂ ਜੰਮੀ ਹੈ। ਇੱਥੇ ਵਿਆਹ ਸੰਸਥਾ ਦੀ ਸਮਾਜਕ ਸੱਤਾ ਦਾ ਅਹਿਸਾਸ ਵੀ ਹੁੰਦਾ ਕਿ ਕਿਵੇਂ ਉਹ ਆਪਣਾ ਗਲਬਾ ਬਣਾਈ ਰੱਖਣ ਲਈ ਮਾਨਸਿਕਤਾ ਘੜ ਦਿੰਦੀ ਹੈ। ਕਹਾਣੀ 'ਚੋਂ ਲਹਿੰਦੇ ਪੰਜਾਬ ਦਾ ਮਾਹੌਲ ਵੀ ਉਭਰਦਾ ਮਹਿਸੂਸ ਹੁੰਦਾ ਹੈ ਤੇ ਮੁਸਲਿਮ ਸਭਿਆਚਾਰ ਵੀ।

**ਰਮਨਪ੍ਰੀਤ ਕੌਰ 'ਚੌਹਾਨ'** : ਗੋਗੋ ਕਹਾਣੀ ਵਿੱਚ ਕਹਾਣੀਕਾਰ ਨੇ ਆਪਣੇ ਤਿੱਖੇ ਅਨੁਭਵ ਤੋਂ ਕੰਮ ਲੈਂਦਿਆਂ ਔਰਤ ਦੇ ਅਸਤਿੱਤਵ ਤੇ ਪ੍ਰਸ਼ਨ ਚਿੰਨ੍ਹ ਲਗਾ ਦਿੱਤਾ ਹੈ। ਕਹਾਣੀ ਦੀ ਕੇਂਦਰੀ ਪਾਤਰ ਗੋਗੋ, ਪੰਜਾਬੀ ਸਾਮੰਤੀ ਕੀਮਤਾਂ ਦੀ ਨਾਇਕਾ ਹੈ। ਉਹ ਆਪਣੇ ਪਿਤਾ ਫੀਕੇ ਦਾ ਅਮਾਨਵੀ ਵਿਵਹਾਰ ਬਰਦਾਸ਼ਤ ਕਰਦੀ ਹੈ ਅਤੇ ਗੋਗੋ ਦੀ ਹੋਣੀ ਦਾ ਕਾਰਨ ਔਰਤ ਦੀ ਵਾਸਤਵਿਕਤਾ ਹੈ। ਗੋਗੋ ਆਪਣੇ ਪਿਤਾ ਦੇ ਅੱਤਿਆਚਾਰਾ ਤੋਂ ਤੰਗ ਆ ਕੇ ਬਖਤਾਵਰ ਦੇ ਢੱਠੇ ਖੂਹ ਤੇ ਕੰਡਿਆਂ ਵਾਲੇ ਕਿੱਕਰਾਂ ਹੇਠ ਜਾਂਦੀ, ਪਿੰਡ ਦਾ ਮੁੰਡਾ ਬੱਛੀ ਗੋਗੋ ਦੀ ਖੱਜਲ ਖੁਆਰੀ ਕਰਦਾ ਹੈ। ਪਰ ਗੋਗੋ ਖੱਜਲ ਖੁਆਰੀ ਤੋਂ ਬਚਣ ਦੀ ਕੋਸ਼ਿਸ਼ ਨਹੀਂ ਕਰਦੀ ਸਗੋਂ

ਆਪਣੇ ਸਰੀਰ ਦਾ ਮੁੱਲ ਪਾਉਣ ਵਾਲੇ ਮਰਦਾਂ ਦੀ ਭਾਲ ਕਰਦੀ ਹੈ। ਗੋਗੋ ਕਿਸੇ ਮਰਦ ਕੋਲੋ ਲੁੱਟੀ ਗਈ ਜਾਂ ਜਲੀਲ ਹੋਈ ਮਹਿਸੂਸ ਨਹੀਂ ਕਰਦੀ ਅਤੇ ਵਿਆਹ ਵਰਗੇ ਸਮਾਜੀ ਬੰਧਨ ਵਿੱਚ ਨਹੀਂ ਬੰਨ੍ਹੀ ਰਹਿ ਸਕਦੀ। ਇਸ ਕਹਾਣੀ ਵਿੱਚ ਕਹਾਣੀਕਾਰ ਨੇ ਪੇਂਡੂ ਯਥਾਰਥ ਰਾਹੀਂ ਸਮਾਜ ਦੇ ਭੈੜੇ ਪੱਖ ਅੰਡਰ ਵਰਲਡ ਬਾਰੇ ਸੰਕੇਤ ਕੀਤਾ ਹੈ ? ਗੋਗੋ ਆਪਣੀ ਲਿੰਗਕ ਭੁੱਖ ਅਤੇ ਆਪਣੇ ਪਰਿਵਾਰਕ ਦੁੱਖਾਂ ਤੇ ਕਸ਼ਟਾਂ ਤੋਂ ਬਚਣ ਲਈ ਚਰਸ ਅਤੇ ਸ਼ਰਾਬ ਵੇਚਣ ਲੱਗ ਜਾਦੀ ਹੈ। ਗੋਗੋ ਕਹਾਣੀ ਪੜ੍ਹਦਿਆਂ ਹੈਰਾਨੀ ਹੁੰਦੀ ਹੈ ਕਿ ਗੋਗੋ ਚੰਗੇ ਵਿਅਕਤੀ ਦੀ ਚੋਣ ਤੋਂ ਵਾਂਝੀ ਰਹਿੰਦੀ ਹੈ। ਇਹ ਕਹਾਣੀ ਪਾਠਕਾਂ ਨੂੰ ਜ਼ਿੰਦਗੀ ਦੇ ਅਰਥ ਵੀ ਸਮਝਾਉਂਦੀ ਹੈ ਕਿ ਸੰਘਰਸ਼ ਤੋਂ ਭੱਜਣਾ ਡਰਣਾ ਨਹੀਂ ਚਾਹੀਦਾ ਸਗੋਂ ਜ਼ਿੰਦਗੀ ਲਈ ਸੰਘਰਸ਼ ਕਰਦੇ ਰਹਿਣਾ ਚਾਹੀਦਾ ਹੈ। ਕਹਾਣੀ ਦਾ ਪਾਠਗਤ ਅਧਿਐਨ ਤੋਂ ਪਤਾ ਲੱਗਦਾ ਹੈ ਕਿ ਬਦਲ ਰਹੇ ਪੈਦਾਵਾਰੀ ਸਾਧਨ ਕਾਰਨ ਪੇਂਡੂ ਪੱਧਰ ਤੇ ਭਾਈਚਾਰਕ ਸਾਂਝ, ਪਵਿੱਤਰ ਰਿਸ਼ਤਿਆਂ 'ਚ ਵੀ ਤਬਦੀਲੀ ਆ ਗਈ ਹੈ। ਵਾਸਤਵ ਵਿੱਚ ਇਸ ਕਹਾਣੀ ਦਾ ਪ੍ਰਮੁੱਖ ਅਜੰਡਾ ਜ਼ਿੰਦਗੀ ਲਈ ਸੰਘਰਸ਼ ਹੈ ਜੋ ਇਸ ਕਹਾਣੀ ਦੀ ਗੌਣ ਪਾਤਰ ਗੋਗੋ ਦੀ ਸ਼ੁਦੈਣ ਫੂਫੀ ਅਤੇ ਬੁੱਢੀ ਵੀ ਕਰਦੀਆਂ ਹਨ।

**ਸੁਕੀਰਤ** : ਅਲੀ ਉਸਮਾਨ ਬਾਜਵਾ ਦੀ ਕਹਾਣੀ ਗੋਗੋ , ਕਹਾਣੀ ਕਹਿਣ-ਸੁਣਾਉਣ ਦੇ ਉਸ ਰਵਾਇਤੀ ਢੰਗ ਦੀ ਮਿਸਾਲ ਹੈ ਜੋ ਬਾਤਾਂ ਪਾਣ ਦੇ ਕਦੀਮੀ ਸਮਿਆਂ ਤੋਂ ਤੁਰਿਆ ਆ ਰਿਹਾ ਹੈ। ਕਹਾਣੀ ਇਕ ਸਿਰੇ ਤੋਂ ਦੂਜੇ ਵਲ ਲਕੀਰ ਵਾਂਗ ਤੁਰੀ ਜਾਂਦੀ ਹੈ, ਕਿਤੇ ਵੀ ਅੱਗੇ ਪਿੱਛੇ ਨਹੀਂ ਹੁੰਦੀ। ਅਤੇ ਜੇ ਇਸ ਦੇ ਵਿਸ਼ੇ ਵਸਤੂ ਨੂੰ ਸੰਖੇਪ ਵਿਚ ਬਿਆਨਣਾ ਹੋਵੇ ਤਾਂ ਉਹ ਵੀ ਬਿਲਕੁਲ ਰਵਾਇਤੀ ਜਾਪੇਗਾਃ ਪਿੰਡ ਦੀ ਕਿਸੇ ਮਾਸੂਮ ਕੁੜੀ ਦਾ ਸ਼ੋਸ਼ਣ ਅਤੇ ਉਸਦਾ ਗਲਤ ਰਾਹ ਵੱਲ ਮੋੜ ਕੱਟ ਜਾਣਾ।

ਪਰ ਕਹਾਣੀ ਦੀ ਖ਼ੂਬਸੂਰਤੀ ਵੀ, ਅਤੇ ਉਸ ਵਿਚਲਾ ਧਿਆਨ ਖਿਚਣ ਵਾਲਾ ਵਖਰਾਪਣ ਵੀ ਇਸੇ ਗੱਲ ਵਿਚ ਹਨ ਕਿ ਅਲੀ ਉਸਮਾਨ ਬਾਜਵਾ ਹਥਲੇ ਵਿਸ਼ੇ ਨੂੰ ਨਿਭਾਉਂਦਾ ਕਿਵੇਂ ਹੈ।

ਅਲੀ ਬਾਜਵਾ ਦੀ ਨਾ ਸਿਰਫ਼ ਉਸ ਮਾਹੌਲ ਤੇ ਪਕੜ ਸਪਸ਼ਟ ਹੈ, ਜਿਸਨੂੰ ਉਹ ਸਿਰਜ ਰਿਹਾ ਹੈ, ਬਲਕਿ ਜ਼ੁਬਾਨ ਤੇ ਵੀ ਪੂਰਾ ਕਾਬੂ ਹੈ। ਨਾ ਆਪਣੀ ਬਿਰਤਾਂਤਕਾਰੀ ਨੂੰ ਅਗੇ ਤੋਰਨ ਲਈ, ਤੇ ਨਾ ਹੀ ਆਪਣੇ ਪਾਤਰਾਂ ਦੀ ਗਲਬਾਤ ਵਿਚ ਉਹ ਇਕ ਵੀ ਸ਼ਬਦ ਕਿਤੇ ਵੀ ਵਾਧੂ ਵਰਤਦਾ ਹੈ। ਸਗੋਂ ਛੋਟੇ ਛੋਟੇ ਫ਼ਿਕਰੇ, ਬੜੇ ਸਹਿਜ ਢੰਗ ਨਾਲ, ਆਪਣੇ ਅੰਦਰ ਵੱਡੇ ਅਰਥ ਸਮੋਈ ਦਿਸਦੇ ਹਨ। ਅੱਠ-ਦਸ ਸ਼ਬਦਾਂ ਦੇ ਸਹਾਰੇ ਅਲੀ ਬਾਜਵਾ ਏਨਾ ਕੁਝ ਦਸ ਜਾਂਦਾ ਹੈ, ਜਿੰਨਾ ਕੁਝ ਕਹਿਣ ਲਈ ਬਹੁਤੇ ਲੇਖਕ ਪੈਰ੍ਹਿਆਂ ਦੇ ਪੈਰ੍ਹੇ ਵਰਤਣ। ਕੁਝ ਮਿਸਾਲਾਂ :

'ਉਹਦਾ ਭਰਾ ਡੰਗਰ ਬਣਿਆ ਹੋਇਆ ਸੀ, ਡੰਗਰਾਂ ਵਿਚ ਰਹਿ ਰਿਹਾ ਸੀ ਤੇ ਡੰਗਰ ਈ ਹੋ ਰਿਹਾ ਸੀ।'

'ਗੋਗੋ ਨੇ ਨਾ ਉਸਤਾਨੀ ਜੀ ਦੇ ਨਿਆਣੇ ਕੁੱਛੜੇ ਲਾ ਕੇ ਖਿਡਾਏ ਸਨ ਤੇ ਨਾ ਈ ਕਦੀ ਬਾਜੀ ਹੋਰਾਂ ਦੇ ਘਰ ਪੱਟੀ ਸੀਨੇ ਲਾ ਕੇ ਗਈ ਸੀ।'

ਪਰ ਹੌਲੀ ਹੌਲੀ ਜਦ ਗੋਗੋ ਦੇ ਕੱਪੜਿਆਂ ਦੀ ਤਾਦਾਦ ਕੁੱਝ ਵੱਧ ਗਈ ਤੇ ਕਬੂਤਰ ਬਾਜ਼ਾਂ ਦੇ ਮੂੰਹ ਵਿਚੋਂ ਆਉਣ ਵਾਲੀ ਹਵਾੜ ਨਾਲ਼ ਉਹਦਾ ਵਾਸਤਾ ਪਿਆ।'

'ਕੁੱਝ ਪਲਾਂ ਬਾਅਦ ਜਦ ਕਬੂਤਰ ਗੋਗੋ ਦੇ ਹੱਥ ਵਿਚ ਨਹੀਂ ਸੀ ਤੇ ਕੱਟੀ ਦੇ ਸਿਙ

ਉਤੇ ਜਾ ਬੈਠਾ ਸੀ, ਗੋਗੋ ਨੇ ਪੀੜ ਦੇ ਨਾਲ਼ ਚੀਕ ਮਾਰਨ ਦੀ ਕੋਸ਼ਿਸ਼ ਕੀਤੀ ਪਰ ਬੱਛੀ ਨੇ ਉਹਦੇ ਮੂੰਹ ਤੇ ਹੱਥ ਰੱਖ ਦਿੱਤਾ।ਕੱਟੀ ਕੰਨ ਹਿਲਾ ਹਿਲਾ ਕੇ ਪਿੰਡ ਵੱਲ ਵੇਖਣ ਲੱਗ ਪਈ ਤੇ ਕਿੱਕਰ ਉੱਤੇ ਬੈਠੀਆਂ ਚਿੜੀਆਂ ਖੌਰੇ ਕਾਹਨੂੰ ਉਡ ਗਈਆਂ।

ਸਾਰੇ ਹਰਾਮੀ, ਤੇ ਸ਼ਰੀਫ਼ ਦਿਸਣ ਵਾਲੇ ਹਰਾਮੀ ਵੀ ਏਸ ਕਬੂਤਰੀ ਅੱਗੇ ਦਾਣਾ ਪਾਉਂਦੇ ਸਨ।

ਖ਼ੈਰ, ਹੌਲੀ ਹੌਲੀ ਗੋਗੋ ਨੇ ਅਜਿਹੇ ਪਰ ਕੱਢੇ ਕਿ ਕੋਈ ਨਾ ਕੁਤਰ ਸਕਿਆ। ਆਪ ਮੁਹਾਰੇ ਉਡਣ ਵਾਲੀ ਕਬੂਤਰੀ ਨੂੰ ਬੱਛੀ ਵੀ ਨਾ ਫੜ ਸਕਿਆ ।

ਉਹਦਾ ਜੀ ਕਰਦਾ ਕਿ ਹਰ ਕਿਸੇ ਨੂੰ ਪੀੜ ਹੋਵੇ। ਕਿਸੇ ਦਾ ਚੰਗਾ ਨਹੀਂ ਸੀ ਸੋਚਦੀ।

ਥਾਣੇ ਇੰਜ ਆਉਂਦੀ ਜਾਂਦੀ ਜਿਵੇਂ ਕੁੜੀਆਂ ਮਾਂ ਦੇ ਘਰ ਆਉਂਦੀਆਂ ਨੇ ।

ਅਲੀ ਬਾਜਵਾ ਦੀ ਇਸ ਥੋੜੇ ਸ਼ਬਦਾਂ ਵਿਚ ਬਹੁਤ ਕੁਝ ਬਿਆਨ ਕਰ ਸਕਣ ਦੀ ਮੁਹਾਰਤ ਦਾ ਦੂਜਾ ਪਹਿਲੂ ਇਹ ਵੀ ਹੈ ਕਿ ਉਹ ਕਿਤੇ ਵੀ ਲਿਜਲਿਜੀ ਭਾਵੁਕਤਾ ਦਾ ਸ਼ਿਕਾਰ ਹੋਇਆ ਨਹੀਂ ਦਿਸਦਾ, ਜਿਸਦੀ ਸੰਭਾਵਨਾ ਇਹੋ ਜਿਹੇ ਵਿਸ਼ੇ ਦੇ ਨਿਭਾਅ ਵੇਲੇ ਆਮ ਦੇਖੀ ਜਾਂਦੀ ਹੈ। ਲੇਖਕ ਆਪਣੇ ਪਾਤਰਾਂ ਬਾਰੇ ਕੋਈ ਸਿੱਧੀ ਰਾਏ ਪਾਠਕ ਅੱਗੇ ਪਰੋਸਣ ਦੀ ਰਤਾ ਵੀ ਕੋਸ਼ਿਸ਼ ਨਹੀਂ ਕਰਦਾ ਸਗੋਂ, ਦਇਆ ਹੋਵੇ ਜਾਂ ਰੋਹ, ਹਰ ਭਾਵਨਾ ਨੂੰ ਆਪਣੀ ਸੰਤੁਲਤ ਥੋੜ੍ਹ ਬਿਆਨੀ ਰਾਹੀਂ ਹੀ ਪਾਠਕ ਅੰਦਰ ਉਪਜਾਉਂਦਾ ਹੈ।

ਅਲੀ ਬਾਜਵਾ ਦੀ  ਕਹਾਣੀ ਇਸ ਗਲ ਨੂੰ ਵੀ ਸਾਬਤ ਕਰਦੀ ਹੈ ਕਿ ਸਾਡੇ ਸਮਾਜ ਵਿਚ ਵਾਪਰਨ ਵਾਲੀਆਂ ਕਹਾਣੀਆਂ ਤਾਂ ਮੁੜ ਘਿੜ ਕੇ ਉਹੋ ਹੁੰਦੀਆਂ ਹਨ, ਉਨ੍ਹਾਂ ਨੂੰ ਗੌਲਣ ਵਾਲੀ ਨਜ਼ਰ ਜਾਂ ਬਿਆਨਣ ਵਾਲੇ ਦਾ ਹੁਨਰ ਹੀ ਉਹ ਗੁਣ ਹਨ ਜੋ ਕਿਸੇ ਰਚਨਾ ਨੂੰ ਯਾਦ ਰਖਣ ਯੋਗ ਬਣਾਂਦੇ ਹਨ।

ਗੋਗੋ ਦੇ ਪਰਥਾਏ ਮੈਂ ਏਧਰਲੇ ਪੰਜਾਬ ਵਿਚ ਹੁਣ ਰਚੀ ਜਾ ਰਹੀ ਕਹਾਣੀ ਵਿਚ ਦਿਸਣ ਲਗ ਪਏ  ਇਕ ਝੋਲ ਬਾਰੇ ਵੀ ਗਲ ਕਰਨਾ ਚਾਹਾਂਗਾ। ਅਲੀ ਬਾਜਵਾ ਇਸ ਗਲ ਵਿਚ ਬਿਲਕੁਲ ਨਹੀਂ ਜਾਂਦਾ ਕਿ ਗੋਗੋ ਦਾ ਪਿਓ ਏਨਾ ਅਣ-ਮਨੁੱਖੀ ਕਿਓਂ ਹੈ, ਜਾਂ ਗੋਗੋ ਦੀ ਮਾਂ ਦਾ ਮਗਰੋਂ ਕੀ ਬਣਿਆ ? ਲੇਖਕ ਆਪਣਾ , ਤੇ ਪਾਠਕ ਦਾ ਵੀ, ਸਾਰਾ ਧਿਆਨ ਗੋਗੋ ਵਲ ਕੇਂਦਰਤ ਰਖਦਾ ਹੈ ਅਤੇ 4-5 ਸਫ਼ਿਆਂ ਦੀ ਕਹਾਣੀ ਵਿਚ ਉਸ ਕੁੜੀ ਦੇ ਮਾਸੂਮ ਬਾਲ ਤੋਂ ਕਠੋਰ ਜਰਾਇਮ ਪੇਸ਼ਾ ਬਣਨ ਦਾ ਸਾਰਾ ਵਰਤਾਰਾ  ਬੜੇ ਵਜ਼ਨਦਾਰ ਢੰਗ ਨਾਲ ਬਿਆਨ ਕਰ ਜਾਂਦਾ ਹੈ। ਪਰ ਇਸ ਤੋਂ ਉਲਟ ਸਾਡੇ ਪਾਸੇ ਲੰਮੀ ਕਹਾਣੀ ਦੇ ਲਬਾਦੇ ਹੇਠ, ਹੁਣ ਟੀ ਵੀ ਸੀਰੀਅਲਾਂ ਦੀ ਤਰਜ਼ ਉੱਪਰ ਕਹਾਣੀ ਨੂੰ ਕਈ ਕਈ ਪਾਤਰਾਂ ਦੀਆਂ ਜੀਵਨ ਪਰਤਾਂ ਫਰੋਲਣ ਦਾ ਸਾਧਨ ਬਣਾਇਆ ਜਾ ਰਿਹਾ ਹੈ।  ਏਸ ਵਹਿਣ ਵਿਚ ਸਾਡੇ ਲੇਖਕ ਕਹਾਣੀ, ਨਾਵਲੈਟ ਅਤੇ ਨਾਵਲ ਦੀਆਂ ਵੱਖੋ-ਵੱਖ ਵਿਧਾਵਾਂ ਨੂੰ ਆਪਸ ਵਿਚ ਰਲਗੱਡ ਕਰਦੇ ਲਭਦੇ ਹਨ। ਕਹਾਣੀ ਲੰਮੀ ਹੋ ਸਕਦੀ ਹੈ, ਸੌ ਸਫ਼ਿਆਂ ਦੀ ਵੀ ਹੋ ਸਕਦੀ ਹੈ ਪਰ ਉਸਦੇ ਕਹਾਣੀ ਬਣੇ ਰਹਿਣ ਲਈ ਜ਼ਰੂਰੀ ਹੈ ਕਿ ਉਹ ਨਦੀ ਵਾਂਗ ਵਗੇ, ਕਿਸੇ ਦਰਿਆ ਵਾਂਗ ਨਹੀਂ ਜਿਸ ਵਿਚੋਂ ਥਾਂ ਪੁਰ ਥਾਂ ਨਹਿਰਾਂ ਨਿਕਲ ਰਹੀਆਂ ਹੋਣ।

ਗੋਗੋ ਨਦੀ ਵਾਂਗ ਵਗਦੀ ਕਹਾਣੀ ਦੀ ਵਧੀਆ ਮਿਸਾਲ ਹੈ।

**ਦੀਪਤੀ ਬਬੂਟਾ** : ਗੋਗੋ ਸਾਡੇ ਸਮਾਜ ਦੇ ਮੂੰਹ 'ਤੇ ਉੱਕਰਿਆ ਹੋਇਆ ਉਹ ਨਿਸ਼ਾਨ ਹੈ ਜੋ ਕੁਰਖਤ ਪਿਉਆਂ ਦੇ ਵਰਤਾਰੇ ਦੀ ਨਿਸ਼ਾਨਦੇਹੀ ਕਰਦਾ ਹੈ। ਜ਼ਮਾਨਾ ਭਲੇ ਹੀ ਵਿਕਾਸ ਦੀਆਂ ਪੈੜਾਂ ਨੱਪਦਾ ਤਕਨੀਕੀ ਯੁੱਗ ਵਿੱਚ ਪ੍ਰਵੇਸ਼ ਕਰ ਗਿਆ ਹੋਵੇ, ਪਰ ਅੱਜ ਵੀ ਮਰਦ ਪ੍ਰਧਾਨ ਸਮਾਜ ਵਿੱਚ ਫੀਕੇ ਵਰਗੇ ਪਾਤਰਾਂ ਦੀ ਭਰਮਾਰ ਹੈ।

ਵਧੀਆ ਕਹਾਣੀ ਹੋਣ ਦੇ ਬਾਵਜੂਦ ਕੁੱਝ ਸਵਾਲ ਕਹਾਣੀ ਪੜ੍ਹਦਿਆਂ ਜੋ ਮਨ 'ਚ ਆਏ। ਉਹ ਹਨ-

ਠੀਕ ਹੈ ਫੀਕੇ ਦੀ ਘਰਵਾਲੀ ਸ਼ਹਿਰ ਦੀ ਔਰਤ ਸੀ। ਖਾਵੰਦ ਦੀ ਕੁੱਟਮਾਰ ਦੀ ਝੰਬੀ ਉਹ ਉਸ ਨੂੰ ਛੱਡ ਕੇ ਪੇਕੇ ਚਲੀ ਗਈ। ਵਧੀਆ ਨਾਰੀਵਾਦੀ ਫੈਸਲਾ, ਪਰੰਤੂ ਇਸ ਸਭ ਦੇ ਬਾਵਜੂਦ ਸਿਰਫ ਇੱਕ ਬੀਵੀ ਜਾਂ ਔਰਤ ਨਹੀਂ ਬਲਕਿ ਦੋ ਬਾਲਾਂ ਦੀ ਮਾਂ ਸੀ। ਕੋਈ ਵੀ ਮਾਂ ਇਨਾ ਸੌਖਾ ਆਪਣੇ ਬਾਲਾਂ ਨੂੰ ਛੱਡ ਕੇ ਨਹੀਂ ਜਾ ਸਕਦੀ, ਉਹ ਵੀ ਪੇਕੇ। ਹਾਂ ਉਸ ਦੇ ਕਿਸੇ ਹੋਰ ਮਰਦ ਨਾਲ ਸੰਬੰਧ ਹੋ ਜਾਣ ਤਾਂ ਆਪਣੀ ਔਲਾਦ ਦੀ ਕਾਤਲ ਵੀ ਬਣ ਸਕਦੀ ਹੈ। ਔਰਤ ਆਪਣੇ ਬੱਚਿਆਂ ਖਾਤਰ ਮਰ ਸਕਦੀ ਹੈ, ਜਾਂ ਨਿਰਦਈ ਖਾਵੰਦ ਨੂੰ ਮਾਰ ਸਕਦੀ ਹੈ, ਪਰ ਆਪਣੇ ਬੱਚਿਆਂ ਨੂੰ ਹਰ ਪਲ਼ ਤਿਲ-ਤਿਲ ਮਰਨ ਲਈ ਛੱਡ ਨਹੀਂ ਸਕਦੀ। ਉਹ ਨਾ ਆਉਂਦੀ ਵਾਪਸ ਆਪਣੇ ਖਾਵੰਦ ਕੋਲ, ਪਰ ਉਸ ਨੇ ਕਦੀ ਆਪਣੇ ਬੱਚਿਆਂ ਦਾ ਸੁਰ-ਪਤਾ ਵੀ ਨਾ ਲਿਆ।

ਕਹਾਣੀ ਵਿੱਚ ਬੱਚਿਆਂ ਦੀ ਬਗਾਵਤ ਤੇ ਉਨ੍ਹਾਂ ਦਾ ਵਰਤਾਰਾ ਬੇਹੱਦ ਸੁਭਾਵਿਕ ਚਿਤਰਿਆ ਗਿਆ ਹੈ। ਘਰੇਲੂ ਕਲੇਸ਼ ਦੀ ਸਭ ਤੋਂ ਵੱਡੀ ਮਾਰ ਬਾਲ ਹੀ ਝੱਲਦੇ ਹਨ। ਬਾਗੀ ਪੈਦਾ ਨਹੀਂ ਹੁੰਦੇ ਬਾਗੀ ਬਣਾਏ ਜਾਂਦੇ ਹਨ। ਗੋਗੋ ਵਰਗੀਆਂ ਬਥੇਰੀਆਂ ਧੀਆਂ ਮਾਪਿਆਂ ਦੇ ਕੁਰਖੱਤ ਰਵੱਈਏ ਦੀ ਭੇਂਟ ਚੜ੍ਹੀਆਂ ਜ਼ਿੰਦਗੀ ਗਾਲ ਲੈਂਦੀਆਂ ਹਨ। ਸਮਾਜ 'ਚ ਵਿਚਰਦਿਆਂ ਅਜਿਹੀਆਂ ਪਾਤਰਾਂ ਨਾਲ ਸਾਹਮਣਾ ਹੋ ਜਾਣਾ ਵੀ ਸੁਭਾਵਿਕ ਹੈ। ਇਸ ਦੇ ਬਾਵਜੂਦ ਕੁੱਝ ਗੱਲਾਂ ਅੱਖਰਦੀਆਂ ਹਨ।

ਮਸਲਨ, ਗੋਗੋ ਐਡੀ ਅੱਥਰੀ ਸੀ। ਉਸ ਨੇ ਕਦੀ ਆਪਣੀ ਮਾਂ ਕੋਲ ਜਾਣ ਦਾ ਕਿਉਂ ਨਾ ਸੋਚਿਆ। ਹੋਰ ਕੁੱਝ ਨਹੀਂ ਤਾਂ ਮਾਂ ਕੋਲ ਜਾ ਕੇ ਸਵਾਲ ਹੀ ਕਰਦੀ। ਜੰਮ ਕੇ ਜਮਦੂਤ ਹਵਾਲੇ ਕਾਹਤੋਂ ਕਰ ਆਈ ? ਤੂੰ ਕੈਸੀ ਮਾਂ ਹੈਂ ?

ਫੀਕਾ ਲਕੀਰੀ ਪਾਤਰ ਹੈ ਪਰ ਸਮਾਜ ਵਿੱਚ ਅਜਿਹੇ ਪਾਤਰਾਂ ਦੇ ਰਵੱਈਏ 'ਚੋਂ ਵੱਖਰਾ ਪ੍ਰਭਾਵ ਗ੍ਰਹਿਣ ਕਰਕੇ ਵੱਖਰੀਆਂ ਲੀਹਾਂ ਤੇ ਚੱਲਦੇ ਪਾਤਰਾਂ ਦਾ ਵਰਤਾਰਾ ਭਾਵੇਂ ਅਜੀਬ ਲੱਗਦਾ ਹੈ, ਪਰ ਇਹੀ ਅਜੀਬ ਵਰਤਾਰਾ ਕਹਾਣੀ ਨੂੰ ਲਕੀਰੀ ਕਹਾਣੀ ਤੋਂ ਵੱਖਰਤਾ ਪ੍ਰਦਾਨ ਕਰਦਾ ਹੈ, ਜੋ ਲੇਖਕ ਦੀ ਪ੍ਰਾਪਤੀ ਹੋ ਜਾਂਦਾ ਹੈ।

**ਭਗਵੰਤ ਰਸੂਲਪੁਰੀ**: 'ਗੋਗੋ' ਕਹਾਣੀ ਬਾਜਵਾ ਹੁਰਾਂ ਦੀ ਐਸੀ ਕਹਾਣੀ ਏ ਜਿਹਦੇ ਵਿਚ ਅਸੀਂ ਸਮਾਜ ਵੱਲੋਂ ਘੜੀ ਗਈ ਔਰਤ ਦੀ ਤਸਵੀਰ ਨੂੰ ਵੇਖਦੇ ਤੇ ਸਮਝਦੇ ਹਾਂ। ਕਹਾਣੀ ਵਿਚ ਗੋਗੋ ਬਹੁਤ ਵੱਡੀ ਪਾਤਰ ਦੇ ਤੌਰ 'ਤੇ ਉਭਰਦੀ ਏ। ਕਹਾਣੀ ਵੀ ਅਹਿਸਾਸ ਕਰਵਾਉਂਦੀ ਏ ਕਿ ਕਿਵੇਂ ਮਰਦ ਬਿਰਾਦਰੀ ਆਪਣੀ ਪਿਤਰੀ ਸੱਤਾ ਨਾਲ ਔਰਤ ਨੂੰ ਬਚਪਨ ਤੋਂ ਲੈ ਕੇ ਮਰਨ ਤੱਕ ਆਪਣੇ ਮਤਲਬ ਲਈ ਘੜਦਾ ਏ। ਵੱਡੀ ਹੋਈ ਏਹੋ ਜਿਹੀ ਔਰਤ ਜਦੋਂ ਬਾਗੀ ਹੋ ਕੇ

ਸਮਾਜ ਦੀਆਂ ਵਰਜਨਾਵਾਂ ਤੋਂ ਮੁਨਕਰ ਹੁੰਦੀ ਏ ਤੇ ਉਹ ਕਿਹੋ ਜਿਹੀ ਦਿਸਦੀ ਏ... ਕਹਾਣੀਕਾਰ ਗੋਗੋ ਪਾਤਰ ਰਾਹੀ ਬਿਆਨ ਕਰਦਾ ਏ। ਕਹਾਣੀ ਪੜ੍ਹ ਕੇ ਮੈਂ ਸੋਚਦਾ ਸਾਂ ਕਿ ਗੋਗੋ ਨੂੰ ਅਜਿਹੀ ਔਰਤ ਬਣਾਉਣ ਵਾਲਾ ਕੌਣ ਏ ? ਉਹਦੇ ਆਪਣਾ ਸਮਾਜ ਏ ? ਆਪਣਾ ਪਰਿਵਾਰ ਏ ? ਜਾਂ ਉਸਦਾ ਪਿਓ ਏ ? ਇਸ ਸਾਰੇ ਵਰਤਾਰੇ ਨੂੰ ਇਕ ਮਰਦ ਉਸਾਰਦਾ ਏ। ਗੋਗੋ ਲਿੰਗ ਦੇ ਤੌਰ ਤੇ ਔਰਤ ਏ, ਪਰ ਉਹ ਕੰਮ ਸਾਰੇ ਮਰਦਾ ਵਾਲੇ ਕਰਦੀ ਏ। ਕਿਉਂਕਿ ਇਕ ਤਾਂ ਹਾਲਾਤ, ਦੂਜਾ ਮਰਦ ਜਾਤ; ਉਸ ਨੂੰ ਏਸ ਕਿਸਮ ਦੀ ਘੜਦਾ ਏ।

...ਗੋਗੋ ਦਾ ਸਕੈਚ ਕਹਾਣੀਕਾਰ ਨੇ ਬਹੁਤ ਬਾਰੀਕੀ ਨਾਲ ਖਿੱਚਿਆ ਏ। ਕਈ ਕਹਾਣੀਆਂ ਘਟਨਾਵਾਂ ਕਰਕੇ ਵੱਡੀਆਂ ਬਣ ਜਾਂਦੀਆਂ ਨੇ ਪਰ ਇਹ ਕਹਾਣੀ ਗੋਗੋ ਪਾਤਰ ਕਰਕੇ ਵੱਡੀ ਬਣ ਜਾਂਦੀ ਏ। ਗੋਗੋ ਬਾਰੇ ਕਹਾਣੀ ਵਿਚ ਇਕ ਵਾਕ ਏ-'ਅੱਡੀਆਂ ਦੇ ਫੱਟਾਂ ਵਿੱਚ ਗੋਹਿਆ ਫਸਿਆ ਰਹਿੰਦਾ' ਏ ਜੋ ਗੋਗੋ ਦੀ ਸਥਿਤੀ ਬਿਆਨ ਕਰ ਦਿੰਦਾ ਏ। ਏਸੇ ਤਰ੍ਹਾਂ ਕਹਾਣੀ ਦੇ ਹੋਰ ਵਾਕ ਵੀ ਫਲੈਟ ਨਹੀਂ, ਅਰਥ ਭਰਪੂਰ ਤੇ ਕਲਾ ਨਾਲ ਭਰਪੂਰ ਨੇ ਜਿਵੇਂ... 'ਬੱਛੀ ਪਰ ਕੁਤਰਨ ਦਾ ਖਿਡਾਰੀ ਸੀ। ਗੋਗੋ ਦੇ ਵੀ ਕੁਤਰ ਛੱਡੇ...' ਗੋਗੋ ਜਦੋਂ ਜਵਾਨ ਹੋ ਜਾਂਦੀ ਹੈ ਤੇ ਉਹਦੇ ਪਰ ਨਿਕਲ ਆਂਦੇ ਹਨ। ਕਹਾਣੀ ਵਿਚ ਮਰਦ ਔਰਤ ਨੂੰ ਜਿਣਸ-ਵਸਤੂ ਵਾਂਗ ਵਰਤਦਾ ਏ। ਉਹ ਔਰਤ ਕੋਲੋਂ ਮੱਝਾਂ ਦੀਆਂ ਧਾਰਾਂ, ਪੱਠੇ ਵੱਢਣ, ਡੰਗਰ ਦੀ ਸਾਂਭ ਸੰਭਾਲ ਦਾ ਕੰਮ ਲੈਂਦਾ ਏ।

ਗੋਗੋ ਪਿਓ ਵੱਲੋਂ ਲਏ ਜਾਂਦੇ ਅੰਤਾਂ ਦੇ ਕੰਮ ਤੋਂ ਡਰਦੀ ਲੋਕਾਂ ਦੀਆਂ ਖੁਰਲੀਆਂ ਵਿਚ ਰਾਤਾਂ ਗੁਜਾਰਦੀ ਏ। ਜਦੋਂ ਜਵਾਨ ਹੋ ਜਾਂਦੀ ਏ ਤਾਂ ਕਹਾਣੀ ਵਿਚ ਬੱਛੀ ਪਾਤਰ ਪਰਵੇਸ਼ ਕਰਦਾ ਏ ਜਿਹੜਾ ਗੋਗੋ ਨਾਲ ਜਬਰੀ ਸੰਬੰਧ ਬਣਾ ਲੈਂਦਾ ਏ। ਜਦੋਂ ਗੋਗੋ ਦੇ ਕੁਆਰੀ ਮਾਂ ਬਣਨ ਦਾ ਪਤਾ ਲੱਗਦਾ ਏ ਤਾਂ ਗੋਗੋ ਦਾ ਵਿਆਹ ਕਰ ਦਿੱਤਾ ਜਾਂਦਾ ਏ। ਪਰ ਗੋਗੋ ਬਾਗੀ ਹੋ ਜਾਂਦੀ ਏ। ਉਹ ਪਤੀ ਨੂੰ ਛੱਡ ਕੇ ਨਸ਼ੇ ਕਰਨ ਲੱਗ ਪੈਂਦੀ ਏ ਤੇ ਲੁੱਟਾਂ ਕਰਨ ਵਾਲੇ ਗੈਂਗ 'ਚ ਜਾ ਰਲਦੀ ਏ।

ਮੈਨੂੰ ਕਹਾਣੀ ਗੋਗੋ ਦੇ ਅਸਹਿਜ ਪਾਤਰ ਕਰਕੇ ਚੰਗੀ ਲੱਗੀ ਏ। ਪ੍ਰਸਥਿਤੀਆਂ ਤੇ ਹਾਲਾਤ ਬੰਦੇ ਨੂੰ ਘੜਦੇ ਵੀ ਹਨ। ਮਨੁੱਖ ਜਿਹੋ ਜਿਹਾ ਤੁਹਾਨੂੰ ਦਿਸਦਾ ਏ ਉਸ ਪਿੱਛੇ ਉਹਦਾ ਸਮਾਜਿਕ ਇਤਿਹਾਸ ਪਿਆ ਹੁੰਦਾ ਏ। ਗੋਗੋ ਜਿਹੋ ਜਿਹੀ ਕਹਾਣੀ ਦੇ ਅੰਤ ਵਿਚ ਪਾਠਕ ਨੂੰ ਦਿਸਦੀ ਏ, ਉਹਦੇ ਪਿੱਛੇ ਉਹਦਾ ਸਮਾਜ ਪਿਆ ਏ, ਉਹਦਾ ਪੀੜਤ ਇਤਿਹਾਸ ਪਿਆ ਏ। ਏਹ ਗੱਲ ਦਾ ਅਹਿਸਾਸ ਪਾਠਕ ਨੂੰ ਹੁੰਦਾ ਏ।

**ਜਸਵਿੰਦਰ ਸਿੰਘ** : ਬਾਜਵਾ ਨੇ ਇਸ ਕਹਾਣੀ ਵਿਚ ਇਕ ਮਾਸੂਮ ਤੇ ਅਲੜ੍ਹ ਕੁੜੀ, ਦੇ ਪੁੱਠੇ-ਭੈੜੇ ਸਫ਼ਰਾਂ ਦੀ ਦਾਸਤਾਨ ਕਹਿ ਇਕੋ ਵੇਲੇ ਸਾਡੇ ਘਰਾਂ-ਪਰਿਵਾਰਾਂ, ਕੰਮਾਂ-ਧੰਦਿਆਂ, ਸਮਾਜਾਂ ਤੇ ਮੁਲਕਾਂ ਦੀ ਉਹ ਪੁੱਠੀ ਪਰ ਸਹੀ ਤਸਵੀਰਕਸ਼ੀ ਕੀਤੀ ਹੈ, ਜੋ ਅੱਜ ਦੇ ਸਮਿਆਂ ਦਾ ਕੌੜਾ-ਕੁਸੈਲਾ ਸੱਚ ਹੈ। ਕੁਰੱਖ਼ਤ ਜ਼ਹਿਰੀ ਪਰ ਕਾਮੇ ਬਾਪ ਫ਼ੀਕੇ ਤੋਂ ਦੁੱਖੀ ਹੋ ਘਰਵਾਲੀ ਰੁਸ ਕੇ ਤੁਰ ਜਾਣ ਮਗਰੋਂ ਗੋਗੋ ਆਪਣੇ ਬਾਪ ਦੇ ਬੇਕਿਰਕ ਸੁਭਾਅ ਦੀ ਸ਼ਿਕਾਰ ਹੁੰਦੀ ਹੈ, ਪਰ ਜਾਵੇ-ਲੁਕੇ ਕਿਥੇ ? ਤੇ ਇਕ ਦੁਪਹਿਰੇ ਇਉਂ ਲੁਕੀ ਨੂੰ 'ਵਿਹਲੇ ਤੇ ਉਜੱਡ' ਬੱਛੀ ਨੇ ਆਣ ਭਰਮਾਇਆ-ਦਬੋਚਿਆ। ਬਾਤ ਏਥੋਂ ਸ਼ੁਰੂ ਹੁੰਦੀ ਹੈ। ਅਲੜ-ਅਣਭੋਲ ਮਨਾਂ-ਸਰੀਰਾਂ-ਰੂਹਾਂ 'ਤੇ ਪਾਏ ਵਹਿਸ਼ੀ ਜ਼ਖ਼ਮ ਕੀ ਦਾ ਕੀ ਬਣਾ ਧਰਦੇ ਨੇ, ਗੋਗੋ ਉਹਨੀਂ ਰਾਹੀਂ ਪਈ ਵਿਖਾਈ ਹੈ

ਕਹਾਣੀਕਾਰ ਨੇ ਆਮਮੁਹਾਰੇ ਉਡਦੀ ਕਬੂਤਰੀ ਨਾ ਮਰਦਾਂ ਨਾ ਕਿਸੇ ਜੁਰਮ ਦੀ ਪਰਵਾਹ ਕਰਦੀ ਹੈ ਤੇ ਗੈਂਗ ਚੋਂ ਰਲ਼ 'ਇਸ਼ਤਿਹਾਰਣ' ਹੋ ਗਈ ਹੈ। ਭੈੜੇ ਨਾਤਿਆਂ ਦੇ ਅੰਦਰਵਾਰੋਂ ਤੇ ਮਾੜੇ ਅਨਸਰਾਂ ਦੇ ਵਿਚੋਂ ਦੀ ਕੇਹੜੇ ਰਾਹ ਬਣਦੇ-ਬਚਦੇ ਨੇ ਗੋਗੋ ਉਸੇ ਦੀ ਪ੍ਰਤੀਕ ਹੈ।

**ਮਹਿਲ ਸਿੰਘ** : ਪਰਿਵਾਰ ਦੀ ਮੰਦਹਾਲੀ, ਕਰਜ਼ੀ ਮੁਸ਼ੱਕਤ ਤੇ ਆਪਸੀ ਕੁੜੱਤਣ ਔਰਤ ਜਾਂ ਬੰਦੇ ਨੂੰ ਕੀ ਤੋਂ ਕੀ ਬਣਾ ਦੇਂਦੀ ਹੈ, ਇਸ ਦੀ ਪ੍ਰਤੀਨਿਧ ਮਿਸਾਲ 'ਗੋਗੋ' ਕਹਾਣੀ ਹੈ। ਇਸ ਕਹਾਣੀ ਦੀ ਮੁੱਖ ਪਾਤਰ ਗੋਗੋ ਆਪਣੇ ਪਰਿਵਾਰਕ ਹਾਲਾਤ ਦੇ ਵੇਗ ਤਹਿਤ ਵਿਗੜਦੀ-ਵਿਗੜਦੀ ਅੰਤ ਪੁਲਿਸ ਦੀ ਭਗੌੜਾ ਹੋ ਜਾਂਦੀ ਹੈ। ਇਹ ਕਹਾਣੀ ਪਰਿਵਾਰ ਦੇ ਆਰਥਿਕ ਸੰਕਟ ਕਾਰਣ ਆਪਣੀ ਮਨੁੱਖੀ ਮਾਣ-ਮਰਯਾਦਾ ਤੋਂ ਡਿੱਗ ਜਾਣ ਨਾਲ ਸੰਬੰਧਿਤ ਹੈ। ਆਰਥਿਕ, ਸਮਾਜਕ, ਪਰਿਵਾਰਕ ਵਾਤਾਵਰਣ ਪਾਤਰਾਂ ਦੇ ਚਰਿੱਤਰ ਉਸਾਰੀ ਦਾ ਮੁੱਖ ਆਧਾਰ ਮੰਨਿਆ ਗਿਆ ਹੈ।

**ਗੁਰਪ੍ਰੀਤ ਬਰਾੜ** : ਅਲੀ ਉਸਮਾਨ ਬਾਜਵਾ ਨੇ 'ਗੋਗੋ' ਕਹਾਣੀ ਰਾਹੀਂ ਪਾਕਿਸਤਾਨੀ ਸਮਾਜ ਵਿੱਚ ਗਰੀਬ ਪਰਿਵਾਰ ਦੀ ਔਰਤ ਦੀ ਪੀੜ ਅਤੇ ਤ੍ਰਾਸਦੀ ਨੂੰ ਚਿਤਰਿਆ ਹੈ। ਘਰ, ਪਰਿਵਾਰ ਤੇ ਸਮਾਜ ਦੀਆਂ ਕਠਨ ਪ੍ਰਸਥਿਤੀਆਂ ਵਿੱਚੋਂ ਗੁਜ਼ਰਦੀ ਹੋਈ ਉਹ ਬੇਵੱਸੀ ਵਾਲੀ ਜ਼ਿੰਦਗੀ ਬਤੀਤ ਕਰਦੀ ਹੈ। 'ਗੋਗੋ' ਕਹਾਣੀ ਦੇ ਕੇਂਦਰ ਵਿੱਚ ਪੈਤ੍ਰਿਕ ਸੰਰਚਨਾ ਵਿੱਚ ਸਭਿਆਚਾਰਕ ਵਿਚਰਦੀ ਹੈ ਅਤੇ ਹਰੇਕ ਰਿਸ਼ਤੇ ਵਿੱਚ(ਮਾਂ, ਧੀ, ਪਤਨੀ) ਉਸਦੀ ਮਾਨਵੀ ਹੋਂਦ ਦੀ ਬੇਕਦਰੀ ਤੇ ਬੇਹੁਰਮਤੀ ਦੇ ਹਵਾਲੇ ਮੌਜੂਦ ਹਨ। ਸਥਿਤੀ ਦਾ ਸਿਤਮ ਇਹ ਹੈ ਕਿ ਕਹਾਣੀ ਦੀ ਨਾਇਕਾ 'ਗੋਗੋ' ਜਿਨਸੀ ਤਸ਼ਦੱਦ ਦਾ ਸ਼ਿਕਾਰ 'ਬੇਗਾਨੇ ਬੰਦੇ' (ਬੱਛੀ) ਤੋਂ ਹੀ ਨਹੀਂ ਹੁੰਦੀ, ਸਗੋਂ ਅਮਾਨਵੀ ਵਤੀਰੇ ਦਾ ਸ਼ਿਕਾਰ 'ਆਪਣੇ ਬਾਪ' ਤੋਂ ਵੀ ਹੁੰਦੀ ਹੈ। ਆਖਰੀ ਗੱਲ ਕਹਾਣੀ ਵਿੱਚ 'ਗੋਗੋ' ਮਨੁੱਖੀ ਸਮਾਜ ਵਿੱਚ ਔਰਤ ਹੋਣੀ ਦਾ ਸੰਤਾਪ ਭੋਗਦੀ ਕਿਤੇ ਵੀ ਇਨਸਾਨ ਤਸਲੀਮ ਨਹੀਂ ਹੁੰਦੀ।

**ਮਨੀਸ਼ ਕੁਮਾਰ** : ਕਹਾਣੀ ਫੀਕਾ ਅਤੇ ਉਸ ਦੀ ਬੇਗ਼ਮ ਦੋ ਪਾਤਰਾਂ ਦੁਆਲੇ ਆਪਣਾ ਕਾਰਜ ਸ਼ੁਰੂ ਕਰਦੀ ਹੈ। ਫੀਕੇ ਦੀ ਪਤਨੀ ਸ਼ਹਿਰ ਦੀ ਬਾਸ਼ਿੰਦੇ ਹੋਣ ਦੇ ਬਾਵਜੂਦ ਪਿੰਡ ਵਿੱਚ ਮੱਝਾਂ-ਗਾਂਵਾਂ ਨਾਲ ਰਹਿਣ ਵਾਲੇ ਪਰਿਵਾਰ ਵਿਚ ਵਿਆਹੀ ਜਾਂਦੀ ਹੈ। ਜਿੱਥੇ ਉਸ ਦੀ ਮਾਨਸਿਕ-ਸਰੀਰਕ ਲੁੱਟ ਕੀਤੀ ਜਾਂਦੀ ਹੈ। ਵਿਆਹ ਬਾਅਦ ਉਨ੍ਹਾਂ ਦੇ ਘਰ ਪੁੱਤਰ ਅਤੇ ਪੁੱਤਰੀ ਜਨਮਦੇ ਹਨ। ਪੁੱਤਰ ਘਰੇਲੂ ਕੰਮਕਾਰ ਤੋਂ ਦੁਖੀ ਹੋ ਕੇ ਭੱਜ ਜਾਂਦਾ ਹੈ ਤੇ ਪੁੱਤਰੀ ਗੋਗੋ ਕਹਾਣੀ ਦੀ ਮੁੱਖ ਪਾਤਰ ਵਜੋਂ ਸਾਹਮਣੇ ਆਉਂਦੀ ਹੈ। ਕਹਾਣੀ ਵਿੱਚ ਉਸ ਦਾ ਵੀ ਮਾਨਸਿਕ ਸਰੀਰਕ ਉਤਪੀੜਨ ਉਸਦਾ ਪਿਤਾ ਕਰਦਾ ਹੈ। ਹੌਲ਼ੀ-ਹੌਲ਼ੀ ਗੋਗੋ ਤਸ਼ੱਦਦ ਸਹਿਣਾ ਸਿੱਖ ਜਾਂਦੀ ਹੈ ਅਤੇ ਕਹਾਣੀ ਵਿਚ ਅੱਗੇ ਬੱਛੀ ਉਸ ਦਾ ਬਲਾਤਕਾਰ ਕਰ ਕੇ ਦੂਸਰੀ ਦੁਨੀਆਂ ਵਿੱਚ ਧਕੇਲ ਦਿੰਦਾ ਹੈ, ਜਿਸ ਨਾਲ ਗੋਗੋ ਸਮਝੌਤਾ ਕਰਦੀ ਹੋਈ ਆਨੰਦ ਅਤੇ ਖੁਸ਼ੀ ਆਪਣੀ ਪਿਛਲੀ ਜ਼ਿੰਦਗੀ ਦੇ ਰੋਹ 'ਚੋਂ ਪੈਦਾ ਕਰਦੀ ਹੈ। ਕਹਾਣੀ ਵਿਚ ਉਸਦਾ ਅੰਡੇ ਚੁੱਕਣ ਤੋਂ ਲੈ ਕੇ ਬੱਚੇ ਚੁੱਕਣ/ਵੇਚਣ ਤਕ ਦਾ ਸਫ਼ਰ ਸਮਾਜਿਕ ਦਾ ਅਨਿਆਈ ਵਿਵਹਾਰ ਹੈ ਜੋ ਉਸ ਨੂੰ ਅਜਿਹਾ ਕਰਨ ਲਈ ਮਜਬੂਰ ਕਰਦਾ ਹੈ। ਵਿਆਹ ਪੂਰਵ ਉਸਦੇ ਬੱਚਾ ਠਹਿਰਦਾ ਹੈ ਜਿਸ ਕਾਰਨ ਉਸਦਾ ਪਰਿਵਾਰ ਨਸ਼ੇੜੀ ਨਾਲ ਵਿਆਹ ਕਰ ਦਿੰਦਾ ਹੈ ਜੋ ਉਸ ਦੀ ਤ੍ਰਾਸਦਕ ਜ਼ਿੰਦਗੀ ਦੇ ਅਹਿਮ ਪਹਿਲੂ ਤੇ ਨਿੰਦਣਯੋਗ

ਪੜਾਅ ਦਰ ਪੜਾਅ ਹਨ। ਇਸ ਤੋਂ ਬਿਨ੍ਹਾਂ ਆਪਣਾ ਬੱਚਾ ਛੱਡ ਕੇ ਜਾਣਾ ਉਸਦਾ ਨੈਤਿਕ ਜ਼ਿੰਮੇਵਾਰੀਆਂ ਤੋਂ ਭੱਜਣ ਨੂੰ ਦਰਸਾਉਂਦਾ ਹੈ। ਕਹਾਣੀ ਦੇ ਅੰਤ ਵਿਚ ਪੁਲੀਸ ਦੀ ਵਧੀਕੀ ਸਿਸਟਮ ਦੀਆਂ ਵਧੀਕੀਆਂ ਦੀਆਂ ਅਨੇਕ ਪਰਤਾਂ ਦਾ ਚਿਹਨ ਹੋ ਨਿੱਬੜਦੀ ਹੈ। ਕਹਾਣੀ ਦੀ ਸ਼ੁਰੂਆਤ ਕਹਾਣੀ ਪਾਤਰ ਫਿੱਕਾ ਦੀ ਪਤਨੀ ਦੇ ਉਤਪੀੜਨ ਤੋਂ ਹੁੰਦੀ ਹੈ। ਇਹ ਉਤਪੀੜਨ ਕਹਾਣੀ ਦੇ ਮੱਧ ਤੋਂ ਅੰਤ ਤਕ (ਗੋਗੋ ਤੋਂ ਵਧ ਕੇ ਅੰਤ ਗੋਗੋ ਦੇ ਬੱਚੇ ਤਕ) ਵਧਦਾ ਹੋਇਆ ਉਤਪੀੜਨ ਤਸ਼ੱਦਦ ਦੇ ਕਾਲ਼ੇ ਇਤਿਹਾਸ ਨੂੰ ਪੇਸ਼ ਕਰਦਾ ਹੈ।

**ਕੁਲਵੰਤ ਸੰਧੂ** : ਇਹ ਕਹਾਣੀ ਦਿੱਖ ਦੀ ਪੱਧਰ ਤੇ ਫੀਕੇ, ਉਸਦੀ ਪਤਨੀ ਤੇ ਧੀ ਗੋਗੋ ਦੀ ਕਹਾਣੀ ਹੈ, ਜਿਸ ਵਿਚ ਫੀਕੇ ਨੂੰ ਅਜਿਹੇ ਪਾਤਰ ਦੇ ਰੂਪ ਵਿਚ ਚਿਤਰਿਆ ਗਿਆ ਹੈ, ਜੋ ਮਨੁੱਖੀ ਜਾਮੇ ਵਿਚ ਹੋਣ ਦੇ ਬਾਵਜੂਦ ਸਿਰਫ਼ ਆਪ ਹੀ ਪਸ਼ੂਆਂ ਵਰਗੀ ਜ਼ਿੰਦਗੀ ਨਹੀਂ ਜਿਉਂ ਰਿਹਾ, ਸਗੋਂ ਪਰਿਵਾਰ ਦੇ ਬਾਕੀ ਮੈਂਬਰ ਦੀ ਹੋਂਦ ਵੀ ਉਸ ਲਈ ਕੋਈ ਵੱਖਰੇ ਅਰਥ ਨਹੀਂ ਰੱਖਦੀ। ਅਜਿਹੇ ਮਾਹੌਲ ਵਿਚ ਪਤਨੀ ਦੇ ਛੱਡ ਕੇ ਚੱਲੇ ਜਾਣ ਤੋਂ ਬਾਅਦ ਵੀ ਫੀਕੇ ਵਿਚ ਕੋਈ ਤਬਦੀਲੀ ਨਹੀਂ ਆਉਂਦੀ ਤੇ ਗੋਗੋ ਵੀ ਅਜਿਹੇ ਮਾਹੌਲ ਵਿਚ ਜਵਾਨ ਹੁੰਦੀ ਹੈ। ਉਸ ਲਈ ਸਮਾਜਕ ਮਾਣ-ਮਰਯਾਦਾ ਉਸ ਦੀਆਂ ਸਰੀਰਕ ਜ਼ਰੂਰਤਾਂ ਦੀ ਪੂਰਤੀ ਤੋਂ ਵਧੇਰੇ ਅਰਥ ਨਹੀਂ ਰੱਖਦੀ।

ਇਹ ਕਹਾਣੀ ਬੇਸ਼ੱਕ ਦਿੱਖ ਦੀ ਪੱਧਰ ਤੇ ਇਕ ਪਰਿਵਾਰ ਦੀ ਕਹਾਣੀ ਹੈ, ਪਰ ਇਸ ਦੀ ਤਹਿ ਹੇਠ ਇਕ ਵਿਅੰਗ ਛੁਪਿਆ ਹੋਇਆ ਹੈ। ਆਦਿ ਕਾਲ ਤੋਂ ਮਨੁੱਖੀ ਜੂਨੀ ਨੂੰ ਸਰਵੋਤਮ ਤੇ ਅਸ਼ਰੁਫ ਉਲ ਮਖ਼ਲੂਕਾਤ ਜੂਨੀ ਕਹਿ ਕੇ ਪ੍ਰਚਾਰਿਆ-ਪ੍ਰਸਾਰਿਆ ਜਾਂਦਾ ਰਿਹਾ ਹੈ। ਪਰ ਸਮਾਜਕ-ਆਰਥਕ ਪ੍ਰਬੰਧ ਦੀ ਤੋਰ ਨੇ ਇਸ ਨੂੰ ਜਾਨਵਰਾਂ ਦੇ ਦਰਜੇ ਤੋਂ ਵੀ ਨੀਂਵਾ ਬਣਾ ਦਿੱਤਾ ਹੈ ਤੇ ਉਨ੍ਹਾਂ ਵਿਚੋਂ ਮਨੁੱਖ ਹੋਣ ਦਾ ਅਹਿਸਾਸ ਹੀ ਉਠ ਗਿਆ। ਫੀਕਾ, ਗੋਗੋ, ਬੱਛੀ ਤੇ ਫਿਰ ਗੋਗੋ ਦਾ ਜੰਮਿਆ ਪੁੱਤ ਅਜੇਹੇ ਹੀ ਪਾਤਰ। ਇਹ ਕਹਾਣੀ ਭਾਵੇਂ ਵਿਵਸਥਾ ਦੀ ਸੋਝੀ ਨਹੀਂ ਦੇਂਦੀ, ਪਰ ਅਜਿਹੇ ਮਨੁੱਖਾਂ ਦੀ ਹੋਂਦ ਨੂੰ ਚਿਤਰ ਕੇ ਇਸ ਬਾਰੇ ਸੋਚਣ ਲਈ ਜ਼ਰੂਰ ਮਜਬੂਰ ਕਰਦੀ ਹੈ।

**ਪਰਮਜੀਤ ਮੀਸ਼ਾ** : ਬਾਪ ਦੇ ਜ਼ੁਲਮ ਤੋਂ ਬਚਣ ਲਈ ਆਪਣੇ ਘਰ ਤੋਂ ਭੱਜ ਕੇ ਬੇਗਾਨੀਆਂ ਕੁੜਾਂ ਵਿੱਚ ਲੁਕਣ ਅਤੇ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਕਰਨ ਵਾਲੀ ਗੋਗੋ ਦੇ ਪਰ ਬੱਛੀ ਵਰਗੇ ਕਬੂਤਰਬਾਜ਼ਾਂ ਨੇ ਸਿਰਫ਼ ਕੁਤਰੇ ਹੀ ਨਹੀਂ, ਸਗੋਂ ਉਹਨੂੰ ਡਾਹਢੀ ਤੇ ਆਮ-ਮੁਹਾਰੀ ਉੱਡਣ ਵਾਲੀ ਕਬੂਤਰੀ ਬਣਾ ਦਿੱਤਾ, ਜਿਸਨੂੰ ਉੱਡਣ ਲਈ ਪਰਾਂ ਦੀ ਲੋੜ ਨਹੀਂ ਰਹੀ। ਸ਼ਰੀਫ਼ ਦਿੱਸਦੇ ਹਰਾਮੀਆਂ ਤੋਂ ਦਾਣਾ-ਦਾਣਾ ਚੁਗਣ ਵਾਲੀ ਗੋਗੋ ਨੂੰ ਜਦੋਂ ਆਪਣੀ ਕੀਮਤ ਪਤਾ ਲੱਗ ਗਈ ਤਾਂ ਲੁੱਟੇ ਜਾਂਦੇ ਲੋਕਾਂ ਨੂੰ ਵੇਖ ਕੇ ਉਹ ਨਾ ਸਿਰਫ਼ ਖ਼ੁਸ਼ ਹੁੰਦੀ, ਸਗੋਂ ਖ਼ੁਦ ਵੀ ਰਾਤਾਂ ਨੂੰ ਗਲੀਆਂ ਦੇ ਬਲਬ ਭੰਨਦੀ, ਮੁਫ਼ਤ ਖੋਰਾਂ ਨੂੰ ਛਿੱਲਦੀ, ਡੰਗਰਾਂ ਨੂੰ ਡਾਂਗਾ ਮਾਰਦੀ ਹਰ ਕਿਸੇ ਨੂੰ ਪੀੜ ਵੰਡਦੀ ਉਸੇ ਮੁਆਸ਼ਰੇ ਤੋਂ ਬਦਲਾ ਲੈ ਰਹੀ ਦਿਖਾਈ ਦਿੰਦੀ ਹੈ, ਜਿਸ ਮੁਆਸ਼ਰੇ ਦਾ ਫ਼ਰਜ਼ ਬਣਦਾ ਸੀ ਕਿ ਉਹ ਔਰਤ ਨੂੰ ਮਰਦ ਦੇ ਬਰਾਬਰ ਦਾ ਫ਼ਰਦ ਸਮਝ ਕੇ ਮਰਦ ਦੇ ਅਤਿਆਚਾਰ ਤੋਂ ਬਚਾਉਂਦਾ। ਇਹ ਉਹ ਮਰਦ-ਪ੍ਰਧਾਨ ਮੁਆਸ਼ਰਾ ਹੈ ਜਿਸ ਵਿੱਚ ਬਾਪ ਘਰਵਾਲੀ ਅਤੇ ਧੀ ਉਤੇ ਅਤਿਆਚਾਰ ਕਰਨਾ ਆਪਣਾ ਹੱਕ ਸਮਝਦਾ ਹੈ ਤੇ ਬੱਛੀ

ਵਰਗੇ ਕਬੂਤਰਬਾਜ਼ ਹੀ ਨਹੀਂ ਸਗੋਂ ਨਵੀਂ ਪੀੜ੍ਹੀ ਨੂੰ ਦੀਨੀ ਤੇ ਦਰਸੀ ਸਿਆਣਪ ਵੰਡਣ ਵਾਲੇ ਨਮਾਜ਼ੀ ਪਰਹੇਜ਼ਗਾਰ ਮੰਨੇ ਜਾਂਦੇ ਮਾਸਟਰ ਵੀ ਇਸ ਕੋਹਜੇ ਕਰਮ ਵਿੱਚ ਹਿੱਸੇਦਾਰ ਹਨ। 'ਕੱਟੀ ਦਾ ਕੰਨ ਹਿਲਾ ਕੇ ਪਿੰਡ ਵੱਲ ਵੇਖਣਾ' ਜਿੱਥੇ ਪਿੰਡ ਨੂੰ ਗੋਗੋ ਵਰਗੀਆਂ ਦੇ ਦੁਖਾਂਤ ਦਾ ਮੂਕ ਹਿੱਸੇਦਾਰ ਘੋਸ਼ਿਤ ਕਰਦਾ ਹੈ, ਉਥੇ ਪਠਾਣਾਂ ਨੂੰ ਨਿੱਕੇ ਬੱਚੇ ਅਗਵਾ ਕਰਕੇ ਨਸ਼ਿਆਂ ਤੇ ਹਥਿਆਰਾਂ ਦੇ ਤਾਜਰਾਂ ਹੱਥ ਵੇਚਣ ਵਾਲੇ ਵਰਤਾਰੇ ਦੀ ਪੇਸ਼ਕਾਰੀ ਮੁਆਸ਼ਰੇ ਨੂੰ ਔਰਤ ਪ੍ਰਤੀ ਅਪਣਾਈ ਸੋਚ ਬਦਲਣ ਦੀ ਲੋੜ ਵੱਲ ਇਸ਼ਾਰਾ ਵੀ ਕਰਦੀ ਹੈ।

**ਸ਼ਰਨਜੀਤ ਕੌਰ** : ਇਹ ਕਹਾਣੀ ਸਥਿਤੀ ਸਾਪੇਖ ਸੱਚ ਨੂੰ ਪੇਸ਼ ਕਰਦੀ ਹੈ ਕਿ ਬੰਦੇ ਦਾ ਕੋਈ ਸੱਚ ਨਹੀਂ ਹੈ ਸਗੋਂ ਸੱਚ ਸਥਿਤੀਆਂ ਦਾ ਹੈ। ਨਿੱਕੀ ਕਹਾਣੀ ਦਾ ਵਿਧਾਗਤ ਲੱਛਣ ਵੀ ਹੈ ਕਿ ਇਹ ਸਹੀ, ਗਲਤ, ਸੱਚ, ਝੂਠ ਦਾ ਨਿਰਣਾ ਨਹੀਂ ਕਰਦੀ, ਸਗੋਂ ਕੇਵਲ ਸਥਿਤੀਆਂ ਨੂੰ ਸਾਹਮਣੇ ਰੱਖਦੀ ਹੈ। ਇਸ ਕਹਾਣੀ ਵਿਚਲੀ ਪਾਤਰ ਗੋਗੋ ਦੇ ਜ਼ਰੀਏ ਕਹਾਣੀਕਾਰ ਵਿਅਕਤੀ ਸੱਚ ਦੀ ਪਿੱਠਭੂਮੀ ਵਿਚ ਕਾਰਜਸ਼ੀਲ ਸਮੂਹ ਕਾਰਨਾਂ ਤੇ ਪ੍ਰੇਰਕਾਂ ਨੂੰ ਵੇਖਣ ਦੀ ਸਮਝ ਪ੍ਰਦਾਨ ਕਰ ਰਿਹਾ ਹੈ, ਕਿਉਂਕਿ ਪ੍ਰਚਲਿਤ ਧਾਰਨਾ ਹੈ ਕਿ ਇਨਸਾਨ ਜੋ ਵੀ ਅੱਜ ਹੈ, ਉਹ ਆਲੇ-ਦੁਆਲੇ ਜਾਂ ਸਥਿਤੀਆਂ-ਪ੍ਰਸਥਿਤੀਆਂ ਦੀ ਪੈਦਾਵਾਰ ਹੈ। ਗੋਗੋ ਮਾਂ ਦੀ ਗੈਰ-ਮੌਜੂਦਗੀ ਵਿਚ ਪਲਦੀ ਹੈ, ਪਿਉ ਦਾ ਸਾਇਆ ਕੇਵਲ ਸਹਿਮ ਤੇ ਡਰ ਤੋਂ ਵੱਧ ਕੁਝ ਨਹੀਂ। ਸਥਿਤੀਆਂ ਦੀ ਕਰੂਰਤਾ ਗੋਗੋ ਦੇ ਵਿਅਕਤੀਤਵ ਵਿਚ ਖਿੰਡਾਅ ਪੈਦਾ ਕਰ ਦਿੰਦੀ ਹੈ ਜੋ ਬਾਲਗ ਹੋਣ ਤੋਂ ਅੱਲੜ ਤੇ ਜਵਾਨੀ ਦੇ ਪੜਾਅ ਤੱਕ ਫੈਲ ਕੇ ਵਧੇਰੇ ਭਿਆਨਕ ਰੂਪ ਅਖ਼ਤਿਆਰ ਕਰ ਜਾਂਦਾ ਹੈ। ਇਸ ਤਰ੍ਹਾਂ ਇਹ ਕਹਾਣੀ ਬਹੁਪਰਤੀ ਕਹਾਣੀ ਹੈ, ਕਹਾਣੀਕਾਰ ਥੋੜ੍ਹੇ ਸ਼ਬਦਾਂ ਵਿਚ ਵੀ ਵੱਡੀ ਗੱਲ ਕਹਿਣ ਦਾ ਵੱਲ ਰੱਖਦਾ ਹੈ, ਕਹਾਣੀ ਪੜ੍ਹ ਕੇ ਇੰਝ ਪ੍ਰਤੀਤ ਹੁੰਦਾ ਹੈ।

**ਜਸ ਮੰਡ** : ਕਹਾਣੀ ਦੀ ਸ਼ੁਰੂਆਤ ਅਤੇ ਅੰਤ ਫੀਕੇ ਵਲੋਂ ਕੀਤੀ ਜਾ ਰਹੀ ਘਰੇਲੂ ਹਿੰਸਾ ਨਾਲ ਹੁੰਦਾ ਹੈ। ਫੀਕੇ ਦੀ ਹਿੰਸਾ ਦਾ ਸ਼ਿਕਾਰ ਪਹਿਲਾਂ ਉਸਦੀ ਬੀਵੀ ਬਣਦੀ ਹੈ, ਫੇਰ ਗੋਗੋ ਤੇ ਫੇਰ ਗੋਗੋ ਦਾ ਮੁੰਡਾ। ਗੋਗੋ ਤੋਂ ਪਹਿਲਾਂ ਫੀਕੇ ਦੇ ਘਰ ਇਕ ਬੇਟਾ ਵੀ ਪੈਦਾ ਹੋਇਆ, ਜਿਸ ਬਾਰੇ ਏਨਾ ਤਾਂ ਜ਼ਿਕਰ ਹੈ ਕਿ ਉਸ ਨੂੰ ਸਕੂਲੇ ਭੇਜਣ ਦੀ ਬਜਾਏ ਪਸ਼ੂਆਂ ਪਿੱਛੇ ਹੱਕ ਦਿੱਤਾ ਜਾਂਦਾ ਹੈ। ਉਹ ਘਰੋਂ ਨੱਸ ਜਾਂਦਾ ਹੈ ਤੇ ਸਾਲ-ਦੋ ਸਾਲੀਂ ਘਰ ਚੱਕਰ ਮਾਰਦਾ ਹੈ। ਉਸ ਉੱਤੇ ਪਿਓ ਵਲੋਂ ਕੀਤੀ ਜਾਂਦੀ ਹਿੰਸਾ ਦਾ ਕੋਈ ਜ਼ਿਕਰ ਨਹੀਂ। ਕਹਾਣੀ ਵਿਚ ਵਿਸਤਾਰ ਵਿਚ ਵਰਨਣ ਕੇਵਲ ਗੋਗੋ ਦਾ ਹੈ। ਬਾਪ ਤੋਂ ਕੁੱਟ ਖਾਂਦੀ-ਖਾਂਦੀ ਗੋਗੋ ਜਦੋਂ ਮੁਟਿਆਰ ਹੋਈ, ਤਾਂ ਬੱਛੀ ਦੀ ਹਵਸ ਦਾ ਸ਼ਿਕਾਰ ਬਣਦੀ ਹੈ, ਫੇਰ ਆਪਣੇ ਸਰੀਰ ਨੂੰ ਵੇਚਣ/ਵਰਤਣ ਤੱਕ ਜਾਂਦੀ ਹੈ, ਅਤੇ ਨਸ਼ੇ ਵੇਚਣ ਵਾਲੇ ਗਰੋਹ ਰਾਹੀਂ ਹੁੰਦੀ ਹੋਈ, ਬੱਚੇ ਵੇਚਣ ਦਾ ਕੰਮ ਕਰਨ ਤੱਕ ਚਲੀ ਜਾਂਦੀ ਹੈ ਅਤੇ ਇਸ਼ਤਿਹਾਰੀ ਮੁਜਰਮ ਕਰਾਰ ਦੇ ਦਿੱਤੀ ਜਾਂਦੀ ਹੈ।

ਇਸ ਕਹਾਣੀ ਨੂੰ ਪੜ੍ਹ ਕੇ ਲੱਗਦਾ ਹੈ ਕਿ ਜਾਂ ਤਾਂ ਪਾਕਿਸਤਾਨੀ ਪੰਜਾਬ ਅਜੇ ਉਹੋ ਜਿਹਾ ਹੈ, ਜਿਹੋ ਜਿਹਾ ਸਾਡਾ ਪੰਜਾਬ ਅੱਜ ਤੋਂ ਚਾਰ-ਪੰਜ ਦਹਾਕੇ ਪਹਿਲਾਂ ਹੁੰਦਾ ਸੀ, ਜਾਂ ਫਿਰ ਲੇਖਕ ਪੁਰਾਣੇ ਵਕਤਾਂ ਦੀ ਕਹਾਣੀ ਦੱਸ ਰਿਹਾ ਹੈ। ਇਸ ਗੱਲ ਨੂੰ ਅੱਖੋਂ ਪਰੋਖੇ ਰੱਖ ਕੇ ਵੀ ਜੇ ਇਸ ਕਹਾਣੀ ਨੂੰ ਵੇਖਿਆ ਜਾਵੇ ਤਾਂ ਇਹ ਬਹੁਤ ਸਿੱਧ-ਪੱਧਰੀ ਕਹਾਣੀ ਹੈ। ਇਕ ਪਾਠਕ ਦੇ 'ਤੇ ਮੈਨੂੰ ਨਾ ਤਾਂ ਇਸ ਕਹਾਣੀ ਵਿਚ ਕਿਤੇ ਕੋਈ ਤਣਾਅ ਦੀ ਸਥਿਤੀ ਲੱਭੀ ਤੇ ਨਾ ਹੀ ਅਖੀਰ

ਤੱਕ ਪਤਾ ਲੱਗਾ ਕਿ ਲੇਖਕ ਦੀ ਪੁਜ਼ੀਸ਼ਿਨਿੰਗ ਕੀ ਹੈ!

ਕਹਾਣੀ ਦੇ ਪਹਿਲੇ ਭਾਗ ਵਿਚ ਲੇਖਕ ਦੱਸਦਾ ਹੈ ਕਿ ਗੋਗੋ ਦੀਆਂ ਫੁਫੀਆਂ, ਚਾਚੇ ਵੀ ਵਿਆਹੇ ਵਰੇ ਸਨ। ਪਰੰਤੂ ਬਾਅਦ ਵਿਚ ਉਸਦੀ ਇਕ ਕੁਆਰੀ ਫੁਫੀ, ਜਿਹੜੀ ਸ਼ੁਦੈਣ ਹੈ, ਵੀ ਆ ਪ੍ਰਗਟ ਹੁੰਦੀ ਹੈ। ਇੰਝ ਹੀ ਜਦੋਂ ਗੋਗੋ ਦੀ ਪ੍ਰੈਗਨੈਂਸੀ ਦਾ ਪਤਾ ਲੱਗਦਾ ਹੈ, ਤਾਂ ਅਚਾਨਕ ਕਿਤਿਓਂ ਦਾਦੀ, ਦਾਦਾ ਵੀ ਨਿਕਲ ਆਉਂਦੇ ਹਨ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਬਾਜਵਾ ਨੂੰ ਕਹਾਣੀ ਕਹਿਣ ਦਾ ਵੱਲ ਆਉਂਦਾ ਹੈ। ਬੱਛੀ ਵਲੋਂ ਗੋਗੋ ਉੱਤੇ ਚੜ੍ਹਾਈ ਵਾਲਾ ਬਿਆਨ ਬਹੁਤ ਵਧੀਆ ਹੈ: ਬੱਛੀ ਨੇ ਉਹਦੇ ਪੱਟ ਤੇ ਹੱਥ ਰੱਖ ਛੱਡਿਆ। ਗੋਗੋ ਦੇ ਜੁੱਸੇ ਵਿਚ ਕੀੜੀਆਂ ਜਿਹੀਆਂ ਭਜਣ ਲੱਗ ਪਈਆਂ, ਮੱਥੇ ਤੇ ਤ੍ਰੇਲੀ ਆ ਗਈ ਤੇ ਸਾਹ ਹਨੇਰੀ ਵਾਂਗ ਚੱਲਣ ਲੱਗ ਪਏ।...ਗੋਗੋ ਹੁਣ ਆਪਣੇ ਵੱਸ ਵਿਚ ਨਹੀਂ ਸੀ। ਕੁੱਝ ਪਲਾਂ ਬਾਅਦ ਜਦ ਕਬੂਤਰ ਗੋਗੋ ਦੇ ਹੱਥ ਵਿਚ ਨਹੀਂ ਸੀ ਤੇ ਕੱਟੀ ਦੇ ਸਿੰਙ ਉਤੇ ਜਾ ਬੈਠਾ ਸੀ, ਗੋਗੋ ਨੇ ਪੀੜ ਦੇ ਨਾਲ਼ ਚੀਕ ਮਾਰਨ ਦੀ ਕੋਸ਼ਿਸ਼ ਕੀਤੀ ਪਰ ਬੱਛੀ ਨੇ ਉਹਦੇ ਮੂੰਹ ਤੇ ਹੱਥ ਰੱਖ ਦਿੱਤਾ। ਲਹੂ ਦੀ ਇਕ ਲਕੀਰ ਫੁੱਟੀ। ਕੱਟੀ ਕੰਨ ਹਿਲਾ ਹਿਲਾ ਕੇ ਪਿੰਡ ਵੱਲ ਵੇਖਣ ਲੱਗ ਪਈ ਤੇ ਕਿੱਕਰ ਉੱਤੇ ਬੈਠੀਆਂ ਚਿੜੀਆਂ ਖੌਰੇ ਕਾਹਨੂੰ ਉੱਡ ਗਈਆਂ। ਬੱਛੀ ਕਬੂਤਰ ਲੈ ਕੇ ਇੰਜ ਉਠ ਖਲੋਤਾ ਜਿਵੇਂ ਕੋਈ ਵਾਢੀ ਪੂਰੀ ਕਰ ਕੇ ਉਠਦਾ ਏ।"

**ਰਜਨੀਸ਼:** ਅਲੀ ਉਸਮਾਨ ਬਾਜਵਾ ਦੀ ਕਹਾਣੀ 'ਗੋਗੋ' ਚੜ੍ਹਦੇ ਪੰਜਾਬ ਵਿਚ ਪ੍ਰਗਤੀਵਾਦ ਦੇ ਬੋਲਬਾਲੇ ਸਮੇਂ ਲਿਖੀ ਜਾ ਰਹੀ ਕਹਾਣੀ ਦੇ ਆਸ-ਪਾਸ ਹੈ। ਕਹਾਣੀ ਪਾਤਰ ਕੇਂਦਰਿਤ ਹੈ। ਪਾਤਰ ਨਾਰੀ ਹੈ। ਇਸ ਵਿਚ ਪਾਤਰ ਚਿਤਰਣ ਤੋਂ ਅੱਗੇ ਵੱਧ ਕੇ ਪਾਤਰ ਉਸਾਰੀ ਹੈ। ਗੋਗੋ ਸਮੁੱਚੀ ਕਹਾਣੀ ਵਿਚ ਵਿਕਾਸ ਕਰਦੀ ਹੈ। ਕਰੂੜ ਸਥਿਤੀਆਂ ਉਸ ਦੇ ਵਿਕਾਸ ਦਾ ਬਾਇਸ ਬਣਦੀਆਂ ਹਨ। ਉਹ ਪਿਤਰੀ ਸੰਸਥਾਵਾਂ ਦਾ ਸੰਤਾਪ ਭੋਗਦੀ ਹੈ। ਇਸ ਸੱਤਾ ਦੇ ਸਿਖਰ ਉੱਤੇ ਗੋਗੋ ਦਾ ਪਿਓ ਹੈ। ਗੋਗੋ ਦਾ ਵਿਹਾਰ ਸਖ਼ਤ ਜ਼ਿੰਦਗੀ ਚੋਂ ਉਭਰਦਾ ਹੈ। ਉਸ ਸਖ਼ਤ ਜੀਵਨ ਅਨੁਭਵ ਵਿਚੋਂ ਉਸੇ ਸਮਾਜ ਦੇ ਉਸ ਤੋਂ ਵੱਡੀ ਉਮਰ ਦੇ ਮੁੰਡੇ ਤੋਂ ਪ੍ਰਾਪਤ ਕਾਮ ਅਨੁਭਵ ਤੋਂ ਹੁੰਦੀ ਹੋਈ ਕਾਮ ਨੂੰ ਜੀਵਨ ਉਪਜੀਵਕਾ ਦਾ ਮਾਧਿਅਮ ਬਣਾ ਲੈਂਦੀ ਹੈ। ਉਸ ਦੇ ਅਵਚੇਤਨ ਵਿਚ ਉਸ ਸਮਾਜ ਪ੍ਰਤੀ ਨਫ਼ਰਤ ਹੈ ਜਿਸ ਵਿਚੋਂ ਉਸ ਦਾ ਵਿਹਾਰ ਹੋਂਦ ਗ੍ਰਹਿਣ ਕਰਦਾ ਹੈ। ਉਹ ਚੋਰੀਆਂ ਤੋਂ ਸ਼ੁਰੂ ਕਰਕੇ ਧਾੜਾਂ ਮਾਰਨ ਲਗ ਜਾਂਦੀ ਹੈ। ਗੋਗੋ ਬੱਚੀ ਤੋਂ ਜੁਆਨ ਹੋ ਕੇ ਇਕ ਪੁੱਤਰ ਦੀ ਮਾਂ ਬਣਦੀ ਹੈ ਪ੍ਰੰਤੂ ਉਸ ਦੁਆਲੇ ਸਥਿਤੀਆਂ ਨਹੀਂ ਬਦਲਦੀਆਂ ਇਸ ਲਈ ਉਸ ਦਾ ਪੁੱਤਰ ਵੀ ਮਾਂ ਵਾਂਗ ਹੀ ਵਿਹਾਰ ਕਰਦਾ ਹੈ। ਕਹਾਣੀਕਾਰ ਇਸ ਵਰਤਾਰੇ ਨੂੰ ਲਿੰਗਕ ਪਛਾਣ ਤੋਂ ਪਾਰ ਲੈ ਜਾਂਦਾ ਹੈ। ਇਸ ਤਰ੍ਹਾਂ ਇਹ ਕਹਾਣੀ ਹਰ ਪ੍ਰਕਾਰ ਦੇ ਆਦਰਸ਼ ਤੋਂ ਮੁਕਤ ਹੈ। ਕਹਾਣੀ ਚਿਤਰਣ ਪੱਖੋਂ ਯਥਾਰਥਮੁਖੀ ਕੋਟੀ ਦੇ ਨੇੜੇ ਹੈ। ਉਸਮਾਨ ਅਲੀ ਬਾਜਵਾ ਕਹਾਣੀ ਨੂੰ ਸਹਿਜ ਤੋਰਦਾ ਹੈ। ਅੰਤ ਵਾਲਾ ਵਾਕ ਉਸ ਨੂੰ ਕਹਾਣੀ ਬਣਾ ਦਿੰਦਾ ਹੈ ਜਿਹੜੀ ਇਕ ਸਿਲਸਿਲੇ ਨੂੰ ਉਦੋਂ ਤੱਕ ਅੱਗੇ ਤੋਰਦੀ ਹੈ ਜਦੋਂ ਤਕ ਜੀਵਨ ਜਿਊਣ ਦੇ ਪ੍ਰੇਰਕ ਅਤੇ ਉਨ੍ਹਾਂ ਦੀ ਜੜ੍ਹ ਵਿਚ ਪਏ ਸਾਧਨ ਨਹੀਂ ਬਦਲਦੇ। ਮੈਨੂੰ ਸਾਧਾਰਨ ਜਿਹੇ ਪਲਾਟ ਉੱਤੇ ਉਸਾਰੀ ਇਹ ਵਧੀਆ ਕਹਾਣੀ ਲੱਗੀ ਹੈ।

***

# ਫ਼ਰਿੱਜ ਵਿਚ ਪਿਆ ਟਮਾਟਰ

*- ਮਖ਼ਦੂਮ ਟੀਪੂ ਸਲਮਾਨ*

ਮੈਂ ਕਿਸੇ ਨੂੰ ਦੱਸਦਾ ਨਹੀਂ। ਜੇ ਦੱਸ ਦਿੱਤਾ ਤੇ ਐਹਨਾਂ ਮੈਨੂੰ ਰੱਸੇ ਪਾ ਕੇ ਪਾਗਲਾਂ ਦੇ ਡਾਕਟਰ ਕੋਲ਼ ਲੈ ਜਾਣਾ ਏ ਜਿਹਨੇ ਦਵਾਈਆਂ ਖਵਾ ਖਵਾ ਕੇ ਮੇਰੀ ਮੱਤ ਮਾਰ ਛੱਡਣੀ ਏ। ਡਾਕਟਰ ਜੋ ਪਾਗਲਾਂ ਦਾ ਹੋਇਆ। ਐਸੇ ਲਈ ਮੈਂ ਐਹਨਾਂ ਨੂੰ ਦੱਸਦਾ ਨਹੀਂ ਬਈ ਮੈਂ ਠੀਕ ਹੋ ਗਿਆ ਵਾਂ। ਐਹ ਸਾਰੇ ਪਾਗਲ ਜੋ ਹੈਣ। ਐਹਨਾਂ ਨੂੰ ਪਤਾ ਲੱਗ ਗਿਆ ਤੇ ਐਹਨਾਂ ਨੇ ਮੈਨੂੰ ਫੇਰ ਪਾਗਲ ਕਰ ਛੱਡਣਾ ਏ।

ਮੈਨੂੰ ਪਹਿਲਾਂ ਈ ਲੱਗਣ ਲੱਗ ਪਿਆ ਸੀ ਬਈ ਐਹਨਾਂ ਨੂੰ ਕੁੱਝ ਸ਼ੱਕ ਜਿਹਾ ਪੈ ਗਿਆ ਏ। ਕਈ ਵਾਰੀ ਇੰਜ ਹੋਂਦਾ ਕਿ ਦੋ ਤਿੰਨ ਜੀਅ ਖੁਸਰ ਫੁਸਰ ਪਏ ਕਰਦੇ ਹੁੰਦੇ, ਤੇ ਮੈਨੂੰ ਵੇਖਦੇ ਈ ਚੁੱਪ ਚਾਂ। ਉੱਤੋਂ ਜੇ ਮੈਂ ਗ਼ੌਰ ਨਾਲ ਵੇਖਦਾ ਤੇ ਅੱਗੋਂ ਔਹ ਵੀ ਮੈਨੂੰ ਗ਼ੌਰ ਗ਼ੌਰ ਨਾਲ ਵੇਖਣ ਲੱਗ ਪੈਂਦੇ।

ਕਲ ਤਾਂ ਹੱਦ ਈ ਹੋ ਗਈ। ਮੈਂ ਫ਼ਰਿੱਜ ਵਿਚ ਪਏ ਟਮਾਟਰ ਨਾਲ ਗੱਲਾਂ ਪਿਆ ਕਰਦਾ ਸਾਂ, ਤੇ ਉੱਤੋਂ ਅੱਬਾ ਜੀ ਆ ਗਏ। ਪਹਿਲਾਂ ਤੇ ਮੈਨੂੰ ਇਕ ਦੋ ਵਾਰੀ ਅਰਾਮ ਨਾਲ ਪੁੱਛਿਆ ਬਈ ਮੈਂ ਕਿਧੇ ਨਾਲ ਗੱਲਾਂ ਪਿਆ ਕਰਦਾਂ ਸਾਂ। ਖ਼ਵਰੇ ਕਧੋਂ ਦੇ ਮੇਰੇ ਪਿੱਛੇ ਖਲੋ ਕੇ ਮੇਰੀਆਂ ਤੇ ਟਮਾਟਰ ਦੀਆਂ ਗੱਲਾਂ ਪਏ ਸੁਣਦੇ ਸਨ। ਜਦੋਂ ਮੈਂ ਕੁੱਝ ਨਾ ਦੱਸਿਆ ਤੇ ਮੇਰੇ ਮੋਢੇ ਫੜ ਕੇ ਜ਼ੋਰ ਜ਼ੋਰ ਦੀ ਮੈਨੂੰ ਝਟਕੇ ਮਾਰਨ ਲੱਗ ਪਏ, ਉੱਤੋਂ ਚੀਕਣ ਲੱਗ ਪਏ, ਦਸ, ਦਸ, ਕਿਧੇ ਨਾਲ ਗੱਲਾਂ ਪਿਆ ਕਰਨਾ ਸਾਂ?

ਮੈਂ ਫੇਰ ਵੀ ਕੁੱਝ ਨਾ ਦੱਸਿਆ। ਹੁਣ ਮੈਂ ਬੇਲੀਆਂ ਨਾਲ ਕੀਤੀਆਂ ਗੰਦੀਆਂ ਗੱਲਾਂ ਕਿਸ ਤਰ੍ਹਾਂ ਦੱਸਦਾ ਅੱਬੇ ਨੂੰ? ਮੈਂ ਤੇ ਟਮਾਟਰ ਨੂੰ ਪਿਆ ਦੱਸਦਾ ਸਾਂ ਕਿ ਮੇਰਾ ਮੂਤਰ ਵੀ ਹੁਣ ਮੇਰੇ ਕਹਿਣ ਵਿਚ ਨਹੀਂ ਰਿਹਾ। ਧਾਰ ਮੈਂ ਸੱਜੇ ਪਾਸੇ ਨੂੰ ਮਾਰਾਂ ਤੇ ਜਾਂਦੀ ਖੱਬੇ ਪਾਸੇ ਨੂੰ ਏ। ਮੈਂ ਇਕ ਦਿਨ ਔਹਨੂੰ ਤ੍ਰਾਹਿਆ ਵੀ ਸੀ, ਪਰ ਅਜੇ ਮੈਂ ਛਿਤਰੌਲ ਕਰਨਾ ਈ ਪਿਆ ਸਾਂ ਤੇ ਲੋਕੀ ਜ਼ੋਰ ਜ਼ੋਰ ਦੀ ਬੂਹਾ ਪਿੱਟਣ ਲੱਗ ਪਏ। ਮੈਂ ਘਾਬਰ ਕੇ ਚੁੱਪ ਕਰ ਗਿਆ ਕਿ ਫ਼ੇਰ ਪੁੱਛਣ ਗੇ ਕਿਧੇ ਉੱਤੇ ਪਿਆ ਚੀਕਨਾਂ ਸਾਂ? ਹੁਣ ਕੀ ਦੱਸਾਂ ਗਾ ਮੈਂ ਐਹਨਾਂ ਪਾਗਲਾਂ ਨੂੰ? ਬੱਸ ਔਸ ਦਿਨ ਦਾ ਤੇ ਮੂਤਰ ਵੀ ਮੇਰਾ ਪਿਓ ਬਣਿਆ ਖਲੋਤਾ ਏ। ਕਧੇ ਐਧਰ ਤੇ ਕਧੇ ਔਧਰ, ਕਧੇ ਐਧਰ ਤੇ ਕਧੇ ਔਧਰ।

ਮੈਂ ਟਮਾਟਰ ਨੂੰ ਇਹ ਵੀ ਦੱਸਿਆ ਸੀ ਬਈ ਕਿਸ ਤਰ੍ਹਾਂ ਇਕ ਦਿਨ ਮੇਰੇ ਹੱਥ ਨੇ ਅੱਜ ਈ ਮੈਨੂੰ ਕਿੰਨਾ ਸਤਾਇਆ ਸੀ। ਟੁੱਕਰ ਖਾਂਦੇ ਖਾਂਦੇ ਮੈਂ ਪਾਣੀ ਪੀਣ ਲਈ ਗਿਲਾਸ ਫੜਨ ਲੱਗਾ ਤੇ ਔਹਨੇ ਕਾਂਟਾ ਫੜ ਲਿਆ। ਜੀ ਤੇ ਮੇਰਾ ਕੀਤਾ ਇਕ ਵਾਰੀ ਕੁੱਟ ਸੁੱਟਾਂ ਹਰਾਮਦੇ ਨੂੰ, ਪਰ ਸਾਰੇ ਜੀਅ ਨਾਲ ਈ ਬੈਠੇ ਖਾਣਾ ਪਏ ਖਾਂਦੇ ਸਨ। ਓਸ ਵੇਲੇ ਤੇ ਮੈਂ ਐਹਨੂੰ ਝਿੜਕ ਵੀ ਨਹੀਂ ਸਾਂ ਸਕਦਾ ਕਿਉਂ ਜੇ ਸਾਰੇ ਪਾਗਲਾਂ ਨੇ ਫੇਰ ਕੱਠੇ ਹੋ ਜਾਣਾ ਸੀ ਕਿ ਕਿਧੇ ਨਾਲ ਗੱਲਾਂ ਪਿਆ ਕਰਨਾ ਏਂ? ਸਾਲ਼ਾ ਮੇਰੀ ਤੇ ਸੁਣੇ ਈ ਕੋਈ ਨਾ। ਮੈਂ ਤੇ ਐਸ ਜੋਗਾ ਵੀ ਨਾ ਰਹਿ ਗਿਆ ਬਈ ਹੱਥ ਕਾਂਟੇ ਤੋਂ ਛਿਕ ਕੇ ਮੁੜ ਟੁੱਕਰ ਈ ਖਾਣ ਲੱਗ ਪੈਂਦਾ। ਹੱਥ ਐਥੇ ਈ

ਜੋ ਜੰਮ ਗਿਆ ਸੀ। ਕੁੱਝ ਚਿਰ ਵੀ ਹੱਥ ਐਥੇ ਈ ਜੰਮਿਆ ਰਿਹਾ ਤੇ ਸਭ ਮੇਰੇ ਵੱਲ ਵੇਖਣ ਲੱਗ ਪਏ। ਸੀਨ ਔਸ ਵੇਲੇ ਕੁੱਝ ਐਸ ਤਰ੍ਹਾਂ ਦਾ ਬਣ ਗਿਆ ਸੀ ਕਿ ਮੈਂ ਵੀ ਫੇਰ ਐਨਾਂ ਵੱਲ ਬਿਟਰ ਬਿਟਰ ਵੇਖਣ ਲੱਗ ਪਿਆ। ਵਾਹਵਾ ਈ ਚਿਰ ਹੋ ਗਿਆ ਐਸ ਤਰ੍ਹਾਂ ਇਕ ਦੂਜੇ ਨੂੰ ਵੇਖਦਿਆਂ ਜਦੋਂ ਅਚਾਨਚੱਕ ਮੈਨੂੰ ਜਾਪਿਆ ਬਈ ਹੱਥ ਠੀਕ ਹੋ ਗਿਆ ਸੀ। ਮੈਂ ਚੁੱਪ ਕਰਕੇ ਹੱਥ ਕਾਂਟੇ ਤੋਂ ਛਿਕ ਕੇ ਟੁੱਕਰ ਖਾਣ ਲੱਗ ਪਿਆ। ਅੱਖਾਂ ਮੈਂ ਆਪਣੀ ਪਲੇਟ ਵਿਚ ਗੱਡ ਲਈਆਂ ਤੇ ਸਾਰਿਆਂ ਦੀਆਂ ਆਪਣੇ ਤੇ ਗੱਡੀਆਂ ਅੱਖਾਂ ਝਟਕਣ ਲਈ ਜ਼ੋਰ ਜ਼ੋਰ ਦੇ ਝਟਕੇ ਮਾਰ ਮਾਰ ਕੇ ਬੁਰਕੀਆਂ ਚੱਬਣ ਲੱਗ ਪਿਆ।

ਅੱਗੋਂ ਟਮਾਟਰ ਵਿਚਾਰਾ ਆਪਣੀ ਹੋਂਦ ਦੇ ਮਸਲਿਆਂ ਤੋਂ ਪ੍ਰੇਸ਼ਾਨ ਸੀ। ਓਹ ਮੈਨੂੰ ਪਿਆ ਦੱਸਦਾ ਸੀ ਕਿ ਤਿੰਨ ਦਿਨਾਂ ਤੋਂ ਓਹ ਫ਼ਰਿੱਜ ਵਿਚ ਪਿਆ ਸੀ ਤੇ ਔਹਦਾ ਜੁੱਸਾ ਨਰਮ ਪੈ ਗਿਆ ਸੀ। ਹੁਣ ਐਹਨੇ ਕੂੜੇ ਵਿਚ ਈ ਜਾਣਾ ਸੀ। ਕਹਿੰਦਾ ਸੀ ਨਾ ਔਹਨੇ ਕੀੜੇ ਦਾ ਢਿੱਡ ਭਰਿਆ ਨਾ ਪਖੇਰੂ ਦਾ ਤੇ ਨਾ ਹੀ ਹੁਣ ਬੰਦੇ ਦਾ। ਔਹਦੀ ਜਿੰਦੜੀ ਦਾ ਮਕਸਦ ਕੀ ਸੀ? ਐਹ ਗੱਲ ਸੁਣ ਕੇ ਸੱਚੀ ਮੈਨੂੰ ਬੜਾ ਰੋਣਾ ਆਇਆ। ਪਰ ਮੈਂ ਡੱਕ ਗਿਆ। ਮੈਂ ਸੋਚਿਆ ਜੇ ਮੈਂ ਰੋ ਪਿਆ ਤੇ ਟਮਾਟਰ ਨੇ ਵੀ ਰੋਣ ਲੱਗ ਪੈਣਾ ਏ, ਤੇ ਔਹਦਾ ਰੋਣਾ ਨਹੀਂ ਸੀ ਵੇਖਿਆ ਜਾਣਾ ਮੇਰੇ ਕੋਲੋਂ। ਮੈਂ ਟਮਾਟਰ ਨੂੰ ਕੁਤਕੁਤਾਰੀਆਂ ਕਰ ਕੇ ਹਸਾਨਾ ਈ ਪਿਆਂ ਸਾਂ ਜਦੋਂ ਪਿੱਛੋਂ ਅੱਬੇ ਨੇ ਮੇਰੀ ਧੋਣ ਫੜ ਲਈ ਸੀ। ਤੇ ਅੱਜ ਸਵੇਰ ਫੇਰ ਸਾਰੇ ਦੇ ਸਾਰੇ ਜੀਅ ਮੇਰੇ ਦੁਆਲੇ ਹੋ ਖਲੋਤੇ। ਮੈਂ ਔਹਨਾ ਨੂੰ ਤੇ ਕੁੱਝ ਵੀ ਨਹੀਂ ਸਾਂ ਪਿਆ ਕਹਿੰਦਾ। ਮੈਂ ਤੇ ਆਪਣੇ ਢਿੱਡ ਨਾਲ ਪਿਆ ਲੜਦਾ ਸਾਂ। ਔਹ ਗਾਜਰ ਦਾ ਹਲਵਾ ਈ ਨਹੀਂ ਸੀ ਪਿਆ ਹਜ਼ਮ ਕਰਦਾ। ਅੱਧੀ ਰਾਤੀਂ ਪਹਿਲਾਂ ਤੇ ਮੈਨੂੰ ਸੁੱਤੇ ਪਏ ਨੂੰ ਉਠਾ ਜਗਾਇਆ। ਮੈਂ ਕਰਵਟ ਲੈ ਲਈ ਤੇ ਸਗੋਂ ਰੋਣ ਲੱਗ ਪਿਆ। ਕਹਿਣ ਲੱਗਾ ਮੈਂ ਇਕੱਲਾ ਆਂ, ਮੈਨੂੰ ਡਰ ਪਿਆ ਆਉਂਦਾ ਏ। ਮੈਨੂੰ ਤਰਸ ਆ ਗਿਆ। ਫ਼ਰਿੱਜ ਵਿਚ ਹਲਵਾ ਪਿਆ ਵੇਖ ਕੇ ਨਿਆਣਿਆਂ ਵਾਂਗੂੰ ਕਲਪਣ ਲੱਗ ਪਿਆ ਬਈ ਮੈਂ ਐਹੋ ਲੈਣਾ ਏ। ਮੈਂ ਔਸੇ ਵੇਲੇ ਆਖ ਦਿੱਤਾ ਸੀ ਬਈ ਮੈਂ ਐਸ ਵੇਲੇ ਕੋਈ ਗਰਮ ਸ਼ਰਮ ਨਹੀਂ ਊ ਕਰਨਾ। ਅੱਗੇ ਈ ਅੱਖਾਂ ਨੂੰ ਤੇਰੇ ਡਰ ਦਾ ਵਾਸਤਾ ਦੇ ਕੇ ਔਖਤ ਨਾਲ ਖੁਲਾਇਆ ਏ, ਔਹ ਤੇ ਘੜੀ ਮੁੜੀ ਬੰਦ ਹੋਣ ਨੂੰ ਫਿਰਦੀਆਂ ਨੇਂ। ਔਸ ਵੇਲੇ ਤੇ ਹਲਵਾ ਵੇਖ ਕੇ ਛਾਲਾ ਪਿਆ ਮਾਰਦਾ ਸੀ ਬਈ ਮੇਰਾ ਮਿਲਨ ਕਰਾ ਦੇ, ਮੈਂ ਐਹਦੇ ਨਾਲ ਈ ਜੱਫੀ ਪਾ ਕੇ ਸੌਣਾ ਏ। ਜਦ ਮੈਂ ਸਵੇਰੇ ਉਠਿਆ ਤੇ ਪਿੱਟ ਸਿਆਪਾ ਪਾਇਆ ਹੋਇਆ ਸੀ। ਕਹਿੰਦਾ ਸੀ ਐਸ ਹਲਵੇ ਨਾਲ ਮੇਰੀ ਨਹੀਂ ਏ ਨਿਭਦੀ, ਕੱਢੋ ਐਹਨੂੰ ਐਥੋਂ। ਫ਼ੇਰ ਮੈਂ ਵੀ ਅੜ ਗਿਆ। ਮੈਂ ਕਿਹਾ ਜੋ ਵੀ ਏ ਜਿਸਰਾਂ ਵੀ ਏ, ਹੁਣ ਨਿਭਾ। ਐਸੇ ਓਏ ਤੋਏ ਤੋਂ ਗੱਲ ਵਧਦੀ ਵਧਦੀ ਵੱਧ ਗਈ ਤੇ ਔਹਨੇ ਮੈਨੂੰ ਗਾਲ੍ਹ ਕੱਢ ਮਾਰੀ। ਮੈਨੂੰ ਵੀ ਫ਼ੇਰ ਤਪ ਚੜ੍ਹਨੀ ਈ ਸੀ। ਮੈਂ ਵੀ ਰੱਖ ਕੇ ਦੋ ਤਿੰਨ ਧੱਪੇ ਲਾ ਦਿੱਤੇ ਤੇ ਨਾਲ ਈ ਸਾਰੇ ਛਾਲਾਂ ਮਾਰਦੇ ਮੇਰੇ ਤੇ ਚੜ੍ਹ ਦੌੜੇ ਤੇ ਫੜ ਕੇ ਮੈਨੂੰ ਐਸ ਕਮਰੇ ਵਿਚ ਡੱਕ ਦਿੱਤਾ।

ਮੈਂ ਚੁੱਪ ਕਰਕੇ ਫੜੀਚਾ ਗਿਆ ਤੇ ਅਰਾਮ ਨਾਲ ਆ ਕੇ ਕਮਰੇ ਵਿਚ ਬਹਿ ਗਿਆ। ਬੂਹੇ ਨੂੰ ਤਾਲ਼ਾ ਮਾਰਦੇ ਵੀ ਮੈਂ ਕੁੱਝ ਨਾ ਕੀਤਾ। ਮੈਂ ਔਹਨਾ ਦੀਆਂ ਗੱਲਾਂ ਸੁਣ ਲਈਆਂ ਸਨ। ਕਹਿੰਦੇ ਪਏ ਸਨ ਔਹ ਤੇ ਪੂਰਾ ਈ ਪਾਗਲ ਹੋ ਚੱਲਾ ਏ, ਐਹਨੂੰ ਪਾਗਲ ਖ਼ਾਨੇ

ਦਾਖ਼ਲ ਕਰਾ ਦੱਈਏ। ਔਹ ਤੇ ਬੇਬੇ ਨੇ ਰੌਲ਼ਾ ਪਾ ਦਿੱਤਾ ਤੇ ਮੈਨੂੰ ਐੱਥੇ ਬੰਦ ਕਰ ਗਏ। ਜੇ ਮੈਂ ਕੋਈ ਚੀਕ ਚਿਹਾੜਾ ਪਾਂਦਾ ਯਾਂ ਖਿੱਚ ਧਰੂਕ ਕਰਦਾ ਤੇ ਲੈ ਜਾਂਦੇ ਮੈਨੂੰ ਪਾਗਲ ਖ਼ਾਨੇ।

ਦੁਪਹਿਰੇ ਆਏ ਸਨ ਜਦੋਂ ਮੈਨੂੰ ਪਾਣੀ ਟੁੱਕਰ ਦੇਣ ਤੇ ਪੁੱਛਦੇ ਸਨ। ਕੀ ਗੱਲ ਏ? ਕਿਧੇ ਨਾਲ਼ ਗੱਲਾਂ ਕਰਨਾ ਏਂ? ਕੀ ਲੱਗਦਾ ਏ? ਮੈਂ ਕੁੱਝ ਨਹੀਂ ਦੱਸਿਆ। ਪਾਗਲ ਜਾਏ। ਪਰ ਮੈਂ ਸਾਰੀਆਂ ਗੱਲਾਂ ਦਾਦੇ ਦੀ ਫੋਟੋ ਨੂੰ ਦੱਸ ਦਿੱਤੀਆਂ ਸਨ। ਔਹ ਅੱਗੋਂ ਹੱਸਦੀ ਸੀ। ਕਹਿੰਦੀ ਸੀ ਤੂੰ ਖ਼ਾਮਖ਼ਾਹ ਫ਼ਿਕਰ ਨਾ ਕਰਿਆ ਕਰ। ਟੁੱਕਰ ਤੇ ਰੱਬ ਸਭ ਨੂੰ ਦੇਂਦਾ ਏ। ਪਰ ਮੈਨੂੰ ਪਤਾ ਲੱਗ ਗਿਆ ਏ ਐਹ ਸਭ ਜੂਠ ਏ। ਰੱਬ ਸ਼ੱਬ ਕੋਈ ਨਹੀਂ ਹੁੰਦਾ ਤੇ ਟੁੱਕਰ ਵੀ ਕੋਈ ਨਹੀਂ ਦੇਂਦਾ। ਟੁੱਕਰ ਆਪੇ ਖੋ ਕੇ ਲੈਣਾ ਪੈਂਦਾ ਏ। ਤੇ ਜਿਹਨੂੰ ਖੋਂਦੇ ਰੋਣਾ ਆਂਦਾ ਹੋਵੇ ਔਹ ਗੰਦੇ ਆਂਡੇ ਵਰਗਾ ਹੁੰਦਾ ਏ। ਅੱਬਾ ਕਹਿੰਦਾ ਏ ਮੈਨੂੰ ਗੰਦਾ ਆਂਡਾ। ਜਦ ਮੈਂ ਦਾਦੇ ਦੀ ਫੋਟੋ ਨੂੰ ਦੱਸਿਆ ਤੇ ਔਹ ਰੋਣ ਲੱਗ ਪਈ। ਮੈਨੂੰ ਬਹੁਤ ਪਿਆਰ ਕਰੇ ਤੇ ਨਾਲ ਆਖੇ ਤੂੰ ਤੇ ਸ਼ਹਿਜ਼ਾਦਾ ਏਂ, ਹੀਰਾ ਏਂ ਤੇ ਨਾਲ਼ ਨਾਲ਼ ਰੋਂਦੀ ਵੀ ਜਾਏ। ਓਹਨੂੰ ਐਸਰਾਂ ਰੋਂਦਿਆਂ ਵੇਖ ਕੇ ਮੈਨੂੰ ਵੀ ਬਹੁਤ ਰੋਣਾ ਆਇਆ, ਪਰ ਮੈਂ ਰੋਇਆ ਕੋਈ ਨਾ। ਨਹੀਂ ਤਾਂ ਫੇਰ ਬਾਹਰੋਂ ਵਾਜਾਂ ਆਣੀਆਂ ਸਨ, ਰੋਨਾ ਕਿਉਂ ਏਂ?

## 'ਫ਼ਰਿੱਜ ਵਿਚ ਪਿਆ ਟਮਾਟਰ' ਬਾਰੇ ਵਿਚਾਰ-ਚਰਚਾ

**ਬਲਬੀਰ ਪਰਵਾਨਾ** : ਇਸ ਕਹਾਣੀ ਦੀ ਬੁਣਤਰ ਠੀਕ ਹੈ, ਪਰ ਉਸ ਬੁਣਤਰ ਵਿਚ ਜੋ ਕੁਝ ਪਿਆ ਹੈ ਉਹ ਪੱਲੇ ਨਹੀਂ ਪੈਂਦਾ। ਪਾਗਲ 'ਮੈਂ' ਦਾ ਪਾਤਰ ਜਿਵੇਂ ਦਾ ਵਿਹਾਰ ਕਰਦਾ, ਉਹ ਪਾਗਲ ਨਹੀਂ ਲਗਦਾ। ਇਹ ਲੇਖਕ ਹੀ ਦਸਦਾ ਹੈ ਕਿ ਉਹ ਪਾਗਲ ਹੈ, ਪਰ ਕਹਾਣੀ ਵਿਚਲੇ ਮੈਂ 'ਚ ਪਾਗਲਪਨ ਦੀਆਂ ਹਰਕਤਾਂ ਨਹੀਂ। ਬਿਰਤਾਂਤ ਵੀ ਪਾਗਲਪਣ ਨਾਲ ਮੇਚ ਖਾਂਦਾ ਨਹੀਂ ਲੱਗਦਾ।

**ਰਮਨਪ੍ਰੀਤ ਕੌਰ 'ਚੌਹਾਨ'** : ਫਰਿੱਜ ਵਿੱਚ ਪਿਆ ਟਮਾਟਰ ਕਹਾਣੀ ਵਿਅਕਤੀ ਦੇ ਕੋਮਲ ਜਜ਼ਬਾਤਾਂ, ਭਾਵਨਾਵਾਂ ਨੂੰ ਪੇਸ਼ ਕਰਦੀ ਹੈ? ਕਹਾਣੀ ਦਾ ਪਾਤਰ ਸੰਵੇਦਨਸ਼ੀਲ ਹੈ। ਉਸ ਆਪਣੇ ਅੰਦਰ ਇਕੱਲਤਾ, ਬੇਗਾਨਗੀ ਅਤੇ ਉਪਰਾਮਤਾ ਦਾ ਸੰਤਾਪ ਹੰਢਾਉਂਦਾ ਹੈ ਪਰ ਆਪਣੇ ਅਸਤਿੱਤਵ ਨਾਲੋਂ ਨਹੀਂ ਟੁੱਟਦਾ। ਪਾਤਰ ਦਾ ਮਾਨਸਿਕ ਤਨਾਉ ਹੋਣ ਦਾ ਕਾਰਣ ਘਰੇਲੂ ਮਾਹੌਲ ਅਤੇ ਉਸ ਪ੍ਰਤੀ ਬੇਰੁਖੀ ਹੈ। ਪਾਤਰ ਨੇ ਸਮੇਂ ਸਮੇਂ ਤੇ ਆਪਣੇ ਨਾਲ ਹੁੰਦੇ ਵਿਤਕਰਿਆਂ ਅਤੇ ਦੁਰਵਿਵਹਾਰਾਂ ਦਾ ਵੀ ਜ਼ਿਕਰ ਕੀਤਾ ਜਿਵੇਂ:-

ਜੇ ਦੱਸ ਦਿੱਤਾ ਤੇ ਐਹਨਾ ਮੈਨੂੰ ਰੱਸੇ ਪਾ ਕੇ ਪਾਗਲਾਂ ਦੇ ਡਾਕਟਰ ਕੋਲ ਲੈ ਜਾਣਾ ਏ।

ਇਸ ਕਹਾਣੀ ਦਾ ਬਲ ਇਸ ਕਹਾਣੀ ਦਾ ਸੰਵੇਦਸ਼ੀਲ ਪਾਤਰ ਹੈ। ਸੰਵੇਦਨਸ਼ੀਲ ਪਾਤਰ ਇਕੱਲਤਾ ਤੇ ਤਨਾਉ ਕਾਰਣ ਉਹ ਫਰਿੱਜ ਵਿੱਚ ਪਏ ਟਮਾਟਰ ਨਾਲ ਗੱਲਾਂ ਕਰਦਾ ਹੈ। ਪਾਤਰ ਨੂੰ ਟਮਾਟਰ ਨਾਲ ਗੱਲਾਂ ਕਰਨ ਲਈ ਕਦਮ ਕਦਮ ਤੇ ਪਰਿਵਾਰਿਕ ਅਤੇ ਸਮਾਜਿਕ ਰੁਕਾਵਟਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਜਿਵੇਂ:

ਜਦੋਂ ਮੈਂ ਕੁਝ ਨਾ ਦੱਸਿਆ ਤੇ ਮੇਰੇ ਮੋਢੇ ਫੜ ਕੇ ਜ਼ੋਰ ਜ਼ੋਰ ਦੀ ਮੈਨੂੰ ਝਟਕੇ ਮਾਰਨ

ਲੱਗ ਪਏ...

ਸੰਵੇਦਨਸ਼ੀਲ ਪਾਤਰ ਫਰਿੱਜ ਵਿੱਚ ਪਏ ਟਮਾਟਰ ਦੇ ਅਸਤਿੱਤਵ ਪ੍ਰਤੀ ਸੁਚੇਤ ਹੈ ਪਾਤਰ ਦੀ ਆਪਣੇ ਪਰਿਵਾਰ ਨਾਲ ਕੋਈ ਬੁਨਿਆਦੀ ਸਾਂਝ ਨਹੀਂ ਹੈ ਕਿਉਂਕਿ ਪਰਿਵਾਰ ਵਾਲੇ ਪਾਤਰ ਨੂੰ ਪਾਗਲ ਸਮਝਦੇ ਹਨ। ਪਾਤਰ ਫਰਿੱਜ ਵਿੱਚ ਪਏ ਟਮਾਟਰ ਦੇ ਅਸਤਿੱਤਵ ਨੂੰ ਫਰਿੱਜ ਦੀ ਕੈਦ ਵਿੱਚੋਂ ਸੁੰਤਤਰ ਰੱਖਣਾ ਸੋਚਦਾ ਹੈ। ਕਹਾਣੀਕਾਰ ਦੀ ਇਹ ਅਦੁੱਤੀ ਉਪਲੱਬਧੀ ਹੈ ਕਿ ਉਸ ਨੇ ਅਸਤਿੱਤਵਸ਼ੀਲ ਹੋ ਕੇ ਟਮਾਟਰ ਦੀ ਹੋਂਦ ਨੂੰ ਸਾਰਥਕ ਬਣਾਇਆ ਹੈ। ਪਾਤਰ ਸੋਚਦਾ ਹੈ ਕਿ ਫਰਿੱਜ ਵਿੱਚ ਪਿਆ ਟਮਾਟਰ ਨਰਮ ਪੈ ਜਾਏਗਾ, ਉਹ ਟਮਾਟਰ ਨੂੰ ਕੂੜੇ ਵਿੱਚ ਨਹੀਂ ਸੁੱਟਣਾ ਚਾਹੁੰਦਾ। ਇਸੇ ਸੰਦਰਭ ਵਿੱਚ ਆਧੁਨਿਕ ਯੁਗ ਵਿੱਚ ਇਨਸਾਨੀ ਰਿਸ਼ਤਿਆਂ ਨੂੰ ਸਮਝਣਾ ਨਾਮੁਮਕਿਨ ਹੈ। ਕਹਾਣੀਕਾਰ ਨੇ ਖੰਡਿਤ ਵਿਅਕਤੀਤਵ ਨੂੰ ਅਸਧਾਰਨ ਤਰੀਕੇ ਨਾਲ ਰੂਪਮਾਨ ਕੀਤਾ ਹੈ। ਪਾਤਰ ਆਪਣੇ ਆਪ ਨੂੰ ਪਾਗਲ ਕਹਿ ਕੇ ਆਪਣੇ ਪਰਿਵਾਰ ਨਾਲੋਂ ਨਾਤਾ ਤੋੜ ਲੈਂਦਾ ਹੈ। ਪਾਤਰ ਆਪਣੀ ਸੰਵੇਦਨਸ਼ੀਲਤਾ ਕਾਰਨ ਆਪਣੇ ਅਸਤਿੱਤਵ ਦੇ ਪ੍ਰਗਟਾਵੇ ਲਈ ਦਵੰਦਤਮਕ ਸਥਿਤੀ ਵਿੱਚੋਂ ਲੰਘਦਾ ਹੈ। ਜਿਵੇਂ:

ਉਹਨੂੰ ਐਸਰਾਂ ਰੋਂਦਿਆਂ ਵੇਖ ਕੇ ਮੈਨੂੰ ਵੀ ਬਹੁਤ ਰੋਣਾ ਆਇਆ, ਪਰ ਮੈਂ ਰੋਇਆ ਕੋਈ ਨਾ ਨਹੀਂ ਤਾਂ ਫੇਰ ਬਾਹਰੋਂ ਵਾਜਾਂ ਆਣੀਆਂ ਸਨ, ਰੋਨਾ ਕਿਉਂ ਏ ?

ਕਹਾਣੀਕਾਰ ਨੇ ਸੰਵੇਦਨਸ਼ੀਲ ਲੋਕਾਂ ਦੇ ਅਸਤਿੱਤਵ ਮੂਲਕ ਸਮੱਸਿਆ ਨੂੰ ਅਗਰਭੂਮਿਤ ਕਰਨ ਦਾ ਉਪਰਾਲਾ ਕੀਤਾ ਹੈ ?

**ਸੁਕੀਰਤ** : ਟੀਪੂ ਸਲਮਾਨ ਮਖ਼ਦੂਮ ਦੀ ਕਹਾਣੀ ਵੀ ਨਜ਼ੀਰ ਅਹਿਮਦ ਦੀ ਰਚਨਾ ਵਾਂਗ ਲਹਿੰਦੇ ਪੰਜਾਬ ਵਿਚ ਰਚੀ ਜਾ ਰਹੀ ਉਸ ਕਹਾਣੀ ਦੀ ਨੁਮਾਇੰਦਗੀ ਕਰਦੀ ਹੈ ਜੋ ਆਪਣੀ ਗਲ ਦਾ ਪ੍ਰਗਟਾਵਾ ਸੰਕੇਤਕ ਢੰਗ ਨਾਲ ਕਰਨ ਦੀ ਕੋਸ਼ਿਸ਼ ਕਰਦੀ ਹੈ। ਪਰ ਨਜ਼ੀਰ ਅਹਿਮਦ ਦੀ ਕਹਾਣੀ ਤੋਂ ਉਲਟ ਟੀਪੂ ਸਲਮਾਨ ਦੀ ਰਚਨਾ ਨੂੰ ਡੀ-ਕੋਡ ਕਰਨ ਜਾਂ ਸਮਝ ਸਕਣ ਵਿਚ ਮੈਂ ਸਫ਼ਲ ਨਹੀਂ ਹੋਇਆ।

ਕੀ ਇਹ ਇਕ ਅਜਿਹੇ ਆਦਮੀ ਦੀ ਕਹਾਣੀ ਹੈ ਜੋ ਆਪਣੇ ਆਲੇ ਦੁਆਲੇ ਦੇ ਸਮਾਜ ਤੋਂ ਬਿਲਕੁਲ ਵੱਖਰੀ ਸੋਚ ਰੱਖਣ ਕਾਰਨ ਪਾਗਲ ਸਮਝਿਆ ਜਾਂਦਾ ਹੈ ? ਜਾਂ ਫੇਰ ਇਹ ਇਕ ਮਜ਼ਹਬ ਪ੍ਰਧਾਨ ਮੁਲਕ ਵਿਚ ਫਸੇ ਹੋਏ ਰਬ ਦੀ ਹੋਂਦ ਤੋਂ ਮੁਨਕਰ ਬੰਦੇ ਦੀ ਉਲਝਣ ਦੀ ਵਿਥਿਆ ਹੈ ? ਤੇ ਜਾਂ ਇਸਨੂੰ ਖੱਬੀ ਵਿਚਾਰਧਾਰਾ ਨੂੰ ਪਰਨਾਏ ਰਹੇ ਮਨੁੱਖ ਦੀ ਦੁਵਿਧਾ ਦਾ ਚਿਤਰਣ ਸਮਝਿਆ ਜਾਵੇ ਜੋ ਕਦੇ ਖੱਬੇ ਕਦੇ ਸੱਜੇ ਝੂਲਦੀ ਸਿਆਸਤ ਦੇ ਗਧੀ ਗੇੜ ਵਿਚ ਅਟਕਿਆ ਹੋਇਆ ਹੈ ?

ਫਰਿਜ ਵਿਚ ਪਿਆ ਲਾਲ ਟਮਾਟਰ, ਖੱਬੇ ਸੱਜੇ ਪੈ ਜਾਣ ਵਾਲੀਆਂ ਧਾਰਾਂ, ਭੁੱਖੇ ਢਿੱਡਾਂ ਨੂੰ ਰੋਟੀ ਨਾ ਦੇ ਸਕਣ ਵਾਲੇ ਰਬ ਬਾਰੇ ਸਵਾਲੀਆ ਨਿਸ਼ਾਨ - ਕਹਾਣੀ ਵਿਚ ਸੰਕੇਤਾਂ ਅਤੇ ਤਸ਼ਬੀਹਾਂ ਦੀ ਤਾਬੜਤੋੜ ਭਰਮਾਰ ਹੈ ਜਿਸ ਕਾਰਨ ਲੇਖਕ ਦੀ ਮਨਸ਼ਾ, ਉਸਦੀ ਸੋਚ ਦਾ ਵਹਾਅ ਮੇਰੀ ਪਕੜ ਵਿਚ ਨਹੀਂ ਆਏ।

**ਦੀਪਤੀ ਬਬੂਟਾ** : ਸੰਕੇਤਕ ਰੂਪ ਵਿੱਚ ਲਿਖੀ ਗਈ ਇਹ ਕਹਾਣੀ ਸਮਾਜ ਦੀ ਕਾਣੀ ਵੰਡ 'ਚ ਪਿਸਦੇ ਆਮ ਆਦਮੀ ਦੀ ਮਾਰਮਿਕ ਹਾਲਤ ਬਿਆਨ ਕਰਦੀ ਹੈ। ਕਹਾਣੀ ਦਾ

ਅੰਤ ਰੋਂਦਾ ਕਿਉਂ ਏਂ ? ਦਾ ਜਵਾਬ ਹੈ ਥਾਲੀ 'ਚ ਕੁੱਝ ਨਹੀਂ। ਸਰਵ-ਵਿਆਪੀ ਵਰਤਾਰੇ 'ਤੇ ਸਵਾਲ ਖੜ੍ਹਾ ਕਰਦੀ ਵਧੀਆ ਕਹਾਣੀ ਹੈ।

**ਭਗਵੰਤ ਰਸੂਲਪੁਰੀ:** ਕਹਾਣੀ ਦਾ ਮੁੱਖ ਪਾਤਰ ਜਿਹੜਾ ਬਿਰਤਾਂਤ ਵਿਚੋਂ ਪਾਗਲ ਵਿਖਾਈ ਦਿੰਦਾ ਏ, ਉਹ ਮੈਨੂੰ ਅਤਿ ਦਰਜੇ ਦਾ ਸੰਵੇਦਨਸ਼ੀਲ ਲੱਗਦਾ ਏ। ਫ਼ਰਿਜ 'ਚ ਪਿਆ ਟਮਾਟਰ ਅਤੇ ਹਲਵਾ ਜਿਸ ਨਾਲ ਉਹ ਗੱਲਾਂ ਕਰਦਾ ਏ, ਉਹ ਅਸਲ ਵਿਚ ਉਹਦੇ ਆਪਣੇ ਹੀ ਰੂਪ ਹਨ। ਟਮਾਟਰ ਅਤੇ ਹਲਵਾ ਦੋ ਅਜਿਹੇ ਚਿਹਨ ਹਨ, ਜਿਸ ਰਾਹੀਂ ਕਹਾਣੀਕਾਰ ਪਾਗਲ ਬੰਦੇ ਦੀ ਮਾਨਸਿਕਤਾ ਬਿਆਨ ਕਰਦਾ ਏ। ਇਹ ਦੋ ਚਿਹਨ ਜਿਹੜੇ ਵਰਤੋਂ 'ਚ ਨਹੀਂ ਲਿਆਂਦੇ ਜਾਂਦੇ ਤੇ ਬੇਕਾਰ ਹੋ ਜਾਂਦੇ ਹਨ... ਖਰਾਬ ਹੋ ਜਾਂਦੇ ਹਨ।

ਸਮਾਜ ਵੱਲੋਂ ਸਿੱਧ ਕੀਤਾ ਇਕ ਪਾਗਲ ਆਪਣੀ ਕਹਾਣੀ ਆਪ ਸੁਣਾਉਂਦਾ ਏ। ਕਹਾਣੀ ਵਿਚ ਉਹ ਟਮਾਟਰ ਨਾਲ ਗੱਲਾਂ ਕਰਦਾ ਏ, ਕਿਉਂਕਿ ਉਹਦੇ ਨਾਲ ਗੱਲ ਕਰਨ ਵਾਲਾ ਘਰ ਵਿਚ ਕੋਈ ਨਹੀਂ। ਉਸਨੂੰ ਸਮਝਣ ਵਾਲਾ ਕੋਈ ਨਹੀਂ। ਉਹਨੂੰ ਕੋਈ ਸਮਝਦਾ ਨਹੀਂ ਏ ਏਸ ਕਰਕੇ ਉਹ ਟਮਾਟਰ ਨਾਲ ਗੱਲਾਂ ਕਰਦਾ ਏ। ਟਮਾਟਰ ਦੀ ਹੋਣੀ ਅਸਲ ਵਿਚ ਮੈਂ ਪਾਤਰ ਦੀ ਹੋਣੀ ਏ, ਜਿਹੜਾ ਫ਼ਰਿਜ਼ ਵਿਚ ਪਿਆ ਪਿਆ ਢਿੱਲਾ ਹੋ ਜਾਂਦਾ ਏ। ਹਲਵੇ ਨਾਲ ਸੰਵਾਦ ਉਹਦੀ ਮਾਨਸਿਕਤਾ ਦਾ ਅਗਲਾ ਪੜਾ ਏ। ਕਹਾਣੀਕਾਰ ਆਪਣੇ ਬਿਰਤਾਂਤ ਵਿਚ ਦੱਸਦਾ ਏ ਕਿ ਸੰਵੇਦਨਸ਼ੀਲ ਬੰਦੇ ਦੀ ਏਸ ਸਮਾਜ ਵਿਚ ਕੋਈ ਸਪੇਸ ਨਹੀਂ ਏ।

ਮੈਂ ਪਾਤਰ ਦੇ ਅੰਦਰ ਦੱਬੀਆਂ ਹੋਈਆਂ ਅਜਿਹੀਆਂ ਭਾਵਨਾਵਾਂ ਤੇ ਗੱਲਾਂ ਹਨ, ਜਿਨ੍ਹਾਂ ਨੂੰ ਦੱਸਣ ਤੋਂ ਉਹ ਡਰਦਾ ਏ। ਕਿਉਂਕਿ ਘਰ ਦਾ ਸਿਸਟਮ ਅਜਿਹੀਆਂ ਗੱਲਾਂ ਨੂੰ ਚੰਗੀਆਂ ਨਹੀਂ ਸਮਝਦਾ। ਏਸੇ ਲਈ ਉਹ ਮੂਤ ਨਿਕਲਣ ਦੀ ਗੱਲ ਟਮਾਟਰ ਨਾਲ ਕਰਦਾ ਏ। ਜਿਹਦੀ ਧਾਰ ਏਧਰ ਓਧਰ ਹੋ ਜਾਂਦੀ ਏ। ਅਤੇ ਰੋਟੀ ਖਾਂਦਿਆਂ ਹੱਥ ਕਾਂਟੇ ਤੇ ਜੰਮ ਜਾਂਦਾ ਏ। ਜਿਹਦੀ ਗੱਲ ਉਹ ਆਪਣੇ ਦਾਦੇ ਦੀ ਫੋਟੋ ਨਾਲ ਕਰਦਾ ਏ।

ਮੈਨੂੰ ਲੱਗਦਾ ਏ ਕਹਾਣੀ ਵਿਚ ਉਸ ਪਾਗਲ ਸਮਝੇ ਜਾਂਦੇ ਪਾਤਰ ਦੀ ਹਾਲਤ ਏਸ ਲਈ ਅਜਿਹੀ ਹੋ ਜਾਂਦੀ ਏ ਕਿਉਂਕਿ ਉਹਨੂੰ ਘਰ ਵਿਚ ਕੋਈ ਸਮਝਦਾ ਨਹੀਂ ਏ। ਉਹਨੂੰ ਖ਼ਾਮੋਸ਼ ਕਰ ਦਿੱਤਾ ਜਾਂਦਾ ਏ। ਉਹਦੀ ਕੋਈ ਗੱਲ ਨਹੀਂ ਸੁਣਦਾ। ਉਹ ਅੰਦਰੋਂ ਉਖੜ ਜਾਂਦੇ ਏ।

**ਜਸਵਿੰਦਰ ਸਿੰਘ** : ਜਵਾਨੀ ਚੜ੍ਹਦੇ ਮੁੰਡੇ ਦੇ ਅਲੜ ਅਨੂਠੇ ਭਾਵਾਂ-ਅਹਿਸਾਸਾਂ ਅਤੇ ਜ਼ਮਾਨਸਾਜ਼ੀ ਦੇ ਓਹਲੇ-ਢਕਵੰਜਾ ਦੇ ਦਿਲਚਸਪ ਭੇੜ ਨੂੰ ਨਸ਼ਰ ਕਰਦੀ ਇਹ ਇਕ ਖ਼ੂਬਸੂਰਤ ਮਨੋਵਿਗਿਆਨਕ ਕਹਾਣੀ ਹੈ। ਚੜ੍ਹਦੀ ਉਮਰ ਦੇ ਅਵੱਲੇ ਕਾਮੁਕ ਤੇ ਹੋਰ ਵੇਗਾਂ 'ਚੋਂ ਲੰਘ ਰਿਹਾ ਗੱਭਰੂ ਇਸਦਾ ਵਕਤਾ ਵੀ ਹੈ ਤੇ ਅਹਿਮ ਕਿਰਦਾਰ ਵੀ। ਦੂਸਰਾ ਪਾਤਰ ਫਰਿਜ ਵਿਚ ਪਿਆ ਟਮਾਟਰ ਹੈ, ਜਿਸ ਨਾਲ ਗੱਭਰੂ 'ਭੇਤ ਭਰੀਆਂ ਗੱਲਾਂ ਤੇ ਰਾਜ' ਸਾਂਝੇ ਕਰਦਾ ਹੈ। ਕਹਾਣੀਕਾਰ ਨੇ ਟਮਾਟਰ ਦੇ ਬੋਲਾਂ ਰਾਹੀਂ ਨਾ ਸਿਰਫ਼ ਕਥਾ ਨੂੰ ਖ਼ੂਬਸੂਰਤ ਫੈਲਾਅ ਦਿੱਤਾ ਹੈ, ਸਗੋਂ ਨਾਲ ਹੀ 'ਪਹਿਲੀ ਜੀਵਨਸ਼ੈਲੀ' ਤੇ ਤਨਜ਼ ਵੀ ਕੀਤੀ ਹੈ'', 'ਅਗੋਂ ਟਮਾਟਰ ਵਿਚਾਰਾ ਆਪਣੀ ਹੋਂਦ ਦੇ ਮਸਲਿਆਂ ਤੋਂ ਪ੍ਰੇਸ਼ਾਨ ਸੀ। ਉਹ ਮੈਨੂੰ ਪਿਆ ਦੱਸਦਾ ਸੀ ਕਿ ਤਿੰਨ ਦਿਨਾਂ ਤੋਂ ਓਹ ਫਰਿਜ ਵਿਚ ਪਿਆ ਸੀ ਤੇ ਔਹਦਾ ਜੁਸਾ ਨਰਮ ਪੈ ਗਿਆ ਸੀ।'

ਕਹਾਣੀ ਨਾਟਕੀ ਮੋੜਾਂ, ਸਥਿਤੀਆਂ ਤੇ ਬੋਲਾਂ ਉਪਰ ਉਸਾਰੀ ਹੋਣ ਕਰਕੇ ਚੁਸਤ ਤੇ ਫਿਸਫੋਟਕ ਹੈ। ਟਮਾਟਰ ਨਾਲ ਗੱਲਾਂ ਕਰਦੇ ਤੇ ਅੱਬਾ ਆ ਧਮਕਿਆ। ਕਿਸ ਨਾਲ ਗੱਲਾਂ ਕਰਦਾ ਅੱਬਾ ਪੁੱਛਦਾ ਹੈ। 'ਜਦੋਂ ਮੈਂ ਕੁਛ ਨਾ ਦਸਿਆ', ਰਫੜ ਵਧ ਗਿਆ ਤੇ ਭੇਤ ਦੀ ਗੱਲ, "ਮੈਂ ਬੇਲੀਆਂ ਨਾਲ ਕੀਤੀਆਂ ਗੰਦੀਆਂ ਗੱਲਾਂ ਕਿਸ ਤਰ੍ਹਾਂ ਦਸਦਾ ਅੱਬੇ ਨੂੰ ?" ਕਹਾਣੀਕਾਰ ਸੂਖ਼ਮ ਕਲਾਤਮਕ ਛੋਹਾਂ ਨਾਲ ਇਕਬਾਲੀਆ ਵਿਧੀ ਰਾਹੀਂ ਪੁੱਠੇ-ਸਿੱਧੇ ਸੱਚ ਨਸ਼ਰ ਕਰੀ ਜਾਂਦਾ ਹੈ, ਮੂਲੋਂ ਸਹਿਜ-ਭਾਅ! ਅੱਬੇ ਨੂੰ ਕੀ, ਘਰਦਿਆਂ ਨੂੰ ਮੁੰਡਾ 'ਪਾਗਲ' ਜਾਪਦਾ ਹੈ। ਪਾਗਲਖਾਨੇ ਭੇਜਣ ਦੀ ਗੱਲ ਨੂੰ ਦਾਦੀ ਮਸੀਂ ਵਿਰਾਮ ਦਿੰਦੀ ਹੈ; ਪੋਤੇ ਵਲ ਹੋ! ਅਸਲ ਵਿਚ ਜੋ ਚੋਰੀਆਂ, ਯਾਰੀਆਂ, ਉਹਨੇ, ਪਰਦੇ ਜ਼ਮਾਨਾਂ ਅਖੌਤੀ ਸਭਿਅਤਾ ਤੇ ਸਿਸ਼ਟਾਚਾਰ ਦੇ ਨਾਂ ਉਤੇ ਸਿਖਾਂਦਾ-ਥੋਪਦਾ ਏ, ਅਲੜ੍ਹ ਅਣਭੋਲ ਮਨ ਆਪਣੀ ਸਾਫ਼ਗੋਈ ਤੇ ਉਹਨਾਂ ਮੁਲੰਮਿਆਂ ਵਿਚਕਾਰ ਫਾਥਾ ਚਿਤਰ ਕੇ ਕਹਾਣੀਕਾਰ ਦੇ ਤਹਿਜ਼ੀਬੀ ਕਾਣੋਂ 'ਤੇ ਉਂਗਲ ਧਰੀ ਹੈ। ਕਹਾਣੀ ਵਿਚ ਮੁੰਡਾ ਟਮਾਟਰ ਨਾਲ ਦਿਲ ਦੀਆਂ ਫਰੋਲਦਾ ਏ, ਜਾਂ ਕੰਧ ਤੇ ਟੰਗੀ ਦਾਦੇ ਦੀ ਫੋਟੋ ਨਾਲ, ਐਨਤੋਂਵ ਚੈਖ਼ਵ ਦੇ ਤਾਂਗੇ ਵਾਹਕ ਦੇ ਘੋੜੇ ਨਾਲ ਦੁੱਖ ਫਰੋਲਣ ਵਾਂਗ।

**ਮਹਿਲ ਸਿੰਘ** : ਇਹ ਇਕ ਮਨੋਵਿਸ਼ਲੇਸ਼ਣੀ ਕਿਸਮ ਦੀ ਕਹਾਣੀ ਹੈ। ਇਹ ਕਿਸੇ ਬੰਦੇ ਨੂੰ ਦੋਸ਼ੀ ਕਹਿ ਜਾਣ ਪਰ ਅਸਲ ਵਿਚ ਦੋਸ਼ੀ ਨਾ ਹੋਣ ਦਾ ਸਵੈ-ਬਿਰਤਾਂਤ ਹੈ। ਇਕ ਤਰ੍ਹਾਂ ਨਾਲ ਬੰਦਾ ਫਰਿੱਜ. ਵਿਚ ਬੰਦ ਟਮਾਟਰ ਵਾਂਗ ਹੀ ਬੰਦ ਕੀਤਾ ਨਜ਼ਰ ਆਉਂਦਾ ਹੈ। ਜਿਵੇਂ ਫਰਿੱਜ. ਵਿਚ ਪਿਆ ਟਮਾਟਰ ਅਖ਼ੀਰ ਖਰਾਬ ਹੋ ਕੇ ਕੂੜ੍ਹੇ ਦਾ ਹਿੱਸਾ ਬਣ ਜਾਂਦਾ ਹੈ, ਤਿਵੇਂ ਦੀ ਸਥਿਤੀ ਹੀ ਦੱਬੇ-ਕੁੱਚਲੇ ਮਨੁੱਖ ਦੀ ਹੈ। ਅਜੇਹੀ ਵਿਵਸਥਾ ਦੀ ਬੰਦ ਸਥਿਤੀ ਵਿਚ ਵਿਚਰਦੇ ਮਨੁੱਖ ਕਿਵੇਂ ਮਾਨਸਿਕ ਵਿਸ਼ਾਦ ਦੀ ਅਵਸਥਾ ਵਿਚ ਪਹੁੰਚ ਜਾਂਦੇ ਹਨ, ਇਹ ਕਹਾਣੀ ਅਜੇਹਾ ਪ੍ਰਤੀਕਾਤਮਿਕ ਪ੍ਰਗਟਾਵਾ ਹੈ। ਸਮਾਜਕ ਦਬਾਅ ਕਾਰਣ ਇਕ ਮਾਨਸਿਕ ਤੌਰ 'ਤੇ ਉਖੜਿਆ ਹੋਇਆ ਬੰਦਾ ਹੋਰਨਾਂ ਨੂੰ ਕਿਵੇਂ ਵੇਖਦਾ ਤੇ ਸਮਝਦਾ ਹੈ, ਇਹ ਕਹਾਣੀ ਅਜੇਹੀ ਨਜ਼ਰ ਪ੍ਰਤੀਕਾਤਮਿਕ ਪ੍ਰਗਟਾਵਾ ਹੈ। ਪਾਕਿਸਤਾਨੀ ਹਕੂਮਤ ਦੇ ਫੌਜੀ ਵਤੀਰੇ ਕਾਰਣ ਵਧੇਰੇ ਸਾਹਿਤਕਾਰੀ ਵਿਚ ਪ੍ਰਤੀਕਾਂ ਤੇ ਬਿੰਬਾਂ ਰਾਹੀਂ ਹੀ ਕਹਾਣੀਕਾਰ ਆਪਣੀ ਗੱਲ ਕਹਿਣ ਦੀ ਕੋਸ਼ਿਸ਼ ਕਰਦੇ ਹਨ। ਉਪਰੋਕਤ ਕੁਝ ਕਹਾਣੀਆਂ ਵੀ ਅਜੇਹੀ ਪੇਸ਼ਕਾਰੀ ਦਾ ਨਮੂਨਾ ਹਨ।

**ਮਨੀਸ਼ ਕੁਮਾਰ**: ਕਹਾਣੀ ਦਾ ਮੁੱਖ ਪਾਤਰ ਦਮਿਤ ਭਾਵਨਾਵਾਂ ਨਾਲ ਗ੍ਰਸਤ ਹੈ। ਕਹਾਣੀ ਵਿੱਚ ਉਸ ਦੀਆਂ ਇਹ ਦਮਿਤ ਭਾਵਨਾਵਾਂ ਬਾਲ ਅਵਸਥਾ, ਕਿਸ਼ੋਰ ਅਵਸਥਾ ਅਤੇ ਕਿਰਤ ਦੀ ਅਵਸਥਾ ਵਜੋਂ ਭਾਵ ਤਿੰਨ ਤਰ੍ਹਾਂ ਦੇ ਰੂਪ ਵਿੱਚ ਪੇਸ਼ ਹੋਈਆਂ ਹਨ। ਉਸ ਦੀ ਪਹਿਲੀ ਅਤੇ ਦੂਸਰੀ ਅਵਸਥਾ ਅਵਚੇਤਨ ਪੱਧਰ ਉੱਤੇ ਕਹਾਣੀ ਦੇ ਅੰਤਰਗਤ ਕਾਰਜਸ਼ੀਲ ਹੈ। ਤੀਸਰੀ ਅਵਸਥਾ ਅਵਚੇਤਨ ਮਾਧਿਅਮ ਨਾਲ ਚੇਤਨ ਪੱਧਰ 'ਤੇ ਕਿਰਿਆਵੰਤ ਹੈ, ਪਹਿਲੀ ਅਵਸਥਾ ਵਿੱਚ ਉਹ ਆਪਣੇ ਪਰਿਵਾਰ ਦੇ ਨਾਲ ਹੈ, ਜਿਸ ਵਿੱਚ ਉਸ ਨੂੰ ਅੱਡ ਅੱਡ ਸਬਜ਼ੀਆਂ ਦੇ ਰੰਗ ਰੂਪ ਅਤੇ ਸੁਭਾਅ ਨਜ਼ਰ ਆਉਂਦੇ ਹਨ। ਇਸ ਵਿਚ ਉਹ ਉਨ੍ਹਾਂ ਸਬਜ਼ੀਆਂ ਨਾਲ ਐਬਸਰਡ ਤਕਨੀਕ ਹੇਠ ਸੰਵਾਦ ਕਰਦਾ ਹੋਇਆ ਆਪਣੀਆਂ ਭਾਵਨਾਵਾਂ ਪ੍ਰਗਟ ਕਰਦਾ ਹੈ ਜਿਸ ਕਾਰਨ ਉਸ ਨੂੰ ਆਪਣੇ ਪਰਿਵਾਰ ਵਿੱਚ ਨਾਮੋਸ਼ੀ ਦਾ ਸਾਹਮਣਾ ਵੀ

ਕਰਨਾ ਪੈਂਦਾ ਹੈ। ਇਸਦੇ ਨਾਲ ਹੀ ਉਸ ਨੂੰ ਡਰ ਹੈ ਕਿ ਉਸ ਦਾ ਪਰਿਵਾਰ ਉਸ ਨੂੰ ਡਾਕਟਰਾਂ ਦੇ ਹਵਾਲੇ ਕਰਕੇ ਪਾਗ਼ਲ ਕਰਾਰ ਦੇ ਕੇ ਪਾਗ਼ਲਖਾਨੇ ਵਿੱਚ ਦਾਖ਼ਲ ਨਾ ਕਰਵਾ ਦੇਣ।

ਕਹਾਣੀਕਾਰ ਨੇ ਮੁੱਖ ਪਾਤਰ ਨੂੰ ਅਵਚੇਤਨ ਅਤੇ ਚੇਤਨ ਦੋਹਾਂ ਪੱਧਰਾਂ 'ਤੇ ਪੇਸ਼ ਕਰਕੇ ਜ਼ਿੰਦਗੀ ਦੀਆਂ ਤਿੰਨ ਅਵਸਥਾਵਾਂ ਦਾ ਜ਼ਿਕਰ ਸਮਾਜਿਕ ਪਰਿਪੇਖ ਵਿੱਚ ਰੱਖ ਕੇ ਕੀਤਾ ਹੈ। ਕਹਾਣੀ ਅਵਚੇਤਨੀ ਪਰਿਪੇਖ ਤੋਂ ਸ਼ੁਰੂ ਹੋ ਕੇ ਚੇਤਨੀ ਪਰਿਪੇਖ ਵਿੱਚ ਵਧ ਕੇ/ ਸਿਮਟ ਕੇ ਬਹੁਪਰਤੀ ਬਿਰਤਾਂਤ ਨੂੰ ਸਿਰਜਦੀ ਹੈ ਜਿਸ ਵਿਚ ਤਕਨੀਕ ਦੇ ਪੱਖ ਤੋਂ ਬਿਰਤਾਂਤ ਵਿਸਥਾਰ ਦੀ ਮੁੱਖ ਭੂਮਿਕਾ ਹੈ ਅਤੇ ਇਸਦੇ ਨਾਲ ਹੀ ਸੰਵਾਦ, ਪ੍ਰਤੀਕ ਦੀ ਵਰਤੋਂ ਦਮਿਤ ਭਾਵਨਾਵਾਂ ਦੇ ਇਜ਼ਹਾਰ ਲਈ ਕਰਕੇ ਲੇਖਕ ਨੇ ਬਹੁਅਰਥੀ ਬਹੁ-ਪਸਾਰੀ ਸਰੋਕਾਰ ਉਜਾਗਰ ਕੀਤੇ ਹਨ।ਇਸ ਤੋਂ ਇਲਾਵਾ ਇਨ੍ਹਾਂ ਦਮਿਤ ਭਾਵਨਾਵਾਂ ਦੇ ਪਿਛੋਕੜ ਵਿਚ ਕਾਰਜਸ਼ੀਲ ਪਰਿਵਾਰ ਸਮੇਤ ਸਮੂਹ ਸਮਾਜਿਕ ਬੰਦਿਸ਼ਾਂ ਨੂੰ ਲੇਖਕ ਨੇ ਅਚੇਤ ਪੱਧਰ 'ਤੇ ਪੇਸ਼ ਕੀਤਾ ਹੈ ਜੋ ਮਨੁੱਖ ਦੀ ਮਾਨਸਿਕ ਸਰੀਰਕ ਆਜ਼ਾਦੀ ਦੇ ਨਾਲ ਹੋਂਦ ਅਸਤਿਤਵ ਉੱਤੇ ਅੰਕੁਸ਼ ਲਗਾਉਂਦੀਆਂ ਹਨ।

**ਰਮਿੰਦਰ ਕੌਰ** : ਮਖਦੂਮ ਟੀਪੂ ਸੁਲਤਾਨ ਦੀ ਕਹਾਣੀ 'ਫਰਿੱਜ ਵਿਚ ਪਿਆ ਟਮਾਟਰ' ਇਕ ਮਨੋਵਿਸ਼ਲੇਸ਼ਣੀ ਤਕਨੀਕ ਵਿਚ ਲਿਖੀ ਕਹਾਣੀ ਹੈ। ਸ਼ੈਲੀ ਪ੍ਰਤੀਕਾਤਮਕ ਅਤੇ ਐਬਸਰਡ ਹੈ। ਫਰਿੱਜ ਵਿਚ ਪਏ ਟਮਾਟਰ ਦੇ ਪ੍ਰਤੀਕ ਰਾਹੀਂ ਵਰਤਮਾਨ ਮਨੁਖ ਦੀ ਹੋਂਦ ਅਤੇ ਹੋਣੀ ਪੇਸ਼ ਕੀਤੀ ਗਈ ਹੈ। ਦਿਲ ਦੀ ਗੱਲ ਕਰਨ ਲਈ ਸਾਥ ਨਹੀਂ। ਜਿਸ ਨੂੰ ਦੁਖ ਸੁਣਾਉਂਦੇ ਉਹ ਆਪਣੇ ਦੁਖ ਤੋਂ ਪਰੇਸ਼ਾਨ। ਦੂਜਿਆਂ ਦੇ ਜ਼ਿੰਦਗੀ ਵਿਚ ਬੇਲੋੜੇ ਦਖ਼ਲ ਕਰਕੇ ਮਨੁੱਖ ਕੋਲੋਂ ਉਸਦਾ ਆਪਣਾਪਣ ਵੀ ਖੁੱਸ ਗਿਆ। ਜਿਵੇਂ ਅਸੀਂ ਜਿਉਣਾ ਚਾਹੁੰਦੇ ਹਾਂ ਜੀ ਨਹੀਂ ਸਕਦੇ। ਬੰਦਾ ਕਰਨਾ ਕੁਝ ਚਾਹੁੰਦਾ ਹੈ ਕਰਦਾ ਕੁਝ ਹੈ। ਸੜੇ ਟਮਾਟਰ ਵਰਗੇ ਹੋ ਗਏ ਹਾਂ ਜੋ ਅਖੀਰ ਕੂੜੇ ਦਾ ਹਿੱਸਾ ਬਣਦਾ ਹੈ। ਪੂੰਜੀਵਾਦੀ ਸਿਸਟਮ ਦੇ ਡਰ ਨੇ ਮੁਥਾਜ ਬਣਾ ਦਿੱਤਾ। ਜਿੰਦਗੀ ਅਰਥਹੀਣ ਕਰ ਦਿੱਤੀ ਹੈ। ਪ੍ਰਗਤੀਵਾਦੀ ਸੁਰ ਵੀ ਮਿਲ ਰਹੀ ਹੈ। ਹੱਕ ਕੋਈ ਨਹੀਂ ਦਿੰਦਾ ਖੋਹਣੇ ਪੈਂਦੇ ਹਨ। ਇਸ ਸਭ ਤੋਂ ਹਾਰ ਕੇ ਮਨੁੱਖ ਕਈ ਵਾਰੀ ਭੂਤ ਮੁਖੀ ਹੁੰਦਾ ਹੈ। ਦਾਦੇ ਨਾਲ ਗੱਲਾਂ ਪ੍ਰਤੀਕ ਹੈ ਬੀਤੇ ਨੂੰ ਯਾਦ ਕਰਨ ਦੀ। ਬੀਤੇ ਦੀ ਆਗੋਸ਼ ਵਿਚ ਸੁੱਖ ਲੱਭਣ ਦੀ। ਜਦੋਂ ਸੁੱਖ ਦੁੱਖ ਪਰਮਾਤਮਾ ਤੇ ਸੁਟਦੇ ਸੀ ਖ਼ੁਸ਼ ਸਾਂ। ਬਿਰਤਾਂਤ ਬਹੁਪਰਤੀ ਹੈ। ਕਹਾਣੀਕਾਰ ਨੇ ਪ੍ਰਤੀਕਾਂ ਤੇ ਬਿੰਬਾਂ ਰਾਹੀਂ ਥੋੜੇ ਵਿਚ ਬਹੁਤ ਕੁਝ ਸਮੇਟਣ ਦੀ ਕੋਸ਼ਿਸ਼ ਕੀਤੀ ਹੈ। ਜਿੰਨਾ ਸੋਚਦੇ ਹਾਂ ਕਿ ਜ਼ਿੰਦਗੀ ਦਾ ਮਕਸਦ ਕੀ ਹੈ ਉਨਾਂ ਹੀ ਭਟਕਦੇ ਹਾਂ।

**ਸ਼ਰਨਜੀਤ ਕੌਰ** : ਇਹ ਕਹਾਣੀ ਫ਼ਰਿੱਜ ਵਿਚ ਪਏ ਟਮਾਟਰ ਦੇ ਪ੍ਰਤੀਕ ਰਾਹੀਂ ਵਰਤਮਾਨ ਮਨੁੱਖ ਦੀ ਹੋਂਦ ਤੇ ਹੋਣੀ ਦਾ ਬਿੰਬ ਉਸਾਰ ਰਹੀ ਹੈ। ਇਸ ਕਹਾਣੀ ਦਾ ਵਸਤੂ ਸਾਰ ਇਸਦੇ ਪ੍ਰਤੀਕਾਂ ਵਿਚ ਲੁਪਤ ਹੈ। ਕਹਾਣੀ ਤਹਿਆਂ ਦੇ ਰੂਪ ਵਿਚ ਖੁੱਲ ਰਹੀ ਹੈ। ਕਹਾਣੀ ਵੇਖਣ ਨੂੰ ਜਿੰਨੀ ਸਰਲ ਲੱਗਦੀ ਹੈ, ਇਸਦਾ ਸੰਦਰਭ ਉਨ੍ਹਾਂ ਹੀ ਗੰਭੀਰ ਤੇ ਜਟਿਲ ਹੈ। ਸਮਝ ਅਨੁਸਾਰ ਕਹਾਣੀ ਕਾਰਪੋਰੇਟ ਜਾਂ ਪੂੰਜੀਵਾਦੀ ਮਾਹੌਲ 'ਚ ਵਿਚਰਦੇ ਸਾਧਾਰਨ ਮਨੁੱਖ ਨੂੰ ਆਜ਼ਾਦ ਜ਼ਿਹਨੀਅਤ ਤੇ ਆਪਣੇ ਹਿੱਸੇ ਦੇ ਬਣਦੇ ਹੱਕਾਂ, ਅਧਿਕਾਰਾਂ ਨਾਲ

Original ਬਣ ਕੇ ਜਿਊਣ ਦਾ ਸੁਨੇਹਾ ਦੇ ਰਹੀ ਹੈ। ਕਹਾਣੀ ਪੜ੍ਹਦਿਆਂ ਕੁਝ ਇਕ ਥਾਵਾਂ 'ਤੇ ਇਸ ਤਰ੍ਹਾਂ ਲੱਗਦਾ ਹੈ ਜਿਵੇਂ ਕਹਾਣੀਕਾਰ ਆਪਣੀ ਗੱਲ ਕਹਿਣ ਤੋਂ ਟਪਲਾ ਖਾ ਰਿਹਾ ਹੈ ਲੇਕਿਨ ਕੁਲ ਮਿਲਾ ਕੇ, ਅੰਤਿਮ ਚਰਣ 'ਤੇ ਪਹੁੰਚ ਕੇ ਕਹਾਣੀ ਪਾਠਕ ਨੂੰ ਸਪੱਸ਼ਟਤਾ ਵੱਲ ਸੇਧਿਤ ਕਰ ਜਾਂਦੀ ਹੈ। ਪਰ ਬਾਵਜੂਦ ਇਸਦੇ ਇਹ ਕਹਿਣਾ ਫਿਰ ਵੀ ਬਣਦਾ ਹੀ ਹੈ ਕਿ ਇਸ ਕਹਾਣੀ ਨੂੰ ਬਿਰਤਾਂਤਕਾਰੀ ਦੀ ਪੱਧਰ 'ਤੇ ਅਜੇ ਹੋਰ ਵੀ ਸੰਵਾਰਿਆ ਜਾ ਸਕਦਾ ਹੈ।

**ਜਸ ਮੰਡ** : ਮਖਦੂਮ ਟੀਪੂ ਸਲਮਾਨ ਨੇ ਕਹਾਣੀ ਕਹਿਣ ਦਾ ਵਧੀਆ ਢੰਗ ਵਰਤਿਆ ਹੈ। ਮੁੱਖ ਪਾਤਰ ਕਦੇ ਫ਼ਰਿੱਜ ਵਿਚ ਪਏ ਟਮਾਟਰ ਨਾਲ ਗੱਲਾਂ ਕਰਦਾ ਹੈ, ਕਦੇ ਆਪਣੇ ਢਿੱਡ ਨਾਲ ਤੇ ਕਦੇ ਦਾਦੇ ਦੀ ਫੋਟੋ ਨਾਲ। ਭਾਵੇਂ ਲੋਕ ਉਸਨੂੰ ਪਾਗਲ ਸਮਝਦੇ ਹਨ, ਪਰੰਤੂ ਉਹ ਇਸ ਢੰਗ ਰਾਹੀਂ ਆਪਣੇ ਮਸਲੇ ਵੀ ਸਾਂਝੇ ਕਰ ਲੈਂਦਾ ਹੈ ਅਤੇ ਕਈ ਫਲਸਫਈ ਗੱਲਾਂ ਵੀ ਕਰ ਜਾਂਦਾ ਹੈ। ਜਿਵੇਂ ਟਮਾਟਰ ਉਸਨੂੰ ਦੱਸਦਾ ਹੈ ਕਿ ਤਿੰਨ ਦਿਨਾਂ ਤੋਂ ਉਹ ਫ਼ਰਿੱਜ ਵਿਚ ਪਿਆ ਸੀ ਤੇ ਉਹਦਾ ਜੁੱਸਾ ਨਰਮ ਪੈ ਗਿਆ ਸੀ। ਹੁਣ ਉਸਨੇ ਕੂੜੇ ਵਿਚ ਈ ਜਾਣਾ ਸੀ। ਕਹਿੰਦਾ ਸੀ ਨਾ ਉਹਨੇ ਕੀੜੇ ਦਾ ਢਿੱਡ ਭਰਿਆ ਨਾ ਪੰਖੇਰੂ ਦਾ ਤੇ ਨਾ ਹੀ ਹੁਣ ਬੰਦੇ ਦਾ। ਉਹਦੀ ਜ਼ਿੰਦੜੀ ਦਾ ਕੀ ਮਕਸਦ ਸੀ ? ਇੰਝ ਹੀ ਕਹਾਣੀ ਦੇ ਅਖੀਰ ਵਿਚ ਦਾਦੇ ਦੀ ਫੋਟੋ ਉਸਨੂੰ ਕਹਿੰਦੀ ਹੈ ਕਿ ਤੂੰ ਖਾਮਖਾਹ ਫਿਕਰ ਨਾ ਕਰਿਆ ਕਰ। ਟੁੱਕਰ ਤੇ ਰੱਬ ਸਾਰਿਆਂ ਨੂੰ ਦੇਂਦਾ ਏ। ਪਰ ਮੈਨੂੰ ਪਤਾ ਲੱਗ ਗਿਆ ਏ ਐਹ ਸਭ ਝੂਠ ਏ। ਰੱਬ ਕੋਈ ਨਹੀਂ ਹੁੰਦਾ ਤੇ ਟੁੱਕਰ ਵੀ ਕੋਈ ਨਹੀਂ ਦੇਂਦਾ। ਟੁੱਕਰ ਆਪੇ ਖੋਹ ਕੇ ਲੈਣਾ ਪੈਂਦਾ ਏ ਤੇ ਜਿਹਨੂੰ ਖੁਦ ਤੇ ਰੋਣਾ ਆਂਦਾ ਹੋਵੇ, ਉਹ ਗੰਦੇ ਆਂਡੇ ਵਰਗਾ ਹੁੰਦਾ ਏ। ਅੱਬਾ ਕਹਿੰਦਾ ਏ ਮੈਨੂੰ ਗੰਦਾ ਆਂਡਾ।

ਇਕੋ ਗੱਲ ਲੱਗਦੀ ਹੈ ਕਿ ਇਸ ਕਹਾਣੀ ਵਿਚ ਬਹੁਤ ਸਾਰੀਆਂ ਹੋਰ ਗੱਲਾਂ ਕਹਿਣ ਦੀ ਗੁੰਜਾਇਸ਼ ਸੀ, ਪਾਕਿਸਤਾਨ ਦੇ ਨਿਜ਼ਾਮ ਬਾਰੇ, ਸਮਾਜ ਬਾਰੇ, ਰਾਜਨੀਤਕ ਅਤੇ ਆਰਥਕ ਹਾਲਤ ਬਾਰੇ। ਕੀ ਕਹਾਣੀ ਨੂੰ ਛੋਟੀ ਰੱਖਣਾ ਤਾਂ ਇਸਦੀ ਸੀਮਾ ਨਹੀਂ ਬਣ ਗਈ ?

**ਧਨਵੰਤ ਕੌਰ** : ਮਨੁੱਖ ਦੀ ਹੋਂਦ ਹਸਤੀ ਨੂੰ, ਮਨੁੱਖੀ ਫਿਤਰਤ ਨੂੰ, ਮਨੁੱਖੀ ਜ਼ਿੰਦਗੀ ਦੇ ਮਕਸਦ ਨੂੰ, ਮਨੁੱਖ ਦੀ ਹੋਣੀ ਨੂੰ ਨਵੇਂ ਨਵੇਂ ਨਿਗੂਣੇ ਨਿਗੂਣੇ ਬਿੰਬਾਂ ਵਿਚ ਬੰਨ੍ਹ ਕੇ ਸਮਝਣਾ ਸਮਝਾਉਣਾ ਲਹਿੰਦੇ ਪੰਜਾਬ ਦੀ ਕਹਾਣੀ ਦੀ ਇਕ ਨਿਵੇਕਲਾ ਅਤੇ ਸਮਰੱਥ ਪਛਾਣ ਚਿੰਨ੍ਹ ਕਿਹਾ ਜਾ ਸਕਦਾ ਹੈ। ਇਸ ਕਹਾਣੀ ਵਿਚ ਸ਼ਿਸ਼ਟਾਚਾਰ ਦੇ ਕਠੋਰ ਨਿਯੰਤਰਣ ਵਿਚ ਬੱਝੀ ਬੰਦੇ ਦੀ ਹੋਂਦ ਹਸਤੀ ਨੂੰ ਫਰਿਜ ਵਿਚ ਪਏ ਟਮਾਟਰ ਵਜੋਂ ਕਿਆਸਣਾ ਇਕ ਅਜਿਹਾ ਹੀ ਮੰਜ਼ਰ ਹੈ। ਇਕ ਕਿਸ਼ੋਰ ਉਮਰ ਦੇ ਪਾਤਰ ਨੂੰ ਲੈ ਕੇ Lightler vein ਵਿਚ ਲਿਖੀ ਜਾਪਦੀ ਇਹ ਕਹਾਣੀ ਡੂੰਘੇ ਅਰਥਾਂ ਅਤੇ ਮਨੁੱਖੀ ਫਿਤਰਤ ਦੇ ਵਾਜਬ ਸੁਆਲਾਂ ਨੂੰ ਸਮੋਈ ਬੈਠੀ ਹੈ। ਕਹਾਣੀ ਦੇ ਮੁੱਖ ਪਾਤਰ ਦੇ ਤਨ ਵਿਚ ਵਾਪਰ ਰਹੀਆਂ ਤਬਦੀਲੀਆਂ ਕਰਕੇ ਮਨ ਵਿਚ ਪੈਦਾ ਹੁੰਦੇ ਖਦਸ਼ਿਆ ਉਤੇ ਭਾਵਨਾਵਾਂ ਨੂੰ ਪ੍ਰਗਟ ਨਾ ਕਰ ਸਕਣ ਦੀ ਦੁਬਿਧਾ ਦੇ ਵਿਸ਼ਲੇਸ਼ਣ ਵਿਚ ਬੜੀਆਂ ਮਨੋਵਿਗਿਆਨਕ ਅਤੇ ਅਸਤਿਤਵਿਕ ਛੋਹਾਂ ਦੇ ਕੇ ਕਹਾਣੀਕਾਰ ਨੇ ਭਰਵੇਂ ਰੰਗ ਭਰੇ ਹਨ। ਸ਼ਿਸ਼ਟਾਚਾਰ ਦੇ ਕਠੋਰ ਨਿਯੰਤਰਣ ਵਿਚ ਬੱਝੇ ਸਭਿਅਕ ਵਿਅਕਤੀ ਲਈ ਮੂਲੋਂ ਪ੍ਰਕ੍ਰਿਤਕ ਵਿਹਾਰ ਨੂੰ ਪ੍ਰਗਟਾਉਣਾ ਅਸਾਧਰਾਨ ਹੈ, ਬਲਕਿ ਪਾਗਲਪਨ ਹੈ। ਬੰਦੇ ਕੋਲ ਰੋਣ, ਹੱਸਣ, ਗੱਲਾਂ ਕਰਨ ਦੀ ਵਜ੍ਹਾ ਹੋਣੀ ਚਾਹੀਦੀ ਹੈ ਅਤੇ

ਅੱਗੋਂ ਇਸ ਵਜ੍ਹਾ ਲਈ ਵਾਜਬ ਸ਼ਬਦ ਹੋਣੇ ਚਾਹੀਦੇ ਹਨ। ਮੈਂ ਪਾਤਰ ਜਿਹੜੀਆਂ ਗੱਲਾਂ ਤੇ ਰੋ ਰਿਹਾ, ਹੱਸ ਰਿਹਾ, ਕ੍ਰਿਝ ਰਿਹਾ ਹੈ। ਜੇ ਉਹ ਦੱਸ ਵੀ ਦੇਵੇ ਤਾਂ ਵੀ ਪਾਗਲ ਹੀ ਸਮਝਿਆ ਜਾਵੇਗਾ। ਜੋ ਕੁਝ ਉਸਦੇ ਜ਼ਿਹਨ ਵਿਚ ਵਾਪਰ ਰਿਹਾ ਹੈ, ਸਭਿਅਕ ਹੋਣ ਦਾ ਤਕਾਜ਼ਾ ਹੈ ਕਿ ਉਸ ਨੂੰ ਵੀ ਸਾਭਿਆ ਜਾਵੇ ਵਰਨਾ ਸਮਾਜਕ ਮੁੱਲਾ ਨਾਲ ਮੁਲਾਂਕਣ ਕਰਦੇ ਪਿਓ ਲਈ, ਪਰਿਵਾਰ ਲਈ ਉਹ ਗੰਦਾ ਆਂਡਾ ਹੀ ਹੈ। ਮੌਤ ਪਿਛੋਂ ਫਰੇਮ ਵਿਚ ਕੈਦ ਹੋ ਗਏ, ਸਭਿਅਕ ਅਸਭਿਅਕ ਹੋਣ ਦੇ ਭੈ ਤੋਂ ਮੁਕਤ ਹੋ ਗਏ ਦਾਦੇ ਲਈ ਆਪਣੀ ਪ੍ਰਕ੍ਰਿਤਕ ਸੋਚ ਨੂੰ ਬੋਲ ਦਿੰਦੇ ਪੋਤਾ ਸ਼ਹਿਜ਼ਾਦਾ ਜਾਂ ਹੀਰਾ ਹੋ ਸਕਦਾ ਹੈ ਪਰ ਪਰਿਵਾਰ ਨੂੰ ਉਸ ਦੀ ਹਰ ਹਰਕਤ ਹੀ ਪ੍ਰੇਸ਼ਾਨ ਕਰਦੀ ਹੈ।

ਤਿੰਨ ਦਿਨ ਤੋਂ ਫਰਿਜ ਵਿਚ ਪਏ ਟਮਾਟਰ ਦੇ ਨਰਮ ਪੈ ਗਏ ਜੁੱਸੇ ਤੇ ਕਿਸੇ ਦੇ ਵੀ ਕੰਮ ਨਾ ਆ ਸਕਣ (ਨਾ ਕੀੜੇ ਦਾ, ਨਾ ਪੰਖੇਰੂ ਦਾ, ਨਾ ਬੰਦੇ ਦਾ ਢਿੱਡ ਭਰਿਆ) ਤੇ ਕੂੜੇ ਦੇ ਢੇਰ ’ਤੇ ਬਿਨਸ ਜਾਣ ਦੀ ਸਥਿਤੀ ਰਾਹੀਂ ਕਹਾਣੀਕਾਰ ਸੁਆਲ ਖੜਾ ਕਰਦਾ ਕਿ ਕੀ ਜ਼ਿੰਦਗੀ ਦਾ ਮਕਸਦ ਸ਼ਿਸ਼ਟਾਚਾਰ ਦੀ ਪਾਲਣਾ ਕਰਦਿਆਂ ਕਿਸੇ ਲਈ ਕੁਝ ਵੀ ਨਾ ਕਰਕੇ ਭਾਵਾਂ ਨੂੰ ਫਰਿਜ ਕਰਕੇ ਬਿਨਸ ਜਾਣਾ ਹੀ ਹੈ। ਇਕ ਹੋਰ ਸਥਿਤੀ ਜਿਸ ਨੂੰ ਕਹਾਣੀਕਾਰ ਉਲਟਾ ਰਿਹਾ ਹੈ, ਉਹ ਹੈ ਕਿ ਟੁੱਕਰ ਰੱਬ ਦਿੰਦਾ। ਉਹ ਕਹਿ ਰਿਹਾ ਕਿ ‘ਰੱਬ ਸ਼ਬ ਕੋਈ ਨਹੀਂ, ਟੁੱਕਰ ਆਪ ਖੋਹ ਕੇ ਖਾਣਾ ਪੈਂਦਾ ਤੇ ਜਿੰਨ੍ਹ ਖੋਂਹਦੇ ਨੂੰ ਰੋਣਾ ਆਉਂਦੇ ਹੋਵੇ ਉਹ ਗੰਦੇ ਆਂਡੇ ਵਰਗਾ ਹੁੰਦਾ। ਸਭਿਅਕ ਸਮਾਜ ਨੇ ਖੋਹਾ-ਖੁਹਾਈ ਨੂੰ ਜਿਵੇਂ ਨੈਤਿਕਤਾ ਦੇ ਘੇਰੇ ਵਿਚ ਲੈ ਆਂਦਾ ਹੈ, ਉਸ ਤੇ ਵੀ ਇਹ ਇਕ ਤਿੱਖੀ ਤਨਜ਼ ਹੈ।

**ਰਜਨੀਸ਼**: ਮਖਦੂਮ ਟੀਪੂ ਸੁਲਤਾਨ ਦੀ ਕਹਾਣੀ ‘ਫਰਿੱਜ ਵਿਚ ਪਿਆ ਟਮਾਟਰ’ ਪ੍ਰਤੀਕਾਤਮਕ ਸ਼ੈਲੀ ਵਿਚ ਲਿਖੀ ਕਹਾਣੀ ਹੈ। ਇਸ ਸ਼ੈਲੀ ਦੀ ਵਰਤੋਂ ਦਬਾਓ ਸਮੇਂ ਕੀਤੀ ਜਾਂਦੀ ਹੈ। ਇਹ ਦਬਾਓ ਭਾਵੇਂ ਸਮਾਜਿਕ ਸੰਸਥਾਵਾਂ ਦਾ ਹੋਏ ਜਾਂ ਰਾਜ (State) ਦਾ। ਇਸ ਵਿਚ ਆਮ ਤੌਰ ਤੇ ਨਾਮਜ਼ਦ ਪਾਤਰ ਦੀ ਥਾਂ ਉੱਤੇ ਧਿਰਾਂ ਹੁੰਦੀਆਂ ਹਨ। ਪਾਕਿਸਤਾਨ ਵਿਚ ਤਾਨਾਸ਼ਾਹੀ ਹੋਣ ਕਰਕੇ ਕਲਾ ਦਾ ਮਾਧਿਅਮ ਪ੍ਰਤੀਕਾਂ ਨੂੰ ਬਣਾਇਆ ਜਾਂਦਾ ਹੈ। ਲੇਖਕ ਇਸ ਸਥਿਤੀ ਵਿਚ ਪ੍ਰਤੀਕਾਤਮਕ ਸ਼ੈਲੀ ਦੀ ਵਰਤੋਂ ਕਰਦਾ ਹੈ। ਇਸ ਬਿਰਤਾਂਤ ਦਾ ਵਾਹਕ ਐਬਨਾਰਮਲ ਪਾਤਰ ਹੈ। ਉਹ ਟਮਾਟਰ ਨਾਲ ਗੱਲਾਂ ਕਰਦਾ ਹੈ। ਬੜਬੜਾਉਂਦਾ ਹੈ। ਦਾਦੇ ਦੀ ਤਸਵੀਰ ਨਾਲ ਗੱਲਾਂ ਕਰਦਾ ਹੈ। ਵਿਅਕਤੀ ਦੀ ਮੁਢਲੀ ਲੋੜ ਨੂੰ ਪੂਰਾ ਕਰਨ ਦੇ ਰੱਬ ਦੇ ਸੰਕਲਪ ਨੂੰ ਰੱਦ ਕਰਦਾ ਹੈ। ਉਸ ਦੀਆਂ ਕਿਰਿਆਵਾਂ ਨੂੰ ਕੰਟਰੋਲ ਕਰਨ ਵਾਲੀਆਂ ਸ਼ਕਤੀਆਂ ਹੋਰ ਹਨ। ਟਮਾਟਰ ਜਿਹੜਾ ਜਲੌਅ ਦਾ ਪ੍ਰਤੀਕ ਹੈ ਉਹ ਜੜ੍ਹ ਸਥਿਤੀਆਂ ਵਿਚ ਪਿਆ ਹੋਂਦ ਗਵਾ ਰਿਹਾ ਹੈ। ਜਿਸ ਬਾਰੇ ਵਿਆਖਿਆ ਪਰਿਵਾਰ ਦਾ ਅਣਗੌਲਿਆ, ਪਾਗਲ ਕਰਾਰ ਦਿੱਤਾ ਵਿਅਕਤੀ ਕਰ ਰਿਹਾ ਹੈ। ਇਹ ਕਹਾਣੀ ਘਟਨਾਵੀਂ ਪ੍ਰਬੰਧ ਦੇ ਮੱਕੜਜਾਲ ਤੋਂ ਮੁਕਤ ਹੈ। ਜੋ ਵਾਪਰਦਾ ਹੈ ਉਹ ਸੰਭਾਵੀ ਹੈ, ਜਿਸ ਦੌਰ ਵਿਚੋਂ ਪਾਕਿਸਤਾਨੀ ਸਮਾਜ ਗੁਜਰ ਰਿਹਾ ਹੈ, ਉਸ ਵਿਚ ਕਲਾਤਮਕ ਵਿਧਾਵਾਂ ਰਾਹੀਂ ਗੱਲ ਕਰਨ ਦਾ ਇਹੀ ਤਰੀਕਾ ਹੈ। ਇਸ ਲਈ ਇਸ ਕਹਾਣੀ ਨੂੰ ਵੀ ਡੀਕੋਡ ਕਰਨ ਲਈ ਸਹਿਜਤਾ ਦਰਕਾਰ ਹੈ।

✶✶✶

# ਗੀਟੀਆਂ

***-ਅੰਜੁਮ ਕੁਰੈਸ਼ੀ***

ਇੱਕੀ ਵਰ੍ਹਿਆਂ ਦੀ ਸੀ ਜਦੋਂ ਵਿਆਹੀ ਗਈ। ਮਾਂ ਨੇ ਬੜੀ ਰਾਖੀ ਕਰ ਕੇ ਪਾਲਿਆ ਸੀ,ਰੱਜ ਕੇ ਸੋਹਣੀ ਸੀ। ਬੜੇ ਰਿਸ਼ਤੇ ਆਉਂਦੇ ਪਰ ਜਿੱਥੇ ਨਸੀਬ ਸੀ,ਉਹ ਹਾਲੀਂ ਨਹੀਂ ਸੀ ਆਇਆ। ਆਪਣੇ ਵਕਤ ਤੇ, ਰੱਬ ਦੀ ਮਰਜ਼ੀ ਨਾਲ਼,ਮਨਸੂਰ ਦਾ ਰਿਸ਼ਤਾ ਆਇਆ, ਨਾ ਉਹ ਕੋਝਾ ਸੀ ਤੇ ਨਾ ਈ ਸੋਹਣਾ। ਮੇਲ ਲਿਖਿਆ ਸੀ,ਕੁੜੀ ਵਾਲਿਆਂ ਨੂੰ ਤੇ ਮੁੰਡੇ ਵਾਲਿਆਂ ਨੂੰ ਸਭ ਕੁੱਝ ਠੀਕ ਲੱਗਾ। ਢੋਲਕੀ ਵੱਜੀ, ਮਹਿੰਦੀ ਲੱਗੀ ਤੇ ਜੰਞ ਬੂਹੇ ਆ ਗਈ। ਸਾਇਰਾ ਵਿਆਹ ਕੇ ਮਨਸੂਰ ਦੇ ਘਰ ਟੁਰ ਗਈ।

ਮਨਸੂਰ ਦੀ ਨੌਕਰੀ ਹੈਦਰਾਬਾਦ ਵਿਚ ਸੀ ਤੇ ਇਹ ਗਲ ਵਿਆਹ ਤੋਂ ਪਹਿਲੇ ਈ ਹੋ ਗਈ ਕਿ ਸਾਇਰਾ ਸਹੁਰੇ ਨਹੀਂ ਰਹੇਗੀ। ਬਲਕਿ ਓਥੇ ਰਹੇਗੀ ਜਿਥੇ ਮਨਸੂਰ ਦੀ ਨੌਕਰੀ ਹੋਵੇਗੀ। ਘਰ ਵਿਚ ਬਸ ਇਹ ਦੋ ਜੀਅ ਸਨ ਤੇ ਬਾਹਰ ਇਕ ਡਰਾਈਵਰ ਆਪਣੇ ਕਵਾਰਟਰ ਵਿਚ। ਮਨਸੂਰ ਖੁੱਲ੍ਹ ਡੁੱਲ੍ਹਾ ਬੰਦਾ ਸੀ। ਉਹਨੇ ਹੌਲੀ ਹੌਲੀ ਸਾਇਰਾ ਨੂੰ ਜਾਗਣ ਸੌਣ ਦਾ ਵੱਲ ਸਿਖਾਇਆ। ਉਹ ਮੂੰਹੋਂ ਦੱਸਦਾ ਕਿ ਉਹਨੂੰ ਕੀ ਕੀ ਚੰਗਾ ਲਗਦਾ ਏ। ਸਾਇਰਾ ਦਾ ਹੱਥ ਫੜ ਕੇ ਜਾਚ ਦੀ ਦੱਸ ਪਾਉਂਦਾ। ਕਦੇ ਕਦੇ ਫ਼ਿਲਮਾਂ ਵੀ ਲੈ ਆਉਂਦਾ। ਸਾਇਰਾ ਪਲੰਘ ਤੇ ਲੰਮੀ ਪਈ ਅਪਣਾ ਮੂੰਹ ਚਾਦਰ ਅੰਦਰ ਕਰ ਲੈਂਦੀ। ਉਹ ਚਾਦਰ ਨੂੰ ਹੌਲੀ ਜਿਹੀ ਪਰ੍ਹਾਂ ਕਰ ਦਿੰਦਾ, “ਵੇਖ ਨਾਂਅ! ਵੇਖ ਮੇਰੇ ਨਾਲ਼।” ਉਹ ਅੱਖਾਂ ਬੰਦ ਕਰ ਲੈਂਦੀ।। ਹੌਲੀ ਹੌਲੀ ਉਹਦਾ ਝਾਕਾ, ਮਨਸੂਰ ਦੇ ਕਰਦਿਆਂ, ਖੁੱਲ ਗਿਆ। ਉਹ ਫ਼ਿਲਮਾਂ ਤੱਕਣ ਲੱਗ ਪਈ, ਪਰ ਬਦੋਬਦੀ। ਮਨਸੂਰ ਸਵੇਰੇ ਕੰਮ ਤੇ ਚਲਾ ਜਾਂਦਾ। ਸ਼ਾਮੀਂ ਆਉਂਦਾ ਤਾਂ ਰੋਟੀ ਤਿਆਰ ਹੁੰਦੀ। ਰੋਟੀ ਖਾ ਕੇ ਦੋਵੇਂ ਕੋਈ ਡਰਾਮਾ ਯਾਂ ਖ਼ਬਰਾਂ ਵੇਖਦੇ। ਫ਼ਿਰ ਬੱਤੀ ਕਦੀ ਬਲਦੀ ਰਹਿੰਦੀ ਤੇ ਕਦੀ ਨਹੀਂ।

ਸਾਇਰਾ ਨੂੰ ਸ਼ੁਰੂ ਸ਼ਾਦੀ ਦਾ ਉਹ ਵੇਲ਼ਾ ਹਾਲੀਂ ਵੀ ਯਾਦ ਆਉਂਦਾ ਜਦੋਂ ਉਹ ਲੰਮੀ ਪਈ ਰਹਿੰਦੀ ਸੀ ਤੇ ਮਨਸੂਰ ਅੱਗੇ ਪਿੱਛੇ,ਉਤੇ ਥੱਲੇ ਹੁੰਦਾ ਸੀ। ਹੁਣ ਦੋ ਬੱਚਿਆਂ ਤੋਂ ਬਾਅਦ, ਸਗੋਂ ਉਸ ਤੋਂ ਪਹਿਲਾਂ ਈ,ਕੰਮ ਉਲਟ ਹੋ ਗਿਆ ਸੀ। ਮਨਸੂਰ ਲੰਮਾ ਪਿਆ ਰਹਿੰਦਾ ਤੇ ਸਾਇਰਾ ਨੂੰ ਅੱਗੇ ਪਿੱਛੇ,ਉਤੇ ਥੱਲੇ ਹੋਣਾ ਪੈਂਦਾ। ਕਦੀ ਉਹ ਆਪਣੇ ਬਾਰੇ ਆਖਦੀ ਤੇ ਮਨਸੂਰ ਕਹਿੰਦਾ, “ਥੱਕਾ ਹੁੰਨਾਂ ਸਾਰੇ ਦਿਨ ਦਾ, ਨਾਲੇ ਏਸ ਵਜ਼ਨ ਨਾਲ਼, ਵਜ਼ਨ ਦਾ ਕਰਨਾਂ ਮੈਂ ਕੁੱਝ!”ਸਾਇਰਾ ਦਾ ਦਿਲ ਨਹੀਂ ਸੀ ਹੁੰਦਾ ਏਸ ਉਠਕ ਬੈਠਕ ਵਿਚ। ਉਹਦਾ ਜੀ ਅੰਦਰੋਂ ਈ ਅੰਦਰੋਂ ਮਸੋਸਦਾ ਬਈ ਉਹਦੇ ਨਾਲ਼ ਪਿਆਰ ਦੀਆਂ ਗੱਲਾਂ ਕਰੇ ਮਨਸੂਰ, ਉਹਦਾ ਲਾਡ ਕਰੇ।

ਕਿਸ ਸਵਾਣੀ ਦਾ ਦਿਲ ਨਹੀਂ ਕਰਦਾ ਕਿ ਉਹਨੂੰ ਪਿਆਰ ਕੀਤਾ ਜਾਵੇ ਤੇ ਉਹਦਾ ਚਾਅ ਕਰੇ ਕੋਈ, ਪਰ ਨਹੀਂ! ਇਕ ਰੁਟੀਨ ਬਣ ਗਈ ਸੀ, ਉਹ ਪੁਗ ਜਾਂਦਾ ਤੇ ਸਾਇਰਾ ਦੀਆਂ ਆਪਣੀਆਂ ਗੀਟੀਆਂ ਉਹਦੇ ਹੱਥ ਵਿਚ ਈ ਫੜੀਆਂ ਰਹਿ ਜਾਂਦੀਆਂ।

ਹਰ ਵਾਰੀ,ਉਹਦੀ ਆਪਣੀ ਵਾਰੀ ਰਹਿ ਜਾਂਦੀ। ਦੋਵੇਂ ਧੀਆਂ ਹੁਣ ਸਕੂਲੇ ਜਾਣ ਲੱਗ ਪਈਆਂ ਸਨ। ਦਿਨੇ ਉਹ ਘਰ ਵਿਚ ਕੱਲੀ ਹੁੰਦੀ। ਢਾਰਕਿਉਂ, ਮਨਸੂਰ ਦੇ ਚਾਚੇ ਦਾ ਪੁਤਰ, ਫ਼ਰੀਦ, ਦੋ ਦਿਨ ਲਈ ਉਨ੍ਹਾਂ ਵੱਲ ਰਹਿਣ ਆਇਆ। ਫ਼ਰੀਦ ਨੂੰ ਏਸ ਵਾਰੀ ਵੇਖ ਕੇ ਸਾਇਰਾ

ਦਾ ਦਿਲ ਵੱਜਿਆ। ਜ਼ੋਰ ਦੀ, ਉਹਨੇ ਫ਼ਰੀਦ ਵੱਲ ਵੇਖਿਆ, ਕਿਧਰੇ ਉਹਨੂੰ ਪਤਾ ਤੇ ਨਹੀਂ ਲੱਗ ਗਿਆ ਸੀ। ਫ਼ਰੀਦ ਸਾਇਰਾ ਤੋਂ ਥੋੜਾ ਨਿੱਕਾ ਸੀ। ਉਹਨੂੰ ਵੇਖ ਕੇ ਹਰ ਸਵਾਣੀ ਦੀ ਦਿਲ ਪੰਘਰਦਾ ਸੀ। ਬਹੁਤ ਸੋਹਣਾ ਸੀ ਤੇ ਰੱਜ ਕੇ ਮੁਹੱਬਤੀ।

ਓਪਰਾਪਣ ਤੇ ਹੈ ਈ ਨਹੀਂ ਸੀ, ਹੋਛਾ ਵੀ ਨਹੀਂ ਸੀ, ਗੱਲ ਗੱਲ ਤੇ ਦੰਦ ਨਹੀਂ ਸੀ ਖਿਲਾਰਦਾ ਤੇ ਠਰਕੀ ਤੇ ਬਿਲਕੁਲ ਨਹੀਂ ਸੀ। ਸਾਇਰਾ ਉਹਨੂੰ ਪਹਿਲਾਂ ਵੀ ਬੜੀ ਵਾਰੀ ਮਿਲੀ ਹੋਈ ਸੀ। ਫ਼ਰੀਦ ਨੇ ਦੱਸਿਆ ਕਿ ਅਗਲੇ ਦਿਨ ਦਸ ਵਜੇ ਇਕ ਬਹੁਤ ਵੱਡੀ ਕੰਪਨੀ ਵਿਚ ਉਹਦਾ ਇੰਟਰਵਿਊ ਸੀ, ਕੰਪਨੀ ਦੀ ਗੱਡੀ ਨੇ ਉਹਨੂੰ ਲੈਣ ਆਉਣਾ ਸੀ।

ਅਗਲੇ ਦਿਨ ਕੁੜੀਆਂ ਸਕੂਲ ਤੇ ਮਨਸੂਰ ਵੇਲੇ ਨਾਲ਼ ਸਾਢੇ ਅੱਠ ਵਜੇ ਆਪਣੇ ਦਫ਼ਤਰ ਲਈ ਨਿਕਲ ਗਏ। ਸਾਇਰਾ ਝਲਾਨੀ (ਰਸੋਈ) ਵਿਚ ਸੀ। ਇਸ ਨੇ ਓਥੋਂ ਈ ਫ਼ਰੀਦ ਨੂੰ ਵਾਜ ਦੇ ਕੇ ਪੁੱਛਿਆ, "ਕੀ ਨਾਸ਼ਤਾ ਬਣਾਵਾਂ ?" ਉਹਨੇ ਬੂਹੇ ਵਿਚ ਆ ਕੇ ਕਿਹਾ,"ਤੈਨੂੰ ਮਿੱਠਾ ਪਰਾਠਾ ਬਨਾਣਾ ਆਉਂਦਾ ਏ ?"

ਮਿੱਠਾ ਪਰਾਠਾ! ਉਹਨੇ ਇਕ ਪਲ਼ ਸੋਚਿਆ।। ਉਹਦੇ ਪਿਓ ਨੂੰ ਬੜਾ ਪਸੰਦ ਸੀ। ਉਹਦੀ ਮਾਂ ਛੁੱਟੀ ਵਾਲੀ ਦਿਹਾੜੀ ਉਹਦੇ ਪਿਓ ਲਈ ਬਣਾਂਦੀ ਹੁੰਦੀ ਸੀ, ਹੁਣ ਵੀ ਬਣਾਂਦੀ ਏ। ਸ਼ੁਰੂ ਸ਼ਾਦੀ ਉਹਨੇ ਬੜੇ ਚਾਅ ਨਾਲ਼ ਮਨਸੂਰ ਨੂੰ ਇਕ ਵਾਰੀ ਪੁੱਛਿਆ ਸੀ,"ਮਿੱਠਾ ਪਰਾਠਾ ਬਣਾਵਾਂ ਤੁਹਾਡੇ ਲਈ ?"

"ਨਹੀਂ ਨਹੀਂ, ਬਿਲਕੁਲ ਨਹੀਂ, ਮੈਨੂੰ ਉੱਕਾ ਨਹੀਂ ਪਸੰਦ। ਪਰਾਠਾ ਵੀ ਕਦੇ ਮਿੱਠਾ ਹੁੰਦਾ ਏ!"

ਸਾਇਰਾ ਨੇ ਫ਼ਿਰ ਨਹੀਂ ਸੀ ਪੁੱਛਿਆ। ਪਿਓ ਦੀ ਲਾਡਲੀ ਸੀ ਤੇ ਚਾਹ ਕਰਦਿਆਂ ਉਹ ਆਪ ਵੀ ਪਿਓ ਲਈ ਕਦੀ ਕਦੀ ਮਿੱਠਾ ਪਰਾਠਾ ਬਣਾਂਦੀ। "ਮਾਂ! ਅੱਜ ਮੈਂ ਬਣਾਵਾਂਗੀ", ਉਹ ਆਖਦੀ। ਮਾਂ ਬਣਾਉਣ ਦਿੰਦੀ ਕਿ ਚਲੋ ਸਿੱਖ ਜਾਏਗੀ। ਪਰ ਵਿਆਹ ਤੋਂ ਬਾਅਦ ਉਸ ਕਦੀ ਮਿੱਠਾ ਪਰਾਠਾ ਬਣਾਇਆ ਈ ਨਹੀਂ ਸੀ। ਕੁੜੀਆਂ ਵੀ ਪਿਓ ਤੇ ਗਈਆਂ ਸਨ। ਮਿੱਠਾ ਪਰਾਠਾ ਉੱਕਾ ਨਹੀਂ ਸੀ ਪਸੰਦ। ਉਹਦਾ ਸਿੱਖਿਆ ਕੁੱਤਿਆਂ ਖਾਣੀ।

"ਹਾਂ ਹਾਂ! ਬਿਲਕੁਲ ਆਉਂਦਾ ਏ।" ਉਹਨੇ ਫ਼ਰੀਦ ਨੂੰ ਆਖਿਆ, "ਤੁਸੀ ਚੱਲ ਕੇ ਮੇਜ਼ ਤੇ ਬੈਠੋ ਤੇ ਮੈਂ ਲੈ ਕੇ ਆਈ।" ਸਾਇਰਾ ਨੇ ਬੜੇ ਚਿਰ ਪਿੱਛੋਂ ਮਿੱਠਾ ਪਰਾਠਾ ਵੇਲਿਆ। ਗਰਮ ਗਰਮ ਪਰਾਠੇ ਚੰਗੇਰ ਚ ਧਰ ਇਸ ਫ਼ਰੀਦ ਅੱਗੇ ਕੀਤੇ। "ਨਾਲ਼ ਕੀ ਖਾਓਗੇ ?"

"ਮਿੱਠੇ ਪਰਾਠੇ ਨਾਲ਼ ਕੁੱਝ ਨਹੀਂ ਖਾਈਦਾ, ਬੱਸ ਇਕ ਕੱਪ ਚਾਹ," ਉਸ ਜਵਾਬ ਦਿੱਤਾ।

ਚਾਹ ਤੇ ਸਵੇਰ ਦੀ ਤਿਆਰ ਸੀ। ਸਾਇਰਾ ਫ਼ਰੀਦ ਨੂੰ ਪਰਾਠਾ ਖਾਂਦਿਆਂ ਵੇਖਦੀ ਰਹੀ। ਉਹ ਆਪ ਅੱਖਾਂ ਥੱਲੇ ਸੁੱਟ ਖਾਂਦਾ ਰਿਹਾ। ਪਰਾਠਾ ਚੰਗਾ ਬਣਿਆ ਸੀ, ਉਹਨੇ ਸਾਇਰਾ ਨੂੰ ਦੱਸਿਆ। ਸਾਇਰਾ ਨੂੰ ਉਸ ਤੇ ਲਾਡ ਆ ਰਿਹਾ ਸੀ। ਪਰ ਇਹ ਲਾਡ ਲਡਾਉਣ ਦੀ ਥਾਂ ਨਹੀਂ ਸੀ, ਨਾਲੇ ਫ਼ਰੀਦ ਕੀ ਸੋਚੇਗਾ ਜੇ ਉਸ ਨੇ ਕੋਈ ਇਸ਼ਾਰਾ ਵੀ ਕੀਤਾ ਏਸ ਬਾਰੇ, ਤੇ ਉਹ ਇਸ਼ਾਰਾ ਕਰ ਵੀ ਕਿੰਜ ਸਕਦੀ ਸੀ! ਫ਼ਰੀਦ ਦਾ ਫ਼ੋਨ ਵੱਜਿਆ। ਉਹਦਾ ਇੰਟਰਵਿਊ ਅਗਾਂਹ ਹੋ ਗਿਆ ਸੀ, ਤਿੰਨ ਵਜੇ ਦੁਪਹਿਰੇ। ਫ਼ਰੀਦ ਪਰਾਠਾ ਮੁਕਾਇਆ ਤੇ ਸਾਇਰਾ ਨੇ ਭਾਂਡੇ ਸਾਂਭਣੇ ਸ਼ੁਰੂ ਕੀਤੇ। ਉਹਦੇ ਅੱਗੋਂ ਚੰਗੇਰ ਚੁੱਕਦਿਆਂ, ਸਾਇਰਾ ਦਾ ਹੱਥ ਜ਼ਰਾ ਕੁ ਕੰਬਿਆ। ਖ਼ੌਰੇ

ਫ਼ਰੀਦ ਨੇ ਵੇਖ ਲਿਆ ਹੋਵੇ, ਸਾਇਰਾ ਅੰਦਰੋਂ ਘਬਰਾ ਗਈ। ਫ਼ਰੀਦ ਚਾਹ ਦਾ ਕੱਪ ਲੈ ਕੇ ਆਪਣੇ ਕਮਰੇ ਵੱਲ ਚਲਾ ਗਿਆ ਤੇ ਸਾਇਰਾ ਝਲਾਨੀ ਵਿਚ।

ਉਹਨੂੰ ਰਾਤ ਦਾ ਹਲ਼ਕਾ ਜਿਹਾ ਤਾਪ ਸੀ, ਸਵੇਰੇ ਮਨਸੂਰ ਨੂੰ ਦੱਸਿਆ ਵੀ ਸੀ ਤੇ ਉਹਨੇ ਕਿਹਾ ਸੀ ਕੇ ਉਹ ਗੋਲੀ ਖਾ ਲਵੇ ਨਾਸ਼ਤੇ ਤੋਂ ਬਾਅਦ। ਜੇ ਅਰਾਮ ਨਾ ਆਇਆ ਤੇ ਉਹ ਸ਼ਾਮੀਂ ਡਾਕਟਰ ਕੋਲ਼ ਲੈ ਜਾਵੇਗਾ। ਭਾਂਡੇ ਧੋਂਦਿਆਂ,ਸਾਇਰਾ ਦੀਆਂ ਅੱਖਾਂ ਅੱਗੇ ਹਨੇਰਾ ਜਿਹਾ ਹੋਇਆ ਤੇ ਉਹ ਡੋਲ ਗਈ। ਫ਼ਰੀਦ ਚਾਹ ਦਾ ਖ਼ਾਲੀ ਕੱਪ ਧਰਨ ਬਾਵਰਚੀ ਖ਼ਾਨੇ ਵੱਲ ਈ ਆ ਰਿਹਾ ਸੀ। ਸਾਇਰਾ ਨੂੰ ਪਿੱਛੋਂ ਉਸ ਡੋਲਦਾ ਵੇਖਿਆ ਤੇ ਛੇਤੀ ਨਾਲ਼ ਉਹਨੂੰ ਮੋਢਿਆਂ ਤੋਂ ਫੜ ਲਿਆ।

ਸਾਇਰਾ ਦਾ ਸਾਰਾ ਪਿੰਡਾ ਬਰਫ਼ ਹੋ ਗਿਆ। ਫ਼ਰੀਦ ਨੇ ਨਲ਼ਕਾ ਬੰਦ ਕੀਤਾ ਤੇ ਸਾਇਰਾ ਨੂੰ ਮੋਢਿਆਂ ਤੋਂ ਫੜ ਕੇ ਉਹਦੇ ਕਮਰੇ ਵੱਲ ਲੈ ਗਿਆ। ਸਾਇਰਾ ਹੁਣ ਸੁਰਤ ਵਿਚ ਸੀ, ਉਹਨੇ ਫ਼ਰੀਦ ਦੇ ਹੱਥ ਹੌਲੀ ਜਿਹੀ ਪਰਾਂਹ ਕੀਤੇ ਤੇ ਪਲੰਘ ਤੇ ਲੇਟ ਗਈ। ਉਹ ਹੁਣ ਫ਼ਰੀਦ ਬਾਰੇ ਨਹੀਂ ਸੋਚ ਰਹੀ ਸੀ। ਉਹ ਨਾਲ਼ ਡੱਠੀ ਕੁਰਸੀ ਤੇ ਬਹਿ ਗਿਆ।

"ਮੈਂ ਇੱਥੇ ਈ ਬੈਠਣਾ ਵਾਂ ਜਦ ਤੀਕ ਤਬੀਅਤ ਵੱਲ ਨਹੀਂ ਹੋ ਜਾਂਦੀ।"

ਸਾਇਰਾ ਨੇ ਅਚਨਚੇਤ ਈ ਉਹਦੇ ਵੱਲ ਵੇਖਣਾ ਸ਼ੁਰੂ ਕਰ ਦਿੱਤਾ। ਕਿੰਨਾ ਸੋਹਣਾ ਸੀ,ਤੇ ਹੱਸਦਿਆਂ ਤੇ ਹੋਰ ਵੀ।

"ਫ਼ਰੀਦ, ਮੈਂ ਹੁਣ ਠੀਕ ਆਂ, ਤੁਸੀ ਜਾਉ।"

ਉਹ ਕੁਰਸੀ ਤੋਂ ਉਠ ਬੈਠਾ। "ਪੱਕੀ ਗੱਲ ਏ ?" ਉਸ ਪੁੱਛਿਆ ਤੇ ਤਾਪ ਮੇਚਣ ਲਈ ਅਪਣਾ ਹੱਥ ਸਾਇਰਾ ਦੇ ਮੱਥੇ ਤੇ ਧਰ ਦਿੱਤਾ।

ਸਾਇਰਾ ਨੇ ਅੱਖਾਂ ਮੀਟ ਲਈਆਂ। ਇਕ ਅੱਥਰੂ ਬੰਦ ਅੱਖਾਂ ਵਿਚੋਂ ਤਿਲਕ ਕੇ ਉਹਦਿਆਂ ਵਾਲਾਂ ਵਿਚ ਗਵਾਚ ਗਿਆ। ਜਦ ਫ਼ਰੀਦ ਨੇ ਹੱਥ ਮੱਥੇ ਤੋਂ ਚੁੱਕਿਆ ਤੇ ਉਹਨੇ ਅੱਖਾਂ ਖੋਲ੍ਹੀਆਂ।

"ਤਾਪ ਤੇ ਠੀਕ ਏ ਹੁਣ", ਉਸ ਆਖਿਆ।

ਸਾਇਰਾ ਨੇ ਉਹਦਾ ਹੱਥ ਫੜ ਕੇ ਫ਼ਿਰ ਆਪਣੇ ਮੱਥੇ ਤੇ ਧਰ ਦਿੱਤਾ। ਅੱਜ ਉਹ ਲੰਮੀ ਪਈ ਰਹੀ। ਜਦੋਂ ਸਾਇਰਾ ਦਾ ਜੁੱਸਾ ਢਿੱਲਾ ਪੈ ਗਿਆ ਤੇ ਫ਼ਰੀਦ ਨੇ ਅਪਣਾ ਸਿਰ ਚੁੱਕ ਕੇ ਉਤਾਂਹ,ਉਹਦੇ ਵੱਲ ਵੇਖਿਆ, ਸਾਇਰਾ ਦੀਆਂ ਅੱਖਾਂ ਵਿਚੋਂ ਨਿੰਮੇ ਨਿੰਮੇ ਅੱਥਰੂ ਡੁਲ੍ਹ ਰਹੇ ਸਨ ਪਰ ਬੁੱਲ੍ਹੀਆਂ ਤੇ ਹਾਸੇ ਦਾ ਪਰਛਾਵਾਂ ਸੀ। ਫ਼ਰੀਦ ਨੇ ਉਹਦੇ ਇਕ ਹੱਥ ਦੀਆਂ ਉਂਗਲਾਂ ਹੌਲੀ ਜਿਹੀ ਖੋਲ ਕੇ ਆਪਣੇ ਵਾਲ਼ ਛੁਡਾਏ ਤੇ ਸਾਇਰਾ ਨੇ ਅਪਣਾ ਦੂਜਾ ਹੱਥ ਖੋਲ ਕੇ ਆਪਣੀਆਂ ਗੀਟੀਆਂ ਉਹਦੇ ਹੱਥ ਤੇ ਧਰ ਦਿੱਤੀਆਂ।

## 'ਗੀਟੀਆਂ' ਬਾਰੇ ਵਿਚਾਰ-ਚਰਚਾ

**ਬਲਬੀਰ ਪਰਵਾਨਾ** : ਗੀਟੀਆਂ ਨਾਲ ਬਚਪਨ 'ਚ ਖੇਡਾਂ ਖੇਡੀਆਂ ਜਾਂਦੀਆਂ ਹਨ। ਬਚਪਨ ਉਹ ਉਮਰ ਹੁੰਦੀ ਹੈ ਜਦੋਂ ਸਮਾਜ, ਪਰੰਪਰਾਵਾਂ ਦੀਆਂ ਵਲਗਣਾ ਅਜੇ ਦੁਆਲੇ ਇੰਨੀਆਂ ਕੱਸੀਆਂ ਨਹੀਂ ਹੁੰਦੀਆਂ। ਇਹ ਕਹਾਣੀ ਦੇ ਤਿੰਨ ਪਾਤਰਾਂ ਮਨਸੂਰ, ਸਾਇਰਾ,

ਫਰੀਦ ਦੀ ਤਿਕੋਣ 'ਚ ਵਾਪਰਦੀਆਂ ਘਟਨਾਵਾਂ ਦੇ ਦੋ ਜੁੱਟ ਬਣਦੇ ਹਨ। ਪਹਿਲੇ 'ਚ ਮਨਸੂਰ ਤੇ ਸਾਇਰਾ ਹਨ। ਸਮਾਜ ਵਲੋਂ ਪ੍ਰਵਾਨਿਤ ਪਤੀ-ਪਤਨੀ ਦਾ ਰਿਸ਼ਤਾ, ਜੇ ਰਵਾਇਤੀ ਨਜ਼ਰ ਨਾਲ ਦੇਖਿਆ ਜਾਵੇ ਤਾਂ ਸਫ਼ਲ ਪਰਿਵਾਰ। ਮਨਸੂਰ ਨੌਕਰੀ ਕਰਦਾ ਹੈ, ਦੋ ਬੱਚੇ ਹਨ, ਉਸ 'ਚ ਕੋਈ ਐਬ ਵੀ ਨਹੀਂ। ਸਾਇਰਾ ਘਰ-ਪਰਿਵਾਰ ਸੰਭਾਲਦੀ ਹੈ। ਪਰ ਸਾਇਰਾ ਦੇ ਮਨ 'ਚ ਘਰ ਪਰਿਵਾਰ ਦੀਆਂ ਜ਼ੁੰਮੇਵਾਰੀਆਂ ਨਿਭਾਉਂਦਿਆਂ ਵੀ ਇਕ ਚੰਗਿਆੜੀ ਸੁਲਗ ਰਹੀ ਹੈ, ਜਿਸਨੂੰ ਹਾਣ ਦਾ ਸੇਕ ਨਹੀਂ ਮਿਲਦਾ।

ਦੂਸਰਾ ਜੁੱਟ ਸਾਇਰਾ ਤੇ ਫਰੀਦ ਦਾ ਬਣਦਾ ਹੈ। ਇਸ ਜੁੱਟ 'ਚ ਉਨ੍ਹਾਂ ਵਿਚਾਲੇ ਜਿਹੜਾ ਰਿਸ਼ਤਾ ਬਣਦਾ ਹੈ, ਉਹ ਮਨ ਦਾ ਹੈ। ਇਸ 'ਚ ਕੋਈ ਮਜਬੂਰੀ ਜਾਂ ਬੰਧਨ ਨਹੀਂ; ਇਸੇ ਲਈ ਇਹ ਰਿਸ਼ਤਾ ਦਿਲ ਦੇ ਕਰੀਬ ਹੈ। ਇਸ ਕਹਾਣੀ ਵਿਚ ਬੜੀ ਸੂਖ਼ਮਤਾ ਨਾਲ ਵਿਆਹ ਪ੍ਰਬੰਧ 'ਤੇ ਚੋਟ ਮਾਰੀ ਗਈ ਹੈ ਕਿ ਇਸ 'ਚ ਘਿਰ ਕੇ ਕਿਵੇਂ ਜ਼ਿੰਦਗੀ 'ਚੋਂ ਨਿੱਘ ਖਤਮ ਹੋ ਜਾਂਦਾ; ਜ਼ਿੰਦਗੀ ਤੜਪਣ, ਤਰਸਣ ਦੇ ਰਾਹ ਪੈ ਜਾਂਦੀ ਹੈ।

**ਰਮਨਪ੍ਰੀਤ ਕੌਰ 'ਚੌਹਾਨ'** : ਗੀਟੀਆ ਕਹਾਣੀ ਅੰਜੁਮ ਕੁਰੈਸ਼ੀ ਦੀ ਹੈ। ਇਹ ਕਹਾਣੀ ਔਰਤ ਦੇ ਅੰਤਰਮਨ ਵਿੱਚ ਝਾਤ ਪਾਉਂਦੀ ਔਰਤ ਦੀਆਂ ਕਾਮਨਾਵਾ ਦੇ ਥੀਮ ਦੀ ਉਸਾਰੀ ਕਰਦੀ ਹੈ। ਗੀਟੀਆ ਵਿੱਚ ਕਹਾਣੀ ਦੋ ਪ੍ਰਮੁੱਖ ਗਲਪੀ ਸਥਿਤੀਆਂ ਪੇਸ਼ ਹੋਈਆਂ ਹਨ। ਪਹਿਲੀ ਸਥਿਤੀ ਸਾਇਰਾ ਅਤੇ ਮਨਸੂਰ ਦੇ ਪਿਆਰ ਨਾਲ ਉਜਾਗਰ ਹੁੰਦੀ ਹੈ ਅਤੇ ਦੂਸਰੀ ਸਥਿਤੀ ਸਾਇਰਾ ਦਾ ਆਦਰਸ਼ਕ ਪਿਆਰ ਨੂੰ ਪਾਉਣ ਦੀ ਭੁੱਖ ਨਾਲ ਜ਼ਾਹਿਰ ਹੁੰਦੀ ਹੈ। ਸਾਇਰਾ ਦੀ ਸੋਚਣੀ ਤੋਂ ਇਸ ਗੱਲ ਦਾ ਪ੍ਰਮਾਣ ਮਿਲਦਾ ਹੈ ਕਿ ਉਸਦੀ ਆਤਮਾ 'ਚ ਸੱਚੇ ਪਿਆਰ ਨੂੰ ਪ੍ਰਾਪਤ ਕਰਨ ਦੀ ਤੜਪ ਹੈ। ਆਦਰਸ਼ ਪਿਆਰ ਦੀ ਤਾਂਘ ਵਿੱਚ ਸਾਇਰਾ ਦਾ ਮੇਲ ਉਸਦੇ ਪਤੀ (ਮਨਸੂਰ) ਦੇ ਚਾਚੇ ਦੇ ਪੁੱਤਰ ਫਰੀਦ ਨਾਲ ਹੁੰਦਾ ਹੈ। ਫਰੀਦ ਗੀਟੀਆਂ ਦਾ ਅਜਿਹਾ ਸਾਊ ਬੰਦਾ ਹੈ ਜਿਹੜਾ ਜਿਸਮ ਦਾ ਨਹੀਂ ਸਗੋਂ ਆਤਮਾ ਦਾ ਮੁੱਲ ਪਾਉਣ ਵਾਲਾ ਹੈ।

ਕਿਸ ਸਵਾਣੀ ਦਾ ਦਿਲ ਨਹੀਂ ਕਰਦਾ ਕਿ ਉਹਨੂੰ ਪਿਆਰ ਕੀਤਾ ਜਾਵੇ ਤੇ ਉਹਦਾ ਚਾਅ ਕਰੇ! ਪਰ ਨਹੀਂ ਇੱਕ ਰੁਟੀਨ ਬਣ ਗਈ ਸੀ, ਉਹ ਪੁਗ ਜਾਂਦਾ ਤੇ ਸਾਇਰਾ ਦੀਆਂ ਆਪਣੀਆਂ ਗੀਟੀਆਂ ਉਹਦੇ ਹੱਥ ਵਿੱਚ ਈ ਫੜੀਆਂ ਰਹਿ ਜਾਂਦੀਆਂ। ਸਾਇਰਾ ਅਤੇ ਮਨਸੂਰ ਦਾ ਆਪਸੀ ਪਿਆਰ ਦਾ ਵਿਰੋਧਾਭਾਸ ਇਹ ਹੈ ਕਿ ਦੋ ਮਨੁੱਖੀ ਹੋਂਦਾਂ ਇਕਮਿਕ ਹੋਈਆਂ ਪ੍ਰਤੀਤ ਹੁੰਦੀਆਂ ਹਨ ਪਰ ਅਸਲ ਵਿੱਚ ਅਲੱਗ-ਅਲੱਗ ਹੋਂਦਾਂ ਹਨ। ਗੀਟੀਆਂ ਕਹਾਣੀ ਦਾ ਥੀਮ ਆਦਰਸ਼ ਪਿਆਰ ਤੱਕ ਹੀ ਸੀਮਿਤ ਨਹੀਂ ਸਗੋਂ ਇੱਕ ਤਰਫਾ ਪਿਆਰ ਦਾ ਵੀ ਦੁਖਾਂਤ ਹੈ। ਸਾਇਰਾ ਆਪਣੀ ਇਕੱਲਤਾ ਨੂੰ ਸਹਾਰਾ ਦੇਣ ਲਈ ਫ਼ਰੀਦ ਬਾਰੇ ਸੋਚਦੀ ਹੈ ਤੇ ਸਾਇਰਾ ਦੀ ਮਾਨਸਿਕ ਗੁੰਝਲ ਵਿੱਚੋਂ ਇਕ ਤਰਫਾ ਪਿਆਰ ਦੀ ਝਲਕ ਵੱਲ ਸੰਕੇਤ ਕਰਦੀ ਹੈ, ਜਦੋਂ ਸਾਇਰਾ ਆਪਣਾ ਦੂਜਾ ਹੱਥ ਖੋਲ੍ਹ ਕੇ ਆਪਣੀਆਂ ਗੀਟੀਆਂ ਉਹਦੇ ਹੱਥ ਉੱਤੇ ਧਰ ਦਿੰਦੀ ਹੈ। ਇਹ ਸਾਇਰਾ ਦਾ ਫਰੀਦ ਲਈ ਭਾਵਾਤਮਕ ਪਿਆਰ ਦਾ ਪ੍ਰਗਟਾਉ ਹੈ। ਆਦਰਸ਼ਕ ਪ੍ਰੇਮ ਦੀ ਤ੍ਰਿਪਤੀ ਨਾ ਹੋਣ ਦੀ ਸੂਰਤ ਵਿੱਚ ਕਹਾਣੀਕਾਰ ਇਹ ਸੰਦੇਸ਼ ਦੇਣਾ ਚਾਹੁੰਦੀ ਹੈ ਕਿ ਹਾਲਾਤ ਨਾਲ ਸਮਝੌਤਾ ਕਰਕੇ ਚੰਗੀ ਜ਼ਿੰਦਗੀ ਜੀਵੀ ਜਾ ਸਕਦੀ ਹੈ। ਭਟਕਣਾ ਤਾਂ ਭਟਕਣਾ ਹੁੰਦੀ ਹੈ। ਗੀਟੀਆਂ ਕਹਾਣੀ ਦੀ ਕਲਾਤਮਕ ਜਗਤ ਦੀ ਕਮਾਲ ਹੈ ਕਿ ਨਾਇਕਾ ਦੀ ਇਕੱਲਤਾ ਅਤੇ ਉਸਦੇ ਆਦਰਸ਼ਕ ਨੂੰ ਸਥਿਤੀ ਮੁਤਾਬਿਕ ਇਕੱਠੇ ਹੋਣ ਦਾ ਸਬੱਬ ਬਣਾਇਆ ਹੈ ਅਤੇ

ਖੂਬਸੂਰਤੀ ਨਾਲ ਪੇਸ਼ ਕੀਤਾ ਹੈ।

ਸਾਇਰਾ ਵਰਗੀਆਂ ਔਰਤਾਂ ਦੀਆਂ ਇੱਛਾਵਾਂ, ਮਨੋਭਾਵਨਾਵਾਂ ਅਪੂਰਤ ਰਹਿ ਜਾਂਦੀਆਂ ਹਨ ਤਾਂ ਵਿਰੋਧ ਵਜੋਂ ਉਹਨਾਂ ਕੋਈ ਹੋਰ ਰਸਤਾ ਚੁਣਨਾ ਗੈਰ ਕੁਦਰਤੀ ਨਹੀਂ। ਸਾਇਰਾ ਸੂਝਵਾਨ ਹੋਣ ਦੇ ਬਾਵਜੂਦ ਨੈਤਿਕਤਾ ਦੀਆਂ ਹੱਦਾਂ ਬੰਨੇ ਤੋੜ ਕੇ ਫ਼ਰੀਦ ਸਾਹਮਣੇ ਹੱਥ 'ਤੇ ਆਪਣੀਆਂ ਗੀਟੀਆਂ ਰੱਖ ਦਿੰਦੀ ਹੈ।

**ਸੁਕੀਰਤ** : ਅੰਜੁਮ ਕੁਰੈਸ਼ੀ ਦੀ ਗੀਟੀਆਂ  ਸਮਾਂ ਪਾ ਕੇ ਵਿਆਹ ਸਬੰਧਾਂ ਦੇ ਨਿਰੋਲ ਰਸਮੀ ਕਾਰਵਾਈ ਬਣ ਕੇ ਰਹਿ ਜਾਣ ਤੋਂ ਪੈਦਾ ਹੋਣ ਵਾਲੀ ਉਕਤਾਹਟ ਅਤੇ  ਔਰਤ ਦੀ ਮੁੜ ਮੁੜ ਅਪੂਰਨ ਰਹਿ ਜਾਣ ਵਾਲੀ ਕਾਮ ਇਛਾ ਦੀ ਕਹਾਣੀ ਹੈ। ਭਾਂਵੇਂ ਪੱਛਮੀ ਸਾਹਿਤ ਵਿਚ ਇਸ ਵਿਸ਼ੇ ਨੂੰ ਪਿਛਲੇ ਕੁਝ ਸਮੇਂ ਤੋਂ ਕਈ ਪਹਿਲੂਆਂ ਤੋਂ ਫੜਿਆ ਗਿਆ ਹੈ, ਪਰ ਸਾਡੇ ਮੁਆਸ਼ਰੇ ਵਿਚ ਅਜਿਹੀਆਂ ਕਹਾਣੀਆਂ ਦੀ ਆਮਦ ਵੀ ਅਜੇ ਹਾਲੀਆ ਹੈ, ਅਤੇ ਇਸ ਨੂੰ ਸੰਤੁਲਤ ਢੰਗ ਤੇ ਲੋੜੀਂਦੀ ਗੰਭੀਰਤਾ ਨਾਲ ਛੋਹਿਆ ਵੀ ਸਿਰਫ਼ ਔਰਤ ਲੇਖਕਾਂ ਨੇ ਹੀ ਹੈ। ਏਸੇ ਕੜੀ ਵਿਚ ਆਣ ਜੁੜਦੀ ਅੰਜੁਮ ਕੁਰੈਸ਼ੀ ਦੀ ਕਹਾਣੀ ਬਹੁ-ਪਰਤੀ ਤਾਂ ਨਹੀਂ ਪਰ ਇਸਦਾ ਸੁਬਕ ਲਿਖਣ ਢੰਗ, ਅਤੇ ਕੁਝ ਕੁਝ ਰਮਜ਼ੀਆ ਨਿਭਾਅ ਪਾਠਕ ਦਾ ਧਿਆਨ ਜ਼ਰੂਰ ਖਿਚਦੇ ਹਨ।

**ਦੀਪਤੀ ਬਬੂਟਾ** : ਗੀਟੀਆਂ ਲਕੀਰੀ ਕਹਾਣੀ ਹੈ। 21 ਸਾਲ ਹਸਰਤਾਂ ਭਰੀ ਉਮਰ 'ਚ ਵਿਆਹੀ ਗਈ ਪਾਤਰ ਵਿਆਹੁਤਾ ਜੀਵਨ ਦੇ ਸਾਰੇ ਸੁੱਖ ਮਾਣਦੀ ਹੈ। ਵਕਤ ਪੈਣ ਨਾਲ ਪਤੀ ਦਾ ਰੁਝਾਨ ਘੱਟਦਾ ਤੇ ਫਿਰ ਖਤਮ ਹੀ ਹੋ ਜਾਂਦਾ ਹੈ। ਸਾਇਰਾ ਦੀਆਂ ਅਤ੍ਰਿਪਤ ਭਾਵਨਾਵਾਂ ਦਾ ਮਨਸੂਰ ਦੇ ਭਤੀਜੇ ਫਰੀਦ ਲਈ ਛਲਕਣਾ ਵੀ ਰਵਾਇਤੀ ਕਹਾਣੀ ਦਾ ਪੱਖ ਪੂਰਦਾ ਹੈ ਤੇ ਅੰਤ ਗੀਟੀਆਂ ਫਰੀਦ ਹਵਾਲੇ ਕਰ ਦੇਣ ਨਾਲ ਕਹਾਣੀ ਦਾ ਅੰਤ ਹੋ ਜਾਂਦਾ ਹੈ। ਸਿੱਧ-ਪੱਧਰੀ ਕਹਾਣੀ ਦਾ ਵਹਾਅ ਤੇ ਭਾਸ਼ਾ ਸ਼ੈਲੀ ਲੇਖਕ ਕੋਲੋਂ ਭਵਿੱਖ ਵਿੱਚ ਲੀਕ ਤੋਂ ਹੱਟ ਕੇ ਕਹਾਣੀ ਰਚਨਾ ਦੀ ਮੰਗ ਜ਼ਰੂਰ ਕਰਦਾ ਹੈ।

**ਭਗਵੰਤ ਰਸੂਲਪੁਰੀ**: ਕੁਰੈਸ਼ੀ ਦੀ 'ਗੀਟੀਆਂ' ਮੈਨੂੰ ਬਹੁਤ ਕਮਾਲ ਦੀ ਬੁਣਤੀ ਅਤੇ ਸ਼ੈਲੀ ਵਾਲੀ ਕਹਾਣੀ ਲੱਗੀ। ਗੀਟੀਆਂ ਇਕ ਅਜਿਹਾ ਚਿਹਨ ਹੈ ਜਿਸ ਨੂੰ ਲੇਖਕ ਕਹਾਣੀ ਦੇ ਅੰਤ ਵਿਚ ਖੋਲ੍ਹਦੀ ਏ। ਇਹ ਪਿਆਰ ਦੇ ਉਸ ਸੂਖ਼ਮ ਅਹਿਸਾਸ ਦੀ ਕਹਾਣੀ ਏ, ਜਿਹੜੇ ਇਕ ਦਮ ਨਹੀਂ ਉਪਜਦਾ, ਬਲਕਿ ਘਟਨਾਵਾਂ ਤੇ ਸਥਿਤੀਆਂ ਅਜਿਹੀਆਂ ਉਸਰ ਜਾਂਦੀਆਂ ਨੇ ਕਿ ਸ਼ਾਇਰਾ ਆਪਣੀਆਂ ਦੱਬੀਆਂ ਭਾਵਨਾਵਾਂ ਨੂੰ 'ਗੀਟੀਆਂ' ਬਣਾ ਕੇ ਆਪਣੇ ਮਨ ਦੇ ਨੇੜਲੇ ਸਾਥੀ ਫ਼ਰੀਦ ਦੇ ਹੱਥ 'ਤੇ ਧਰ ਦਿੰਦੀ ਏ। ਦੂਜਾ ਚਿਹਨ ਮੈਨੂੰ 'ਮਿੱਠਾ ਪਰਾਠਾ' ਦਾ ਲੱਗਾ ਏ। ਜਿਹੜਾ ਸ਼ਾਇਰਾ ਤੇ ਫ਼ਰੀਦ ਨੂੰ ਮਨੋ ਆਪਸ ਵਿਚ ਜੋੜ ਦਿੰਦਾ ਏ। ਬੰਦੇ ਦਾ ਪਹਿਲਾਂ ਮਨ ਜੁੜਦਾ ਏ ਫੇਰ ਤਨ। ਇਹਦੇ ਕਾਰਨਾਂ ਦੀਆਂ ਤੰਦਾਂ ਕਹਾਣੀ ਵਿਚ ਪੜ੍ਹਨ ਨੂੰ ਮਿਲ ਜਾਂਦੀਆਂ ਨੇ, ਕਹਾਣੀ ਦੀ ਸ਼ਾਇਰਾ ਆਪਣੇ ਚਾਹੁਣ ਵਾਲੇ ਦਾ ਅਕਸ ਆਪਣੇ ਬਾਪ ਵਰਗਾ ਵੇਖਦੀ ਏ। ਜਿਸ ਦੀ ਕੁੜੀ ਮਿੱਠਾ ਪਰਾਠਾ ਬਣਦੀ ਏ। ਮਿੱਠਾ ਪਰੋਠਾ ਸ਼ਾਇਰਾ ਦੇ ਪਿਓ ਨੂੰ ਪਸੰਦ ਸੀ, ਜਦੋਂ ਫ਼ਰੀਦ ਮਿੱਠੇ ਪਰੋਠੇ ਦੀ ਮੰਗ ਕਰਦਾ ਏ ਤਾਂ ਸ਼ਾਇਰਾ ਅੰਦਰੋਂ ਫ਼ਰੀਦ ਨਾਲ ਜੁੜ ਜਾਂਦੀ ਏ। ਇਕ ਸਪੇਸ ਜਿਹੜੀ ਉਹਦੇ ਪਤੀ ਮਨਸੂਰ ਨੇ ਪੈਦਾ ਕਰ ਦਿੱਤੀ ਸੀ, ਉਹਨੂੰ ਮਿੱਠਾ ਪਰਾਂਠਾ ਭਰਨ ਲੱਗਦਾ ਏ।

ਇਹ ਕਹਾਣੀ 21 ਵਰ੍ਹਿਆਂ ਦੀ ਸਾਇਰਾ ਦੀ ਕਹਾਣੀ ਨਹੀਂ ਬਲਕਿ ਲਹਿੰਦੇ ਪੰਜਾਬ ਦੀ ਨਾਰੀ ਦੀ ਕਹਾਣੀ ਏ। ਮਨਸੂਰ ਨਾਲ ਸਾਇਰਾ ਦਾ ਵਿਆਹ ਹੋ ਜਾਂਦਾ ਏ। ਕਹਾਣੀ ਬਿਰਤਾਂਤ ਤੋਂ ਪਤਾ ਲੱਗਦਾ ਏ ਕਿ ਕਿਵੇਂ ਇਕ ਜਵਾਨ ਔਰਤ ਮਰਦ ਦੇ ਸਮਾਜਿਕ ਫਰੇਮ ਵਿਚ ਹੌਲੀ-ਹੌਲੀ ਢਲਣ ਲੱਗਦੀ ਏ। ਉਨ੍ਹਾਂ ਦੇ ਦੈਹਿਕ ਸੰਬੰਧਾਂ ਨੂੰ ਲੇਖਕ ਬਹੁਤ ਕੁਸ਼ਲਤਾ ਨਾਲ ਬਿਆਨ ਕਰਦੀ ਏ। ਪਹਿਲਾ ਮਨਸੂਰ ਉਪਰ ਥੱਲੇ ਹੁੰਦਾ ਏ ... ਫਿਰ ਸਾਇਰਾ ਨੂੰ ਇਹ ਕੰਮ ਕਰਨਾ ਪੈਂਦਾ। ਮਨਸੂਰ ਕੰਮ ਦੇ ਬੋਝ ਵਿਚ ਦੱਬਿਆ ਜਾਂਦਾ ਏ। ਤਨ ਦੀ ਸਾਂਝ ਤਾਂ ਰਹਿੰਦੀ ਏ ਪਰ ਮਨ ਦੀ ਸਾਂਝ ਘਟਦੀ ਜਾਂਦੀ ਏ... ਮਨ ਦੀ ਸਾਂਝ ਫ਼ਰੀਦ ਆ ਕੇ ਭਰਦਾ ਏ ਪਤੀ-ਪਤਨੀ ਦੇ ਵਿਚ ਰਿਸ਼ਤਿਆਂ ਨੂੰ ਲੈ ਕੇ ਇਕ ਖਲਾਅ ਬਣ ਜਾਂਦਾ ਏ, ਏਸ ਖ਼ਲਾਅ ਨੂੰ ਫ਼ਰੀਦ ਭਰਦਾ ਏ। ਸਾਰਾ ਕੁਝ ਬੜਾ ਸਹਿਜ ਹੁੰਦਾ ਏ।

ਸਾਇਰਾ ਨੂੰ ਤਾਪ ਕਾਰਨ ਚੱਕਰ ਆ ਜਾਂਦਾ ਏ ਜਿਹੜਾ ਫ਼ਰੀਦ ਦੀ ਛੋਹ ਦਾ ਕਾਰਨ ਬਣਦਾ ਏ। ਇਹ ਤਾਪ ਦੋਹਾਂ ਨੂੰ ਹੋਰ ਨੇੜੇ ਕਰ ਦਿੰਦਾ ਏ। ਕਹਾਣੀ ਦੇ ਬਿਰਤਾਂਤ ਵਿਚ ਸ਼ਾਇਰਾ ਨਹੀਂ ਚਾਹੁੰਦੀ ਕਿ ਫ਼ਰੀਦ ਦੀ ਛੋਹ ਪ੍ਰਾਪਤ ਹੋਵੇ ਕਿਉਂਕਿ ਉਹ ਮਨਸੂਰ ਦੇ ਫਰੇਮ ਵਿਚ ਢਲ ਚੁੱਕੀ ਏ। ਪਰ ਸਥਿਤੀਆਂ ਤੇ ਘਟਨਾਵਾਂ ਐਨੀਆਂ ਸਹਿਜ ਘਟਣ ਲੱਗ ਪੈਂਦੀਆਂ ਨੇ ਕਿ ਕਹਾਣੀ ਦੀ ਰਵਾਨਗੀ ਨੂੰ ਉਲਟਾ ਦਿੰਦੀਆਂ ਨੇ। ... ਫ਼ਰੀਦ ਦੀ ਛੋਹ ਐਨੀ ਅਪਣਤ ਭਰੀ ਏ ਕਿ ਸ਼ਾਇਰਾ ਸਹਿਜ ਹੋਣ ਲੱਗ ਪੈਂਦੀ ਏ। ਕਿਉਂਕਿ ਫ਼ਰੀਦ ਉਹਦੇ ਮੱਥੇ 'ਤੇ ਹੱਥ ਰੱਖ ਕੇ ਤਾਪ ਬਾਰੇ ਜਾਣਕਾਰੀ ਲੈਂਦਾ ਏ। ਕਹਾਣੀ ਦੇ ਅੰਤਲੇ ਫ਼ਿਕਰੇ ਕਹਾਣੀ ਨੂੰ ਸਿਖਰ 'ਤੇ ਲੈ ਜਾਂਦੇ ਨੇ... 'ਸਾਇਰਾ ਦੀਆਂ ਆਪਣੀਆਂ ਗੀਟੀਆਂ ਉਹਦੇ ਹੱਥ ਵਿਚ ਹੀ ਫੜੀਆਂ ਰਹਿ ਜਾਂਦੀਆਂ ਹਨ।' ਲੇਖਕ ਏਸ ਕਹਾਣੀ ਵਿਚ ਔਰਤ-ਮਰਦ ਦੇ ਰਿਸ਼ਤਿਆਂ ਦੀ ਵਿਆਕਰਣ ਬਹੁਤ ਵਧੀਆਂ ਤਰੀਕੇ ਨਾਲ ਉਸਾਰਦੀ ਏ।

**ਜਸਵਿੰਦਰ ਸਿੰਘ**: ਗੀਟੀਆਂ ਲੋਕ-ਖੇਡਾਂ ਵਿਚ ਪੁਗਣ-ਨਾਪੁਗਣ ਭਾਵ ਜਿੱਤਣ ਹਾਰਨ ਲਈ ਖੇਡੇ ਜਾਣ ਵਾਲੀ ਚੀਜ਼ ਹੈ। ਅੰਜੁਮ ਕੁਰੈਸ਼ੀ ਨੇ ਇਸ ਕਹਾਣੀ ਵਿਚ ਏਹੀ ਖੇਡ ਮਰਦ-ਇਸਤਰੀ ਬਨਾਮ ਮਰਯਾਦਿਤ ਪਤੀ-ਪਤਨੀ ਤੇ ਹਾਣ ਦੇ ਸਾਵੇਂ ਸਬੰਧਾਂ ਦਰਮਿਆਨ ਪਾਈ-ਖੇਡ ਹੈ। ਇਹ ਨਿਰੀ ਕਾਮ ਦੀ ਕਹਾਣੀ ਮਾਤਰ ਨਹੀਂ ਹੈ; ਹਾਲਾਂਕਿ ਕਾਮ ਇਸਦਾ ਪ੍ਰਭਾਵੀ ਅੰਗ ਜ਼ਰੂਰ ਹੈ। ਸ਼ਾਇਰਾ ਪਤਨੀ ਤੇ ਮਨਸੂਰ ਪਤੀ ਹੈ। ਮਰਯਾਦਾ ਮੁਤਾਬਕ ਸ਼ਾਦੀਸ਼ੁਦਾ ਜੋੜਾ। ਚੰਗਾ ਖਾਂਦਾ-ਪੀਂਦਾ ਪਿਤਰਕੀ ਪਰਿਵਾਰ। ਮਨਸੂਰ ਹੱਥ ਗੀਟੀਆਂ ਨੇ ਤੇ ਉਹ ਪੁੱਗ ਜਾਂਦਾ ਏ। ਸ਼ਾਇਰਾ ਦੀ ਭੋਗ ਵਸਤੂ ਜਿੰਨੀ ਸ਼ਮੂਲੀਅਤ ਹੀ ਏਸ ਖੇਡ ਦਾ ਭਾਗ ਹੈ। ਉਹਦੇ ਹੱਥ ਗੀਟੀਆਂ ਹੀ ਨਹੀਂ, ਉਹ ਪੁਗੂ ਕਿਵੇਂ ? ਪਰ ਇਹ ਏਡੀ ਤਾਕਤਵਰ ਬ੍ਰਿਤੀ ਦੇ ਜੋ ਆਖ਼ਰ ਮਨਸੂਰ ਦੇ ਇੰਟਰਵਿਊ ਖਾਤਰ ਆਏ ਚਾਚੇ ਦੇ ਪੁੱਤ ਫਰੀਦ ਦੇ ਜ਼ਰੀਏ ਪੂਰੀ ਹੋਣ ਦਾ ਬਿਰਤਾਂਤ ਉਸਾਰਦੀ ਹੈ। ਫਰੀਦ ਦੀ ਮਿੱਠਾ ਪਰਾਠਾਂ 'ਖਾਣ ਦੀ ਰੀਝ ਤੇ ਸਾਇਰਾ ਦੀ ਬਣਾਉਣ ਦੀ', ਸਮਰੱਥਾ ਇਕ ਖੂਬਸੂਰਤ ਚਿਹਨ ਦੇ ਰੰਗ ਵਿਚ ਅੰਜੁਮ ਕੁਰੈਸ਼ੀ ਨੇ ਬਾਖੂਬੀ ਚਿਤਰੀ ਹੈ। ਹਾਣ ਦਾ ਸੁਹਣਾ-ਸੁਖਾਵਾਂ ਸਾਥ ਮਾਨਣ ਦੀ ਅਵੱਲੀ ਚਾਹਤ ਬੜੀ, ਤਾਕਤਵਰ ਰਹੀ ਹੈ। ਇਸ ਕਹਾਣੀ ਵਿਚ ਕਹਾਣੀਕਾਰ ਏਸ ਅਨੂਠੇ-ਵੇਗ ਨੂੰ ਬੇਹੱਦ ਸੁਹਜ ਭਰੀ ਸਲੀਕੇ ਨਾਲ ਢੁਕਵੇਂ ਚਿਹਨਾਂ ਰਾਹੀਂ ਬਾਕਮਾਲ ਸਿਰਜ ਜਾਂਦਾ ਹੈ। ਫਰੀਦ ਦਾ ਸ਼ਾਇਰਾ ਦੇ ਮੱਥੇ ਹੱਥ ਦਾ ਰੱਖਣਾ, 'ਤਾਪ ਤੇ ਹੁਣ ਠੀਕ ਏ', ਪਾਠਕ ਨੂੰ ਕਈ ਕੁਛ ਕਹਿ ਜਾਂਦਾ ਹੈ ਤੇ ਸ਼ਾਇਰਾ ਨੇ 'ਆਪਣੀਆਂ ਗੀਟੀਆਂ ਉਹਦੇ

ਹੱਥ ਤੇ ਧਰ ਦਿੱਤੀਆਂ!' ਲੋਕ ਖੇਡ ਦੇ ਰੰਗ ਵਿਚ ਆਪਣੀ ਡੂੰਘੀ ਤੇ ਵੱਡੀ ਗੱਲ ਕਹਿ ਜਾਣ ਦਾ ਵਲ ਅੰਜੁਮ ਕੁਰੈਸ਼ੀ ਨੂੰ ਆਉਂਦੀ ਏ।

**ਮਹਿਲ ਸਿੰਘ** : ਆਪਣੇ ਜੀਵਨ ਤੋਂ ਸਤਾਈ ਅਤੇ ਆਪਣੇ ਪਤੀ ਵੱਲੋਂ ਅਣਡਿੱਠ ਕੀਤੀ ਔਰਤ ਕਿਵੇਂ ਸਮਾਂ ਮਿਲੇ ਤੇ ਕਿਸੇ ਹੋਰ ਮਰਦ ਵੱਲ ਖਿੱਚੀ ਜਾਂਦੀ ਹੈ, ਇਹ ਕਹਾਣੀ ਅਜੇਹੇ ਵਿਸ਼ੇ ਨਾਲ ਸੰਬੰਧਿਤ ਹੈ?

**ਡਾ. ਜਨਮੀਤ** : ਅੰਜੁਮ ਕੁਰੈਸ਼ੀ ਦਾ ਅਫ਼ਸਾਨਾ 'ਗੀਟੀਆਂ' ਇੱਕ ਬਾਕਮਾਲ ਅਫ਼ਸਾਨਾ ਹੈ। ਮੈਂ ਏਨਾ ਖ਼ੂਬਸੂਰਤ ਤੇ ਲਾਸਾਨੀ ਅਫ਼ਸਾਨਾ ਕਮ-ਅਜਕਮ ਪੰਜਾਬੀ ਵਿਚ ਮੁੱਦਤਾਂ ਪਿੱਛੋਂ ਪੜ੍ਹਿਆ ਏ। ਭਾਰਤ/ਪਾਕਿਸਤਾਨ/ਬੰਗਲਾਦੇਸ਼ ਵਰਗੀ ਕੰਜਰਵੇਟਿਵ ਸੁਸਾਇਟੀ ਵਿਚ ਮਰਦ ਔਰਤ ਦਾ ਰਿਸ਼ਤਾ, ਉਹਨਾਂ ਦੀ ਦੇਹ ਤੇ ਆਤਮਾ ਵਿਚਲੀ ਪਰਵਾਜ਼ ਦੀ ਆਵਾਜ਼ ਜਿਹੇ ਅਤਿ ਸੂਖ਼ਮ ਮਜ਼ਮੂਨ ਨੂੰ ਬੇਹੱਦ ਬਾਰੀਕੀ ਨਾਲ ਪਕੜ ਕੇ ਕੁਝ ਹੀ ਘਟਨਾਵਾਂ ਵਿਚ ਪੇਸ਼ ਕਰ ਦੇਣਾ......ਸਲਾਮ ਹੈ ਲੇਖਕ ਦੇ ਮਨੋਵਿਗਿਆਨ ਤੇ ਜ਼ਿੰਦਗੀ ਦੇ ਯਥਾਰਥਕ ਵਰਤਾਰੇ ਉੱਤੇ ਅਬੂਰ ਹਾਸਿਲ ਹੋਣ ਨੂੰ।

ਔਰਤ ਨੂੰ ਨਾਇਕ ਚਾਹੀਦਾ ਹੈ (ਸ਼ਹਿਜਾਦਾ, ਦੋਸਤ, ਇਕ ਸੰਪੂਰਣ ਮਰਦ) ਜੋ ਪਤੀ ਦੇ ਰੂਪ ਵਿਚ ਮਿਲਦਾ ਹੈ। ਇਹ ਵਰਜਨਾਵਾਂ ਵਾਲੇ ਮੁਆਸ਼ਰੇ ਦੀ ਦੇਣ ਹੈ। ਹਕੀਕਤ ਵਿਚ ਉਹ ਨਾ ਹੀ ਨਾਇਕ, ਨਾ ਹੀ ਖਲਨਾਇਕ ਤੇ ਨਾ ਹੀ ਅਨਾਇਕ ਬਣ ਪਾਉਂਦਾ ਹੈ। ਔਰਤ ਦੀ ਨਾਇਕ ਨੂੰ ਹਾਸਿਲ ਕਰਨ ਦੀ ਸਦੀਵੀ ਖਾਹਿਸ਼ ਉਸਦੀ ਆਤਮਾ, ਜ਼ਿਹਨ ਤੇ ਦੇਹ ਵਿਚ ਸਹਿਕਦੀ ਰਹਿੰਦੀ ਹੈ। 'ਸ਼ਾਇਰਾ' ਦਾ ਤਾਪ ਤੇ ਫਰੀਦ ਦਾ ਉਸਦੇ ਮੱਥੇ ਤੇ ਹੱਥ....ਅਫ਼ਸਾਨੇ ਦਾ ਅੰਤ ਮਨੋਵਿਗਿਆਨ ਉੱਤੇ ਲੇਖਕ ਦੀ ਪਕੜ ਦਾ ਬੇਮਿਸਾਲ ਉਦਾਹਰਣ ਹੈ। ਅੱਲਾਹ ਕਰੇ ਜ਼ੋਰੇ ਕਲਮ ਔਰ ਜ਼ਿਆਦਾ.....

**ਗੁਰਪ੍ਰੀਤ ਬਰਾੜ** : ਅੰਜੁਮ ਕੁਰੈਸ਼ੀ ਰਚਿਤ 'ਗੀਟੀਆਂ' ਕਹਾਣੀ ਨਾਰੀ ਦੀ ਪਿਆਰ ਲਈ ਤਾਂਘ/ਚਾਹਤ/ਖੁਸ਼ੀ ਤੇ ਫੋਕਸ ਕਰਦੀ ਹੈ। ਇਸ ਦੇ ਨਾਲ ਹੀ ਕਹਾਣੀਕਾਰਾ ਇਹ ਵੀ ਦਰਸਾਉਂਦੀ ਹੈ ਕਿ ਘਰ, ਪਰਿਵਾਰ, ਸਮਾਜ ਦੀ ਮਰਿਯਾਦਾ ਨਾਰੀ ਦੇ ਅਰਮਾਨਾਂ/ਖਾਹਿਸ਼ਾਂ ਦੀ ਪੂਰਤੀ ਦਾ ਕਿੰਨਾ ਕੁ ਖਿਆਲ ਰਖਦੀ ਹੈ। ਕਹਾਣੀ ਦੀ ਨਾਇਕਾ ਸਾਇਰਾ ਚਾਹੁੰਦੀ ਹੈ ਕਿ ਉਸ ਦਾ ਪਤੀ ਮਨਸੂਰ ਉਸਨੂੰ ਪਿਆਰ ਕਰੇ ਪਰ ਮਨਸੂਰ ਨਾਲ ਸਿਰਜੇ ਰਿਸ਼ਤੇ ਵਿੱਚੋ ਮਿਲੇ ਪਿਆਰ/ਨਿੱਘ ਦੇ ਹੁੰਗਾਰੇ ਦੀ ਘਾਟ ਕਾਰਨ ਉਸ ਦਾ ਝੁਕਾਅ ਫਰੀਦ (ਮਨਸੂਰ ਦੇ ਚਾਚੇ ਦੇ ਮੁੰਡੇ) ਪ੍ਰਤੀ ਹੋ ਜਾਂਦਾ ਹੈ। 'ਗੀਟੀਆਂ' ਦੇ ਪ੍ਰਤੀਕ ਰਾਹੀਂ ਕਹਾਣੀਕਾਰਾਂ ਇਹ ਕਹਿਣਾ ਚਾਹੁੰਦੀ ਹੈ ਕਿ ਜਿਵੇਂ ਕਿਸੇ ਵੀ ਖੇਡ ਵਿੱਚ ਹਰ ਕੋਈ ਆਪਣੇ ਮਨਪਸੰਦ ਪਾਰਟਨਰ ਨਾਲ ਖੇਡਣਾ ਚਾਹੁੰਦਾ ਹੈ, ਉਸੇ ਤਰ੍ਹਾਂ ਮਨਚਾਹੇ ਹਾਣੀ ਨਾਲ ਜ਼ਿੰਦਗੀ ਜਿਉਣ ਦੀ ਤਾਂਘ ਵੀ ਬਰਕਰਾਰ ਰਹਿੰਦੀ ਹੈ। ਅਸਲ ਵਿੱਚ ਪ੍ਰਵਾਨਿਤ ਰਿਸ਼ਤੇ ਵਿਚਲਾ ਅਧੂਰਾ ਪਿਆਰ ਹੀ ਉਸਨੂੰ ਅਪ੍ਰਵਾਨਿਤ ਰਿਸ਼ਤੇ ਪ੍ਰਤੀ ਉਕਸਾਉਂਦਾ ਹੈ।

**ਡਾ. ਰਮਿੰਦਰ ਕੌਰ** : ਇਹ ਕਹਾਣੀ ਦੰਪਤੀ ਸੰਬੰਧਾਂ ਦੇ ਹਵਾਲੇ ਰਾਹੀਂ ਵਿਅਕਤੀ ਮਨ ਵਿਚ ਪੈਦਾ ਹੁੰਦੇ ਅਸੰਤੋਸ਼ ਖਾਲੀਪਨ ਦੀ ਵਿਕਰਾਲ ਸਥਿਤੀ ਨੂੰ ਰੂਪਮਾਨ ਕਰ ਰਹੀ ਹੈ। ਅਸੰਤੋਸ਼, ਅਤ੍ਰਿਪਤੀ ਜਾਂ ਅਧੂਰਾਪਨ ਚਾਹੇ ਕਿਸੇ ਵੀ ਕਿਸਮ ਦਾ ਹੋਵੇ, ਹਮੇਸ਼ਾ ਖਲਾਅ, ਵਿਸਮਾਦ ਤੇ ਭਟਕਣਾ ਦਾ ਕਾਰਨ ਬਣਦਾ ਹੈ। ਇਹ ਵਿਸਮਾਦ ਜਾਂ ਭਟਕਣਾ ਮਨੁੱਖ ਨੂੰ ਮਨੁੱਖ

ਦੀ ਪੱਧਰ 'ਤੇ ਹੀਣਤਾ ਵੱਲ ਧਕੇਲਣ ਦਾ ਬਾਇਸ ਬਣਦੇ ਹਨ। ਕਹਾਣੀ ਵਿਚਲੀ ਪਾਤਰ ਸਾਇਰਾ ਪਤੀ ਦੀ ਬੇਪ੍ਰਵਾਹੀ ਕਾਰਨ ਤਣਾਓ ਦੀ ਸਥਿਤੀ ਹੰਢਾ ਰਹੀ ਹੈ। ਉਸਦਾ ਤਣਾਓ ਉਸਨੂੰ ਘਰ ਦੀ ਦਹਿਲੀਜ਼ ਟੱਪਣ ਵੱਲ ਉਲਾਰ ਕਰਦਾ ਹੈ ਅਤੇ ਉਹ ਮਰਿਯਾਦਤ ਰਿਸ਼ਤਿਆਂ ਦੀ ਲਛਮਣ ਰੇਖਾ ਨੂੰ ਉਲੰਘਦੀ ਸਮਾਜ ਦੀ ਨਜ਼ਰ ਵਿਚ ਗੈਰ-ਮਰਿਯਾਦਤ ਮੰਨੇ ਜਾਂਦੇ ਰਿਸ਼ਤਿਆਂ ਵਿਚੋਂ ਆਪਣੀ ਪੂਰਨਤਾ ਦੀ ਭਾਲ ਕਰਨ ਦੇ ਰਾਹ ਪੈ ਜਾਂਦੀ ਹੈ। ਇਹ ਸਾਇਰਾ ਪਾਤਰ ਦੇ ਵਿਅੱਕਤਿਤਵ ਵਿਚਲੀ ਸਾਧਾਰਨਤਾ ਦਾ ਸੱਚ ਹੈ, ਲੇਕਿਨ ਉਸਦੇ ਅਜਿਹੇ ਕਦਮ ਪਿੱਛੇ ਕਾਰਨ ਉਸਦੇ ਪਤੀ ਦੀ ਅਣਗਹਿਲੀ ਜਾਂ ਲਾਪਰਵਾਹੀ ਹੀ ਹੈ। ਕਹਾਣੀ ਦਾ ਬਿਰਤਾਂਤ ਤਾਂ ਸਰਲ ਹੈ, ਲੇਕਿਨ ਬਿਰਤਾਂਤ ਵਿਚਲੀ ਸਥਿਤੀ ਸਰਲ ਨਹੀਂ ਸਗੋਂ ਜਟਿਲ ਹੈ। ਇਹ ਕਹਾਣੀ ਕਿਤੇ ਨਾ ਕਿਤੇ ਮਰਦ ਦੀ ਸੋਚਣੀ ਉੱਪਰ ਕਿੰਤੂ ਕਰਦੀ ਪ੍ਰਤੀਤ ਵੀ ਹੋ ਰਹੀ ਹੈ ਕਿਉਂਕਿ ਭਾਰਤੀ ਸੰਸਕ੍ਰਿਤੀ ਦੀ ਤਰ੍ਹਾਂ ਪਾਕਿਸਤਾਨੀ ਸੰਸਕ੍ਰਿਤੀ ਵੀ ਔਰਤ ਨੂੰ ਵਸਤ ਵਾਂਗ ਸਮਝਣ ਜਾਂ ਵਰਤਣ ਦੀ ਹਾਮੀ ਰਹੀ ਹੈ। ਮਰਦ, ਔਰਤ ਦੀਆਂ ਭਾਵਨਾਵਾਂ ਜਾਂ ਵੇਦਨਾਵਾਂ ਤੋਂ ਜ਼ਿਆਦਾਤਰ ਬੇਖ਼ਬਰ ਹੀ ਰਿਹਾ ਹੈ। ਇਹ ਕਹਾਣੀ ਮਰਦ ਦੇ ਅਜਿਹੇ ਸੁਭਾਅ ਨੂੰ ਹੀ ਕੇਂਦਰ ਹੇਠ ਰੱਖਦੀ ਸਥਿਤੀ ਸਾਪੇਖ ਸੱਚ ਦੀ ਤਜ਼ਮਾਨੀ ਕਰ ਰਹੀ ਹੈ। ਕਹਾਣੀ ਪੜ੍ਹਦਿਆਂ ਇਹ ਖ਼ਦਸ਼ਾ ਵੀ ਉਤਪੰਨ ਹੁੰਦਾ ਹੈ ਕਿ ਜਿਵੇਂ ਬਿਰਤਾਂਤਕਾਰ ਕਹਾਣੀ ਨੂੰ ਅੰਤਿਮ ਮੋੜ ਦੇਣ ਵਿਚ ਕਾਹਲੀ ਤੋਂ ਕੰਮ ਲੈ ਰਿਹਾ ਹੈ, ਜਦਕਿ ਕਹਾਣੀ ਦਾ ਅੰਤ ਹੋਰ ਵੀ ਪ੍ਰਭਾਵਪੂਰਨ ਤੇ ਸੰਕੇਤਮਈ ਹੋ ਸਕਦਾ ਸੀ।

**ਮਨੀਸ਼ ਕੁਮਾਰ** : ਕਹਾਣੀ ਦੀ ਮੁੱਖ ਪਾਤਰ ਸਾਇਰਾ ਹੈ। ਕਹਾਣੀ ਦੀ ਮੂਲ ਚੂਲ਼ ਸਾਇਰਾ ਦੀ ਮਾਨਸਿਕ/ਸਰੀਰਕ ਕਾਮੁਕ ਤ੍ਰਿਪਤੀ ਹੈ ਜਿਸ ਦੁਆਲੇ ਕਹਾਣੀ ਘੁੰਮਦੀ ਹੋਈ ਨਿੱਕੇ-ਨਿੱਕੇ ਬਿਰਤਾਂਤਕ ਟੋਟਿਆਂ ਰਾਹੀਂ ਆਪਣਾ ਕਾਰਜ ਕਰਦੀ ਹੈ। ਬਚਪਨ ਵਿੱਚ ਸਾਇਰਾ ਦਾ ਹੁਸਨ ਬੇਸ਼ੁਮਾਰ ਖ਼ੂਬਸੂਰਤ ਹੁੰਦਾ ਹੈ। ਕਈ ਰਿਸ਼ਤਿਆਂ ਦੀ ਭਾਲ਼ ਤੋਂ ਬਾਅਦ ਮਨਸੂਰ ਨਾਲ ਉਸਦਾ ਨਿਕਾਹ ਹੋ ਜਾਂਦਾ ਹੈ। ਵਿਆਹ ਤੋਂ ਬਾਅਦ ਉਸ ਦੇ ਘਰ ਦੋ ਬੱਚੀਆਂ ਜਨਮ ਲੈਂਦੀਆਂ ਹਨ। ਵਿਆਹ ਦੇ ਤੁਰੰਤ ਪਿੱਛੋਂ ਉਸ ਦਾ ਖ਼ਾਵੰਦ ਮਨਸੂਰ ਉਸਨੂੰ ਉਸਦੀ ਅਸਥਿਰ ਹੋ ਚੁੱਕੀ ਜੀਵਨਸ਼ੈਲੀ ਨੂੰ ਸਥਿਰ ਕਰਨ ਲਈ ਕਈ ਆਹਲਾ ਦਰਜੇ ਦੇ ਯਤਨ ਕਰਦਾ ਹੈ। ਉਹ ਕਦੀ ਜਾਗਣ-ਸੌਣ ਦਾ ਵੱਲ ਸਿਖਾਉਂਦਾ, ਕਦੀ ਫਿਲਮਾਂ ਲੈ ਆਉਂਦਾ ਤੇ ਕਦੀ ਕੁਝ ਕਰਦਾ ਪਰੰਤੂ ਉਹ ਇਸ ਪਦਾਰਥਕ ਮਾਹੌਲ ਅੰਦਰ ਜ਼ਿੰਦਗੀ ਜੀਣਾ ਨਹੀਂ ਚਾਹੁੰਦੀ ਕਿਉਂਕਿ ਉਸ ਦਾ ਪਤੀ ਉਸ ਨੂੰ ਇੱਕ ਵਸਤ ਦੇ ਰੂਪ ਵਿੱਚ, ਦੀਰਘ ਦ੍ਰਿਸ਼ਟੀਕੋਣ ਤੋਂ ਵਿਹਾਰ ਕਰਦਾ ਹੈ। ਕਹਾਣੀ ਵਿਚ ਅੱਗੇ ਉਸ ਦੇ ਪਤੀ ਦੇ ਚਾਚੇ ਦਾ ਲੜਕਾ ਫ਼ਰੀਦ ਕਿਸੇ ਕੰਪਨੀ ਦੀ ਇੰਟਰਵਿਊ ਲਈ ਉਨ੍ਹਾਂ ਦੇ ਘਰ ਠਹਿਰਦਾ ਹੈ। ਅਗਲੇ ਦਿਨ ਉਸ ਨੂੰ ਪਤਾ ਲੱਗਦਾ ਹੈ ਕਿ ਉਸ ਦੀ ਇੰਟਰਵਿਊ ਬਾਅਦ ਦੁਪਹਿਰ ਹੋਵੇਗੀ, ਜਿਸ ਕਾਰਨ ਉਹ ਸਵੇਰ ਦਾ ਨਾਸ਼ਤਾ ਕਰਕੇ ਸਾਇਰਾ ਦੇ ਕੋਲ/ਘਰ ਹੀ ਰਹਿੰਦਾ ਹੈ। ਸਵੇਰ ਦੇ ਖਾਣੇ ਮਗਰੋਂ ਸਾਇਰਾ ਦੀਆਂ ਕਾਮੁਕ ਮਨੋ-ਗੁੰਝਲਾਂ ਕਿਰਿਆਵਾਂ ਕਰਨ ਲੱਗਦੀਆਂ ਹਨ ਜਿਸ ਕਾਰਨ ਉਸਦੀ ਤਬੀਅਤ ਹਲਕੀ ਜਿਹੀ ਨਾਜ਼ੁਕ ਹੋ ਜਾਂਦੀ ਹੈ ਤੇ ਫ਼ਰੀਦ ਉਸ ਕੋਲ ਹੀ ਠਹਿਰ ਜਾਂਦਾ ਹੈ। ਅੰਤ ਦੋਨੋਂ ਆਪਣੀ ਮਾਨਸਿਕ ਸਰੀਰਕ ਕਿਰਿਆ ਦੀ ਤ੍ਰਿਪਤੀ ਕਰਦੇ ਹਨ ਜਿਸ ਕਾਰਨ ਸਾਇਰਾ ਦਾ ਵਜੂਦ ਖ਼ੁਸ਼ੀ ਨਾਲ ਲਬਰੇਜ਼ ਹੋ ਜਾਂਦਾ ਹੈ।

ਗੀਟੀਆਂ ਕਹਾਣੀ ਦੀ ਮੁੱਖ ਪਾਤਰ ਮਾਨਸਿਕ ਕਿਰਿਆਵਾਂ ਦੀ ਉਥਲ-ਪੁਥਲ ਵਿੱਚ

ਵਿਚਰਦੀ ਹੈ। ਉਸ ਦਾ ਪਤੀ ਉਸ ਨਾਲ ਭੋਗ-ਵਿਲਾਸ ਦੀ ਵਸਤੂ ਵਜੋਂ ਵਿਹਾਰ ਕਰਦਾ ਹੈ ਜਦ ਕਿ ਉਹ ਸਰੀਰਕ ਦੇ ਨਾਲ ਮਾਨਸਿਕ ਤੌਰ ਤੇ ਵੀ ਸਥਿਰ ਹੋਣਾ ਚਾਹੁੰਦੀ ਹੈ। ਉਹ ਆਪਣੀ ਅਜਿਹੀ ਸਥਿਤੀ ਨੂੰ ਭਾਂਪ ਕੇ ਫ਼ਰੀਦ ਨਾਲ ਸਰੀਰਕ ਸੰਪਰਕ ਬਣਾ ਕੇ ਆਪਣੀਆਂ ਅਧੂਰੀਆਂ ਖ਼ਾਹਿਸ਼ਾਂ ਨੂੰ ਪੂਰਾ ਕਰਦੀ ਹੈ। ਕਹਾਣੀ ਜਿੱਥੇ ਔਰਤ ਦੇ ਇਕਲਾਪੇ ਮਾਨਸਿਕ ਸਰੀਰਕ ਦੀ ਤ੍ਰਿਪਤੀ ਦੇ ਸਰੋਕਾਰਾਂ ਨੂੰ ਪੇਸ਼ ਕਰਦੀ ਹੈ, ਉੱਥੇ ਹੀ ਮੰਡੀ ਵਿਚ ਥਕਾ ਦੇਣ ਵਾਲੀ ਕਿਰਤ ਨੂੰ ਅਚੇਤ ਰੂਪ ਵਿਚ ਪੇਸ਼ ਕੀਤਾ ਗਿਆ ਹੈ ਜਿਸ ਦੀ ਮੁੱਖ ਮਿਸਾਲ ਮਨਸੂਰ ਦਾ ਕੰਮ ਤੋਂ ਥੱਕ ਹੋ ਕੇ ਘਰ ਆਉਣਾ ਹੈ। ਇਸ ਤੋਂ ਇਲਾਵਾ ਗੀਟੀਆਂ ਕਾਮ ਚੇਤਨਾ ਦੀ ਪੂਰਨ ਤ੍ਰਿਪਤੀ ਦੇ ਚਿਹਨ ਹਨ। ਕਹਾਣੀਕਾਰ ਨੇ ਜਿੱਥੇ ਔਰਤ ਤੇ ਮਰਦ ਦੀ ਵਿਲੱਖਣ ਮਾਨਸਿਕਤਾ ਨੂੰ ਦਰਸਾਇਆ ਹੈ, ਉੱਥੇ ਹੀ ਇਨ੍ਹਾਂ ਦੋਹਾਂ ਵਿਚਲੀ ਸਪੇਸ ਅੰਦਰ ਪਈਆਂ ਕਿਰਿਆਵਾਂ ਦੀ ਸੰਵੇਦਨਾ ਨੂੰ ਆਤਮਸਾਤ ਕੀਤਾ ਹੈ। ਇਸ ਸਪੇਸ/ਖੱਪੇ ਨੂੰ ਫ਼ਰੀਦ ਪੂਰਾ ਕਰਦਾ ਹੈ ਜੋ ਸਮਾਜਿਕ ਬੰਦਿਸ਼ਾਂ ਦੇ ਤਿੜਕਣ/ਟੁੱਟਣ ਦਾ ਪ੍ਰਤੀਕ ਵੀ ਹੈ। ਕਹਾਣੀਕਾਰ ਸੁਹਜ ਚੇਤਨਾ ਰਾਹੀਂ ਕਈ ਅਲੰਕਾਰਕ ਭਾਸ਼ਾ ਦੀ ਵਰਤੋਂ ਕਰਦਾ ਹੋਇਆ ਕਹਾਣੀ ਦੀ ਰੌਚਿਕਤਾ ਨੂੰ ਲਗਾਤਾਰਤਾ ਪ੍ਰਦਾਨ ਕਰਦਾ ਹੋਇਆ ਆਪਣੇ ਮੁੱਖ ਸਰੋਕਾਰਾਂ ਨੂੰ ਕੇਂਦਰ ਵਿਚ ਲਿਆਉਂਦਾ ਹੈ।

**ਕੁਲਵੰਤ ਸੰਧੂ** : ਅੰਜੁਮ ਕੁਰੈਸ਼ੀ ਦੀ ਇਹ ਕਹਾਣੀ ਔਰਤ ਹੋਣ ਦੇ ਦਰਦ ਨੂੰ ਬਿਆਨ ਕਰਦੀ ਹੈ। ਸਾਇਰਾ ਇਕ ਸਾਧਾਰਣ ਪਰਿਵਾਰ ਦੀ ਲੜਕੀ ਹੈ, ਜਿਸ ਨੂੰ ਮਾਂ ਨੇ 'ਰਾਖੀ' ਕਰ ਕਰ ਕੇ ਪਾਲਿਆ ਸੀ। ਵਿਆਹ ਤੋਂ ਬਾਅਦ ਉਸ ਨੂੰ ਪਤੀ ਦਾ ਭਰਪੂਰ ਪਿਆਰ ਤੇ ਕਾਮ ਸੁੱਖ ਮਿਲਦਾ ਹੈ। ਪਰ ਹੌਲੀ-ਹੌਲੀ ਪਤੀ ਆਪਣੇ ਕੰਮਾਕਾਰਾਂ ਵਿਚ ਖਚਿਤ ਹੁੰਦਾ ਜਾਂਦਾ ਹੈ ਤੇ ਸਰੀਰਕ ਖਿੱਚ ਦੇ ਤਲਿਸਮ ਦੀ ਲਿਸ਼ਕ ਵੀ ਮਧਮ ਪੈਂਦੀ ਜਾਂਦੀ ਹੈ। ਸਾਇਰਾ ਬਿਲਕੁਲ ਅਣਗੌਲੀ ਵਸਤੂ ਬਣ ਕੇ ਰਹਿ ਜਾਂਦੀ ਹੈ, ਜਿਸ ਬਾਰੇ ਖ਼ਿਆਲ ਸਿਰਫ਼ ਜ਼ਰੂਰਤ ਪੂਰਤੀ ਵੇਲੇ ਆਉਂਦਾ ਹੈ। ਅਣਗੌਲੇ ਰਹਿ ਜਾਣ ਦੇ ਬਾਵਜੂਦ ਉਹ ਇਕ ਪਤਨੀ ਤੇ ਮਾਂ ਦੇ ਫ਼ਰਜ਼ਾ ਨੂੰ ਨਿਭਾਉਂਦੀ ਨਿਭਾਉਂਦੀ ਉਹ ਆਪਣੀ ਹੋਂਦ ਤੋਂ ਹੀ ਬੇ-ਖ਼ਬਰ ਹੋ ਜਾਂਦੀ ਹੈ।

ਉਸ ਨੇ ਆਪਣੀ ਮਾਂ ਨੂੰ ਬਾਪ ਵਾਸਤੇ ਮਿੱਠੇ ਪਰਾਉਂਠੇ ਬਣਾ ਕੇ ਖਵਾਉਂਦੇ ਵੇਖਿਆ ਸੀ। ਉਸ ਦੀ ਆਪਣੇ ਪਤੀ ਲਈ ਮਿੱਠੇ ਪਰਾਉਂਠੇ ਬਣਾਉਣ ਦੀ ਖ਼ਾਹਿਸ਼ ਪਤੀ ਦੀ ਨਾਂ-ਪਸੰਦੀ ਥੱਲੇ ਘੁਟ ਕੇ ਰਹਿ ਜਾਂਦੀ ਹੈ। ਜਦੋਂ ਫ਼ਰੀਦ ਉਨ੍ਹਾਂ ਦੇ ਘਰ ਆਉਂਦਾ ਹੈ ਤੇ ਉਸ ਦੇ ਇਸਰਾਰ ਤੇ ਉਹ ਉਸ ਨੂੰ ਮਿੱਠਾ ਪਰਾਉਂਠਾ ਬਣਾ ਕੇ ਖਵਾਉਂਦੀ ਹੈ ਤਾਂ ਉਸ ਦੇ ਸਰਦ ਹੋ ਕੇ ਜੰਮ ਗਏ ਅਹਿਸਾਸਾਂ ਵਿਚ ਥੜਕਣ ਪੈਦਾ ਹੋਣ ਲੱਗਦੀ ਹੈ। ਉਸ ਦੇ ਹੱਥਾਂ ਵਿਚ ਬੜੀਆਂ ਅਣਖੇਡੀਆਂ ਗੀਟੀਆਂ ਫ਼ਰੀਦ ਦੀ ਖੇਡ ਵਿਚ ਸ਼ਾਮਲ ਹੋ ਜਾਂਦੀਆਂ ਜਾਂ 'ਮਿੱਠਾ ਪਰਾਉਂਠਾ' ਤੇ 'ਗੀਟੀਆਂ' ਇਸ ਕਹਾਣੀ ਦੀ ਕੇਂਦਰੀ ਧੁਨੀ ਨੂੰ ਅਰਥ ਅਤੇ ਵਿਸਥਾਰ ਦੇਂਦੀਆਂ ਹਨ।

**ਪਰਮਜੀਤ ਮੀਸ਼ਾ** : ਵਿਆਹੁਤਾ ਰਿਸ਼ਤੇ ਧੁਰ ਰੱਬ ਦੀ ਦਰਗਾਹ 'ਚ ਲਿਖੇ ਜਾਂਦੇ ਹਨ ਤੇ ਧਰਤੀ ਤੇ ਉਂਜ ਹੀ ਹੰਢਾਏ ਜਾਂਦੇ ਹਨ, ਜਿਵੇਂ ਕਿਸਮਤ ਵਿੱਚ ਲਿਖੇ ਮਿਲਦੇ ਹਨ। ਅਜਿਹੀ ਸੋਚ ਨੂੰ ਅਧਾਰ ਬਣਾ ਕੇ ਨਿਭਾਈ ਗਈ ਇਹ ਕਹਾਣੀ ਔਰਤ ਦੇ ਅਜਿਹੇ ਦੁਖਾਂਤ ਨੂੰ ਪੇਸ਼ ਕਰਦੀ ਹੈ ਜਿਸ ਲਈ ਉਹ ਖ਼ੁਦ ਜ਼ਿੰਮੇਵਾਰ ਨਹੀਂ। ਜਿਸਮਾਨੀ ਸਬੰਧਾਂ ਵਿਚਲੀ ਸਹਿਜਤਾ ਨੂੰ ਉਲੰਘਦਿਆਂ ਹੋਇਆਂ ਖ਼ਾਵੰਦ ਬੀਵੀ ਦਾ ਝਾਕਾ ਵੀ ਆਪ ਹੀ ਤੋੜਦਾ ਹੈ ਤੇ ਫ਼ਿਰ ਰੁਟੀਨ ਬਣੀ ਏਸ ਖੇਡ ਤੋਂ ਅਕੇਵਾਂ ਮਹਿਸੂਸ ਕਰਦਿਆਂ ਜਾਂ ਤਾਂ ਕਿਨਾਰਾਕਸ਼ੀ ਵਾਲਾ ਰਾਹ ਅਖ਼ਤਿਆਰ

ਕਰਦਾ ਹੈ ਜਾਂ ਬੀਵੀ ਦੀਆਂ ਗੀਟੀਆਂ ਪੁੱਗਣ ਤੋਂ ਪਹਿਲਾਂ ਹੀ ਪੁੱਗ ਜਾਂਦਾ ਹੈ। ਹਯਾਤੀ ਦੀ ਅਜਿਹੀ ਖੇਡ ਵਿੱਚ ਆਪਣੀ ਅਧੂਰੀ ਚਾਹਤ ਦੀ ਪੂਰਤੀ ਲਈ ਔਰਤ ਨੂੰ ਆਪਣੀਆਂ ਗੀਟੀਆਂ ਮਜਬੂਰੀ ਵੱਸ ਬੇਗ਼ਾਨੇ ਹੱਥ ਦੇਣੀਆਂ ਪੈਂਦੀਆਂ ਹਨ।

**ਜਸ ਮੰਡ** : ਇਹ ਬੜੀ ਸਿੱਧ-ਪੱਧਰੀ ਕਹਾਣੀ ਹੈ। ਵਿਆਹ ਤੋਂ ਕੁਝ ਵਕਫੇ ਮਗਰੋਂ, ਦੋ ਬੱਚੇ ਹੋਣ ਮਗਰੋਂ, ਇਕ ਔਰਤ ਦੀ ਜਿਸਮਾਨੀ ਭੁੱਖ ਉਹਦੇ ਪਤੀ ਤੋਂ ਪੂਰੀ ਨਹੀਂ ਹੁੰਦੀ, ਤਾਂ ਉਹ ਦਿਓਰ ਨਾਲ ਰਿਸ਼ਤਾ ਬਣਾ ਲੈਂਦੀ ਹੈ। ਅਜਿਹੇ ਰਿਸ਼ਤੇ ਲਈ ਇਕੋ ਸਵੇਰ ਦੇ ਅੰਦਰ-ਅੰਦਰ ਜਿਹੜਾ ਮੌਕਾ ਮੇਲ ਬਣਾਇਆ ਗਿਆ ਹੈ, ਉਹ ਸਹਿਜ ਨਹੀਂ, ਬਲਕਿ ਲੇਖਕਾ ਵੱਲੋਂ ਘੜਿਆ ਹੋਇਆ ਦਿਸਦਾ ਹੈ।

ਸਾਡੇ ਪੰਜਾਬ ਦੀਆਂ ਬਹੁਤੀਆਂ ਔਰਤ ਲੇਖਕ ਵੀ ਪਤੀ-ਪਤਨੀ ਦੇ ਸੰਬੰਧਾਂ, ਉਹ ਵੀ ਅਕਸਰ ਜਿਸਮਾਨੀ ਸੰਬੰਧਾਂ ਦੇ ਮੁੱਦੇ ਉੱਤੇ ਹੀ ਅਟਕ ਕੇ ਰਹਿ ਜਾਂਦੀਆਂ ਹਨ। ਪਰਾਏ ਮਰਦ ਨਾਲ ਸੰਬੰਧ ਬਣਾਉਣ ਨੂੰ ਉਹ ਵਿਦਰੋਹੀ ਪ੍ਰਗਟਾਵੇ ਵਜੋਂ ਪੇਸ਼ ਕਰਦੀਆਂ ਹਨ।(ਇਸ ਕਹਾਣੀ ਵਿਚ ਇਹ ਗੱਲ ਕਿਤੇ ਨਹੀਂ ਆਉਂਦੀ ਕਿ ਉਸਦਾ ਪਤੀ ਵੀ ਕਿਸੇ ਹੋਰ ਔਰਤ ਨਾਲ ਸੰਬੰਧ ਬਣਾਉਂਦਾ ਹੈ)! ਮੇਰੀ ਸਮਝ ਤੋਂ ਇਹ ਬਾਹਰੀ ਗੱਲ ਹੈ ਕਿ ਜੇ ਮਰਦ ਬੇਗਾਨੀ ਔਰਤ ਨਾਲ ਸੰਬੰਧ ਬਣਾਵੇ ਤਾਂ ਉਹ ਬਾਹਰ ਮੂੰਹ ਮਾਰਨ ਵਾਲਾ, ਸਵਾਛੰਦ ਸੰਭੋਗੀ। ਫੇਰ ਬਾਹਰ ਮੂੰਹ ਮਾਰਨ ਵਾਲੀ ਔਰਤ ਵਿਦਰੋਹੀ ਕਿਵੇਂ ਹੋ ਗਈ! ਆਪਣੇ ਸਰੀਰ ਨੂੰ ਪਰਾਏ ਮਰਦ ਮੂਹਰੇ ਪਰੋਸਣ ਨਾਲ ਵਿਦਰੋਹ ਜਾਂ ਆਜ਼ਾਦੀ ਦਾ ਪ੍ਰਗਟਾਵਾ ਕਿਵੇਂ ਹੋ ਜਾਂਦਾ ਹੈ! ਇਸ ਤੋਂ ਇਲਾਵਾ ਸਵਾਲ ਇਹ ਵੀ ਹੈ ਕਿਸ ਨੂੰ ਜਿਹੜੇ ਸਮਾਜਕ ਮੁੱਦਿਆਂ ਨਾਲ ਮਰਦ ਲੇਖਕਾਂ ਦਾ ਵਾਹ ਪੈਂਦਾ ਹੈ, ਕੀ ਉਨ੍ਹਾਂ ਮੁੱਦਿਆਂ ਨਾਲ ਔਰਤ ਲੇਖਕ ਨਹੀਂ ਜੂਝਦੀਆਂ!

ਕਹਾਣੀ ਵਿਚ ਗੀਟੀਆਂ ਦੇ ਮੈਟਾਫਰ ਦੀ ਵਰਤੋਂ ਚੰਗੀ ਲੱਗੀ, ਪਰੰਤੂ ਕੁੱਲ ਮਿਲਾ ਕੇ ਇਹ ਕਮਜ਼ੋਰ ਕਹਾਣੀ ਹੈ।

**ਰਜਨੀਸ਼**: ਲਹਿੰਦੇ ਪੰਜਾਬ ਵਿਚ ਅਜਿਹੀ ਬਹੁਤ ਥੋੜੀ ਕਹਾਣੀ ਹੈ ਜਿਹੜੀ ਸ਼ਹਿਰੀ ਮੱਧ-ਵਰਗ ਦੇ ਜੀਵਨ ਨਾਲ ਬਾਵਾਸਤਾ ਹੈ। ਇਹ ਉਥੇ ਪੰਜਾਬੀ ਜੁਬਾਨ ਨਾਲ ਸਬੰਧਿਤ ਸਾਹਿਤ ਦੀ ਸਿਰਜਣਕਾਰੀ ਦੀ ਸਮੱਸਿਆ ਹੈ। ਇਹ ਜ਼ੁਬਾਨ ਭਾਰੂ ਰੂਪ ਵਿਚ ਕਿਸਾਨੀ ਅਤੇ ਕਾਮਾ ਵਰਗ ਦੇ ਦੁਆਲੇ ਘੁੰਮਦੀ ਹੈ। ਮੱਧ-ਵਰਗ ਖਾਸਕਰ ਸ਼ਹਿਰੀ ਮੱਧ-ਵਰਗ ਚੜ੍ਹਦੇ ਪੰਜਾਬ ਵਿਚ ਭਾਰੂ ਰੂਪ ਵਿਚ ਹਿੰਦੀ ਅਤੇ ਅੰਗਰੇਜ਼ੀ ਨਾਲ ਜੁੜਿਆ ਹੈ। ਲਹਿੰਦੇ ਪੰਜਾਬ ਵਿਚ ਉਰਦੂ ਅਤੇ ਅੰਗਰੇਜ਼ੀ ਨਾਲ। ਇਸੇ ਲਈ ਬਹੁਤੀ ਪੰਜਾਬੀ ਕਹਾਣੀ ਵਿਚ ਕਿਸਾਨੀ ਅਤੇ ਕਿਰਤੀ ਦੇ ਜੀਵਨ ਦੇ ਮਿਸਾਈਲ ਭਾਰੂ ਹਨ। ਅੰਜੁਮ ਸ਼ਹਿਰੀ ਮੱਧ-ਵਰਗ ਅਤੇ ਅੰਗਰੇਜ਼ੀ ਸਾਹਿਤ ਨਾਲ ਜੁੜੀ ਰਹੀ ਹੈ। ਉਹ ਪੰਜਾਬੀ ਵਿਚ ਮੱਧ-ਵਰਗ ਅਤੇ ਅੰਗਰੇਜ਼ੀ ਸਾਹਿਤ ਨਾਲ ਜੁੜੀ ਰਹੀ ਹੈ। ਉਹ ਪੰਜਾਬੀ ਵਿਚ ਮੱਧ-ਵਰਗ ਖ਼ਾਸਕਰ ਨਾਰੀ ਦੀਆਂ ਸਮੱਸਿਆਵਾਂ ਨੂੰ ਲੈ ਕੇ ਆਈ ਹੈ। ਸ਼ਹਿਰੀ ਮੱਧ-ਵਰਗ ਵਿਚ ਪਲੀ ਔਰਤ ਦੀ ਸਮੱਸਿਆ ਹੀ ਨਾਰੀ ਅਜ਼ਾਦੀ ਦੀ ਹੈ। ਇਹ ਅਜ਼ਾਦੀ ਵਿਆਹ ਬਾਹਰੇ ਸਬੰਧਾਂ ਤੋਂ ਬਾਹਰਲੇ ਰਿਸ਼ਤੇ ਨੂੰ ਅਜ਼ਾਦੀ ਅਤੇ ਭਾਵਨਾਵਾਂ ਦੀ ਤ੍ਰਿਪਤੀ ਦਾ ਪ੍ਰਗਟਾਵਾ ਮੰਨਦੀ ਹੈ।ਸਾਇਰਾ ਅਤੇ ਮਨਸੂਰ ਦਾ ਪਰਿਵਾਰ ਸਾਰੀਆਂ ਸੁਖ ਸੁਵਿਧਾਵਾਂ ਨਾਲ ਲੈਸ ਹੈ। ਇਕ ਆਮ ਵਿਅਕਤੀ ਵਾਲੇ ਖੁਸ਼ੀ ਦੇ ਸਾਧਨ ਹਨ। ਕੀ ਸਮੱਸਿਆ ਸਿਰਫ਼ ਕਾਮ ਭੁੱਖ ਦੀ ਹੈ। ਇਸ ਦਾ ਕੋਈ ਪੈਮਾਨਾ ਮੱਧ-ਵਰਗ ਕੋਲ ਨਹੀਂ ਹੈ। ਉਸ ਦੀ ਸਮੱਸਿਆ

ਵਿਹਲਾਪਣ ਅਤੇ ਮਨੋਰੰਜਨ ਦੇ ਸਾਧਨ ਕਾਮ-ਉਕਸਾਊ ਫ਼ਿਲਮਾਂ ਹਨ। ਫਿਰ ਕੀ ਮਿੱਠਾ ਪਰਾਉਂਠਾ ਅਤੇ ਫਰੀਦ ਦਾ ਕਲਪਿਤ ਸੁਭਾਅ ਸਾਇਰਾ ਨੂੰ ਉਸ ਵੱਲ ਖਿੱਚ ਲੈਂਦਾ ਹੈ। ਫਿਰ ਵੀ ਗੋਟੀਆਂ ਇਕ ਮਰਦ ਦੇ ਹੱਥ ਤੋਂ ਦੂਜੇ ਹੱਥ ਪਹੁੰਚ ਜਾਂਦੀਆਂ ਹਨ। ਇਹ ਮਸਲੇ ਕਹਾਣੀ ਦੀ ਵਿਚਾਰ ਪੱਧਤੀ ਨਾਲ ਜੁੜੇ ਹੋਏ ਹਨ। ਕਹਾਣੀ ਕਲਾ ਪੱਖੋਂ ਠੀਕ ਹੈ। ਸਹਿਜ ਹਲਕੀ ਜਿਹੀ ਅਸਹਿਜ ਹੋ ਕੇ ਨਿੱਕੀ ਕਹਾਣੀ ਵਿਚ ਬਦਲ ਜਾਂਦੀ ਹੈ। ਪਹਿਲੀ ਨਜ਼ਰੇ ਕਹਾਣੀ ਧੂਹ ਪਾਉਂਦੀ ਹੈ। ਸੋਚਦੇ-ਸੋਚਦੇ ਅਸਰ ਘਟਣ ਲੱਗਦਾ ਹੈ। ਕਹਾਣੀ ਵਿਚ ਸਮਾਜਿਕਤਾ ਅਤੇ ਦੇਹ ਦੀਆਂ ਵਿਛਾਵਾਂ ਵਿਚਕਾਰਲਾ ਰਸਤਾ ਮਾਨਸਿਕ ਤੌਰ ਤੇ ਸਾਇਰਾ ਲਈ ਸਮੱਸਿਆਵਾਂ ਪੈਦਾ ਕਰ ਸਕਦਾ ਸੀ। ਲਹਿੰਦੇ ਪੰਜਾਬ ਦੀ ਪੰਜਾਬੀ ਕਹਾਣੀ ਵਿਚੇ ਅਜੇ ਮੱਧ ਵਰਗ ਨੇ ਵਿਸਥਾਰ ਗ੍ਰਹਿਣ ਕਰਨਾ ਹੈ। ਇਸ ਦਾ ਬਾਇਸ ਅੰਜੁਮ ਕੁਰੇਸ਼ੀ ਬਣੇਗੀ। ਮੇਰਾ ਯਕੀਨ ਹੈ।

***


## ਬਲਬੀਰ ਪਰਵਾਨਾ ਦਾ ਨਾਵਲੀ ਸੰਸਾਰ




ਬਲਬੀਰ ਪਰਵਾਨਾ ਪੰਜਾਬੀ ਨਾਵਲ ਸਿਰਜਣਕਾਰੀ ਦੇ ਖੇਤਰ ਵਿਚ ਇਕ ਅਜਿਹਾ ਨਾਵਲਕਾਰ ਹੈ ਜਿਹੜਾ ਵਿਧਾਗਤ ਪਰਿਵਰਤਨ ਦਾ ਵਾਹਕ ਰਿਹਾ ਹੈ। ਗਲਪਕਾਰੀ ਦੇ ਖੇਤਰ ਵਿਚ ਉਹ ਮਿੰਨੀ ਕਹਾਣੀ ਤੋਂ ਸ਼ੁਰੂ ਕਰਕੇ ਕਹਾਣੀ ਅਤੇ ਨਾਵਲਿਟ ਰਾਹੀਂ ਨਾਵਲ ਦੇ ਖੇਤਰ ਵਿਚ ਪ੍ਰਵੇਸ਼ ਕਰਦਾ ਹੈ। ਉਹ ਪੰਜਾਬੀ ਸਮਾਜ ਦੀ ਹਰੇ ਇਨਕਲਾਬ ਤੋਂ ਬਾਅਦ ਦੀ ਵਾਸਤਵਿਕਤਾ ਨੂੰ ਨਾਵਲਕਾਰੀ ਦਾ ਅਧਾਰ ਬਣਾਉਂਦਾ ਹੈ। ਅਜਿਹਾ ਕਰਦੇ ਹੋਏ ਉਸ ਦੀ ਸਿਰਜਣਕਾਰੀ ਦਾ ਕੇਂਦਰ ਮਨੁੱਖੀ ਵਿਹਾਰ ਬਣਦਾ ਹੈ। ਇਸ ਵਿਹਾਰ ਵਿਚੋਂ ਅਜੋਕੇ ਸਮਾਜ ਦੀ ਜੀਵਨ-ਜਾਚ ਦਾ ਵਿਹਾਰਕ ਮਾਡਲ ਸਾਹਮਣੇ ਆਉਂਦਾ ਹੈ। ਇਸ ਮਾਡਲ ਵਿਚੋਂ ਜਿਹੜਾ ਪੰਜਾਬੀ ਮਨੁੱਖ ਸਾਹਮਣੇ ਆਉਂਦਾ ਹੈ ਉਹ ਰਿਸ਼ਤਿਆਂ ਵਿਚਲੇ ਹਰ ਆਦਰਸ਼ ਤੋਂ ਮੁਕਤ ਹੈ। ਉਹ ਜਿਸ ਇਲਾਕਾਈ ਪਰਿਵੇਸ਼ ਨੂੰ ਚੁਣਦਾ ਹੈ ਉਸ ਰਾਹੀਂ ਸਮੁੱਚੇ ਪੰਜਾਬੀ ਸਭਿਆਚਾਰਕ ਵਿਹਾਰ ਨੂੰ ਸੰਬੋਧਿਤ ਹੁੰਦਾ ਹੈ। ਉਸ ਦੇ ਸਿਰਜਣੀ ਵਰਤਾਰੇ ਨੂੰ 'ਬਹੁਤ ਸਾਰੇ ਚੁਰਸਤੇ' ਤੋਂ ਲੈ ਕੇ 'ਸ਼ੋਅ-ਰੂਮ' ਤਕ ਦੇ ਸਫ਼ਰ ਰਾਹੀਂ ਸਮਝਿਆ ਜਾ ਸਕਦਾ ਹੈ। **-ਰਜਨੀਸ਼ ਬਹਾਦਰ ਸਿੰਘ**

## ਲੰਮੇ ਪੈਂਡਿਆਂ ਦਾ ਪਾਂਧੀ: ਜਗਜੀਤ ਸਿੰਘ ਆਨੰਦ

ਸੰਪਾਦਕ: ਰਜਨੀਸ਼ ਬਹਾਦਰ ਸਿੰਘ

ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ

ਪੰਨੇ: 320 ਮੁੱਲ: 280/-

# ਇੱਸੇ ਭਿਣ ਭਿਣ ਤੋਂ ਛੁੱਟਿਆ ਸੀ

*-ਪਰਵੀਨ ਮਲਿਕ*

ਨਾਂ ਤੇ ਉਹਦਾ ਬਰਕਤ ਸੀ ਪਰ ਬੇ-ਬਰਕਤੀ ਉਹਨੂੰ ਹਰ ਵੇਲੇ ਘੇਰਾ ਪਾਈ ਰੱਖਦੀ। ਪਤਾ ਨਹੀਂ ਕਿੰਜ ਤੇ ਕਿਵੇਂ ਉਹਦੀ ਖੱਟੀ ਨਖੱਟੀ ਬਣ ਜਾਂਦੀ। ਜਦੋਂ ਦੀ ਸੁਰਤ ਸੰਭਾਲੀ ਉਹਨੇ ਖ਼ੌਰੇ ਕਿਹੜੇ ਕਿਹੜੇ ਖੇਖਣ ਕੀਤੇ ਪਈ ਉਹ ਵੀ ਕਮਾਊ ਪੁਤਰ ਅਖਵਾਣ ਜੋਗਾ ਹੋ ਜਾਵੇ ਜਿਵੇਂ ਭਾਅ ਰਫ਼ੀਕ ਤੇ ਅਕਬਰ ਸਨ। ਪਰ ਜਿਹੜੇ ਕੰਮ ਵਿਚ ਹੱਥ ਪਾਂਦਾ ਉਹ ਮਿੱਟੀ ਦੀ ਢੇਰੀ ਬਣ ਜਾਂਦਾ। ਹੁਣ ਉਹ ਗੰਡੋਇਆ ਤੇ ਹੈ ਨਹੀਂ ਸੀ ਜੋ ਮਿੱਟੀ ਚਟ ਕੇ ਗੁਜ਼ਾਰਾ ਕਰ ਲੈਂਦਾ, ਜੀਂਦੀ ਜਾਨ ਨੂੰ ਸੌ ਲੋੜਾਂ ਥੋਹੜਾਂ ਲੱਗੀਆਂ ਹੋਈਆਂ ਨੇ, ਦੂਜੇ ਉਹਦੀ ਸਰ੍ਹੋਂ ਦੀ ਗੰਦਲ ਵਰਗੀ ਮੰਗੀਨੀ ਪੇਕੇ ਬੂਹੇ ਤੇ ਬੈਠੀ ਬੈਠੀ ਖੋਹਰੜੀ ਹੋ ਜਾਵੇ ਨਾ ਉਹਦੇ ਹੋਣ ਵਾਲਿਆਂ ਸਹੁਰਿਆਂ ਨੂੰ ਮਨਜ਼ੂਰ ਸੀ ਨਾ ਬਰਕਤ ਕੋਲੋਂ ਜਰਿਆ ਜਾਣਾ ਸੀ, ਪਰ ਬਰਕਤ ਵਿਚਾਰਾ ਕਰੇ ਤਾਂ ਕੀ ਕਰੇ? ਸਭ ਤੋਂ ਪਹਿਲਾਂ ਉਹਨੇ ਪਿਓ ਦਾਦੇ ਵਾਲੇ ਕੰਮ ਨੂੰ ਹੱਥ ਪਾਇਆ। ਓਨ੍ਹਾਂ ਦਾ ਟੱਬਰ ਖ਼ੌਰੇ ਕਦੋਂ ਤੋਂ ਜੁੱਤੀਆਂ ਬਨਾਣ ਤੇ ਗੰਢਣ ਤਰੋਪਣ ਦੇ ਆਹਰੇ ਲੱਗਾ ਹੋਇਆ ਸੀ, ਹੋਰ ਵੀ ਕਈ ਕਾਰੀਗਰ ਹੋਏ ਹੋਣੇ ਨੇ ਪਰ ਬਰਕਤ ਦੇ ਦਾਦੇ ਅਹਿਮੇ ਦਾ ਨਾਂ ਚਵ੍ਹਾਂ ਪਾਸਿਆਂ ਦਿਆਂ ਪਿੰਡਾਂ ਵਿਚ ਇੰਜ ਲਿਸ਼ਕਦਾ ਜਿਵੇਂ ਉਹਦੀਆਂ ਬਣਾਈਆਂ ਜੁੱਤੀਆਂ ਤੇ ਤਲਾ।

ਆਲ ਦੁਆਲੇ ਦਿਆਂ ਜ਼ਿਮੀਂਦਾਰਾਂ ਦੇ ਮੁੰਡੇ ਜਦੋਂ ਤੀਕਰ ਅਹਿਮੇ ਦੀ ਬਣਾਈ ਜੁੱਤੀ ਨਾ ਪਾ ਲੈਂਦੇ ਆਪਣੇ ਆਪ ਨੂੰ ਜਵਾਨੀ ਚੜ੍ਹਿਆ ਨਾ ਸਮਝਦੇ। ਇਹੋ ਜਿਹੇ ਕਾਰੀਗਰ ਦਾ ਨਾਂ ਤੇ ਕੰਮ ਬਰਕਤ ਦੇ ਪਿਓ ਕੋਲੋਂ ਉਂਜ ਤੇ ਨਾ ਸੰਭਾਲਿਆ ਗਿਆ ਜਿਵੇਂ ਸੰਭਾਲਣ ਦੀਆਂ ਸ਼ਰਤਾਂ ਹੁੰਦੀਆਂ ਫ਼ਿਰ ਵੀ ਉਹਨੇ ਕੰਮ ਟੋਰੀ ਰੱਖਿਆ। ਪਰ ਤੀਜੀ ਪੀੜ੍ਹੀ ਤੀਕਰ ਅੱਪੜਦਿਆਂ ਅੱਪੜਦਿਆਂ ਸਾਰੀ ਫ਼ਨਕਾਰੀ ਤੇ ਕਾਰੀਗਰੀ ਇੰਜ ਉੱਡ ਗਈ ਜਿਵੇਂ ਖੁੱਲੀ ਥਾਂ ਤੇ ਪਈ ਖ਼ੁਸ਼ਬੂ ਕਿਧਰੇ ਹਵਾ ਵਿਚ ਘੁਲ ਜਾਂਦੀ ਏ। ਉੱਤੋਂ ਵੇਲ਼ਾ ਵੀ ਹੋਰ ਦਾ ਹੋਰ ਹੁੰਦਾ ਗਿਆ। ਮਸ਼ੀਨਾਂ ਤੇ ਬਣੇ ਬੂਟ ਤੇ ਸੈਂਡਲ ਭਾਂਵੇਂ ਕੱਚੀਆਂ ਵੱਟਾਂ ਦੀ ਮਾਰ ਖਾਣ ਲਈ ਨਹੀਂ ਸੀ ਬਣੇ ਪਰ ਵੇਖਣ ਵਿਚ ਏਨੇ ਸੋਹਣੇ ਲਗਦੇ ਜੋ ਬੰਦੇ ਨੂੰ ਇਕ ਪੈਰ ਵੀ ਅਗਾਂਹ ਨਾ ਪੁੱਟਣ ਦਿੰਦੇ ਪਰ ਕੱਚੀਆਂ ਤੇ ਓਭੜ ਖਾਭੜ ਰਾਹਵਾਂ ਤੇ ਪਾਓਣ ਵਾਲੇ ਦਾ ਸਾਥ ਇਉਂ ਛੱਡ ਜਾਂਦੇ ਜਿਵੇਂ ਭੈੜੇ ਵੇਲੇ ਸੰਗ ਸਾਥ ਕੋਈ ਨਹੀਂ ਬਣਦਾ।

ਰਫ਼ੀਕ ਵੱਡਾ ਸੀ, ਉਹਨੂੰ ਗੰਢਣ ਤਰੋਪਣ ਦਾ ਕੰਮ ਲੱਭਣ ਲੱਗ ਪਿਆ ਪਰ ਉਹਦੇ ਤੇ ਸਾਰੇ ਟੱਬਰ ਦੀ ਗੁਜ਼ਰਾਨ ਕਿਵੇਂ ਹੁੰਦੀ , ਉਹ ਸ਼ਹਿਰ ਵਿਚ ਇਕ ਜੁੱਤੀਆਂ ਦੇ ਕਾਰਖ਼ਾਨੇ ਵਿਚ ਨੌਕਰ ਹੋ ਗਿਆ। ਦਾਦੇ ਦਾ ਥੋੜਾ ਬਹੁਤਾ ਸਾਇਆ ਸ਼ਾਇਦ ਉਹਦੇ ਤੇ ਪੈ ਗਿਆ ਸੀ, ਕੁੱਝ ਚਿਰ ਪਿੱਛੋਂ ਸਿਰਕਢਵੇਂ ਕਾਰੀਗਰਾਂ ਵਿਚ ਗਿਣਿਆ ਜਾਣ ਲੱਗਾ। ਕਾਰਖ਼ਾਨੇ ਦੇ ਨਿੱਤ ਨਵੇਂ ਡਿਜ਼ਾਈਨ ਵੇਖ ਕੇ ਘਰ ਬਹਿ ਕੇ ਕੰਮ ਕਰਦਾ ਤੇ ਵਾਹ ਵਾਹ ਸੋਹਣੀਆਂ ਜੁੱਤੀਆਂ ਬਣਾ ਕੇ ਪਿੰਡਾਂ ਵਿਚ ਫੇਰੀ ਲਾ ਕੇ ਵੇਚ ਆਂਦਾ। ਚਾਰ ਪੈਸੇ ਪੱਲੇ ਪਏ ਤਾਂ ਨਿੱਕਾ ਜਿਹਾ ਕਾਰਖ਼ਾਨਾ ਲਾ ਲਿਆ ਤੇ ਨਿੱਕੇ ਭਰਾ ਅਕਬਰੇ ਨੂੰ ਵੀ ਨਾਲ਼ ਰਲਾ ਲਿਆ, ਦੋਵੇਂ ਭਰਾ ਚੰਗੀ ਖੱਟੀ ਕਮਾਈ ਕਰਨ ਲੱਗ ਪਏ। ਮਾਂ ਨੂੰਹਾਂ ਵੀ ਵਿਆਹ ਲਿਆਈ ਤੇ ਆਪ ਬਰਕਤ ਨੂੰ ਲੈ ਕੇ ਪਿੰਡ ਵਾਲੇ ਘਰ ਦਾ ਜਿੰਦਰਾ ਆਣ ਖੋਲ੍ਹਿਆ। ਇੰਜ ਨਾ ਕਰਦੀ ਤਾਂ ਸ਼ੈਦ ਨੂੰਹਾਂ ਹੱਥੋਂ ਪੱਤ ਲੁਹਾ ਬਹਿੰਦੀ,

ਜਿਹਨਾਂ ਦਾ ਆਪਣੀਆਂ ਜਣਿਆਂ ਦੀ ਕਮਾਈ ਅਤੇ ਮਾਣ, ਟੁੱਟੇ ਛਿੱਤਰ ਵਾਂਗੂੰ ਵਧਦਾ ਜਾ ਰਿਹਾ ਸੀ। ਪੰਜਵੇਂ ਪੜ੍ਹਦੇ ਬਰਕਤ ਨੂੰ ਸਕੂਲੋਂ ਉਠਾ ਕੇ ਮਾਂ ਨੇ ਹੱਥ ਵਿਚ ਰੰਬੀ ਤੇ ਆਰ ਫੜਾ ਦਿੱਤੀ ਤੇ ਆਖਿਓ ਸੂ "ਤੂੰ ਵੀ ਉਨ੍ਹਾਂ ਦਾ ਭਰਾ ਐਂ , ਜਿਹੜਾ ਕੰਮ ਉਹ ਕਰ ਸਕਦੇ ਨੇ ਤੂੰ ਕਿਉਂ ਨਹੀਂ ਕਰ ਸਕਦਾ"

ਬਰਕਤ ਨੂੰ ਥੋੜਾ ਬਹੁਤ ਪਤਾ ਸੀ ਪਈ ਜੁੱਤੀ ਕਿਵੇਂ ਕੱਟੀਦੀ ਏ, ਪਰ ਪਤਾ ਹੋਣਾ ਹੋਰ ਗੱਲ ਏ ਤੇ ਹੱਥੀਂ ਕਰਨਾ ਹੋਰ। ਉਹਨੇ ਪੈਨਸਿਲ ਨਾਲ਼ ਕਾਗ਼ਜ਼ ਤੇ ਨਕਸ਼ਾ ਜਿਹਾ ਬਣਾਇਆ। ਮਾਂ ਕੋਲ਼ ਈ ਪੀੜ੍ਹੀ ਤੇ ਬੈਠੀ ਵੇਖ ਰਹੀ ਸੀ, ਖ਼ੁਸ਼ ਹੋ ਕੇ ਬੋਲੀ" ਹੈਂ ਵੇ ਦਾਦੀ ਮਰੀ, ਤੂੰ ਤਾਂ ਮੈਨੂੰ ਲਗਦਾ ਏ ਉਨ੍ਹਾਂ ਤੋਂ ਵੀ ਅੱਗੇ ਜਾਏਂਗਾ।

ਬਰਕਤ ਨੇ ਲਹਿਰ ਵਿਚ ਆ ਕੇ ਚਮੜੇ ਦੇ ਟੋਟੇ ਤੇ ਰੰਬੀ ਚਲਾਈ ਤੇ ਖ਼ੌਰੇ ਕੀ ਹੋਇਆ ਉਹਦੇ ਖੱਬੇ ਹੱਥ ਦੇ ਦੋ ਪੋਟੇ ਲਟਕ ਗਏ, ਦੋ ਧਾਰੀ ਲਹੂ ਵਗਦਾ ਵੇਖ ਕੇ ਬਰਕਤ ਦਾ ਦਿਲ ਘੱਟ ਗਿਆ, ਮਾਂ ਨੇ ਛੇਤੀ ਨਾਲ਼ ਸਿਰ ਦੀ ਮੈਲ਼ੀ ਜਿਹੀ ਚੁੰਨੀ ਹੱਥ ਦੁਆਲੇ ਵਲ੍ਹੇਟੀ ਤੇ ਪਾਣੀ ਦਾ ਛੰਨਾ ਬਰਕਤ ਦੇ ਮੂੰਹ ਨੂੰ ਲਾਇਆ। ਨਾਲ਼ ਨਾਲ਼ ਰੌਲ਼ਾ ਪਾਈ ਜਾਵੇ "ਵੇ ਲੋਕੋ ! ਮੇਰੇ ਪੁੱਤਰ ਨੂੰ ਕੁੱਝ ਹੋ ਗਿਆ ਛੇਤੀ ਬਹੁੜੋ..."

"ਕੀ ਹੋਇਆ ਮਾਸੀ!" ਰੇਸ਼ਮ ਜਾਨ ਲਿਹਾਰੀ ਕੰਧ ਤੋਂ ਝਾਤੀ ਮਾਰ ਕੇ ਪੁੱਛਿਆ।

ਨੀ ਰੇਸ਼ਮੇ ! ਕਿਸੇ ਨੂੰ ਸੱਦ ਨੀ । ਇਹਦੇ ਤਾਂ ਹੱਥ ਦੇ ਛੌਡੇ ਈ ਲਹਿ ਗਏ।

ਥੋੜੇ ਚਿਰ ਨੂੰ ਮਸਕੀਨ ਤੇ ਅਫ਼ਸਰ ਦੌੜਦੇ ਹੋਏ ਵਿਹੜੇ ਆਣ ਵੜੇ । ਖ਼ੂਨੋ ਖ਼ੂਨ ਹੋਏ ਬਰਕਤ ਨੂੰ ਚੁੱਕ ਕੇ ਪਿੰਡ ਦੇ "ਡਾਕਟਰ " ਕੋਲ਼ ਲੈ ਗਏ। ਮਾਂ ਹਾਲ ਦੁਹਾਈ ਪਾਂਦੀ ਪਿੱਛੇ ਪਿੱਛੇ । ਜਦੋਂ ਪੱਟੀ ਕਰਵਾ ਕੇ ਘਰ ਆਏ ਤਾਂ ਸਾਰਾ ਪਿੰਡ ਵਿਹੜੇ ਵਿਚ ਕੱਠਾ ਹੋ ਗਿਆ।

ਭਰਾਵਾਂ ਨੂੰ ਵੀ ਖ਼ਬਰ ਹੋਈ। ਤੀਜੇ ਦਿਹਾੜੇ ਆਏ ਤੇ ਉਹਦੇ ਅੱਗੇ ਹੱਥ ਜੋੜ ਖਲੋਤੇ "ਵੇਖ ਓ ਭਾਈ! ਕਿਉਂ ਪਿਓ ਦਾਦੇ ਦੇ ਨਾਂ ਨੂੰ ਲੱਜ ਲਾਨਾ ਐਂ, ਤੂੰ ਨਹੀਂ ਏਸ ਕੰਮ ਜੋਗਾ। ਏਥੇ ਈ ਛੱਡ ਦੇ" ਜਾਂਦਿਆਂ ਜਾਂਦਿਆਂ ਉਹ ਮਾਂ ਦੇ ਹੱਥ ਖ਼ਰਚੇ ਜੋਗੇ ਕੁੱਝ ਪੈਸੇ ਫੜਾ ਗਏ ਤੇ ਅੱਗੋਂ ਦਾ ਵਾਅਦਾ ਵੀ ਕਰ ਗਏ।

ਮਹੀਨਾ ਡੇਢ ਮਾਂ ਨੇ ਸਰਫ਼ੇ ਨਾਲ਼ ਗੁਜ਼ਾਰਾ ਕੀਤਾ, ਪਰ ਕਦੋਂ ਤੀਕਰ ਫ਼ਿਰ ਉਹੋ ਭੁੱਖ ਭੰਗੜੇ। ਉਧਰ ਸ਼ਹਿਰਾਂ ਦੇ ਆਪਣੇ ਰੌਲੇ ਗੌਲੇ, ਉਤੋਂ ਵੱਡਕੀ ਅਣਖ ਵਾਲੀ, ਉਹਨੇ ਵੱਡਿਆਂ ਪੁੱਤਰਾਂ ਨੂੰ ਚੇਤੇ ਨਾ ਕਰਾਇਆ ਪਈ ਪਿੰਡ ਵਿਚ ਤੁਹਾਡੀ ਮਾਂ ਵਸਦੀ ਏ ਜਿਹਦਾ ਢਿੱਡ ਰੋਟੀ ਮੰਗਦਾ ਏ । ਫ਼ਿਰ ਬਰਕਤ ਨੂੰ ਈ ਹੱਲਾ ਸ਼ੇਰੀ ਦਿੱਤੋ ਸ " ਉਠ ਵੇ ਬਚੜਾ! ਕੋਈ ਕੰਮ ਕਾਰ ਲੱਭ , ਅਖੇ "ਭੱਠ ਉਹਨਾ ਦਾ ਜੀਵਣਾ ਜਿਨ੍ਹਾਂ ਬੇਗਾਨੀ ਆਸ" ਅਸੀ ਕਿਸੇ ਦਿਆਂ ਹੱਥਾਂ ਵੱਲ ਕਿਉਂ ਤਕੀਏ"

ਨਾਲ਼ ਦੇ ਪਿੰਡ ਇਕ ਬੰਦੇ ਨਵੀਆਂ ਨਵੀਆਂ ਪਾਵਰ ਲੂਮਾਂ ਲਾਈਆਂ ਸਨ। ਉਹਨੂੰ ਲੇਬਰ ਦੀ ਲੋੜ ਸੀ , ਬਰਕਤ ਨੂੰ ਵੀ ਉਹਨੇ ਦਿਹਾੜੀ ਤੇ ਰੱਖ ਲਿਆ।

ਵੀਹ ਪੰਝੀ ਦਿਹਾੜੇ ਖ਼ੈਰੀ ਮਿਹਰੀ ਲੰਘ ਗਏ ਤਾਂ ਮਾਂ ਨੇ ਸੁੱਖ ਦਾ ਸਾਹ ਲਿਆ ਤੇ ਗੁਆਂਢਣਾਂ ਨੂੰ ਆਖਣ ਲੱਗ ਪਈ "ਅਗਲੀਆਂ ਮੈਂ ਪਰੋਖਾਂ ਵਿਚੋਂ ਲਿਆਈ ਸਾਂ, ਹੁਣ ਮੈਂ ਆਪਣੀ ਲਿਆਣੀ ਏ।" ਗੱਲ ਹੁੰਦੀ ਹਵਾਂਦੀ ਬਰਕਤ ਦੀ ਮਾਸੀ ਤੀਕਰ ਅਪੜੀ ਤੇ ਉਹ ਵੱਡੀ ਭੈਣ ਦੇ ਵਿਹੜੇ ਆਣ ਵੜੀ, "ਨੀ ਆਪਾਂ! ਤੇਰੇ ਤੇ ਹਾਂ ਉਤੇ ਚਰਬੀ ਚੜ੍ਹ ਗਈ ਏ,

ਤੈਨੂੰ ਮੇਰਾ ਵਿਹੜਾ ਨਹੀਂ ਦਿਸਦਾ ਜਿਥੇ ਤ੍ਰੰਡਾ ਧੀਆਂ ਦਾ ਫਿਰਦਾ ਏ। ਮੈਂ ਤੇਰੇ ਭਣਵੀਏ ਕੋਲੋਂ ਚੋਰੀ ਆਈ ਆਂ। ਆ, ਤੇ ਉਹਦੇ ਨਾਲ਼ ਗੱਲ ਕਰ ਲੈ। ਖ਼ੌਰੇ ਭੈਣਾਂ ਭੈਣਾਂ ਫ਼ਿਰ ਰਲ ਬਹੀਏ।

ਬਰਕਤ ਦੀ ਮਾਂ ਨੂੰ ਭੈਣ ਦੀ ਗੱਲ ਬੜੀ ਪਸੰਦ ਆਈ, ਉਹਨੇ ਭਣਵੀਏ ਅੱਗੇ ਸਵਾਲ ਪਾਇਆ ਉਹ ਮੰਨ ਗਿਆ ਤੇ ਕੁਲਸੁਮ ਬਰਕਤ ਦੀ ਮੰਗੀਨੀ ਬਣ ਗਈ।

ਦੋਵੇਂ ਮਾਂ ਪੁੱਤਰ ਡਾਢਢੇ ਖ਼ੁਸ਼ ਸਨ। ਵੱਡੇ ਭਰਾ, ਭਰਜਾਈਆਂ ਦੀ ਰਾਜ਼ੀ, ਪਈ ਮੁੰਡਾ ਕੰਮ ਤੇ ਲੱਗ ਗਿਆ ਏ। ਹੁਣ ਤੀਕਰ ਬਰਕਤ ਕੋਲੋਂ ਉਤਲੇ ਕੰਮ ਲਏ ਜਾਂਦੇ ਸਨ ਪਰ ਉਹ ਵੇਖਦਾ ਰਹਿੰਦਾ ਸੀ ਕਿਵੇਂ ਮਸ਼ੀਨਾਂ ਚਲਾਈਦੀਆਂ ਨੇ, ਤੇ ਕੋਈ ਤੰਦ ਤਰੁੱਟ ਜਾਏ ਤਾਂ ਕਿਵੇਂ ਗੰਢੀ ਦੀ ਏ। ਇਕ ਦਿਹਾੜੇ ਨਫ਼ਰੀ ਬਹੁਤ ਘੱਟ ਸੀ, ਉਸਤਾਦ ਨੇ ਪੁੱਛਿਆ " ਓਏ ਬਰਕਤ ! ਮਸ਼ੀਨ ਤੇ ਖਲੋ ਜਾਏਂਗਾ ?"

"ਆਹੋ ਜੀ" ਬਰਕਤ ਨੇ ਆਖਿਆ।

"ਆ ਜਾ ਇਧਰ। ਕੰਮ ਔਖਾ ਕੋਈ ਨਹੀਂ, ਪਰ ਧਿਆਨ ਨਾਲ਼ ਕਰੀਂ" ਉਸਤਾਦ ਨੇ ਆਖਿਆ ਤੇ ਆਪ ਦੂਜੇ ਖਾਤੇ ਵੱਲ ਟੁਰ ਗਿਆ। ਥੋੜੇ ਚਿਰ ਮਗਰੋਂ ਤੜਾਕ ਕਰ ਕੇ ਆਵਾਜ਼ ਆਈ। ਉਸਤਾਦ ਨੱਸਿਆ ਆਇਆ। ਬਰਕਤ ਟੁੱਟੀ ਹੋਈ ਮਸ਼ੀਨ ਕੋਲ਼ ਖਲੋਤਾ ਸਜਾ ਹੱਥ ਘੁੱਟ ਰਿਹਾ ਸੀ। ਉਹਦੇ ਮੂੰਹ ਤੇ ਜਿਵੇਂ ਹਰਦਲ ਧੂੜੀ ਗਈ ਸੀ।

"ਓਏ .." ਉਸਤਾਦ ਨੇ ਇਕ ਵੱਡੀ ਸਾਰੀ ਗਾਹਲ ਕੱਢ ਕੇ ਆਖਿਆ "ਓ ਬੇਗ਼ੈਰਤਾ ! ਇਹ ਕੀ ਕੀਤਾ ਈ ?"

"ਮੈਂ ਕੀ ਕਰਨਾ ਸੀ। ਤੰਦ ਟੁੱਟ ਗਈ ਤੇ ਮਸ਼ੀਨ ਵਗੀ ਜਾ ਰਹੀ ਸੀ , ਏਸ ਡੰਡਕੇ ਨਾਲ਼ ਖਲ੍ਹਾਰਨ ਲੱਗਾ ਤੇ ਮੇਰਾ ਹੱਥ ਛੰਡਿਆ ਹੋਇਆ ਉਹ ਗਿਆ।"

"ਲਹਿ ਜਾਂਦਾ ਤੇਰਾ ਹੱਥ। ਹੁਣ ਮੈਂ ਮਾਲਕਾਂ ਨੂੰ ਕੀ ਜਵਾਬ ਦਿਆਂਗਾ। ਉਨ੍ਹਾਂ ਤੇ ਮੇਰੀ ਭੋਂ ਖੱਲ ਭਰ ਦੇਣੀ ਐਂ... ਚੱਲ ਦਫ਼ਾ ਹੋ, ਨਿਕਲ ਇਥੋਂ" ਆਲੇ ਦੁਆਲੇ ਹੋਰ ਕਾਰੀਗਰ ਆਣ ਖਲੋਤੇ ਸਨ ਉਸਤਾਦ ਉਨ੍ਹਾਂ ਨੂੰ ਛੁੱਟ ਕੇ ਪਿਆ "ਇਥੇ ਕੋਈ ਤਮਾਸ਼ਾ ਹੋ ਰਿਹਾ ਏ, ਮੂੰਹ ਅੱਡ ਕੇ ਖਲੋ ਗਏ ਨੇ ਕੰਜਰਾਂ ਦੇ ਕੰਜਰ। ਨੱਸੋ ਇਥੋਂ"

ਬਰਕਤ ਘਰ ਆ ਗਿਆ। ਮਾਂ ਨੇ ਖ਼ੈਰ ਮਨਾਈ ਜੇ ਪੁੱਤਰ ਦਾ ਹੱਥ ਬਚ ਗਿਆ।

ਪਿੰਡਾਂ ਵਿਚ ਛੇੜ ਬਣਦਿਆਂ ਕੋਈ ਢਿੱਲ ਨਹੀਂ ਲਗਦੀ। ਗਲੀ ਵਿਚ ਆਂਦਿਆਂ ਜਾਂਦਿਆਂ ਕਦੀ ਬਰਕਤ ਦੇ ਰੰਬੀ ਚਲਾਣ ਤੇ ਕੋਈ ਟਿਚਕਰ ਕਰ ਜਾਂਦਾ "ਸੁਣਾ ਫ਼ਿਰ ਬਰਕਤ, ਤੂੰ ਆਪਣੇ ਚੰਮ ਦੀਆਂ ਜੁੱਤੀਆਂ ਸਾਨੂੰ ਪਵਾਊ ਸੈਂ" ਸਾਰੇ ਸੁਣਨ ਵਾਲੇ ਠਾਹ ਠਾਹ ਹੱਸ ਪੈਂਦੇ। ਬਰਕਤ ਆਪ ਵੀ ਨਿਮੋਝਾਣਾ ਜਿਹਾ ਹੱਸ ਪੈਂਦਾ ਪਰ ਇਸ ਦਿਹਾੜੇ ਮਾਂ ਨਾਲ਼ ਲੜ ਪੈਂਦਾ, ਅਖੇ ਤੂੰ ਰੋਟੀ ਕੌੜੀ ਪਕਾਈ ਏ।

ਉਹ ਨੱਕ ਤੇ ਉਂਗਲ ਧਰਕੇ ਕਹਿੰਦੀ "ਹਾ , ਹਾਏ ਵੇ ! ਮੈਨੂੰ ਤੇ ਨਈਂ ਕੌੜੀ ਲੱਗੀ, ਤੂੰ ਧਰੇਕ ਤੇ ਨਈਂ ਚੱਬ ਆਇਆ"

ਮਾਂ ਦੀ ਗੱਲ ਤੇ ਉਹ ਫੱਟੜ ਮੁਰਗਾਬੀ ਵਾਂਗੂੰ ਮੰਜੇ ਤੇ ਜਾ ਢਹਿੰਦਾ। ਹਰ ਵੇਲੇ ਉਹਦੇ ਅੰਦਰ ਝੱਖੜ ਜਿਹਾ ਝੁੱਲਦਾ ਰਹਿੰਦਾ "ਹੁਣ ਮੈਂ ਕਿਹੜਾ ਕੰਮ ਫੜਾਂ ?" ਪਰ ਸਾਰੇ ਕੰਮ ਪੈਸਾ ਮੰਗਦੇ ਸਨ, ਹੱਟੀ ਪਾਣ ਤੋਂ ਲੈ ਕੇ ਛਾਬੜੀ ਲਾਣ ਤੀਕਰ ਪੈਸਾ ਚਾਹੀਦਾ ਸੀ।

ਅਖ਼ੀਰ ਮਾਂ ਨੱਕ ਮੁੱਠੀ ਵਿਚ ਦੇ ਕੇ ਰਫ਼ੀਕ ਨੂੰ ਆਖਿਆ "ਜਿਵੇਂ ਤੈਨੂੰ ਰੱਬ ਨੇ

ਸਿਰਜਿਆ ਏ , ਭਰਾ ਸ਼ੋਹਦੇ ਦਾ ਵੀ ਕੁੱਝ ਖ਼ਿਆਲ ਕਰ"

ਰਫ਼ੀਕ ਮੱਥੇ ਤੇ ਵੱਟ ਪਾ ਕੇ ਬੋਲਿਆ" ਅੰਮਾਂ ! ਮੈਂ ਇਹਦੇ ਤੋਂ ਨਿੱਕਾ ਸਾਂ ਜਦੋਂ ਅੱਬਾ ਬਹਿਸ਼ਤੀ ਮੋਇਆ। ਓਸ ਵੇਲੇ ਦਾ ਲੱਗਾ ਵਾਂ ਹੱਥ ਪੈਰ ਮਾਰਨ ਤੇ ਹੁਣ ਜਾ ਕੇ ਸਾਹ ਵਿਚ ਸਾਹ ਆਇਆ ਏ, ਮੇਰੀ ਬਾਂਹ ਫੜਨ ਵਾਲ਼ਾ ਕੌਣ ਸੀ ? ਨਾਨਕਿਆਂ ਦਾਦਕਿਆਂ ਵਿਚ ਏਨਾ ਸੱਤ ਹੈ ਨਈਂ ਸੀ ਤੇ ਹੋਰ ਕੌਣ ਬੇਲੀ ਬਣਦਾ। ਇਹ ਕੋਈ ਨਿੱਕਾ ਤੇ ਨਹੀਂ, ਜਿਹੜੇ ਕੰਮ ਵਿਚ ਵੜਦਾ ਏ ਤਰੱਟੀ ਚੌੜ ਕਰ ਦਿੰਦਾ ਏ। ਮੈਂ ਇਹਨੂੰ ਕਾਰਖ਼ਾਨੇ ਵਾੜ ਲਿਆ , ਤਾਂ ਮੇਰੇ ਸਾਲੇ ਪਿੱਛੇ ਰਹਿਣਗੇ। ਮੈਂ ਅੱਗੇ ਓਹਨਾਂ ਨੂੰ ਮਸਾਂ ਠੱਲ੍ਹ ਕੇ ਬੈਠਾਂ.. ਅੰਮਾਂ ! ਤੂੰ ਆਪੇ ਇਨਸਾਫ਼ ਕਰ ਮੇਰੇ ਘਰ ਮੁਫ਼ਤ ਦਾ ਕਿਉਂ ਕੜਪਾਅ ਪੁਆਨੀ ਐਂ ?"

ਮਾਂ ਚੁੱਪ ਕਰ ਕੇ ਦਾਨੇ ਬੀਨੇ ਪੁੱਤਰ ਦੀਆਂ ਗੱਲਾਂ ਸੁਣਦੀ ਰਹੀ। ਰਫ਼ੀਕ ਥੋੜਾ ਚਿਰ ਇੰਜ ਈ ਘੂਰੀ ਵੱਟੀ ਬੈਠਾ ਰਿਹਾ, ਫ਼ਿਰ ਬਾਹਰ ਨਿਕਲ ਗਿਆ। ਕੰਧਾਂ ਦੇ ਮੋਛੇ ਕੋਲ਼ ਖਲੋਤੇ ਬਰਕਤ ਨੂੰ ਸਾਹਮਣੇ ਵੇਖ ਕੇ ਰਫ਼ੀਕ ਦੇ ਪੈਰ ਜ਼ਰਾ ਥਿੜਕੇ, ਜਿਵੇਂ ਕੋਲ਼ ਖਲੋ ਕੇ ਬਰਕਤ ਦੇ ਮੋਢੇ ਤੇ ਥਾਪੜਾ ਦੇਣ ਲੱਗਾ ਹੋਵੇ ਪਰ ਉਹ ਮੁੜ ਕੇ ਗਲੀ ਦੇ ਹਨੇਰੇ ਵਿਚ ਗਵਾਚ ਗਿਆ।

ਬਰਕਤ ਨੂੰ ਕੋਈ ਹਨੇਰੀ ਉਡਾ ਕੇ ਵਿਹੜੇ ਵਿਚ ਲੈ ਗਈ "ਕੀ ਕਹਿੰਦਾ ਸੀ ? ਉਹਨੇ ਮਾਂ ਕੋਲੋਂ ਪੁੱਛਿਆ।

"ਕੁੱਝ ਨਹੀਂ" ਮਾਂ ਨੇ ਉਸਾਸ ਜਿਹਾ ਭਰਿਆ।

"ਨਾ ਕਰ ਅੰਮਾਂ ! ਮੈਂ ਸਭ ਸੁਣ ਲਿਆ ਏ, ਕਿਉਂ ਆਪ ਵੀ ਬੇਇੱਜ਼ਤ ਹੁੰਨੀ ਐਂ ਤੇ ..." ਅਵਾਜ਼ ਉਹਦੇ ਸੰਘ ਵਿਚ ਫਸ ਗਈ।

"ਤੂੰ ਕੇਹਾ ਵੇ, ਸੱਟਾਂ ਜੋਗਿਆ । ਜੇ ਤੂੰ ਕਿਸੇ ਕਾਰੀ ਹੁੰਦਾ ਤਾਂ ਮੈਂ ਕਿਉਂ ਬੇਇੱਜ਼ਤ ਹੁੰਦੀ ? ਤੂੰ ਈ ਉਨ੍ਹਾਂ ਦੀਆਂ ਅੱਖਾਂ ਦਾ ਕੁਕਰਾ ਸੈਂ ਮੈਨੂੰ ਤਾਂ ਦੋ ਨਿਵਾਲੇ ਲੱਭ ਈ ਜਾਂਦੇ । ਉਤੋਂ ਆਨੇ ਕੱਢਦਾ ਵੇਖੋ , ਤੂੰ ਕਿਹੜੇ ਲੱਲ੍ਹਰ ਲਾਏ, ਜ਼ਰਾ ਪਤਾ ਤਾਂ ਲੱਗੇ" ਮਾਂ ਨੇ ਰਫ਼ੀਕ ਦੇ ਹਿੱਸੇ ਦਾ ਗ਼ੁੱਸਾ ਵੀ ਬਰਕਤ ਤੇ ਵਰ੍ਹਾ ਦਿੱਤਾ।

ਪਹਿਲੀ ਵਾਰ ਮਾਂ ਤੋਂ ਏਸ ਤਰ੍ਹਾਂ ਝਾੜ ਝੰਬ ਹੋਈ, ਕੀੜੀ ਨਾਲੋਂ ਮਾੜਾ ਤੇ ਕੱਖੋਂ ਹੌਲਾ ਹੋਇਆ ਬਰਕਤ ਕੋਲ਼ ਪਏ ਝਲੰਗੇ ਤੇ ਮੂਧੇ ਮੂੰਹ ਢਹਿ ਕੇ ਡੁਸਕਣ ਲੱਗ ਪਿਆ।

ਮਾਂ ਬੈਠੀ ਵਾਣ ਦੀ ਮੰਜੀ ਦਿਆਂ ਘੁਰੀਆਂ ਸਵਾਰ ਰਹੀ ਸੀ ਪਰ ਬਰਕਤ ਦੇ ਅੱਥਰੂ ਉਹਦੇ ਤੇ ਡਿੱਗ ਰਹੇ ਸਨ। ਥੋੜਾ ਚਿਰ ਉਹ ਜਰਦੀ ਰਹੀ ਫ਼ਿਰ ਢਾਹੀਂ ਮਾਰ ਕੇ ਰੋਣ ਲੱਗ ਪਈ। ਬਰਕਤ ਨੇ ਤ੍ਰਭਕ ਕੇ ਪਾਸਾ ਪਰਤਿਆ ਤੇ ਉੱਠ ਕੇ ਮਾਂ ਦੀ ਪੁਆਂਦੀ ਆਣ ਬੈਠਾ।

ਜਦੋਂ ਦੋਵਾਂ ਦੇ ਅੱਥਰੂ ਮੁੱਕ ਗਏ ਤਾਂ ਮਾਂ ਨੇ ਉਸਾਸ ਭਰ ਕੇ ਆਖਿਆ, "ਹੱਛਾ ਵੇ ਬਚੜਾ, ਸਾਡੇ ਨਸੀਬ" ਉਹਦੇ ਇਹਨਾਂ ਬੋਲਾਂ ਨੇ ਜਿਵੇਂ ਢੱਠੇ ਹੋਏ ਬਰਕਤ ਨੂੰ ਫ਼ਿਰ ਪੈਰਾਂ ਤੇ ਖਲ੍ਹਾਰ ਦਿੱਤਾ।

ਰਾਤੀਂ ਚਿਰਾਂ ਤੀਕਰ ਮਾਂ ਪੁੱਤਰ ਸਲਾਹੀਂ ਪਏ ਰਹੇ। ਫ਼ਿਰ ਫ਼ੈਸਲਾ ਇਹ ਹੋਇਆ ਪਈ ਬਰਕਤ ਸ਼ਹਿਰ ਚਲਾ ਜਾਏ। ਸਬਜ਼ੀ ਮੰਡੀ ਵਿਚ ਪਿੰਡ ਦੇ ਹੋਰ ਵੀ ਮੁੰਡੇ ਮਜ਼ਦੂਰੀ ਕਰਨ ਗਏ ਹੋਏ ਸਨ। ਕੋਈ ਨਾ ਕੋਈ ਲੜ ਫੜ ਈ ਲਵੇਗਾ ।

ਅਗਲੇ ਦਿਹਾੜੇ ਬਰਕਤ ਨੇ ਧੋਤੇ ਹੋਏ ਕੱਪੜੇ ਪਾਏ, ਦੂਜਾ ਜੋੜਾ ਥੈਲੇ ਵਿਚ ਪਾਇਆ, ਮਾਂ ਨੇ ਤੜਕੇ ਉੱਠ ਕੇ ਮਰੂੰਡਾ ਬਣਾ ਦਿੱਤਾ। ਤੇ ਕਹਿਣ ਲੱਗੀ "ਮੈਨੂੰ ਪਤਾ ਏ ਤੂੰ ਮਰੂੰਡੇ ਦਾ

ਬਹੁੰ ਸ਼ੌਂਕੀ ਐਂ ਪਰ ਉਨ੍ਹਾਂ ਨੂੰ ਵੀ ਦੇਈਂ। ਸਿਆਣੇ ਕਹਿੰਦੇ ਨੇਂ "ਵੰਡ ਖਾਈਏ ਤੇ ਖੰਡ ਖਾਈਏ।"

"ਹੱਛਾ ਅੰਮਾਂ! ਮੈਂ ਏਡਾ ਵੀ ਕਮੀਨਾ ਨਈਂ ਜੇ ਕਿਸੇ ਨੂੰ ਭੱਲ ਸੱਤ ਈ ਨਾ ਕਰਾਂ , ਤੂੰ ਬੱਸ ਦੁਆ ਕਰ : ਜਾਂਦਿਆਂ ਈ ਕੰਮ ਬਣ ਜਾਏ"

"ਵੇ ਪੁੱਤਰਾ! ਮੈਂ ਤੇ ਹੁਣੇਂ ਮਸੱਲਾ ਡਾਹ ਕੇ ਬਹਿ ਜਾਵਾਂਗੀ ਤੇ ਰੱਬ ਸੋਹਣੇ ਕੋਲੋਂ ਮੁਰਾਦ ਲੈ ਕੇ ਈ ਉੱਠਾਂਗੀ।"

ਬਰਕਤ ਹੱਸ ਪਿਆ ਤੇ ਵਿਹੜਿਓਂ ਬਾਹਰ ਹੋ ਗਿਆ। ਮੰਡੀ ਅੱਪੜ ਕੇ ਬਰਕਤ ਨੂੰ ਸਮਝ ਨਾ ਆਵੇ ਕਿਹੜੇ ਪਾਸੇ ਜਾਏ ਜੇ ਮਜ਼ਦੂਰੀ ਲੱਭਣ ਦੀ ਕਰੇ ਤਾਂ ਸਾਮਾਨ ਦਾ ਕੀ ਬਣੇਗਾ ? ਪਿੰਡ ਦਿਆਂ ਮੁੰਡਿਆਂ ਨੂੰ ਲੱਭੇ ਤੇ ਕਿਵੇਂ ਲੱਭੇ ? ਉਹ ਵਿਚਾਰੇ ਕੋਈ ਓਥੇ ਦਫ਼ਤਰ ਬਣਾ ਕੇ ਥੋੜਾ ਈ ਬੈਠੇ ਸਨ।

ਉਹ ਹਾਲੀ ਇਸੇ ਘੁੰਮਣਘੇਰੀ ਵਿਚ ਪਿਆ ਸੀ ਜੇ ਚਾਚਾ ਇਬਰਾਹੀਮ ਉਹਦੇ ਸਾਹਮਣੇ ਆਣ ਖਲੋਤਾ "ਓਏ ਆ ਭਈ ਬਰਕਤ , ਤੂੰ ਕਿਧਰ ਆਇਆ ਐਂ ? ਘਰ ਤੇ ਸਭ ਖ਼ੈਰ ਮਿਹਰ ਏ ਨਾ"

"ਸਲਾਮਾ ਲੇਕਮ, ਚਾਚਾ" ਬਰਕਤ ਖ਼ੁਸ਼ ਹੋ ਕੇ ਇਬਰਾਹੀਮ ਦੇ ਗਲ ਲੱਗ ਗਿਆ।

ਇਬਰਾਹੀਮ ਉਹਦੇ ਪਿਓ ਦਾ ਮਸੇਰ ਸੀ ਤੇ ਮੁੱਦਤਾਂ ਹੋਈਆਂ ਸ਼ਹਿਰ ਆਣ ਵਸਿਆ ਸੀ, ਏਥੇ ਉਹਨੇ ਮਾੜਾ ਮੋਟਾ ਢਾਬਾ ਪਾਕੇ ਕੰਮ ਛੋਹਿਆ ਤੇ ਹੁਣ ਚੰਗਾ ਭਲਾ ਨਿੱਕਾ ਜਿਹਾ ਹੋਟਲ ਚਲਾ ਰਿਹਾ ਸੀ। ਬੰਦਾ ਹਿਰਸ ਮੁਹੱਬਤ ਵਾਲ਼ਾ ਸੀ, ਜਦੋਂ ਬਰਕਤ ਦਾ ਪਿਓ ਮਰਿਆ ਤਾਂ ਸਣੇ ਟੱਬਰ ਫੂਹੜੀ ਤੇ ਆ ਕੇ ਬੈਠਾ, ਪਰ ਫ਼ਿਰ ਕੰਮਾਂ ਦਿਆਂ ਰੌਲਿਆਂ ਗੌਲਿਆਂ ਵਿਚ ਕਿਧਰੇ ਗਵਾਚ ਗਿਆ। ਉਹ ਭਾਅ ਰਫ਼ੀਕ ਕੋਲ਼ ਰਹਿਣ ਲਈ ਸ਼ਹਿਰ ਆਏ ਤਾਂ ਇਕ ਦੋ ਵਾਰੀ ਚਾਚੇ ਇਬਰਾਹੀਮ ਵੱਲ ਵੀ ਗਏ ਸਨ। ਏਸ ਵੇਲੇ ਚਾਚੇ ਦਾ ਮਿਲ ਪੈਣਾ ਬਰਕਤ ਨੂੰ ਇੰਜ ਲੱਗਾ ਜਿਵੇਂ ਕੋਈ ਲਾਟਰੀ ਨਿਕਲ ਆਈ ਹੋਵੇ। ਇਬਰਾਹੀਮ ਕਹਿਣ ਲੱਗਾ "ਚੱਲ ਤੈਨੂੰ ਚਾਹ ਪਿਲਾਈਏ। ਇਥੇ ਇਕ ਮੇਰਾ ਯਾਰ ਏ, ਬੜੀ ਸਪੈਸ਼ਲ ਚਾਹ ਬਣਾਂਦਾ ਏ। " ਦੋਵੇਂ ਇਕ ਨਿੱਕੇ ਜਿਹੇ ਚਾਹ ਦੇ ਹੋਟਲ ਵਿਚ ਆਣ ਬੈਠੇ । ਇਬਰਾਹੀਮ ਨੂੰ ਵੇਖ ਕੇ ਕਾਊਂਟਰ ਤੇ ਬੈਠੇ ਬੰਦੇ ਨੇ ਹੱਸ ਕੇ ਹੱਥ ਹਿਲਾਇਆ ਤੇ ਫ਼ਿਰ ਪੈਸੇ ਵਸੂਲਣ ਲੱਗ ਪਿਆ।

ਚਹੁੰਆਂ ਪਾਸੇ ਨੱਸ ਭੱਜ ਰੌਲ਼ਾ ਜਿਹਾ ਮਚਿਆ ਹੋਇਆ ਸੀ। ਬੰਦੇ, ਗੱਡੀਆਂ, ਰੇਹੜੇ, ਟਾਂਗੇ ਘਿਚ ਮਿਚ ਹੋਏ ਸੱਜੇ ਖੱਬੇ ਆ, ਜਾ ਰਹੇ ਸਨ । ਬਰਕਤ ਦਾ ਸਿਰ ਘੁੰਮਣ ਲੱਗ ਪਿਆ।

ਭਾਅ ਰਫ਼ੀਕ ਤੇ ਭਾਅ ਅਕਬਰ ਦਾ ਕਾਰਖ਼ਾਨਾ ਸ਼ਹਿਰ ਨਾਲ਼ ਲਗਦੀ ਇਕ ਨਵੀਂ ਬਸਤੀ ਵਿਚ ਸੀ। ਓਥੇ ਕਦੀ ਉਹਨੇ ਇਹੋ ਜਿਹਾ ਘੜਮੱਸ ਨਹੀਂ ਸੀ ਵੇਖਿਆ। "ਬਰਕਤ ਕੀ ਸੋਚ ਰਿਹਾ ਐਂ, ਚਾਹ ਠੰਡੀ ਹੋ ਜਾਏਗੀ", ਇਬਰਾਹੀਮ ਨੇ ਕਿਹਾ ਤਾਂ ਬਰਕਤ ਨੇ ਮਲ਼ਾਈ ਵਾਲੀ ਚਾਹ ਦੀ ਨਿੱਕੀ ਜਿਹੀ ਪਿਆਲੀ ਚੁੱਕ ਕੇ ਮੂੰਹ ਨਾਲ਼ ਲਾਈ। ਘੁੱਟ ਭਰ ਕੇ ਆਖਣ ਲੱਗਾ, "ਚਾਚਾ! ਮੈਂ ਏਥੇ ਕੰਮ ਲੱਭਣ ਆਇਆ ਵਾਂ.."

"ਉਹ ਕੰਮ ਬੜਾ ਯਾਰ। ਤੂੰ ਅਰਮਾਨ ਨਾਲ਼ ਚਾਹ ਪੀ। ਮੈਂ ਹੋਟਲ ਲਈ ਸਬਜ਼ੀ ਗੋਸ਼ਤ ਆਪ ਈ ਲੈ ਜਾਨਾ ਵਾਂ। ਤਦ ਈ ਚਾਰ ਛਿੱਲੜ ਬਚਦੇ ਨੇ। ਅੱਜ ਤੇ ਤੂੰ ਮੇਰੇ ਨਾਲ਼ ਈ ਘਰ ਚੱਲ, ਕੱਲ੍ਹ ਤੇਰਾ ਕੁੱਝ ਬੰਦੋਬਸਤ ਕਰਾਂਗਾ। ਇਹ ਦੱਸ ਤੇਰਾ ਸ਼ਨਾਖ਼ਤੀ ਕਾਰਡ ਬਣ ਗਿਆ

ਏ ?"

"ਨਈਂ ਚਾਚਾ, ਕਹਿੰਦੇ ਅਗਲੇ ਵਰ੍ਹੇ ਬਣੇਗਾ"

"ਹੂੰ " ਇਬਰਾਹੀਮ ਬੋਲਿਆ " ਕੋਈ ਨਹੀਂ, ਕਿਧਰੇ ਨਾ ਕਿਧਰੇ ਵਸੀਲਾ ਬਣ ਈ ਜਾਏਗਾ"

ਬਰਕਤ ਦਾ ਦਿਲ ਕੀਤਾ ਚਾਚੇ ਦੇ ਪੈਰੀਂ ਪੈ ਜਾਵੇ, ਉਹਦੇ ਹੱਥ ਚੁੰਮ ਲਵੇ, ਕੀ ਕਰੇ ? ਏਡਾ ਦਿਲਾਸਾ ਉਹਨੂੰ ਅੱਜ ਤੀਕਰ ਕਿਸੇ ਨਹੀਂ ਸੀ ਦਿੱਤਾ। ਹੋਟਲ ਤੋਂ ਉੱਠ ਕੇ ਦੋਵੇਂ ਓਥੇ ਆਣ ਖਲੋਤੇ ਜਿਥੇ ਸਬਜ਼ੀ ਦੇ ਢੇਰ ਲੱਗੇ ਸਨ ਤੇ ਆਲ ਦੁਆਲੇ ਰੇਹੜ੍ਹੀਆਂ ਵਾਲਿਆਂ ਝੁਰਮਟ ਪਾਇਆ ਹੋਇਆ ਸੀ, ਏਥੇ ਰੌਲ਼ਾ ਵੀ ਹੱਦੋਂ ਵੱਧ ਸੀ।

ਘਸਮੈਲੀ ਜਿਹੀ ਚਾਦਰ ਦੀ ਬੁੱਕਲ ਮਾਰੀ ਇਕ ਬੰਦਾ ਸਾਈਕਲ ਰੇਹੜਦਾ ਰੇਹੜ੍ਹੀਆਂ ਦੇ ਵਿਚਕਾਰ ਅਪੜਿਆ ਤੇ ਬਰਕਤ ਦੇ ਕੋਲ਼ ਸਾਈਕਲ ਸਟੈਂਡ ਤੇ ਖਲ੍ਹਾਰ ਕੇ ਆਪ ਦੂਜੇ ਪਾਸੇ ਮੁੜ ਪਿਆ। "ਓ ਭਾਈ!" ਬਰਕਤ ਨੇ ਉਹਨੂੰ ਅਵਾਜ਼ ਮਾਰੀ "ਓਏ ਇਹਨੂੰ ਤਾਲ਼ਾ ਤੇ ਲਾਅ ਜਾ" ਓਸੇ ਵੇਲੇ ਸਾਰੀਆਂ ਅਵਾਜ਼ਾਂ ਸਣੇ ਬਰਕਤ ਦੀ ਅਵਾਜ਼ ਦੇ ਇਕ ਕੰਨ ਪਾੜ ਧਮਾਕੇ ਵਿਚ ਗਵਾਚ ਗਈਆਂ। ਸਾਰੀਆਂ ਸਬਜ਼ੀਆਂ ਤੇ ਲਹੂ ਦਾ ਤਰੌਂਕਾ ਲੱਗ ਗਿਆ।

ਅਗਲੇ ਦਿਹਾੜੇ ਸਾਰੀਆਂ ਅਖ਼ਬਾਰਾਂ ਦੇ ਪਹਿਲੇ ਪੰਨੇ ਤੇ ਹਾਸ਼ੀਏ ਵਿਚ ਬਰਕਤ ਦੇ ਮੂੰਹ ਦੀ ਤਸਵੀਰ ਸੀ ਜਿਹਨੂੰ ਲੰਗਾਰ ਭਰ ਕੇ ਮਸਾਂ ਸਿੱਧਾ ਕੀਤਾ ਗਿਆ ਸੀ ਤੇ ਨਾਲ਼ ਹਕੂਮਤ ਵੱਲੋਂ ਐਲਾਨ ਸੀ "ਇਹ ਉਸ ਖ਼ੁਦਕਸ਼ ਹਮਲਾਵਰ ਦੀ ਤਸਵੀਰ ਏ ਜਿਹਨੇ ਸਬਜ਼ੀ ਮੰਡੀ ਵਿਚ ਧਮਾਕਾ ਕੀਤਾ। ਇਹਦੇ ਬਾਰੇ ਦੱਸਣ ਆਲੇ ਨੂੰ ਪੰਜ ਲੱਖ ਰੁਪਈਆ ਇਨਾਮ ਦਿੱਤਾ ਜਾਵੇਗਾ। ਨਾਲੇ ਉਹਦਾ ਨਾਂ ਪਤਾ ਲੁਕਾ ਕੇ ਰੱਖਿਆ ਜਾਵੇਗਾ ।

ਦੂਰ ਮਸੱਲੇ ਤੇ ਬੈਠੀ ਮਾਂ ਤੀਕਰ ਇਹ ਅਖ਼ਬਾਰ ਕਦੀ ਨਾ ਅੱਪੜੇ, ਤੇ ਭਰਾਵਾਂ ਨੂੰ ਅਖ਼ਬਾਰ ਵੇਖਣ ਦੀ ਵਿਹਲ ਈ ਨਹੀਂ ਸੀ।

## 'ਇੱਸੇ ਭਿਣ ਭਿਣ ਤੋਂ ਛੁੱਟਿਆ ਸੀ' ਬਾਰੇ ਵਿਚਾਰ-ਚਰਚਾ

**ਬਲਬੀਰ ਪਰਵਾਨਾ** : ਰਵਾਇਤੀ ਸਮਾਜ ਟੁੱਟ ਕੇ ਜਦੋਂ ਵਿਕਾਸ ਦੇ ਨਵੇਂ ਰਾਹਾਂ 'ਤੇ ਪੈਂਦੇ ਹਨ ਤਾਂ ਉਨ੍ਹਾਂ 'ਚ ਨਵੀਂ ਤਰ੍ਹਾਂ ਦੀ ਖਲਬਲੀ ਵੀ ਮਚਦੀ ਹੈ। ਇਸ ਉਥਲ-ਪੁਥਲ 'ਚ ਜਿਹੜੇ ਨਵੀਂ ਤਰ੍ਹਾਂ ਆਪਣੇ ਆਪ ਨੂੰ ਢਾਲ ਲੈਂਦੇ ਹਨ, ਉਹ ਜੀਊਣ ਦੇ ਆਹਰ ਬਣਾ ਲੈਂਦੇ ਹਨ; ਪਰ ਜਿਹੜੇ ਕਿਸੇ ਨਾ ਕਿਸੇ ਕਾਰਨ ਕਰਕੇ ਨਹੀਂ ਢਲ ਸਕਦੇ, ਉਨ੍ਹਾਂ ਲਈ ਜ਼ਿੰਦਗੀ ਫਾਲਤੂ ਹੀ ਨਹੀਂ ਹੁੰਦੀ, ਸਗੋਂ ਦੁੱਭਰ ਵੀ ਬਣ ਜਾਂਦੀ ਹੈ। ਅਹਿਮਾ ਕਾਰੀਗਰ ਆਪਣੇ ਇਲਾਕੇ ਦਾ ਮਸ਼ਹੂਰ ਜੁੱਤੀਆਂ ਬਣਾਉਣ ਵਾਲਾ ਹੈ; ਪਰ ਉਸਦੇ ਪੋਤਿਆਂ ਤੱਕ ਪੁੱਜਦਿਆਂ ਕੋਈ ਉਸਦੇ ਕੰਮ ਦਾ ਮਾਹਿਰ ਨਹੀਂ ਰਹਿੰਦਾ। ਉਸਦੇ ਦੋ ਪੋਤੇ ਰਫ਼ੀਕ ਤੇ ਅਕਬਰੀ ਸ਼ਹਿਰ 'ਚ ਪਹਿਲਾਂ ਮਜ਼ਦੂਰ ਬਣਦੇ ਹਨ ਤੇ ਫਿਰ ਕਾਰਖਾਨਾ ਲਾ ਲੈਂਦੇ ਹਨ। ਪਰ ਤੀਸਰੇ ਪੋਤੇ ਬਰਕਤੀ ਨੂੰ ਕੋਈ ਕੰਮ ਰਾਸ ਨਹੀਂ ਆਉਂਦਾ। ਮਾਂ ਨਾਲ ਪਿੰਡ ਰਹਿੰਦਾ ਉਹ ਮਾਨਸਿਕ ਟੁੱਟ ਭੱਜ ਦਾ ਸ਼ਿਕਾਰ ਹੁੰਦਾ ਰਹਿੰਦਾ। ਅਖੀਰ 'ਚ ਕੰਮ ਦੀ ਭਾਲ 'ਚ ਨਿਕਲਿਆ, ਉਹ ਉਥੇ ਬੰਬ-ਧਮਾਕੇ ਦਾ ਸ਼ਿਕਾਰ ਹੋ ਜਾਂਦਾ। ਕਿਹਾ ਅਜੀਬ ਦੁਖਾਂਤ ਹੈ ਕਿ ਜਿਸ ਧਮਾਕੇ 'ਚ ਉਹ ਮਰਦਾ, ਉਸਦੀ ਸਾਜਿਸ਼ ਵਜੋਂ ਉਸਦੀ ਹੀ

ਤਸਵੀਰ ਛਪਦੀ ਹੈ। ਪੱਛਮੀ ਪੰਜਾਬ ਦੇ ਪੇਂਡੂ ਸਮਾਜ ਦੀ ਟੁੱਟ ਭੱਜ ਇਸ ਵਿੱਚ ਝਲਕਦੀ ਦਿਸਦੀ ਹੈ।

**ਰਮਨਪ੍ਰੀਤ ਕੌਰ 'ਚੌਹਾਨ'** : ਇੱਸੇ ਭਿਣ-ਭਿਣ ਤੋਂ ਛੁੱਟਿਆ ਸੀ ਕਹਾਣੀ ਦੇ ਪਾਤਰ ਬਰਕਤ ਦੀ ਆਰਥਿਕ ਜ਼ਿੰਦਗੀ ਡਾਵਾਡੋਲ ਹੈ। ਇਸੇ ਡਾਵਾਡੋਲ ਆਰਥਿਕ ਸਥਿਤੀ ਦੀ ਪੇਸ਼ਕਾਰੀ 'ਚ ਹੀ ਪੂੰਜੀਵਾਦੀ ਸੋਚ, ਵਪਾਰਕ ਸੋਚ ਅਤੇ ਕਿਰਤੀ ਵਰਗ ਦੀ ਸੋਚ ਉਘੜ ਕੇ ਸਾਹਮਣੇ ਆ ਜਾਂਦੀ ਹੈ। ਆਰਥਿਕ ਤੰਗੀ ਵਿੱਚ ਭਟਕਦਾ ਬਰਕਤ ਕਈ ਕੰਮ ਧੰਦਿਆਂ ਨਾਲ ਜੁੜਦਾ ਹੈ। ਕਹਾਣੀਕਾਰ ਨੇ ਬਰਕਤ ਕੋਲੋਂ ਅਨੇਕਾਂ/ਕੰਮ/ਧੰਦੇ ਕਰਵਾ ਕੇ ਇਹ ਦੱਸਣ ਦੀ ਕੋਸਿਸ਼ ਕੀਤੀ ਹੈ ਕਿ ਸਮਾਜਿਕ ਜੀਵਨ ਤੋਂ ਭਟਕਿਆ ਬੰਦਾ ਆਰਥਿਕ ਤਰੱਕੀ ਨਹੀਂ ਕਰ ਸਕਦਾ। 'ਇਸੇ ਭਿਣ ਭਿਣ ਤੋਂ ਛੁੱਟਿਆ ਸੀ' ਦੀ ਰਚਨਾ ਦ੍ਰਿਸ਼ਟੀ ਮੂਲ ਰੂਪ ਵਿੱਚ ਮਨੁੱਖੀ ਪੀੜ੍ਹਾਂ ਨੂੰ ਜਨਮ ਦੇਣ ਵਾਲੀਆਂ ਮਹਾਂਨਗਰੀ ਪੂੰਜੀਵਾਦੀ ਵਿਵਸਥਾ ਦੀਆਂ ਤ੍ਰਾਸਦਿਕ ਸਥਿਤੀਆਂ ਉੱਪਰ ਟਿਕੀ ਹੈ। ਕਹਾਣੀ ਦੀ ਰਚਨਾ ਵਿਧੀ ਦਾ ਮੰਤਵ ਪਾਤਰਾਂ ਦੀ ਤ੍ਰਾਸਦੀ ਸਿਰਜਣ ਦੇ ਨਾਲ-ਨਾਲ ਉਹਨਾਂ ਦੀ ਮਨੋਵਿਗਿਆਨਿਕ ਸਚਾਈ ਦੀ ਭਾਲ ਕਰਨਾ ਹੈ।

ਕਹਾਣੀ ਦਾ ਕੇਂਦਰੀ ਪਾਤਰ ਬਰਕਤ ਦਾ ਦੁਖਾਂਤ ਆਰਥਿਕ ਪੱਖ ਦਾ ਹੈ। ਬਰਕਤ ਦੇ ਪਿਉ ਦਾਦੇ ਜੁੱਤੀਆਂ ਬਣਾਉਣ ਦਾ ਕੰਮ ਪੁਸ਼ਤ ਦਰ ਪੁਸ਼ਤ ਕਰਦੇ ਹਨ ਪਰ ਬਰਕਤ ਨੂੰ ਆਪਣਾ ਪਿਤਾ ਪੁਰਖੀ ਕਿੱਤਾ ਢੁਕਵਾ ਨਹੀਂ ਬੈਠਦਾ। ਸ਼ਹਿਰ ਜਾ ਕੇ ਬਰਕਤ ਨੂੰ ਆਪਣੇ ਪਿਉ ਦੇ ਮਸੇਰ ਇਬਰਾਹੀਮ ਤੋਂ ਭਾਵੁਕ ਤਸੱਲੀ ਮਿਲਦੀ ਹੈ। ਪੂੰਜੀਵਾਦ ਦੇ ਦੌਰ ਪਰਿਵਾਰਕ ਰਿਸ਼ਤਿਆਂ ਦਾ ਵਿਗੜਨ, ਬਿਖਰਾਵ, ਕਲੇਸ., ਲੜਾਈ, ਗੁੱਸਾ, ਨਫ਼ਰਤ ਆਦਿ ਵਰਗੀਆਂ ਰੋਗੀ ਭਾਵਨਾਵਾਂ ਦੀ ਉਤਪਤੀ ਹੋਈ ਹੈ। ਬਰਕਤ ਦੇ ਭਰਾ ਰਫ਼ੀਕ ਨੇ ਜੁੱਤੀਆਂ ਦਾ ਕਾਰਖਾਨਾ ਅਲੱਗ ਖੋਲ੍ਹ ਲਿਆ ਸੀ ਅਤੇ ਆਪਣੀ ਮਾਂ ਤੇ ਬਰਕਤ ਨਾਲ ਬੋਲਚਾਲ ਵੀ ਬੰਦ ਕਰ ਲਈ ਸੀ ਅਜਿਹੇ ਮਾਹੌਲ ਵਿੱਚ ਬਰਕਤ ਦੀ ਮਾਂ ਆਪਣੇ ਪੁੱਤਰਾਂ ਦੇ ਆਪਸੀ ਰਿਸ਼ਤੇ ਬਚਾਉਣ ਵਿੱਚ ਅਸਮਰੱਥ ਹੈ।

ਮਾਂ ਚੁੱਪ ਕਰਕੇ ਦਾਨੇ ਬੀਨੇ ਪੁੱਤਰ ਦੀਆਂ ਗੱਲਾਂ ਸੁਣਦੀ ਰਹੀ ? ਰਫ਼ੀਕ ਥੋੜ੍ਹਾ ਚਿਰ ਇੰਜ ਈ ਘੂਰੀ ਵੱਟੀ ਬੈਠਾ ਰਿਹਾ, ਫਿਰ ਬਾਹਰ ਨਿਕਲ ਗਿਆ।

ਬਰਕਤ ਕਰਕੇ ਘਰ ਵਿੱਚ ਦਵੰਦ ਲੜਾਈ, ਝਗੜਾ ਤੇ ਤਣਾਅ ਰਹਿੰਦਾ ਹੈ, ਜਿਸਦੇ ਫਲਸਰੂਪ ਬਰਕਤ ਦਾ ਸੰਯੁਕਤ ਪਰਿਵਾਰ ਬਿਖਰ ਜਾਂਦਾ ਹੈ। ਕਹਾਣੀਕਾਰ ਨੇ ਕਹਾਣੀ ਰਾਹੀਂ ਪੂੰਜੀਵਾਦੀ ਸਮਾਜ ਦੇ ਘਨਿਆਉਣੇ ਅਮਾਨਵੀ ਪੱਖ ਦੀ ਤਸਵੀਰ ਪੇਸ਼ ਕੀਤੀ ਹੈ। ਪੂੰਜੀਵਾਦ ਨੇ ਮਨੁੱਖ ਦੀ ਹੋਂਦ ਦੇ ਅਰਥ ਹੀ ਬਦਲ ਦਿੱਤੇ ਹਨ ਕਿਉਂਕਿ ਬਰਕਤ ਦੇ ਪੁਸ਼ਤੀ ਕਿੱਤੇ ਦੀ ਪਰੇਸ਼ਾਨੀ ਅਤੇ ਦਵੰਦ ਨੂੰ ਕਹਾਣੀ ਵਿੱਚ ਬਾਖੂਬੀ ਨਾਲ ਬਿਆਨਿਆ ਹੈ। ਕਾਲੇ ਭਵਿੱਖ ਕਾਰਨ ਬਰਕਤ ਕੰਮ ਤਲਾਸ਼ਦੀ ਵਿੱਚ ਸ਼ਹਿਰ ਗਏ ਬਰਕਤ ਦਾ ਭਵਿੱਖ ਕਾਲਾ ਹੈ ਅਤੇ ਉਹ ਬੰਬ ਧਮਾਕੇ ਵਿੱਚ ਮਾਰਿਆ ਜਾਂਦਾ ਹੈ ਕਹਾਣੀ ਦੇ ਅੰਤਲੇ ਵਾਕ ਬਹੁਤ ਹੀ ਦਰਦਨਾਕ ਅਤੇ ਭਾਵ ਪੂਰਤ ਹਨ।

ਇਹ ਉਸ ਖੁਦਕਸ਼ ਹਮਲਾਵਰ ਦੀ ਤਸਵੀਰ ਏ ਜਿਹਨੇ ਸਬਜ਼ੀ ਮੰਡੀ ਵਿੱਚ ਧਮਾਕਾ ਕੀਤਾ। ਇਹਦੇ ਬਾਰੇ ਦੱਸਣ ਆਲੇ ਨੂੰ ਪੰਜ ਲੱਖ ਰੁਪਈਆ ਇਨਾਮ ਦਿੱਤਾ ਜਾਵੇਗਾ। ਨਾਲੇ

ਉਹਦਾ ਨਾਂ ਪਤਾ ਲੁਕਾ ਕੇ ਰੱਖਿਆ ਜਾਏਗਾ।

ਕਹਾਣੀਕਾਰ ਨੇ ਬਰਕਤ ਦਾ ਆਤੰਕਵਾਦੀ ਬਣਨ ਪਿੱਛੇ ਪੇਂਡੂ ਬੇਰੁਜ਼ਗਾਰੀ ਨੂੰ ਕਾਰਜਸ਼ੀਲ ਪਰਤ ਵਜੋਂ ਅੰਕਿਤ ਕੀਤਾ ਹੈ। ਇਹ ਕਹਾਣੀ ਪੇਂਡੂ ਬੇਰੁਜ਼ਗਾਰੀ ਦਾ ਦਸਤਾਵੇਜ਼ ਹੈ, ਉਥੇ ਇਸ ਵਿੱਚ ਸਮਾਜਿਕ ਯਥਾਰਕ, ਮਾਨਸਿਕ ਸੰਕਟਾਂ ਦਾ ਵੀ ਚਿਤਰਨ ਹੋਇਆ ਹੈ।

**ਸੁਕੀਰਤ** : ਪਰਵੀਨ ਮਲਿਕ ਦੀ ਕਹਾਣੀ 'ਇੱਸੇ ਭਿਣ ਭਿਣ ਤੋਂ ਛੁੱਟਿਆ ਸੀ' ਨਿਕੀ ਕਹਾਣੀ ਦੀ ਵਿਧਾ ਅੰਦਰ ਵੱਡੀ ਸਮਰੱਥਾ ਹੋਣ ਦੀ ਉੱਤਮਤਰ ਮਿਸਾਲ ਹੈ। ਬੜੀ ਸਹਿਜ ਤੋਰੇ ਤੁਰਦੀ, ਕਿਸੇ ਵੀ ਕਿਸਮ ਦੇ ਬੋਝਲ ਸ਼ਬਦਾਂ ਤੋਂ ਬਿਲਕੁਲ ਵਿਰਵੀ, ਇਕ ਸਧਾਰਨ ਘਰ ਦੀਆਂ ਆਮ ਜਾਪਦੀਆਂ ਦੁਸ਼ਵਾਰੀਆਂ ਚਿਤਰਦੀ ਇਹ ਕਹਾਣੀ ਅੰਤ ਵਿਚ ਅਚਾਨਕ ਅਜਿਹਾ ਮੋੜ ਕਟਦੀ ਹੈ ਕਿ ਪਾਠਕ ਨੂੰ ਚੌਂਕਾ ਦੇਂਦੀ ਹੈ।

ਤੇ ਉਸ ਅੰਤ ਵਿਚ ਕਿੰਨਾ ਕੁਝ ਉਜਾਗਰ ਹੁੰਦਾ ਹੈ: ਇਕ ਭੰਵਰ ਵਿਚ ਉਲਝੇ ਹੋਏ ਮੁਲਕ ਦੀ ਹੋਣੀ, ਇਕ ਨਿਰੋਲ ਖਾਨਾਪੂਰਤੀਆਂ ਵਿਚ ਫਸੀ ਹੋਈ ਸਰਕਾਰ ਦੀ ਬੇਵਾਸਤਗੀ ਦਾ ਪ੍ਰਗਟਾਵਾ, ਇਸ ਤ੍ਰਾਸਦੀ ਨੂੰ ਭੋਗਣ ਵਾਲੇ ਪਰਵਾਰਾਂ,ਦੇਸ ਦੀ ਆਮ ਜਨਤਾ ਦਾ ਭੋਲਾਪਣ।

ਕਹਾਣੀ ਸਿਧ ਕਰਦੀ ਹੈ ਕਿ ਪਰਵੀਨ ਮਲਿਕ ਕਹਾਣੀ ਕਹਿਣ ਦੇ ਹੁਨਰ ਦੀ ਮਲਕਾ ਹੈ।

**ਦੀਪਤੀ ਬਬੂਟਾ** : ਬਹੁਤ ਵਧੀਆ, ਪਰਿਪੱਕ ਅਤੇ ਬੇਹੱਦ ਮਾਰਮਿਕ ਕਹਾਣੀ ਹੈ ਇਸੇ ਭਿਣ-ਭਿਣ ਤੋਂ ਛੁੱਟਿਆ ਸੀ। ਕਹਾਣੀ ਦਾ ਪਹਿਲਾ ਫਿਕਰਾ, ' ਨਾਂ ਤੇ ਉਹਦਾ ਬਰਕਤ ਸੀ ਪਰ ਬੇ-ਬਰਕਤੀ ਉਹਨੂੰ ਹਰ ਵੇਲੇ ਘੇਰਾ ਪਾਈ ਰੱਖਦੀ। ਅਗਲਾ ਫਿਕਰਾ, ' ਪਤਾ ਨਹੀਂ ਕਿੰਜ ਕੇ ਕਿਵੇਂ ਉਹਦੀ ਖੱਟੀ ਨਖੱਟੀ ਬਣ ਜਾਂਦੀ' ਪਾਠਕ ਨੂੰ ਕਹਾਣੀ ਦੇ ਵਸ਼ੀਕਰਣ 'ਚ ਬੰਨ੍ਹ ਲੈਂਦੀ ਹੈ।

ਮਾੜੇ ਦੀ ਕਿੱਧਰੇ ਕੋਈ ਵੁਕੱਤ ਨਹੀਂ। ਭਾਵੇਂ ਅੰਮਾ ਜਾਏ ਭਰਾ ਹੀ ਕਿਉਂ ਨਾ ਹੋਣ। ਵਿਸ਼ਵੀਕਰਨ ਦੇ ਦੌਰ ਵਿੱਚ ਖ਼ੂਨ ਪੇਤਲਾ ਪੈ ਕੇ ਨਿੱਜ ਵਿੱਚ ਸਿਮਟ ਕੇ ਰਹਿ ਗਿਆ ਹੈ। ਬਰਕਤ ਕੋਈ ਵੀ ਕੰਮ ਕਰਨ ਲਈ ਤਿਆਰ ਹੈ ਪਰ ਲੈ-ਦੇ ਕੇ ਪੱਲੇ ਬੇਕਿਰਕੀ ਪੈਂਦੀ ਹੈ।

ਹੱਥ ਜ਼ਖਮੀ ਹੋ ਜਾਣ 'ਤੇ ਭਰਾ ਤੀਜੇ ਦਿਨ ਉਸ ਦੀ ਖ਼ਬਰ ਲੈਣ ਆਇਆ, ਮਾਂ ਦੀ ਤਲੀ 'ਤੇ ਤਾਂ ਖਰਚ ਪਾਣੀ ਰੱਖ ਜਾਂਦਾ ਹੈ ਪਰ ਨਾਲ ਹੀ ਬਰਕਤ ਦੀ ਕੋਈ ਮਦਦ ਨਾ ਕਰਨ ਦਾ ਫੈਸਲਾ ਵੀ ਅਸਿੱਧੇ ਤੌਰ 'ਤੇ ਸੁਣਾ ਜਾਂਦਾ ਹੈ। ਇੱਕੋ ਸਾਹ ਕਹਾਣੀ ਪੜ੍ਹਦਾ ਪਾਠਕ ਸਬਜ਼ੀ ਮੰਡੀ ਦੇ ਰੌਲੇ 'ਚ ਪਹੁੰਚਦਾ ਹੈ। ਉਹ ਸੋਚ ਹੀ ਰਿਹਾ ਹੁੰਦਾ ਹੈ ਕਿ ਅੱਗੇ ਕੀ ਹੋਵੇਗਾ, ਕਹਾਣੀ ਸ਼ਿਖਰ ਨੂੰ ਜਾ ਛੂਹੰਦੀ ਹੈ। ਅੰਤ ਬਲਾਸਟ (ਬੰਬ ਬਲਾਸਟ ਨਹੀਂ) ਹੈ।

ਕਹਾਣੀ ਦਾ ਅੰਤ ਸੁੰਨ ਕਰ ਦੇਣ ਵਾਲਾ ਹੈ।

'ਦੂਰ ਮਸੱਲੇ 'ਤੇ ਬੈਠੀ ਮਾਂ ਤੀਕਰ ਇਹ ਅਖ਼ਬਾਰ ਕਦੀ ਨਾ ਅੱਪੜੇ, ਤੇ ਭਰਾਵਾਂ ਨੂੰ ਅਖ਼ਬਾਰ ਵੇਖਣ ਦੀ ਵਿਹਲ ਨਹੀਂ ਸੀ।' ਬਰਕਤ ਦੀ ਮੌਤ ਮਾਂ ਲਈ ਜੀਉਂਦੇ ਜੀਅ ਮੌਤ ਵੱਲ ਇਸ਼ਾਰਾ ਕਰਦਾ ਹੈ ਤੇ ਭਰਾਵਾਂ ਕੋਲ ਕੰਮ ਦੀ ਘਾਟ ਨਾ ਹੋਣ ਦਾ ਹਾਲ ਬਿਆਨ ਕਰਦਾ ਹੈ। ਜੇ ਉਹ ਬਰਕਤ ਨੂੰ ਆਪਣੇ ਕੰਮ 'ਚ ਸਾਂਝੀਦਾਰ ਬਣਾ ਲੈਂਦੇ ਤਾਂ ਮਾਂ ਦਾ ਬਰਕਤ ਬੇਸ਼ਨਾਖਤੀ ਮੌਤ ਕਦੇ ਨਾ ਮਰਦਾ।

ਵਿਸ਼ਾ, ਵਹਾਅ, ਭਾਸ਼ਾ, ਸ਼ਬਦਾਂ ਦੀ ਮੀਨਾਕਾਰੀ ਕਮਾਲ।

ਮੈਨੂੰ ਇਹ ਕਹਾਣੀ ਬੇਹੱਦ ਵਧੀਆ ਲੱਗੀ।

**ਭਗਵੰਤ ਰਸੂਲਪੁਰੀ**: ਪਰਵੀਨ ਲਹਿੰਦੇ ਪੰਜਾਬ ਦੀ ਪੰਜਾਬੀ ਕਹਾਣੀ ਦਾ ਵੱਡਾ ਨਾਂ ਏ। ਉਸ ਨੇ ਆਪਣੀ 'ਇੱਸੇ ਭਿਣ ਤੋਂ ਛੁੱਟਿਆ ਸੀ' ਕਹਾਣੀ ਵਿਚ ਲਹਿੰਦੇ ਪੰਜਾਬ ਭਾਵ ਕਿ ਪਾਕਿਸਤਾਨ ਦੀ ਸਮਾਜਿਕ ਤੇ ਰਾਜਨੀਤਿਕ ਦਸ਼ਾ ਏਸ ਕਹਾਣੀ ਵਿਚ ਬਿਆਨ ਕੀਤੀ ਏ। ਕਹਾਣੀ ਦਾ ਮੁੱਖ ਪਾਤਰ ਬਰਕਤ ਏ, ਜਿਸ ਦੇ ਇਰਦ ਗਿਰਦ ਉਹ ਉਸ ਦੀ ਆਰਥਿਕ ਦਸ਼ਾ ਬਿਆਨ ਕਰਨ ਲਈ ਘਟਨਾਵਾਂ ਬੁਣਦੀ ਏ। ਉਹ ਸਮਾਜ ਦਾ ਸਧਾਰਨ ਪਾਤਰ ਏ ਪਰ ਕਹਾਣੀ ਦਾ ਉਹ ਸਧਾਰਨ ਪਾਤਰ ਨਹੀਂ ਏ, ਬਹੁਤ ਵੱਡਾ ਪਾਤਰ ਬਣ ਕੇ ਉਭਰਦਾ ਏ। ਬਲਕਿ ਉਹ ਪਾਕਿਸਤਾਨ ਦੇ ਜਨ-ਸਧਾਰਨ ਲੋਕਾਈ ਦੀ ਪ੍ਰਤੀਨਿੱਧਤਾ ਕਰਦਾ ਏ, ਜਿਹੜੀ ਲਗਾਤਾਰ ਨਪੀੜੀ ਜਾ ਰਹੀ ਏ। ਇਹ ਲੋਕਾਈ ਸਾਧਨ ਹੀਣ ਏ। ਸਮਾਜਿਕ ਦਰਜੇਬੰਦੀ ਵਿਚ ਵੀ ਅਤੇ ਆਰਥਿਕ ਤੌਰ ਤੇ ਵੀ। ਸਮਕਾਲ ਵਿਚ ਪੇਸ਼ ਹੋ ਰਹੇ ਪਾਤਰ ਨੂੰ ਅਸੀਂ ਉਸ ਦੇ ਸਮਾਜਿਕ ਇਤਿਹਾਸ ਤੋਂ ਹੀ ਸਮਝ ਸਕਦੇ ਹਾਂ ਕਿ ਉਸ ਦੀ ਏਹ ਸਥਿਤੀ ਕਿਵੇਂ ਬਣੀ ਏ।

ਪਰਵੀਨ ਬਰਕਤ ਦੀ ਸਮਾਜਿਕ ਇਤਿਹਾਸਕਾਰੀ ਕਰਦੀ ਹੋਈ ਉਹਦੇ ਪਿਛੋਕੜ ਦਾ ਹਵਾਲਾ ਦਿੰਦੀ ਏ, ਜਿਹੜਾ ਬਹੁਤ ਜ਼ਰੂਰ ਅਤੇ ਅਹਿਮ ਏ। ਬਰਕਤ ਦਾ ਪਿਓ-ਦਾਦਾ ਜੁੱਤੀਆਂ ਬਣਾਉਣ ਦਾ ਕਰੀਗਰ ਰਿਹਾ ਏ। ਕੰਗਾਲੀ ਤੋਂ ਬਾਹਰ ਆਉਣ ਲਈ ਉਹ ਆਪਣਾ ਪਿਤਾ ਪੁਰਖੀ ਕੰਮ ਕਰਨਾ ਸ਼ੁਰੂ ਵੀ ਕਰਦਾ ਏ ਪਰ ਸਥਿਤੀਆਂ ਬਦਲ ਜਾਂਦੀਆਂ ਨੇ। ਬਜ਼ਾਰ ਵਿਚ ਮਸ਼ੀਨਾਂ ਨਾਲ ਤਿਆਰ ਚਮਕ ਦਮਕ ਵਾਲੀਆਂ ਜੁੱਤੀਆਂ ਆ ਜਾਂਦੀਆਂ ਨੇ। ਏਸ ਬਿਰਤਾਂਤ ਵਿਚ ਲੇਖਕ ਉਦਯੋਗਿਕ ਕ੍ਰਾਂਤੀ ਦੇ ਸਿੱਟੇ ਬਿਆਨ ਕਰਦੀ ਏ। ਦੱਸਦੀ ਏ ਕਿ ਕਿਵੇਂ ਉਦਯੋਗਿਕ ਕ੍ਰਾਂਤੀ ਭਾਵ ਮਸ਼ੀਨਾਂ ਦੇ ਆਉਣ ਨਾਲ ਹੱਥੀਂ ਜੁੱਤੀਆਂ ਬਣਾਉਣ ਵਾਲੇ ਕਾਰੀਗਰ ਵਿਹਲੇ ਹੋ ਜਾਂਦੇ ਨੇ। ਜੁੱਤੀਆਂ ਗੰਢਦਿਆਂ ਉਹਦੀਆਂ ਉਂਗਲੀਆਂ ਵੱਢ ਨਹੀਂ ਹੁੰਦੀਆਂ ਬਲਕਿ ਹੱਥੀਂ ਕੰਮ ਕਰਨ ਵਾਲੇ ਸਮੁੱਚੇ ਸਮਾਜ ਦੀਆਂ ਉਂਗਲੀਆਂ ਮਸ਼ੀਨਾ ਵੱਢ ਦਿੰਦੀਆਂ ਹਨ। ਕਹਾਣੀ ਵਿਚ ਇਕ ਪਾਤਰ ਦੇ ਬੋਲ ਬਹੁਤ ਅਹਿਮੀਅਤ ਰੱਖਦੇ ਹਨ, "ਕਿਉਂ ਪਿਓ ਦਾਦੇ ਦੇ ਨਾਂ ਨੂੰ ਲੱਜ ਲਾਨਾ ਐਂ, ਤੂੰ ਨਹੀਂ ਏਸ ਕੰਮ ਜੋਗਾ, ਏਥੇ ਈ ਛੱਡ ਦੇ।"

ਕਹਾਣੀ ਵਿਚ ਬਿਰਤਾਂਤ ਰਾਹੀ ਏਹ ਵੀ ਉਭਰਦਾ ਏ ਕਿ ਬਰਕਤ ਸਿਸਟਮ ਵਿਚ ਫਿੱਟ ਨਹੀਂ ਬੈਠਦਾ। ਏਸੇ ਕਰਕੇ ਪਹਿਲਾਂ ਪਿਤਾ ਪੁਰਖੀ ਕੰਮ ਕਰਦਿਆਂ ਉਸ ਦੀਆਂ ਉਂਗਲਾ ਕੱਟ ਹੁੰਦੀਆਂ ਨੇ ਫਿਰ ਇਕ ਕਾਰਖਾਨੇ ਵਿਚ ਕੰਮ ਕਰਦਿਆਂ ਹੱਥ ਵੱਢ ਹੋਣ ਤੋਂ ਮਸਾਂ ਹੀ ਬਚਦਾ ਏ ਪਰ ਉਹ ਆਪਣਾ ਹੱਥ ਬਚਾਉਂਦਾ ਹੋਇਆ ਮਸ਼ੀਨ ਨਕਾਰਾ ਕਰ ਦਿੰਦਾ ਏ। ਮਸ਼ੀਨੀਕਰਨ ਦੇ ਦੌਰ ਵਿਚ ਸਿਸਟਮ ਨੂੰ ਇਹ ਮਨਜ਼ੂਰ ਨਹੀਂ ਕਿ ਮਸ਼ੀਨ ਦਾ ਕੋਈ ਨੁਕਸਾਨ ਹੋਵੇ, ਬੰਦਾ ਚਾਹੇ ਮਸ਼ੀਨ ਵਿਚ ਨਪੀੜਿਆ ਜਾਵੇ।

ਕਹਾਣੀ ਦਾ ਪਾਤਰ ਬਰਕਤ ਪਿੰਡ ਤੋਂ ਉੱਠ ਕੇ ਸ਼ਹਿਰ ਦਿਹਾੜੀ ਕਰਨ ਜਾਂਦਾ ਏ। ਉੱਥੇ ਸ਼ਬਜੀ ਮੰਡੀ ਵਿਚ ਇਕ ਬੰਬ ਧਮਾਕਾ ਹੋ ਜਾਂਦਾ ਏ। ਏਥੇ ਕਹਾਣੀਕਾਰਾ ਪਾਕਿਸਤਾਨ ਦੀ ਸਮਾਜਿਕ ਸਥਿਤੀ ਨਾਲ ਰਾਜਨੀਤਿਕ ਸਥਿਤੀ ਨੂੰ ਜੋੜਦੀ ਹੋਈ ਕਹਾਣੀ ਵਿਚ ਨਵਾਂ ਪ੍ਰਸੰਗ ਜੋੜਦੀ ਏ। ਬਰਕਤ ਦੀ ਇਕ ਅਖ਼ਬਾਰ ਵਿਚ ਤਸਵੀਰ ਛਪ ਜਾਂਦੀ ਏ ਤੇ ਜਿਸ ਕਰਕੇ ਉਸਨੂੰ ਸਟੇਟ ਤੇ ਸੱਤਾ ਬੰਬ ਧਮਾਕਾ ਕਰਨ ਵਾਲਾ ਐਲਾਨ ਦਿੰਦੀ ਏ। ਪਰਵੀਨ ਏਥੇ ਕਹਾਣੀ ਖਤਮ ਕਰ ਦਿੰਦੀ ਏ। ਏਸ ਕਹਾਣੀ ਦੀ ਮੈਨੂੰ ਇਹ ਖੂਬੀ ਲੱਗੀ ਏ ਲੇਖਕਾਂ ਪਾਤਰ 'ਤੇ ਹਾਵੀ ਹੋ ਕੇ ਸਥਿਤੀਆਂ ਪ੍ਰਤੀ ਕੋਈ ਬਿਆਨਬਾਜ਼ੀ ਨਹੀਂ ਕਰਦੀ। ਕਹਾਣੀ ਦਾ ਬਿਰਤਾਂਤ ਉਸ ਨੇ ਬੜੀ

ਕੁਸ਼ਲਤਾ ਨਾਲ ਬਿਆਨ ਕੀਤਾ ਏ। ਪਾਕਿਸਤਾਨੀ ਸਿਸਟਮ ਵਿਚ ਅਨਫਿੱਟ ਬੰਦੇ ਨੂੰ ਬੜੀ ਕੁਸ਼ਲਤਾ ਨਾਲ ਬਿਆਨ ਕਰਨਾ ਹੀ ਕਹਾਣੀ ਦਾ ਹਾਸਲ ਏ।

**ਜਸਵਿੰਦਰ ਸਿੰਘ** : ਪਰਵੀਨ ਮਲਿਕ ਦੀ ਕਹਾਣੀ, 'ਇਸੇ ਭਿਣ ਭਿਣ ਤੋਂ ਛੁਟਿਆ ਸਾਂ' ਲੋਕਾਈ ਦੇ ਕਰੜੇ-ਕਠਿਨ ਜੀਵਨ ਨਿਰਬਾਹ ਦੇ ਉਪਰ ਡਿਗੇ ਅਤਿਵਾਦੀ ਖ਼ੂਨੀ ਧਮਾਕੇ ਦਾ ਕੋਝਾ ਸੱਚ ਤੇ ਸਰਕਾਰੀ ਤੰਤਰ ਦੇ ਨਿਕੰਮੇ-ਨਿਰਲੱਜ ਮਾਇਆ ਜਾਲ ਉਪਰ ਭਰਪੂਰ ਵਾਰ ਹੈ। ਕਿਰਤੀ ਲੋਕਾਈ ਨੂੰ ਵਿਕਰਾਲ ਵਿਤਕਰੇ ਮਾਰੇ ਜਮਾਤੀ ਸਮਾਜਾਂ ਨੇ ਹੱਡ ਤੋੜ ਮਿਹਨਤ ਕਰ, ਥੁੜਾਂ-ਔੜਾਂ ਵਿਚ ਵੀ ਜੀਣ ਜੋਗੀ ਸਪੇਸ ਨਹੀਂ ਦਿੱਤੀ। ਮੋਚੀ ਘਰ ਜੰਮੇ ਬਰਕਤ ਦੇ ਰੋਟੀ ਖਾਤਰ ਕੀਤੇ ਤਰੱਦਦਾਂ ਦੀ ਇਹ ਦਾਸਤਾਨ ਤਾਂ ਪਾਠਕ ਮੂਹਰੇ ਅੰਨ੍ਹੇ-ਸੁਜਾਖੇ ਸਵਾਲ ਖੜੇ ਕਰਦੀ ਹੀ ਹੈ; ਪਰ ਪਰਵੀਨ ਮਲਿਕ ਨਾਲੋਂ-ਨਾਲ ਸਾਡੀ ਸ਼ਰੀਕਾਦਾਰੀ ਦਾ ਹੀਜ-ਪਿਆਜ ਨਸ਼ਰ ਕਰਨੋਂ ਉਕਦੀ ਨਹੀਂ। ਖ਼ੁਦ ਪੈਰ ਲਗਾ ਚੁਕੇ ਭਰਾ ਵੀ ਪਿਛੇ ਰਹਿ ਗਏ ਦਾ ਹੱਥ ਫੜਨੋਂ ਇਨਕਾਰੀ ਨੇ। ਕਈ ਪਾਪੜਵੇਲ ਬਰਕਤ ਸ਼ਹਿਰ ਮੰਡੀ ਵਲ ਮੂੰਹ ਕਰਦਾ ਹੈ ਤੇ ਚਾਚੇ ਇਬਰਾਹੀਮ ਦੇ ਰੂਪ ਵਿਚ ਇਕ ਚੰਗੀ ਸੰਭਾਵਨਾ ਪਾਠਕ ਨੂੰ ਵਿਖਾਈ ਦਿੰਦੀ ਹੈ। ਪਰ ਉਹਨੀਂ ਪਲੀਂ ਦਹਿਸ਼ਤ ਗਰਦ ਵਲੋਂ ਕਾਹਲੀ ਨਾਲ ਸਾਈਕਲ ਖੜਾ, ਖਿਸਕਣ ਤੇ ਵਾਪਰੇ ਬੰਬ ਧਮਾਕੇ ਨੇ ਕੰਮ ਤਮਾਮ ਕਰ ਦਿੱਤਾ। ਉਤੋਂ ਸਾਡੇ ਸਰਕਾਰੀ ਤੰਤਰ ਦੀ ਸਿਤਮਜ਼ਰੀਵੀ, ਧੜੋਂ ਵੱਖ ਹੋਏ ਬਰਕਤ ਦਾ ਸਿਰ 'ਖ਼ੁਦਕਸ਼ ਹਮਲਾਵਰ ਦੀ ਤਸਵੀਰ' ਬਣਾ ਦਿੱਤੀ ਜਾਂਦੀ ਹੈ। ਪਰਵੀਨ ਮਲਿਕ ਇਕੋ ਸਥਿਤੀ 'ਚੋਂ ਢੇਰਾਂ ਸਾਰੇ ਸਵਾਲ ਤੇ ਜਵਾਬ ਦੇਣ ਦੀ ਮਾਹਿਰ ਹੈ। ਬਰਕਤ ਮਿਹਨਤ-ਮਜ਼ਦੂਰੀ ਕਰ ਖਵਰੇ ਜੀ ਲੈਂਦਾ, ਪਰ ਉਹ ਏਸ ਅੰਨ੍ਹੇ ਅਤਿਵਾਦ ਨਾਲ ਕਿਵੇਂ ਲੜੇ-ਨਜਿਠੇ ? ਤੇ ਸਰਕਾਰੀ ਏਜੰਸੀਆਂ ਦਾ ਹਾਲ! ਏਸ ਤੋਂ ਮਾੜੀ ਕਿਸਮਤ ਕਿਸੇ ਮੁਲਕ, ਖਲਕਤ ਦੀ ਕੀ ਹੋ ਸਕਦੀ ਹੈ, ਜੋ ਕਹਾਣੀਕਾਰ ਸਾਡੀਆਂ ਅੱਖਾਂ ਮੂਹਰੇ ਖੜੀ ਕਰ ਗਿਆ। ਬਰਕਤ ਦੀ ਤਸਵੀਰ 'ਤੇ ਪੰਜ ਲੱਖ ਦਾ ਇਨਾਮ! ਮਾਂ ਤਕ ਖ਼ਬਰ ਨਹੀਂ, ਭਰਾਵਾਂ ਨੂੰ ਵਿਹਲ ਨਹੀਂ! ਇਹ ਸਿਆਹ ਅੰਤ ਪਾਠਕ ਦੇ ਮਸਤਕ ਵਿਚ ਲਟਕਾ, ਕਹਾਣੀ ਛੇਤੀ ਦੇਣੀ ਪੂਰੀ ਹੋ ਜਾਂਦੀ ਹੈ। ਕਹਾਣੀਕਾਰ ਨੇ ਪੂਰੀ ਨਹੀਂ ਕੀਤੀ; ਸਾਨੂੰ ਝੰਜੋੜਿਆ ਹੈ। ਸਾਡੇ ਮੂਹਰੇ ਅਨਰਥ ਹੋਣੀਆਂ ਦੀ ਬਾਤ ਪਾਈ ਹੈ।

**ਮਹਿਲ ਸਿੰਘ** : ਇਸ ਕਹਾਣੀ ਦਾ ਆਧਾਰ ਵੀ ਆਰਥਿਕ ਮੰਦਹਾਲੀ ਨਾਲ ਜੁੜਿਆ ਹੋਇਆ ਹੈ। ਸਰਮਾਏਦਾਰੀ ਦੌਰ ਕਾਰਣ ਪਿੰਡ ਦੀ ਆਤਮ ਨਿਰਭਰਤਾ ਭੰਗ ਹੋਈ ਹੈ। ਨਵੇਂ ਦੌਰ ਵਿਚ ਸ਼ਹਿਰ ਵਿਚ ਤਾਂ ਰੁਜ਼ਗਾਰ ਦੇ ਮੌਕੇ ਵੱਧੇ ਹਨ। ਪਰ ਪੇਂਡੂ ਜਾਗੀਰਦਾਰੀ ਵਿਵਸਥਾ ਵਿਚ ਪਰੰਪਰਾਗਤ ਕਿੱਤੇ ਖਤਮ ਹੋਏ ਹਨ। ਸਮਾਜ ਵਿਚ ਫ਼ੈਲਿਆ ਅੱਤਵਾਦ ਵੀ ਬਰਕਤ ਵਰਗੇ ਕੰਮ ਦੀ ਭਾਲ ਵਿਚ ਸ਼ਹਿਰ ਆਏ ਪਾਤਰਾਂ ਦੀ ਮੌਤ ਦਾ ਕਾਰਣ ਬਣਦਾ ਹੈ। ਅਜੇਹੇ ਪਾਤਰਾਂ ਦੀ ਮੌਤ ਇਕ ਹਾਦਸਾ ਹੈ, ਜੋ ਵਾਪਰਿਆ ਤੇ ਖਤਮ ਹੋ ਗਿਆ ਹੈ। ਇਸ ਤਰ੍ਹਾਂ ਇਹ ਕਹਾਣੀ ਸਮਾਜ ਵਿਚ ਅਣਹੋਇਆ ਦਾ ਦੁਖਾਂਤ ਹੈ।

**ਮਨੀਸ਼ ਕੁਮਾਰ** : ਕਹਾਣੀ ਦਾ ਮੁੱਖ ਪਾਤਰ ਬਰਕਤ ਹੈ। ਕਹਾਣੀ ਵਿਚ ਉਸ ਦਾ ਪਰਿਵਾਰਕ ਪਿਛੋਕੜ ਚਮੜੇ ਦੇ ਕਾਰੋਬਾਰ ਨਾਲ ਸਬੰਧਤ ਹੁੰਦਾ ਹੈ ਜਿਸ ਕਾਰਨ ਉਸਦਾ ਆਲੇ ਦੁਆਲੇ ਦੇ ਪਿੰਡਾਂ ਵਿੱਚ ਕਾਫ਼ੀ ਰਸੂਖ਼ ਹੁੰਦਾ ਹੈ। ਉਸ ਦੀ ਮੌਤ ਉਪਰੰਤ ਉਸ ਦੇ ਪਰਿਵਾਰ ਦੀ ਹਾਲਤ ਡੋਲ ਜਾਂਦੀ ਹੈ ਤੇ ਮੁੱਖ ਪਾਤਰ ਦਾ ਪਰਿਵਾਰ ਆਰਥਿਕ ਤੰਗੀਆਂ-

ਤੁਰਸ਼ੀਆਂ ਦਾ ਸ਼ਿਕਾਰ ਹੋ ਜਾਂਦਾ ਹੈ ਉਸ ਦੇ ਦੋਨੋਂ ਵੱਡੇ ਭਰਾ ਵਿਆਹ ਉਪਰੰਤ ਅੱਡ ਹੋ ਕੇ ਸ਼ਹਿਰ ਵਿੱਚ ਕਾਰਖ਼ਾਨਾ ਲਾ ਕੇ ਮਜ਼ਬੂਤ ਆਰਥਿਕਤਾ ਦਾ ਪ੍ਰਮਾਣ ਦਿੰਦੇ ਹਨ। ਮੁੱਖ ਪਾਤਰ ਆਪਣੀ ਮਾਂ ਨਾਲ ਰਹਿੰਦਾ ਹੈ। ਪੁਸ਼ਤੀ ਕੰਮ ਵਿੱਚ ਜ਼ਖ਼ਮੀ ਹੋ ਕੇ ਉਹ ਇੱਕ ਫੈਕਟਰੀ ਵਿੱਚ ਕੰਮ ਕਰਨਾ ਸ਼ੁਰੂ ਕਰਦਾ ਹੈ ਤੇ ਉੱਥੇ ਹੀ ਮਸ਼ੀਨ ਖ਼ਰਾਬੀ ਲਈ ਜ਼ਿੰਮੇਵਾਰ ਠਹਿਰਾ ਕੇ ਉਸ ਨੂੰ ਨੌਕਰੀ ਤੋਂ ਬਰਖ਼ਾਸਤ ਕਰ ਦਿੱਤਾ ਜਾਂਦਾ ਹੈ। ਕਹਾਣੀ ਵਿਚ ਉਸ ਦਾ ਵਿਆਹ ਵੀ ਉਸ ਦੀ ਆਰਥਿਕਤਾ ਨੂੰ ਆਧਾਰ ਬਣਾ ਕੇ ਉਸ ਦੀ ਮਾਸੀ ਦੀ ਲੜਕੀ ਨਾਲ ਹੋਣਾ ਨਿਰਧਾਰਿਤ ਕੀਤਾ ਜਾਂਦਾ ਹੈ। ਫੈਕਟਰੀ ਤੋਂ ਨੌਕਰੀ ਵਿਹੂਣਾ ਹੋਣ ਬਾਅਦ ਉਸ ਦੇ ਭਰਾ ਵੀ ਉਸਦੀ ਮਦਦ ਕਰਨ ਤੋਂ ਕੋਰੀ ਜਵਾਬਦੇਹੀ ਕਰ ਜਾਂਦੇ ਹਨ। ਇਸ ਉਪਰੰਤ ਉਸ ਦੀ ਮਾਂ ਭਾਵੁਕ ਹੋ ਕੇ ਉਸ ਨੂੰ ਸ਼ਹਿਰ ਮੰਡੀ ਵਿੱਚ ਮਜ਼ਦੂਰੀ ਕਰਨ ਲਈ ਕਹਿੰਦੀ ਹੈ। ਜਦੋਂ ਉਹ ਸ਼ਹਿਰ ਜਾਂਦਾ ਹੈ ਤਾਂ ਉੱਥੇ ਉਸ ਨੂੰ ਉਸ ਦਾ ਚਾਚਾ ਇਬਰਾਹਿਮ ਮਿਲਦਾ ਹੈ ਜਿਸ ਨੇ ਆਪ ਮਿਹਨਤ-ਮਜ਼ਦੂਰੀ ਕਰਕੇ ਛੋਟਾ ਜਿਹਾ ਢਾਬਾ ਬਣਾਇਆ ਹੁੰਦਾ ਹੈ ਕਹਾਣੀ ਪਾਤਰ ਜਦੋਂ ਉਸ ਨੂੰ ਆਪਣੀ ਸਥਿਤੀ ਬਾਰੇ ਦੱਸਦਾ ਹੈ ਤਾਂ ਉਹ ਉਸ ਨੂੰ ਦਿਲਾਸਾ ਦੇ ਕੇ ਇਕ ਹੋਟਲ ਵਿਚ ਚਾਹ ਪਿਲਾਉਣ ਲਈ ਲੈ ਜਾਂਦਾ ਹੈ। ਚਾਹ ਪੀਣ ਉਪਰੰਤ ਕੋਈ ਗ਼ੈਰ ਵਿਅਕਤੀ ਸਾਈਕਲ ਖੜ੍ਹਾ ਕਰਕੇ ਚਲਾ ਜਾਂਦਾ ਹੈ ਜਿਸ ਵਿੱਚ ਮਨੁੱਖੀ ਬੰਬ ਫਟਣ ਕਾਰਨ ਮੁੱਖ ਪਾਤਰ ਦੀ ਮੌਤ ਹੋ ਜਾਂਦੀ ਹੈ। ਅਗਲੇ ਦਿਨ ਅਖ਼ਬਾਰ ਵਿੱਚ ਮੁੱਖ ਪਾਤਰ ਨੂੰ ਉਗਰਵਾਦੀ ਸਿੱਧ ਕਰਕੇ ਹਕੂਮਤ ਆਪਣੀ ਜ਼ਿੰਮੇਵਾਰੀ ਤੋਂ ਭੱਜਦੀ ਹੈ।ਇਸ ਗੱਲ ਦਾ ਪਤਾ ਮੁੱਖ ਪਾਤਰ ਦੇ ਭਰਾਵਾਂ ਤੋਂ ਬਿਨ੍ਹਾਂ ਉਸ ਦੀ ਮਾਂ ਨੂੰ ਵੀ ਨਹੀਂ ਲੱਗਦਾ। ਇਸ ਖੁੱਲ੍ਹੇ ਅੰਤ ਰਾਹੀਂ ਲੇਖਕ ਨੇ ਮਨੁੱਖਤਾ ਦੇ ਸਮਾਜਿਕ/ਆਰਥਿਕ ਦੁਖਾਂਤਕ ਸਰੋਕਾਰਾਂ ਨੂੰ ਉਘਾੜਿਆ ਹੈ।

**ਕੁਲਵੰਤ ਸੰਧੂ** : ਇਹ ਕਹਾਣੀ ਅਜਿਹੇ ਵਿਅਕਤੀ ਦੀ ਹੈ, ਜੋ ਜ਼ਿੰਦਗੀ ਦੀ ਦੌੜ ਵਿਚ, ਹਰ ਹੀਲਾ ਕਰਨ ਦੇ ਬਾਵਜੂਦ ਪੱਛੜ ਜਾਂਦਾ ਹੈ। ਆਮ ਤੌਰ ਤੇ ਗਲਪ ਵਿਚ ਜਦੋਂ ਵੀ ਅਜਿਹੇ ਪਾਤਰਾਂ ਨੂੰ ਚਿਤਰਿਆ ਜਾਂਦਾ ਹੈ ਤਾਂ ਮਕਸਦ ਉਨ੍ਹਾਂ ਦੇ ਦੁਖਾਂਤ ਰਾਹੀਂ ਸਮਾਜਕ ਵਿਵਸਥਾ ਦੀਆਂ ਅਹੁਰਾਂ ਨੂੰ ਉਜਾਗਰ ਕਰਕੇ ਸਥਾਪਿਤ ਪ੍ਰਬੰਧ ਪ੍ਰਤਿ ਸੁਚੇਤ ਕਰਨਾ ਹੁੰਦਾ ਹੈ, ਕਿਉਂਕਿ ਪ੍ਰਬੰਧ ਪ੍ਰਤਿ ਜਾਣਕਾਰ ਹੋਣ ਤੋਂ ਬਿਨਾਂ ਉਸ ਨੂੰ ਤਬਦੀਲ ਕਰਨ ਜਾਂ ਬੇਹਤਰ ਬਣਾਉਣ ਬਾਰੇ ਸੋਚਿਆ ਨਹੀਂ ਜਾ ਸਕਦਾ। ਪਰ ਇਹ ਕਹਾਣੀ ਵਿਵਸਥਾ ਦੀ ਸੋਝੀ ਕਰਵਾਉਣ ਦੇ ਮੁਕਾਮ ਤੋਂ ਉਰਾਂ ਹੀ ਰਹਿ ਜਾਂਦੀ ਹੈ। ਬਰਕਤ ਅਜਿਹੇ ਪਰਿਵਾਰ ਵਿਚੋਂ ਹੈ, ਜੋ ਕਿਸੇ ਵੇਲੇ ਜੁੱਤੀਆਂ ਬਣਾਉਣ ਵਾਲੇ ਅਹਿਮੇ ਕਾਰੀਗਰ ਦੇ ਨਾਂ ਨਾਲ ਜਾਣਿਆ ਜਾਂਦਾ ਸੀ। ਪਰ ਮਸ਼ੀਨੀਕਰਣ ਦੀ ਅਮਲ ਨਾਲ ਉਸ ਦਾ ਹੁਨਰ ਦਮ ਤੋੜ ਜਾਂਦਾ ਹੈ। ਇਸ ਪ੍ਰਬੰਧ ਵਿਚ ਵਿਅਕਤੀ ਆਪਣੀ ਕਿਰਤ ਨਾਲੋਂ ਵਿਛੁੰਨਿਆ ਜਾਂਦਾ ਹੈ ਤੇ ਕਾਰਖਾਨਾ ਉਸ ਕੋਲੋਂ ਸਿਰਜਣਕਾਰੀ ਦਾ ਮਾਣ-ਸਨਮਾਨ ਖੋਹ ਕੇ ਉਸ ਨੂੰ ਨਿਰੋਲ ਰੋਟੀ ਲਈ ਕੰਮ ਕਰਨ ਵਾਲੇ ਵਿਅਕਤੀ ਵਿਚ ਤਬਦੀਲ ਕਰ ਦੇਂਦਾ ਹੈ। ਸਰਮਾਏਦਾਰੀ ਦਾ ਪਹੀਆਂ ਪੈਸੇ ਦੇ ਧੁਰੇ ’ਤੇ ਘੁੰਮਦਾ ਹੈ-ਜਿਸ ਦੀ ਅਹਿਮੇ ਦੇ ਪਰਿਵਾਰ ਕੋਲ ਅਣਹੋਂਦ ਹੈ। ਭਾਵੇਂ ਰਫ਼ੀਕ ਇਸ ਮਸ਼ੀਨ ਦਾ ਪੁਰਜਾ ਬਣ ਜਾਣ ਵਿਚ ਸਫਲ ਹੋ ਜਾਂਦਾ ਹੈ। ਪਰ ਬਰਕਤ ਕੋਲ ਨਾ ਖਾਨਦਾਨੀ ਹੁਨਰ ਹੈ ਤੇ ਨਾ ਹੀ ਸਰਮਾਇਆ। ਇਸ ਕਰਕੇ ਉਸਦੀ ਜ਼ਿੰਦਗੀ ਮਜ਼ਾਕ ਬਣ ਕੇ ਰਹਿ ਜਾਂਦੀ ਹੈ। ਬੰਬ ਧਮਾਕੇ ਵਿਚ ਮਾਰੇ ਜਾਣ ਤੋਂ ਬਾਅਦ ਵੀ ਉਸ ਨੂੰ ਮੁਕਤੀ ਨਹੀਂ ਮਿਲਦੀ, ਸਗੋਂ ਉਸ ਨੂੰ

ਉਸ ਦਾ ਸਾਜ਼ਿਸ਼ ਕਰਤਾ ਬਣਾ ਦਿੱਤਾ ਜਾਂਦਾ ਹੈ। ਕਹਾਣੀ ਉਸ ਦੇ ਦੁਖਾਂਤ ਨੂੰ ਕੋਈ ਗੂੜ੍ਹਾ ਜਾਂ ਕਲਾਤਮਕ ਰੰਗ ਦੇਣ ਤੋਂ ਅਸਮਰਥ ਰਹਿੰਦੀ ਹੈ ਤੇ ਇਹ ਵਿਅਕਤੀਗਤ ਦੁਖਾਂਤ ਤੱਕ ਸੀਮਤ ਹੋ ਕੇ ਰਹਿ ਜਾਂਦੀ ਹੈ।

**ਸ਼ਰਨਜੀਤ ਕੌਰ** : ਇਹ ਕਹਾਣੀ ਮੁੱਖ ਪਾਤਰ ਦੇ ਜ਼ਰੀਏ ਜ਼ਿੰਦਗੀ, ਰਿਸ਼ਤੇ ਅਤੇ ਨਿਜ਼ਾਮ ਦੇ ਕਰੂਰ ਤੇ ਕਰੂਪ ਚਿਹਰੇ ਨੂੰ ਬੇਪਰਦ ਕਰ ਰਹੀ ਹੈ। ਕਹਾਣੀ ਸੱਤਾਧਾਰੀ ਸ਼ਕਤੀਆਂ ਸਾਹਵੇਂ ਵਿਚਰਦੇ ਸਾਧਾਰਨ ਮਨੁੱਖ ਦੀ ਹੋਣੀ ਦਾ ਚਿੱਤਰ ਉਲੀਕ ਰਹੀ ਹੈ। ਪੂੰਜੀਵਾਦੀ ਅਤੇ ਮਸ਼ੀਨੀ ਯੁੱਗ ਦੇ ਪ੍ਰੰਪਰਕ ਕਿੱਤਿਆਂ ਤੇ ਕਿੱਤਾਕਾਰਾਂ ਲਈ ਗੰਭੀਰ ਸੰਕਟ ਖੜ੍ਹੇ ਕੀਤੇ ਹਨ। ਮਸ਼ੀਨੀ ਰਫ਼ਤਾਰ ਦੇ ਨਾਲ ਅੱਗੇ ਵਧਦਾ ਸਮਾਜ ਨਿਰੰਤਰ ਇਜ਼ਾਫਿਆਂ, ਮੁਨਾਫਿਆਂ ਦੀ ਹੋੜ ਪਿੱਛੇ ਗਲਤਾਨ ਹੈ। ਇਸ ਹੋੜ ਤੇ ਦੌੜ ਦਾ ਹਿੱਸਾ ਬਣਨ ਤੋਂ ਅਸਮਰੱਥ ਰਹਿੰਦਾ ਸਾਧਾਰਨ ਮਨੁੱਖ ਆਖ਼ਿਰਕਾਰ ਸੱਤਾ ਦੇ ਸ਼ੋਸ਼ਣ ਦਾ ਭਾਗੀ ਬਣ ਕੇ ਰਹਿ ਜਾਂਦਾ ਹੈ। ਨਿੱਜਵਾਦ ਨੇ ਮਨੁੱਖ ਨੂੰ ਸ੍ਵੈ ਕੇਂਦਰਿਤ ਬਣਾ ਦਿੱਤਾ ਹੈ। ਕਹਾਣੀ ਵਿਚਕਾਰ ਭਰਾ ਜੋ ਕਿ ਪਦਾਰਥਕ ਖੁਸ਼ਹਾਲੀ ਦੇ ਮਾਲਕ ਹਨ, ਆਪਣੇ ਸਾਧਨਹੀਣ ਭਰਾ ਦਾ ਸਹਾਰਾ ਬਣਨੋਂ ਪਾਸਾ ਵੱਟਦੇ ਹਨ, ਇੱਥੇ ਭਰਾਵਾਂ ਦੇ 'ਭੱਜੀਆਂ ਬਾਹੀ' ਹੋਣ ਦੀ ਮਿੱਥ ਟੁੱਟਦੀ ਨਜ਼ਰ ਆਉਂਦੀ ਹੈ। ਇਸ ਕਹਾਣੀ ਵਿਚਲਾ ਪਾਤਰ ਨਾਕਾਮੀ ਨੂੰ ਕਾਮਯਾਬੀ ਵਿਚ ਬਦਲਣ ਲਈ ਪੁਰਜ਼ੋਰ ਯਤਨ ਕਰਦਾ ਹੈ ਲੇਕਿਨ ਸੱਤਾ ਸਾਹਵੇ ਉਹਦੀ ਹੀਣਤਾ ਉਸਨੂੰ ਵਾਰ-ਵਾਰ ਮੌਤ ਸਾਮਾਨ ਜ਼ਿੰਦਗੀ ਵੱਲ ਧੱਕਾ ਦਿੰਦੀ ਹੈ। ਹਕੂਮਤ, ਰਿਸ਼ਤੇ ਤੇ ਸਾਧਨਹੀਣਤਾ ਵਿਚੋਂ ਸਮਾਜਿਕ ਯਥਾਰਥ ਦੇ ਪਰਿਵਰਤਿਤ ਮੁਹਾਂਦਰੇ ਨੂੰ ਤਨਜ਼ੀਆਂ ਢੰਗ ਨਾਲ ਉਲੀਕਣਾ ਇਸ ਕਹਾਣੀ ਦਾ ਖਾਸਾ ਬਣਦਾ ਹੈ ਅਤੇ ਹਕੂਮਤ ਤੇ ਸਮਾਜ ਲਈ ਤਗੜਾ ਸਵਾਲੀਆ ਚਿਹਨ ਵੀ।

**ਜਸ ਮੰਡ** : ਇਹ ਕਹਾਣੀ ਇਕ ਪਾਸਿਓਂ ਤਾਂ ਪਾਕਿਸਤਾਨ ਦੇ ਇਕ ਐਸੇ ਪਰਿਵਾਰ ਦੀ ਕਹਾਣੀ ਹੈ, ਜਿਸ ਵਿਚ ਨਾ-ਬਰਾਬਰੀ ਕੇਵਲ ਸਮਾਜਕ ਪੱਧਰ ਉੱਤੇ ਹੀ ਨਹੀਂ, ਬਲਕਿ ਪਰਵਾਰਕ ਪੱਧਰ ਉੱਤੇ ਵੀ ਮੌਜੂਦ ਹੈ। ਦੂਜੇ ਪਾਸਿਓਂ ਇਹ ਕਹਾਣੀ ਪਾਕਿਸਤਾਨ ਦੇ ਉਸ ਮਹੌਲ ਦੀ ਗੱਲ ਕਰਦੀ ਹੈ, ਜਿਸ ਵਿਚ ਬੰਬ ਧਮਾਕੇ ਅਕਸਰ ਹੁੰਦੇ ਰਹਿੰਦੇ ਹਨ। ਬੰਬ ਧਮਾਕੇ ਦੀ ਜ਼ਿੰਮੇਵਾਰੀ ਉਸਦੇ ਸ਼ਿਕਾਰ ਹੋਏ ਨੌਜਵਾਨ ਦੇ ਸਿਰ ਮੜ੍ਹ ਕੇ ਸਰਕਾਰੀ ਏਜੰਸੀਆਂ ਸੁਰਖ਼ਰੂ ਹੋ ਜਾਂਦੀਆਂ ਹਨ।

ਮੇਰੇ ਹਿਸਾਬ ਨਾਲ ਕਹਾਣੀ ਬਹੁਤ ਪੇਤਲੇ ਪੱਧਰ ਦੀ ਹੈ। ਦਹਿਸ਼ਤਗਰਦੀ ਵਰਗੇ ਗੰਭੀਰ ਮੁੱਦੇ ਪ੍ਰਤੀ ਬੜੇ ਸਰਲ ਰਵੱਈਏ ਵਾਲੀ ਪਹੁੰਚ ਹੈ।

ਕੁਝ ਵਧੀਆ ਬਿਆਨ: ਜਿਹੜੇ ਕੰਮ ਵਿਚ ਹੱਥ ਪਾਂਦਾ ਉਹ ਮਿੱਟੀ ਦੀ ਢੇਰੀ ਬਣ ਜਾਂਦਾ। ਹੁਣ ਉਹ ਗੰਡੋਇਆ ਤੇ ਹੈ ਨਹੀਂ ਸੀ ਜੋ ਮਿੱਟੀ ਚਟ ਕੇ ਗੁਜ਼ਾਰਾ ਕਰ ਲੈਂਦਾ। ਜਾਂ ਤੀਜੀ ਪੀੜ੍ਹੀ ਤੀਕਰ ਅੱਪੜਦਿਆਂ ਅੱਪੜਦਿਆਂ ਸਾਰੀ ਫ਼ਨਕਾਰੀ ਤੇ ਕਾਰੀਗਰੀ ਇੰਜ ਉੱਡ ਗਈ ਜਿਵੇਂ ਖੁੱਲੀ ਥਾਂ ਤੇ ਪਈ ਖ਼ੁਸ਼ਬੂ ਕਿਧਰੇ ਹਵਾ ਵਿਚ ਘੁਲ ਜਾਂਦੀ ਏ ਜਾਂ ਉਹ ਫੱਟੜ ਮੁਰਗਾਬੀ ਵਾਂਗੂੰ ਮੰਜੇ ਤੇ ਜਾ ਢਹਿੰਦਾ।

ਹੋਰਨਾਂ ਕਹਾਣੀਆਂ ਵਾਂਗ ਇਸ ਕਹਾਣੀ ਵਿਚ ਵੀ ਕੁਝ ਲਫਜ਼ ਮੇਰੇ ਲਈ ਅਣਪਛਾਤੇ ਹਨ: ਤ੍ਰੁੰਡਾ ਧੀਆਂ ਦਾ, ਕੜਪਾਅ, ਲੱਲ੍ਹਰ, ਝਲੰਗਾ, ਮੰਜੀ ਦੀਆਂ ਘੁਰੀਆਂ, ਮਸੱਲਾ ਆਦਿ।

**ਧਨਵੰਤ ਕੌਰ** : ਖੁਦਕਸ਼ ਹਮਲਾਵਰ-ਬੇਪਛਾਣ ਲਾਸ਼ਾ ਦਾ ਮੰਜ਼ਰ-ਪੰਜ ਲੱਖ ਦਾ

ਇਨਾਮ-ਅਖਬਾਰੀ ਖ਼ਬਰਾਂ ਵਰਗਾ ਇਹ ਵਾਕਿਆ-ਪਛਾਤਾ ਪਛਾਤਾ ਹੋਣ ਦੇ ਬਾਵਜੂਦ ਬਹੁਤ ਕੁਝ ਕਹਿ ਰਿਹਾ ਹੈ ਕਿਉਂਕਿ ਕਹਾਣੀ ਦਾ ਫਿਕਰ ਹੈ ਬਰਕਤ ਵਰਗੀ ਲੋਕਾਈ ਜਿਸ ਲਈ ਜੀਣਾ ਮੁਹਾਲ ਤੇ ਮਰਨਾ ਸੌਖਾ ਹੋਇਆ ਪਿਆ ਹੈ।

ਸਮਾਜ ਵਿਚ ਫੈਲੀ ਹਰ ਕਿਸਮ ਦੀ ਅਰਾਜਕਤਾ ਸਿਰੇ ਦੀ ਆਪਾਧਾਪੀ ਵਿਚ ਕੋਈ ਕਿਸੇ ਨੂੰ ਸਿੰਞਣ ਨਹੀਂ ਰਿਹਾ। ਆਪਣੇ ਹੀ ਆਪਣਿਆਂ ਦਾ ਭਾਰ ਚੁੱਕਣੋ ਇਨਕਾਰੀ ਹੋ ਚੁੱਕੇ ਹਨ। ਹਰ ਕੋਈ ਗੁਜ਼ਰ ਬਸਰ ਲਈ ਰਾਹ ਲੱਭ ਰਿਹਾ ਹੈ। ਮਸ਼ੀਨੀਕਰਨ ਸ਼ਹਿਰੀਕਰਨ ਨੇ ਪਿਤਾ ਪੁਰਖੀ ਧੰਦਿਆਂ ਨੂੰ ਚੌਪਟ ਕਰ ਦਿੱਤਾ ਹੈ-ਜੁੱਤੀਆਂ ਬਣਾਉਣ ਵਿਚ ਮਹਿਰ ਦਾਦੇ ਅਹਿਮ ਦੇ ਪੋਤਿਆਂ ਨੂੰ ਰੁਜ਼ਗਾਰ ਲੱਭਣ ਲਈ ਸ਼ਹਿਰ ਜਾਣਾ ਪਿਆ ਹੈ ਅੱਗੋਂ ਮਸ਼ੀਨ ਦੀ ਰਫਤਾਰ-ਕੰਪੀਟੀਸ਼ਨ ਦੀ ਦੁਨੀਆ ਵਿਚ ਬਰਕਤ ਵਰਗੇ ਔਸਤ ਵਿਅਕਤੀ ਲਈ ਕੋਈ ਥਾਂ ਨਹੀਂ। ਚੜ੍ਹਦੇ ਪੰਜਾਬ ਦੀ ਕਹਾਣੀ ਇਸ ਰੂਪਾਂਤਰਨ ਦੇ ਦੌਰ ਨੂੰ ਲੰਘ ਆਈ ਹੈ-ਲਹਿੰਦੇ ਪੰਜਾਬ ਦੀ ਕਹਾਣੀ ਇਸ ਨਾਲ ਅਜੇ ਵੀ ਵਾਬਸਤਾ ਹੈ। ਪਿੰਡ ਜਿਵੇਂ ਬੰਦੇ ਨੂੰ ਸ਼ਹਿਰ ਵਲ ਧੱਕਦਾ ਹੈ ਅਤੇ ਪਿੰਡੋਂ ਸ਼ਹਿਰ ਆਇਆ ਵਿਅਕਤੀ ਜਿਵੇਂ ਬੇਪਛਾਣ ਹੁੰਦਾ ਹੈ, ਇਸ ਦੀਆਂ ਬਹੁਤ ਸਾਰੀਆਂ ਕਹਾਣੀਆਂ ਸਾਡੇ ਕੋਲ ਹਨ, ਪਰ ਖੁਦਕਸ਼ ਹਮਲਾਵਰਾਂ ਵਾਲਾ ਵਰਤਾਰਾ ਜਿਸ ਅਨਾਰਕੀ ਨੂੰ ਬਿੰਬਤ ਕਰ ਰਿਹਾ ਹੈ ਉਹ ਮਨੁੱਖ ਦੀ ਮਨੁੱਖ ਪ੍ਰੀਤ ਸਿਖਰਲੀ ਬੇਗਾਨਗੀ ਹੀ ਕਹੀ ਜਾ ਸਕਦੀ ਹੈ।

**ਰਜਨੀਸ਼**: ਪਰਵੀਨ ਮਲਿਕ ਲਹਿੰਦੇ ਪੰਜਾਬ ਦਾ ਹੀ ਨਹੀਂ ਸਗੋਂ ਦੁਨੀਆ ਦੇ ਵੱਖ-ਵੱਖ ਹਿੱਸਿਆਂ ਵਿਚ ਲਿਖ ਰਹੀਆਂ ਨਾਰੀ ਕਹਾਣੀਕਾਰਾਂ ਵਿਚ ਸਭ ਤੋਂ ਅਲੱਗ ਹੈ। ਉਹ ਨਾਰੀਵਾਦੀ ਅਖੌਤੀ ਚੇਤਨਾ ਤੋਂ ਪਾਰ ਜਾ ਕੇ ਸਮੁੱਚੇ ਮੁਆਸ਼ਰੇ ਦੇ ਮਸਾਇਲ ਨੂੰ ਸੰਬੋਧਿਤ ਹੋ ਰਹੀ ਹੈ। ਇਸ ਤਰ੍ਹਾਂ ਉਹ ਨਾਰੀ ਕਹਾਣੀਕਾਰਾਂ ਦੀ ਥਾਂ ਸਿਰਫ਼ ਕਹਾਣੀਕਾਰ ਹੈ। ਉਸ ਦੀਆਂ ਕਹਾਣੀਆਂ ਬਿਰਤਾਂਤਕ ਬਣਤਰ ਯਥਾਰਥਮੁਖਤਾ ਉੱਤੇ ਟਿਕੀ ਹੋਈ ਹੈ। ਉਹ ਯਥਾਰਮੁਖੀ ਪ੍ਰਗਤੀਵਾਦੀ ਕਥਾਕਾਰ ਹੈ। ਉਹ ਪੇਂਡੂ ਸਮਾਜਚਾਰੇ ਵਿਚ ਵੱਧ ਰਹੇ ਆਰਥਿਕ ਸੰਕਟ ਵਿਚ ਦੁਖਾਂਤ ਭੋਗ ਰਹੇ ਵਿਅਕਤੀ ਦਾ ਚਿੱਤਰ ਉਲੀਕਦੀ ਹੈ। ਖੇਤੀ ਅਤੇ ਦਮਤਕਾਰੀ ਤੇ ਅਧਾਰਿਤ ਆਰਥਿਕਤਾ ਜਦੋਂ ਸਨਅਤੀਕਰਨ ਵਿਚ ਰੁਪਾਂਤਰਨ ਦੀ ਪ੍ਰਕਿਰਿਆ ਵਿਚੋਂ ਗੁਜ਼ਰਦੀ ਹੈ ਤਾਂ ਦਸਤਕਾਰ ਵਰਗ ਸੰਕਟ ਭੋਗਦਾ ਹੈ। ਜਿਹੜਾ ਹਿੱਸਾ ਸ਼ਹਿਰੀਕਰਨ ਵਿਚ ਪ੍ਰਵੇਸ਼ ਕਰ ਜਾਂਦਾ ਹੈ ਉਹ ਆਪਣੇ ਪਿਛੋਕੜ ਤੋਂ ਟੁੱਟ ਜਾਂਦਾ ਹੈ। ਬਰਕਤ ਪਿੱਛੜ ਜਾਂਦਾ ਹੈ ਉਸ ਦੇ ਭਰਾ ਕਾਮਯਾਬ ਹੋ ਜਾਂਦੇ ਹਨ। ਕਹਾਣੀਕਾਰ ਇਸੇ ਸੰਕਟ ਵਿਚ ਅੱਤਵਾਦ ਨੂੰ ਸ਼ਾਮਲ ਕਰ ਲੈਂਦਾ ਹੈ। ਅੱਤਵਾਦ ਦੀ ਸਮੱਸਿਆ ਨੂੰ ਸਟੇਟ ਕਿਵੇਂ ਵਰਤਦੀ ਹੈ, ਇਸ ਕਹਾਣੀ ਵਿਚ ਬਿਰਤਾਂਤ ਨੂੰ ਇਕ ਵੱਖਰੇ ਪਾਸਾਰ ਨਾਲ ਜੋੜਦਾ ਹੈ। ਕਹਾਣੀ ਦਾ ਅੰਤ ਬਹੁਤ ਖੂਬਸੂਰਤ ਹੈ। ਇਸ ਦੀ ਇਕ ਪਰਤ ਸਾਧਾਰਨ ਪੇਂਡੂ ਜੀਵਨ ਜਾਚ, ਮਾਂ ਦੇ ਰਿਸ਼ਤੇ ਦੀ ਸਹਿਜਤਾ ਨਾਲ ਜਾ ਜੁੜਦੀ ਹੈ ਦੂਜੇ ਪਾਸੇ ਮੱਧ ਵਰਗੀ ਜੀਵਨ-ਜਾਚ ਨਾਲ। ਇਸ ਤਰ੍ਹਾਂ ਇਹ ਕਹਾਣੀ ਵਿਲੱਖਣ ਹੈ। ਪਰਵੀਨ ਮਲਿਕ ਦੀ ਦ੍ਰਿਸ਼ਟੀਗਤ ਸਪੱਸ਼ਟਤਾ ਮਹੱਤਵਪੂਰਨ ਹੈ। ਇਹ ਸਹਿਜ ਅੰਤ ਪਰਵੀਨ ਮਲਿਕ ਕਹਾਣੀਕਾਰ ਦੇ ਹਿੱਸੇ ਹੀ ਆਉਂਦੀ ਹੈ।

●●●

# ਪਾਕਿਸਤਾਨੀ ਪੰਜਾਬੀ ਕਹਾਣੀ ਵਿਚਾਰ ਚਰਚਾ ਦੇ ਸਿੱਟੇ

ਅਦਾਰਾ 'ਪ੍ਰਵਚਨ' ਅਤੇ ਬੀਬੀ ਸਵਰਨ ਕੌਰ ਟਰੱਸਟ ਵੱਲੋਂ ਕਰਾਈ ਇਹ ਸੋਲਵੀਂ ਗੋਸ਼ਟੀ ਲਹਿੰਦੇ ਪੰਜਾਬ ਦੀ ਪੰਜਾਬੀ ਕਹਾਣੀ ਉਤੇ ਕੇਂਦਰਿਤ ਸੀ। ਅੱਗੇ ਹਰ ਸਾਲ ਅਕਤੂਬਰ ਮਹੀਨੇ ਵਿਚ ਪੰਦਰਾਂ ਸੋਲਾਂ ਵਿਦਵਾਨ ਅਤੇ ਲੇਖਕ ਮਿਲ ਬੈਠ ਕੇ ਨਿੱਠ ਕੇ ਚਰਚਾ ਕਰਦੇ ਸਨ। ਕਾਟਵੇਂ, ਇਕ ਦੂਜੇ ਨਾਲ ਸਹਿਮਤੀ ਅਤੇ ਰਾਜਨੀਤੀ, ਇਤਿਹਾਸ, ਆਰਥਿਕਤਾ, ਸਮਾਜਿਕ, ਮਨੋਵਿਗਿਆਨਕ ਮਸਲਿਆਂ ਅਤੇ ਸਾਹਿਤ ਦੀਆਂ ਬਾਕੀ ਵਿਧਾਵਾਂ ਦੇ ਹਵਾਲੇ ਨਾਲ ਸਵੰਾਦ ਚੱਲਦਾ ਰਹਿੰਦਾ ਪ੍ਰੰਤੂ ਕੇਂਦਰ ਵਿਚ ਸਾਹਿਤ ਹੀ ਰਹਿੰਦਾ। ਇਸ ਵਾਰ ਕੋਵਿਡ-19 ਕਰ ਕੇ ਅਜਿਹਾ ਸੰਵਾਦ ਮੁਸ਼ਕਲ ਸੀ। ਇਸ ਲਈ ਇਸ ਸੱਤੇ ਕਹਾਣੀਆਂ ਅਤੇ ਥੀਮ ਪੇਪਰ ਸਤਾਰਾਂ ਆਲੋਚਕਾਂ/ਲੇਖਕਾਂ ਨੂੰ ਭੇਜ ਕੇ ਟਿੱਪਣੀਆਂ ਮੰਗਵਾਈਆਂ ਗਈਆਂ। ਇਸ ਲਈ ਇਹ ਸਾਰੀਆਂ ਟਿੱਪਣੀਆਂ ਵਿਦਵਾਨਾਂ ਨੇ ਸਵੈ ਗ੍ਰਹਿਣ ਕੀਤੇ ਵਿਚਾਰ ਹਨ। ਇਸ ਕਰ ਕੇ ਨਿਰੋਲ ਕਹਾਣੀਆਂ ਦੀ ਟੈਕਸਟ ਉਤੇ ਕੇਂਦਰਿਤ ਹਨ। ਇਹ ਆਪਣੇ ਕਿਸਮ ਦਾ ਨਵਾਂ ਤਜਰਬਾ ਹੈ। ਸਾਨੂੰ ਇਹ ਚੰਗਾ ਲੱਗਿਆ। ਇਸ ਸਵੈ ਵਿਚਾਰ ਪ੍ਰਗਟਾਵੇ ਵਿਚੋਂ ਸਿੱਟੇ ਬਹੁਤ ਸਾਰਥਕ ਨਿਕਲੇ ਹਨ। ਇਸ ਅੰਕ ਨਾਲ ਲਹਿੰਦੇ ਪੰਜਾਬ ਦੀ ਪੰਜਾਬੀ ਕਹਾਣੀ ਦੀ ਟੋਹ ਤਾਂ ਮਿਲਦੀ ਹੀ ਹੈ। ਕੁਝ ਨਵੇਂ ਵਿਦਵਾਨਾਂ ਦੀ ਪਛਾਣ ਵੀ ਹੋਈ ਹੈ। ਸਾਂਝੇ ਸਿੱਟੇ ਇਸ ਪ੍ਰਕਾਰ ਹਨ:-

1. ਲਹਿੰਦੇ ਪੰਜਾਬ ਦੀ ਕਹਾਣੀ ਆਪਣੀ ਸਮਾਜਿਕ ਚੇਤਨਾ ਦੇ ਪੜਾਅ ਕਰਕੇ ਵੱਖਰੀ ਹੈ।
2. ਇਹ ਕਹਾਣੀ ਜਿਸ ਵਿਚ ਸੱਤਾ ਦਾ ਵਿਰੋਧ ਹੈ ਪ੍ਰਤੀਕਾਤਮਕ ਸ਼ੈਲੀ ਵਿਚ ਲਿਖੀ ਗਈ ਹੈ।
3. ਮੱਧ ਵਰਗੀ ਨਾਰੀ ਚੇਤਨਾ ਲਹਿੰਦੇ ਪੰਜਾਬ ਦੀ ਕਹਾਣੀ ਵਿਚ ਪ੍ਰਵੇਸ਼ ਕਰ ਰਹੀ ਹੈ।
4. ਇਸ ਕਹਾਣੀ ਦੀ ਮੁੱਖ ਸੁਰ ਪ੍ਰਗਤੀਸ਼ੀਲ ਹੈ।
5. ਲਹਿੰਦੇ ਪੰਜਾਬ ਦੀ ਕਹਾਣੀ ਸੰਜਮੀ ਸ਼ੈਲੀ ਵਾਲੀ ਹੈ।
6. ਲਹਿੰਦੇ ਪੰਜਾਬ ਦੀ ਕਹਾਣੀ ਦੇ ਕੇਂਦਰ ਵਿਚ ਕਿਸਾਨੀ ਦੀ ਥਾਂ ਕਿਰਤੀ ਸਮਾਜ ਹੈ ਜਿਹੜਾ ਇਧਰਲੀ ਦਲਿਤ ਚੇਤਨਾ ਤੋਂ ਮੁਕਤ ਹੈ।

***-ਸੰਪਾਦਕ***


5ਆਬ ਇਕ ਪ੍ਰਕਾਸ਼ਨ ਹੀ ਨਹੀਂ ਸਗੋਂ ਸਾਹਿਤ, ਚਿੰਤਨ ਅਤੇ ਸਭਿਆਚਾਰ ਦੇ ਖੇਤਰ ਵਿਚ ਇਕ ਲਹਿਰ ਹੈ। ਹੁਣ ਤਕ ਅਸੀਂ ਲਗਭਗ ਚਾਰ ਸੌ ਦੇ ਕਰੀਬ ਟਾਈਟਲ ਛਾਪ ਚੁੱਕੇ ਹਾਂ। ਇਨ੍ਹਾਂ ਵਿਚ ਸਾਹਿਤ ਚਿੰਤਨ ਅਤੇ ਰਾਜਨੀਤੀ ਨਾਲ ਸੰਬੰਧਤ ਪੁਸਤਕਾਂ ਵੀ ਸ਼ਾਮਲ ਹਨ। ਅਸੀਂ ਇਹ ਸੋਚਦੇ ਹਾਂ ਕਿ ਪ੍ਰਕਾਸ਼ਨ ਸਿਰਫ਼ ਇਕ ਕਿੱਤਾ ਨਹੀਂ ਸਗੋਂ ਲੋਕਾਂ ਨੂੰ ਉੱਤਮ ਸਾਹਿਤ ਅਤੇ ਅਗਾਂਹਵਧੂ ਰਾਜਨੀਤੀ ਅਤੇ ਚਿੰਤਨ ਦੇ ਫੈਲਾਅ ਦਾ ਮਾਧਿਅਮ ਵੀ ਹੈ। ਅਸੀਂ ਇਸ ਵਿਚਾਰ ਨੂੰ ਧਿਆਨ ਵਿਚ ਰੱਖ ਕੇ ਪ੍ਰਕਾਸ਼ਨ ਦੇ ਕੰਮ ਵਿਚ ਉੱਤਰੇ ਹਾਂ। ਹੁਣ ਤਕ ਅਗਾਂਹਵਧੂ ਲੇਖਕਾਂ ਅਤੇ ਸੁਹਿਰਦ ਸਿਰਜਣਕਾਰਾਂ ਵੱਲੋਂ ਭਾਰੂ ਹੁੰਗਾਰਾ ਮਿਲਿਆ ਹੈ। ਇਸੇ ਹੁੰਗਾਰੇ ਨੂੰ ਧਿਆਨ ਵਿਚ ਰੱਖਦੇ ਹੋਏ ਅਸੀਂ ਪ੍ਰਕਾਸ਼ਨ ਨਾਲ ਸੰਬੰਧਿਤ ਕੁਝ ਪ੍ਰਤਿਮਾਨ ਸਥਾਪਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਉਮੀਦ ਹੈ ਸੁਹਿਰਦ ਲੇਖਕ ਤੇ ਪਾਠਕ ਇਸ ਨੂੰ ਭਰਪੂਰ ਹੁੰਗਾਰਾ ਦੇਣਗੇ।

**ਕੇਸਰ ਸਿੰਘ**

**ਸੰਚਾਲਕ 5ਆਬ ਪ੍ਰਕਾਸ਼ਨ**

**1,2 ਦੇਸ਼ ਭਗਤ ਯਾਦਗਾਰ ਬਿਲਡਿੰਗ, ਜੀ.ਟੀ. ਰੋਡ ਜਲੰਧਰ, ਮੋਬਾਇਲ: 98140-87063**

## ਪੁਸਤਕ ਰਿਵੀਊ

**'ਪੱਗੜੀ ਸੰਭਾਲ ਜੱਟਾ' (ਨਾਟਕ) ਲੇਖਕ: ਗੁਰਪ੍ਰੀਤ ਸਿੰਘ ਰਟੌਲ, ਲੋਕਗੀਤ ਪ੍ਰਕਾਸ਼ਨ, ਜਲੰਧਰ, 2020, ਕੀਮਤ 225, ਪੰਨੇ 229**

ਗੁਰਪ੍ਰੀਤ ਸਿੰਘ ਰਟੌਲ ਪੰਜਾਬੀ ਨਾਟਕ ਵਿਚ ਪਿਛਲੇ ਥੋੜ੍ਹੇ ਹੀ ਸਮੇਂ ਵਿਚ ਉੱਭਰਿਆ ਨਵਾਂ ਨਾਂ ਹੈ। ਉਸ ਨੇ ਇਤਾਸਕ ਵਿਸ਼ਿਆਂ ਤੋਂ ਲੈ ਕੇ ਅਜੋਕੇ ਆਰਥਿਕ-ਸਮਾਜਕ ਤੇ ਰਾਜਨੀਤਿਕ ਸਰੋਕਾਰਾਂ ਬਾਰੇ ਨਾਟਕ ਲਿਖੇ ਵੀ ਹਨ ਹਨ ਤੇ ਉਨ੍ਹਾਂ ਨੂੰ ਰੰਗਮੰਚ ਰਾਹੀਂ ਦਰਸ਼ਕਾਂ ਦੇ ਰੂ-ਬ-ਰੂ ਵੀ ਕੀਤਾ ਹੈ। ਹੱਥਲਾ ਨਾਟਕ 'ਪੱਗੜੀ ਸੰਭਾਲ ਜੱਟਾ' ਕਿਸਾਨੀ ਦੇ ਅਜੋਕੇ ਸੰਕਟ ਬਾਰੇ ਹੈ। ਜਿਸ ਦੇ ਪਿਛੋਕੜ ਵਿਚ 1907 ਦੀ ਸਾਮਰਾਜ ਦੇ ਖਿਲਾਫ਼ ਚਲੀ ਲਹਿਰ ਇਕ ਪ੍ਰੇਰਣਾ ਦੇ ਰੂਪ ਵਿਚ ਕਾਰਜਸ਼ੀਲ ਹੈ। ਹਰੇ ਇਨਕਲਾਬ ਨੇ ਖੇਤੀ ਦੇ ਮੁਹਾਂਦਰੇ ਨੂੰ ਪੂਰੀ ਤਰ੍ਹਾਂ ਬਦਲ ਕੇ ਰੱਖ ਦਿੱਤਾ ਹੈ। ਹਰੇ ਇਨਕਲਾਬ ਨਾਲ ਮੁੱਢਲੇ ਦੌਰ ਵਿਚ ਕਿਸਾਨੀ ਦੇ ਸਾਰੇ ਵਰਗਾਂ ਨੂੰ ਸਹਾਰਾ ਮਿਲਿਆ ਸੀ।ਉਸਦਾ ਜੀਵਨ ਪੱਧਰ ਉੱਚਾ ਹੋਇਆ ਤੇ ਕਿਸਾਨੀ ਦੇ ਬੱਚੇ ਵਿਦਿਆ ਪ੍ਰਾਪਤ ਕਰਕੇ ਖੇਤੀ ਤੋਂ ਬਾਹਰ ਨਵੇਂ ਧੰਦਿਆਂ ਵਿਚ ਰੁਜ਼ਗਾਰ ਹਾਸਲ ਕਰਨ ਵਿਚ ਸਫ਼ਲ ਹੋਏ। ਪਰ ਖੇਤੀ ਸਨਅਤਾਂ ਦੀ ਅਣਹੋਂਦ ਕਾਰਣ 'ਚ ਖੇਤੀ ਦਾ ਇਹ ਹਾਲ ਲੰਮਾ ਸਮਾ ਕਾਇਮ ਨਾ ਰਹਿ ਸਕਿਆ। ਵਧਦੀਆਂ ਖੇਤੀ ਲਾਗਤਾਂ ਤੇ ਘਟਦੇ ਮੁਨਾਫੇ ਨੇ ਇਸ ਨੂੰ ਘਾਟੇ ਵਾਲਾ ਕਿਤਾ ਬਣਾ ਦਿੱਤਾ, ਖੇਤੀ ਤੋਂ ਬਾਹਰ ਵੀ ਰੁਜ਼ਗਾਰ ਦੇ ਸੋਮੇ ਸੁੰਗੜਨ ਲੱਗੇ। ਇਸ ਤਰ੍ਹਾਂ ਇਹਨਾਂ ਸਮੁੱਚੇ ਵਰਤਾਰਿਆ ਨੇ ਕਿਸਾਨੀ ਨੂੰ ਸੰਕਟ ਵੱਲ ਧੱਕ ਦਿੱਤਾ ਹੈ। ਇਹ ਨਾਟਕ ਇਨ੍ਹਾਂ ਸੰਕਟਾਂ ਨੂੰ ਸੰਬੋਧਿਤ ਹੈ। ਪਿਛਲੇ ਸਮਿਆਂ ਦੌਰਾਨ ਪ੍ਰਾਪਤ ਸੁਖ-ਸਹੂਲਤਾਂ ਤੇ ਜੀਵਨ-ਪੱਧਰ ਨੂੰ ਕਾਇਮ ਰੱਖਣਾ ਨਿਰੰਤਰ ਮੁਸ਼ਕਿਲ ਹੁੰਦਾ ਜਾ ਰਿਹਾ ਹੈ। ਇਸ ਕਰਕੇ ਇਹ ਸੰਕਟ ਬਹੁ-ਦਿਸ਼ਾਵੀਂ ਰੂਪ ਧਾਰਦਾ ਜਾਂਦਾ ਹੈ। ਇਕ ਪਾਸੇ ਬੇ-ਰੁਜ਼ਗਾਰੀ ਵਧਦੀ ਹੈ। ਨਸ਼ਿਆਂ ਵਿਚ ਵਾਧਾ ਹੁੰਦਾ", ਜ਼ਮੀਨ ਨਿਰੋਲ ਵਸਤੂ ਵਿਚ ਤਬਦੀਲ ਹੁੰਦੀ ਜਾਂਦੀ ਹੈ, ਜਿਸ ਨੂੰ ਵੇਚ ਕੇ ਜਾਂ ਗਹਿਣੇ ਰੱਖਕੇ ਜ਼ਰੂਰਤਾਂ ਪੂਰੀਆਂ ਕੀਤੀਆਂ ਜਾ ਸਕਦੀਆਂ ਸਨ। ਇਸ ਕਰਕੇ ਕਰਜ਼ਾ ਲੈਣ ਦੀ ਸਹੂਲਤ ਇਸ ਸੰਕਟ ਵਿਚ ਹੋਰ ਵਾਧਾ ਕਰਦੀ ਹੈ। ਇਹ ਸੰਕਟ ਹੀ ਸਮੁੱਚੇ ਨਾਟਕ ਦਾ ਕੇਂਦਰੀ ਨੁਕਤਾ ਹੈ, ਜਿਸਦੀਆਂ ਵਿਭਿੰਨ ਪਰਤਾ ਨੂੰ ਨਾਟਕਕਾਰ ਇਕ ਪਿੰਡ ਦੇ ਪ੍ਰਸੰਗ ਵਿਚ ਪੇਸ਼ ਕਰਦਾ ਹੈ।

ਲੇਖਕ ਮੁਤਾਬਿਕ ਪਿੰਡ ਦੀ ਪੜ੍ਹੀ-ਲਿਖੀ ਨੌਜਵਾਨ ਪੀੜ੍ਹੀ ਨੂੰ ਇਸ ਸੰਕਟ ਦੇ ਨਿਵਾਰਣ ਲਈ ਯਤਨ ਕਰਨਾ ਚਾਹੀਦਾ ਹੈ। ਲੇਖਕ ਇਸ ਸੰਕਟ ਲਈ ਜੋ ਹੱਲ ਦਰਸਾਉਂਦਾ ਹੈ, ਭਾਵੇਂ ਉਹ ਵਿਹਾਰਕ ਨਹੀਂ ਲੱਗਦਾ, ਪਰ ਕਿਸਾਨੀ ਵਿਚ ਇਕ ਨਵੀਂ ਚੇਤਨਾ ਪੈਦਾ ਕਰਨ ਵਾਲਾ ਜ਼ਰੂਰ ਹੈ। ਇਸ ਚੇਤਨਾ ਕਰਕੇ ਇਹ ਵਿਹਾਰਕ ਨਾ ਹੁੰਦਾ ਹੋਇਆ ਵੀ ਮੰਨਣਯੋਗ ਲੱਗਦਾ ਹੈ। ਅਜੋਕੇ ਕਿਸਾਨੀ ਦੇ ਸੰਘਰਸ਼ ਦੇ ਪ੍ਰਸੰਗ ਵਿਚ ਪੜ੍ਹੀ-ਲਿਖੀ ਨੌਜਵਾਨ ਪੀੜ੍ਹੀ ਦੀ ਸਮੂਲੀਅਤ ਇਸ ਨੂੰ ਵਿਹਾਰਕ ਬਣਾਉਣ ਲਈ ਜ਼ਮੀਨ ਤਿਆਰ ਕਰਦੀ ਦਿਸਦੀ ਹੈ। ਇਸ ਕਰਕੇ ਕਿਸਾਨੀ ਦੇ ਮੌਜੂਦਾ ਸੰਘਰਸ਼ ਦੇ ਪ੍ਰਸੰਗ ਵਿਚ ਇਸ ਨਾਟਕ 'ਚ ਪੜ੍ਹਤ ਨਵੇਂ ਅਰਥ ਸਿਰਜਦੀ ਹੈ।

***

**'ਬੇਚੈਨ ਥੇਮਜ਼' (ਨਾਵਲ) ਲੇਖਕ: ਮਹਿੰਦਰ ਪਾਲ ਸਿੰਘ ਧਾਲੀਵਾਲ,**
**ਪ੍ਰਕਾਸ਼ਕ: ਪੀਪਲਜ਼ ਫੋਰਮ, ਬਰਗਾੜੀ, 2020, ਕੀਮਤ 250, ਪੰਨੇ 312**

ਮਹਿੰਦਰ ਪਾਲ ਸਿੰਘ ਧਾਲੀਵਾਲ ਪੰਜਾਬੀ ਵਿਚ ਵੱਖਰੀ ਸੁਰ ਵਾਲਾ ਨਾਵਲਕਾਰ ਹੈ। ਪੰਜਾਬੀ ਦਾ ਵਧੇਰੇ ਨਾਵਲ ਅਨੁਭਵ ਆਧਾਰਿਤ ਜਾਂ ਆਪਣੇ ਆਲੇ-ਦੁਆਲੇ ਵਿਚੋਂ ਵੇਖੇ-ਸੁਣੇ ਅਨੁਭਵਾਂ 'ਤੇ ਆਧਾਰਿਤ ਹੈ। ਇਹ ਸੀਮਤ ਖਿੱਤਾ ਤੇ ਸੀਮਤ ਅਨੁਭਵਾਂ ਦੀ ਗੁੰਜਾਇਸ਼ ਹੋਣ ਕਰਕੇ ਪੰਜਾਬੀ ਦੇ ਵਥੇਰੇ ਨਾਵਲਕਾਰ ਕੁਝ ਦੇਰ ਬਾਅਦ ਆਪਣੇ-ਆਪ ਨੂੰ ਦੁਹਰਾਉਣ ਲੱਗਦੇ ਜਾ ਇਸ ਕਰਕੇ ਪੰਜਾਬੀ ਨਾਵਲ ਵਿਚ ਪੇਸ਼ ਯਥਾਰਥ ਪ੍ਰਮਾਣਿਕ ਹੁੰਦਾ ਹੋਇਆ ਵੀ ਇਕ ਸੀਮਾਂ ਵਿਚ ਹੀ ਵਿਚਰਦਾ ਹੈ। ਪਰ ਪਿਛਲੇ ਕੁਝ ਸਮਿਆਂ ਤੋਂ ਕੁਝ ਨਾਵਲਕਾਰ ਨਵੇਂ ਤਜਰਬੇ ਕਰਨ ਵੇਲੇ ਵੀ ਰੁਚਿਤ ਹਨ। ਇਨ੍ਹਾਂ ਨਾਵਲਕਾਰਾਂ ਵਿਚ ਮਹਿੰਦਰ ਪਾਲ ਸਿੰਘ ਧਾਲੀਵਾਲ ਇਕ ਮਹੱਤਵਪੂਰਨ ਨਾਂ ਹੈ। ਉਸ ਨੇ ਅਨੁਭਵ ਆਧਾਰਿਤ ਨਾਵਲਾਂ ਦੇ ਨਾਲ-ਨਾਲ ਇਕ ਖੋਜ-ਪ੍ਰਾਜੈਕਟ ਵਾਂਗ ਨਿਰੰਤਰ ਮਿਹਨਤ ਤੇ ਖੋਜ ਕਰਕੇ ਵੀ ਨਾਵਲ ਲਿਖੇ ਹਨ। ਪਹਿਲਾਂ ਉਸਨੇ ਅਜੇਹਾ ਹੀ ਨਾਵਲ ਗ਼ਦਰ ਲਹਿਰ ਬਾਰੇ ਰਚਿਆ ਸੀ। ਉਸਦਾ ਹੱਥਲਾ ਨਾਵਲ 'ਬੇਚੈਨ ਥੇਮਜ਼' ਵੀ ਇਕ ਖੋਜ-ਆਧਾਰਿਤ ਨਾਵਲ ਹੈ। ਇਸ ਨਾਵਲ ਵਿਚ ਲੇਖਕ ਨੇ ਉਨਵੀਂ ਸਦੀ ਦੇ ਪਿਛਲੇ ਅੱਧ ਵਾਲੇ ਬਰਤਾਨਵੀ ਸਮਾਜ ਨੂੰ ਪੇਸ਼ ਕੀਤਾ ਹੈ। ਇਹ ਸਮਾਜ ਖੇਤੀ ਤੋਂ ਸਨਅਤੀ ਸਮਾਜ ਵਿਚ ਤਬਦੀਲ ਹੋ ਰਿਹਾ ਸੀ ਤੇ ਇਕ ਬਸਤੀਵਾਦੀ ਮੁਲਕ ਦੇ ਰੂਪ ਵਿਚ ਵੀ ਸਾਹਮਣੇ ਆ ਰਿਹਾ ਸੀ। ਇਸ ਨਾਵਲ ਵਿਚ ਬਰਤਾਨੀਆਂ ਦੇ ਪਰੰਪਰਿਕ ਸਮਾਜ ਉਪਰ ਪੈ ਰਹੇ ਨਵੇਂ ਪ੍ਰਭਾਵਾਂ ਤੇ ਤਬਦੀਲੀਆਂ ਨੂੰ ਚਿਤਰਿਆ ਗਿਆ ਹੈ। ਆਮ ਭਾਰਤੀ ਵਿਅਕਤੀ ਦੀਆਂ ਨਜ਼ਰਾਂ ਵਿਚ ਬਰਤਾਨੀਆ ਇਕ ਬਸਤੀਵਾਦੀ ਤਾਕਤ ਦੇ ਰੂਪ 'ਚ ਬੈਠਾ ਹੋਇਆ ਹੈ, ਜੋ ਹਿੰਦੁਸਤਾਨ ਵਰਗੀਆਂ ਬਸਤੀਆ ਦੀ ਲੁੱਟ ਕਰਕੇ ਨਿਰੰਤਰ ਅਮੀਰ ਹੋ ਰਿਹਾ ਹੈ। ਪਰ ਇਸ ਦਾ ਫ਼ਾਇਦਾ ਸਿਰਫ਼ ਉਪਰਲੇ ਤਬਕੇ ਤੱਕ ਹੀ ਸੀਮਤ ਸੀ। ਮਜ਼ਦੂਰ ਵਰਗ ਦੀ ਜ਼ਿੰਦਗੀ ਨਰਕ ਤੋਂ ਵੀ ਭੈੜੀ ਸੀ। ਹਰ ਪਾਸੇ ਖੇਤੀ ਵਿਚ ਮਸ਼ੀਨੀਕਣ ਦੀ ਆਮਦ ਨਾਲ ਮਜ਼ਦੂਰ ਵਿਹਲੇ ਹੋ ਕੇ ਰੁਜ਼ਗਾਰ ਦੀ ਭਾਲ ਵਿਚ ਸ਼ਹਿਰਾਂ ਵੱਲ ਆ ਰਹੇ ਸਨ ਤੇ 'ਦੂਸਰੇ ਸਨਅਤੀ ਖੇਤਰ ਵਿਚ ਵੀ ਬੇ-ਰੁਜ਼ਗਾਰੀ ਨਿਰੰਤਰ ਵੱਧ ਰਹੀ ਸੀ। ਆਰਥਿਕ ਸੰਕਟ ਦੇ ਬਾਵਜੂਦ ਵਰਗ ਸੰਘਰਸ਼ ਕਰ ਰਹੇ ਸਨ। ਨਾਵਲਕਾਰ ਇਨ੍ਹਾਂ ਸਾਰੇ ਵਰਤਾਰਿਆਂ ਨੂੰ ਨਾਵਲ ਵਿਚ ਪੇਸ਼ ਕਰਦਾ ਹੈ। ਪਹਿਲੀ ਤੇ ਦੂਜੀ ਸੰਸਾਰ ਜੰਗ, ਹੱਕਾਂ ਤੇ ਕੰਮ ਦੇ ਘੰਟਿਆਂ ਲਈ, ਵੋਟ ਲਈ ਸੰਘਰਸ਼ ਉਸ ਵੇਲੇ ਦੇ ਬਰਤਾਨਵੀ ਸਮਰਾਜ ਦੀ ਸਮੁੱਚੀ ਤਸਵੀਰ ਨੂੰ ਪੇਸ਼ ਕਰਦੇ। ਨਾਵਲਕਾਰ ਇਨ੍ਹਾਂ ਵਰਤਾਰਿਆਂ ਨੂੰ ਸੰਘਣੇ, ਪੜ੍ਹਨਯੋਗ ਪਿਛੋਕੜ ਵਿਚ ਪੂਰੀ ਸਮਰੱਥਾ ਨਾਲ ਢਾਲਕੇ ਇਸ ਨਾਵਲ ਨੂੰ ਇਕ ਇਤਿਹਾਸਕ ਮਾਨਵੀ ਦਸਤਾਵੇਜ਼ ਦੇ ਰੂਪ ਵਿਚ ਪੇਸ਼ ਕਰਦਾ ਹੈ।

**'ਉਹ ਇੱਕੀ ਦਿਨ' (ਨਾਵਲ) ਲੇਖਕ: ਗੁਰਮੀਤ ਕੜਿਆਲਵੀ**
**ਪ੍ਰਕਾਸ਼ਕ: ਪੀਪਲਜ਼ ਫੋਰਮ, ਬਰਗਾੜੀ, 2020, ਕੀਮਤ 150, ਪੰਨੇ 152**

ਗੁਰਮੀਤ ਕੜਿਆਲਵੀ ਪੰਜਾਬੀ ਸਾਹਿਤ ਵਿਚ ਇਕ ਕਹਾਣੀਕਾਰ ਦੇ ਰੂਪ ਵਿਚ ਸਥਾਪਿਤ ਨਾਂ ਹੈ, ਜਿਸ ਨੇ ਯਾਦਗਾਰੀ ਕਹਾਣੀਆਂ ਲਿਖਕੇ ਪੰਜਾਬੀ ਕਹਾਣੀ ਨੂੰ ਭਰਪੂਰ ਬਣਾਉਣ ਵਿਚ ਆਪਣਾ ਹਿੱਸਾ ਪਾਇਆ ਹੈ। ਕਹਾਣੀ ਤੋਂ ਇਲਾਵਾ ਵਾਰਤਕ ਤੇ ਬਾਲ ਸਾਹਿਤ ਵਿਚ ਉਸਦਾ ਯੋਗਦਾਨ ਮਹੱਤਵਪੂਰਨ ਹੈ। 'ਉਹ ਇੱਕੀ ਦਿਨ' ਨਾਵਲ ਲਿਖ ਕੇ

ਉਸਨੇ ਇਕ ਨਵੀਂ ਸਾਹਿਤਕ ਵਿਧਾ ਆਪਣੀਆਂ ਪ੍ਰਾਪਤੀਆਂ ਵਿਚ ਦਰਜ ਕੀਤੀ ਹੈ। ਇਹ ਨਾਵਲ ਮਹਾਮਾਰੀ ਕਾਰਣ ਇਕ ਇਕਾਂਤਵਾਸ ਵਿਚ ਸ਼ੱਕੀ ਮਰੀਜ਼ਾਂ ਦੇ ਇੱਕੀ ਦਿਨ ਦੇ ਠਹਿਰਾਅ ਨੂੰ ਵੱਖ-ਵੱਖ ਪਾਤਰਾਂ ਦੇ ਪ੍ਰਸੰਗ ਵਿਚ ਪੇਸ਼ ਕਰਨ ਦੇ ਯਤਨ ਨਾਲ ਸੰਬੰਧਿਤ ਨਾਵਲ ਹੈ। ਵੱਖ-ਵੱਖ ਪਾਤਰਾਂ ਦੇ ਵਿਹਾਰ ਵਿਚੋਂ ਮਨੁੱਖੀ ਮਾਨਸਿਕਤਾ ਦੇ ਵਿਭਿੰਨ ਪਾਸਾਰ ਦ੍ਰਿਸ਼ਟੀਗੋਚਰ ਹੁੰਦੇ, ਜੋ ਕਿ ਸੰਕਟ ਦੇ ਸਮੇਂ ਦੌਰਾਨ, ਜਦੋਂ ਮਨੁੱਖ ਨੂੰ ਉਸਦੀ ਹੋਂਦ ਦੇ ਖਤਰੇ ਵਿਚ ਹੋਣ ਦਾ ਖ਼ਦਸ਼ਾ ਹੋਵੇ, ਉਸਦੀਆਂ ਕਮਜ਼ੋਰੀਆਂ ਨੂੰ ਸਾਹਮਣੇ ਲਿਆਉਂਦੇ ਜਾ ਅਜੇਹੇ ਡਰ ਵਾਲੇ ਵਾਤਾਵਰਣ ਵਿਚ ਆਨੰਦ ਤੇ ਸੁਖਮਿਨ ਵਰਗੇ ਸੰਤੁਲਿਤ ਪਾਤਰ ਹੀ ਲੋਕਾਂ ਦੇ ਡਰ ਨੂੰ ਘਟਾਉਣ ਦਾ ਯਤਨ ਕਰਕੇ ਆਦਰਸ਼ਕ ਵਿਅਕਤੀ ਦੇ ਰੂਪ ਵਿਚ ਸਾਹਮਣੇ ਆਉਂਦੇ। ਪਰ ਨਾਵਲ ਵਰਗੀ ਵਿਸ਼ਾਲ ਸਾਹਿਤ ਵਿਧਾ ਕੇ ਲਿਹਾਜ਼ ਨਾਲ ਇਹ ਰਚਨਾ। ਇਕਹਿਰੇ ਸੁਭਾਅ ਵਾਲੀ ਹੈ। ਪਰ ਆਈ ਇਸ ਕਮਜ਼ੋਰੀ ਦੇ ਬਾਵਜੂਦ ਇਹ ਜ਼ਿੰਦਗੀ ਨਾਲ ਜੁੜਨ ਦੀ ਪ੍ਰੇਰਨਾ ਵੀ ਦੇਂਦੀ ਹੈ।

**'ਮੈਲ਼ੀ ਮਿੱਟੀ' (ਨਾਵਲ) ਲੇਖਕ: ਹਰਵਿੰਦਰ ਭੰਡਾਲ**


**ਪ੍ਰਕਾਸ਼ਕ: 5ਆਬ ਪ੍ਰਕਾਸ਼ਨ, ਜਲੰਧਰ, 2020, ਕੀਮਤ 160, ਪੰਨੇ 160**

ਹਰਵਿੰਦਰ ਭੰਡਾਲ ਪੰਜਾਬੀ ਸਾਹਿਤ ਜਗਤ ਵਿ ਇਕ ਕਵੀ ਅਤੇ ਮਾਰਕਸਵਾਦੀ ਚਿੰਤਕ ਦੇ ਤੌਰ 'ਤੇ ਸਥਾਪਿਤ ਨਾਂ ਹੈ। ਇਸ ਤੋਂ ਇਲਾਵਾ ਉਸਨੇ ਇਤਿਹਾਸਕਾਰੀ, ਸਫ਼ਰਨਾਮਾ, ਜੀਵਨੀ, ਸੰਪਾਦਨ ਤੇ ਅਨੁਭਵਾਂ ਰਾਹੀਂ ਪੰਜਾਬੀ ਸਾਹਿਤ ਤੇ ਚਿੰਤਨ ਨੂੰ ਭਰਪੂਰ ਬਣਾਉਣ ਵਿਚ ਜ਼ਿਕਰਯੋਗ ਹਿੱਸਾ ਪਾਇਆ ਹੈ। 'ਮੈਲ਼ੀ ਮਿੱਟੀ' ਨਾਲ ਉਹ ਇਕ ਨਾਵਲਕਾਰ ਦੇ ਰੂਪ ਵਿਚ ਪਾਠਕਾਂ ਸਾਹਮਣੇ ਪੇਸ਼ ਹੈ। ਇਹ ਨਾਵਲ ਪਿਛਲੇ ਪੰਜ ਦਹਾਕਿਆ ਵਿਚਲੀਆਂ ਪੰਜਾਬ ਵਿਚ ਵਾਪਰੀਆਂ ਤਬਦੀਲੀਆਂ ਨੂੰ ਪੇਸ਼ ਕਰਨ ਦਾ ਯਤਨ ਕਰਦਾ ਹੈ। ਪੰਜਾਬ ਦੇ ਇਤਹਾਸ ਵਿਚ ਇਹ ਤੇਜ਼ ਤਬਦੀਲੀਆਂ ਦਾ ਸਮਾਂ ਹੈ। ਹਰੇ ਇਨਕਲਾਬ ਤੋਂ ਬਾਅਦ ਪੰਜਾਬ ਦੀ ਖੇਤੀ ਦਾ ਸਰੂਪ ਤਬਦੀਲ ਹੁੰਦਾ ਹੈ ਤੇ ਇਸ ਦੇ ਅਸਰ ਵਜੋਂ ਮਨੁੱਖੀ ਰਿਸ਼ਤੇ ਵੀ ਨਵਾਂ ਰੂਪ ਅਖ਼ਤਿਆਰ ਕਰਦੇ ਸਨ। ਭੰਡਾਲ ਹਰੇ ਇਨਕਲਾਬ ਤੋਂ ਬਾਅਦ ਦੇ ਵਰਤਾਰਿਆਂ ਨੂੰ ਨਾਵਲ ਦੇ ਕੇਂਦਰੀ ਪਾਤਰ ਖੁਸ਼ਵੰਤ ਰਾਹੀਂ ਬਿਆਨ ਕਰਦਾ ਹੈ। ਰਵਾਇਤੀ ਜ਼ਿੰਦਗੀ ਬਤੀਤ ਕਰ ਰਿਹਾ ਪੀਰ ਇਨਾਇਤ ਸ਼ਾਹ ਦੀ ਮਿਹਰ ਵਾਲਾ ਪਿੰਡ ਬਿਲਕੁਲ ਇਸ ਢੰਗ ਨਾਲ ਬਦਲਦਾ ਹੈ ਕਿ ਪੀਰ ਦੀ ਮਿਹਰ ਗ਼ੈਰ-ਪ੍ਰਾਸੰਗਿਕ ਹੋ ਗਈ ਪ੍ਰਤੀਤ ਹੁੰਦੀ ਹੈ। 'ਮੈਲ਼ੀ ਮਿੱਟੀ 'ਤੇ' ਪੀਰ ਇਨਾਇਤ ਸ਼ਾਹ' ਦੀ ਮਿਹਰ ਦੇ ਚਿਹਨ ਲੇਖਕ ਦੀ ਰਚਨਾ-ਦ੍ਰਿਸ਼ਟੀ ਦੇ ਪ੍ਰਤੀਕ ਹਨ।

ਹਰੇ ਇਨਕਲਾਬ ਤੋਂ ਬਾਅਦ ਉਂਜ ਤਰੱਕੀ ਦੇ ਨਵੇਂ ਮੈਨੇ ਸਾਹਮਣੇ ਆਉਂਦੇ ਹਨ। ਪਿੰਡ ਤੋਂ ਉਠ ਕੇ ਲੋਕ ਨਵੇਂ ਮੌਕਿਆਂ ਖ਼ਾਤਿਰ ਸ਼ਹਿਰਾਂ ਵੱਲ ਪਰਵਾਸ ਕਰਦੇ ਸਨ। ਖੁਸ਼ਵੰਤ ਵੀ ਅਜੇਹਾ ਹੀ ਪਾਤਰ ਹੈ। ਤਬਦੀਲੀ ਦੀ ਇਹ ਰਫਤਾਰ ਨੋਵੇਂ ਦਹਾਕੇ ਤੋਂ ਬਾਅਦ ਹੋਰ ਵੀ ਰਫਤਾਰ ਪਕੜਦੀ ਹੈ। ਮਨੁੱਖੀ ਜੀਵਨ ਨਿਰੋਲ ਪੈਸੇ ਦੁਆਲੇ ਘੁੰਮਣਾ ਸ਼ੁਰੂ ਹੋ ਜਾਂਦਾ ਹੈ ਤੇ ਮਾਨਵੀ ਸੰਵੇਦਨਾਵਾਂ ਤੇ ਰਿਸ਼ਤੇ ਆਪਣਾ ਨਿੱਘ ਹਢਾਉਣ ਲੱਗਦੇ। ਮਨੁੱਖ ਸ੍ਵੈ-ਕੇਂਦਰਿਤ ਲਗਦਾ ਹੈ। ਸਾਰੇ ਸੰਘਰਸ਼ ਮੈਦਾਨ ਵਿਚੋਂ ਬਾਹਰ ਹੋ ਜਾਂਦੇ ਸਨ। ਸਰਕਾਰਾਂ ਆਪਣੀਆਂ ਜ਼ਿੰਮੇਵਾਰੀਆਂ ਤੋਂ ਮੂੰਹ ਮੋੜਨ ਲੱਗਦੀਆਂ ਹਨ। ਅਜੇਹੇ ਵੇਲਿਆਂ ਵਿਚ ਸੰਘਰਸ਼ ਪ੍ਰਾਪਤੀਆਂ ਤੱਕ ਪਹੁੰਚਣ ਤੋਂ ਪਹਿਲਾਂ ਹੀ ਦੁਖਾਂਤਕ ਹੋਣੀ ਦਾ ਸ਼ਿਕਾਰ ਹੋ ਜਾਂਦੇ ਜਾ ਸੰਘਰਸ਼ ਮਨੁੱਖ ਦੀ ਹੋਣੀ ਦਾ ਅਹਿਮ ਹਿੱਸਾ ਹੋਣ ਕਰਕੇ ਕਿਸੇ ਨਾ ਕਿਸੇ ਰੂਪ ਇਹ ਨਿਰੰਤਰ ਚਲਦਾ ਰਹਿੰਦਾ ਹੈ।

ਇਹ ਨਾਵਲ ਇਕ ਲਿਹਾਜ਼ ਨਾਲ ਪੰਜਾਬ ਦੇ ਸਮਾਜਕ-ਆਰਥਿਕ ਤੇ ਰਾਜਨੀਤਿਕ ਵਰਤਾਰਿਆਂ ਦਾ ਇਕ ਚਲੰਤ ਇਤਹਾਸ ਸਿਰਜਣ ਦਾ ਸੁਚੇਤ ਯਤਨ ਹੈ। ਪਰ ਇਹ ਬਿਰਤਾਂਤ ਆਸੇ-ਪਾਸੇ ਫ਼ੈਲਣ ਦੇ ਇਕਪਾਸੜ ਵਹਾਅ ਵਿਚ ਵਹਿਦਾ ਹੈ। ਜਿਸ ਕਰਕੇ ਨਕਸਲਾਈਟ ਲਹਿਰ ਤੇ ਖ਼ਾਲਿਸਤਾਨੀ ਲਹਿਰ ਦਾ ਬਹੁਤ ਹੀ ਪੇਤਲਾ ਬਿਰਤਾਂਤ ਨਾਵਲ ਵਿਚ ਉਭਰਦਾ ਹੈ। ਸਮੁੱਚੇ ਵਰਤਾਰਿਆਂ ਨੂੰ ਸਮਝਣਾ ਤੇ ਫਿਰ ਉਸ ਨੂੰ ਗਲਪ ਵਿਚ ਢਾਲ ਸਕਣਾ ਸੋਖਾ ਨਹੀਂ ਹੁੰਦਾ। ਪਹਿਲਾਂ ਯਤਨ ਹੋਣ ਦੇ ਬਾਵਜੂਦ ਭੰਡਾਰ ਦਾ ਚਿੰਤਨਸ਼ੀਲ ਵਤੀਰਾ ਨਾਵਲ ਵਿਚੋਂ ਝਲਕਾਰੇ ਮਾਰਦਾ ਨਜ਼ਰ ਆਉਂਦਾ ਹੈ। ***-ਡਾ. ਕੁਲਵੰਤ ਸਿੰਘ ਸੰਧੂ***

---




ਡਾ. ਰਜਨੀਸ਼ ਬਹਾਦਰ ਸਿੰਘ ਸਮਕਾਲੀ ਪੰਜਾਬੀ ਆਲੋਚਨਾ ਦੇ ਖੇਤਰ ਵਿਚ ਨਿਰੰਤਰ ਕਾਰਜਸ਼ੀਲ ਉਹ ਆਲੋਚਕ ਹੈ ਜਿਸਨੇ ਆਪਣੀ ਸਾਰੀ ਊਰਜਾ ਪੰਜਾਬੀ ਗਲਪ ਦੇ ਅਧਿਐਨ ਉੱਤੇ ਲਗਾਈ ਹੈ। ਉਸ ਦੀ ਸਮੀਖਿਆ ਦ੍ਰਿਸ਼ਟੀ ਮਾਰਕਸਵਾਦੀ ਚਿੰਤਨ ਵਿਚੋਂ ਆਕਾਰ ਗ੍ਰਹਿਣ ਕਰਦੀ ਹੈ ਪਰ ਉਹ ਸਿਧਾਂਤਕ ਹੱਠਧਰਮੀ ਦੀ ਥਾਂ ਬਦਲੀਆਂ ਸਥਿਤੀਆਂ ਨੂੰ ਹੁੰਗਾਰਾ ਦੇਣ ਦੀ ਬਿਰਤੀ ਕਾਰਣ ਗਤਿਸ਼ੀਲ ਮਾਰਕਸੀ ਪਹੁੰਚ ਦਾ ਧਾਰਣੀ ਪ੍ਰਤੀਤ ਹੁੰਦਾ ਹੈ। ਨਾਵਲੀ ਪਾਠਾਂ ਦਾ ਅਧਿਐਨ ਕਰਦਿਆਂ ਉਹ ਨਾਵਲੀ ਸੰਸਾਰ ਨੂੰ ਠੋਸ ਇਤਿਹਾਸਕ ਸੰਦਰਭਾਂ ਨਾਲ ਜੋੜ ਕੇ ਵਿਆਖਿਆਉਂਦਾ ਹੈ ਪਰ ਨਾਲ ਹੀ ਉਹ ਨਾਵਲੀ ਰੂਪ-ਵਿਧਾ ਅਤੇ ਕਥਾ-ਭਾਸ਼ਾ ਦੇ ਮਸਲਿਆਂ ਨੂੰ ਅੱਖੋਂ ਪਰੋਖੇ ਨਹੀਂ ਕਰਦਾ। ਡਾ. ਰਜਨੀਸ਼ ਬਹਾਦਰ ਨੇ ਆਪਣੀ ਇਸ ਕਿਤਾਬ ਵਿਚ ਨਾਵਲ ਦੀ ਵਿਧਾ, ਪੰਜਾਬੀ ਨਾਵਲ ਪਰੰਪਰਾ ਅਤੇ ਇਸ ਪਰੰਪਰਾ ਨੂੰ ਨਿਰੰਤਰਤਾ ਬਖ਼ਸ਼ਣ ਅਤੇ ਰੂਪਾਂਤਰਿਤ ਕਰਨ ਵਾਲੇ ਸੱਤ ਨਾਵਲਕਾਰਾਂ ਦੇ ਪ੍ਰਤਿਨਿਧ ਨਾਵਲੀ ਪਾਠਾਂ ਦਾ ਗਹਿਰ ਗੰਭੀਰ ਵਿਸ਼ਲੇਸ਼ਣ ਪ੍ਰਸਤੁਤ ਕੀਤਾ ਹੈ। ਉਹ ਨਾਵਲ ਦੀ ਵਿਧਾ ਅਤੇ ਪੰਜਾਬੀ ਨਾਵਲ ਪਰੰਪਰਾ ਦੇ ਸਰੂਪ ਨਾਲ ਜੁੜੇ ਬੁਨਿਆਦੀ ਸਵਾਲਾਂ ਨੂੰ ਇੱਕ ਵਾਰ ਫ਼ਿਰ ਉਠਾਉਂਦਾ ਹੈ ਅਤੇ ਆਪਣੀ ਸਮਝ ਅਨੁਸਾਰ ਤਰਕਪੂਰਣ ਵਿਸ਼ਲੇਸ਼ਣ ਉਪਰੰਤ ਉਨ੍ਹਾਂ ਦੇ ਜਵਾਬ ਦਿੰਦਾ ਹੈ। ਉਸ ਨੇ ਪੰਜਾਬੀ ਨਾਵਲ ਪਰੰਪਰਾ ਦੀਆਂ ਮੁੱਲਵਾਨ ਕ੍ਰਿਤੀਆਂ 'ਸੁੰਦਰੀ' (ਭਾਈ ਵੀਰ ਸਿੰਘ), 'ਚਿੱਟਾ ਲਹੂ' (ਨਾਨਕ ਸਿੰਘ), 'ਰਾਤ ਬਾਕੀ ਹੈ' (ਜਸਵੰਤ ਸਿੰਘ ਕੰਵਲ), 'ਮੜ੍ਹੀ ਦਾ ਦੀਵਾ' (ਗੁਰਦਿਆਲ ਸਿੰਘ) ਦਾ ਅਧਿਐਨ ਤਾਂ ਕੀਤਾ ਹੀ ਹੈ ਪਰ ਇਨ੍ਹਾਂ ਦੇ ਨਾਲ ਉਸ ਨੇ ਅਗਲੇ ਦੌਰ ਦੀਆਂ ਨਾਵਲੀ ਕਿਰਤਾਂ 'ਕੰਜਕਾਂ' (ਸਵਰਨ ਚੰਦਨ), 'ਕਾਲ ਕਥਾ' (ਮਨਮੋਹਨ ਬਾਵਾ) ਅਤੇ 'ਬਹੁਤ ਸਾਰੇ ਚੁਰੱਸਤੇ' (ਬਲਬੀਰ ਪਰਵਾਨਾ) ਨੂੰ ਵੀ ਉਨ੍ਹਾਂ ਜਿੰਨਾ ਹੀ ਮਹੱਤਵ ਪ੍ਰਦਾਨ ਕੀਤਾ ਹੈ। ਇਨ੍ਹਾਂ ਨਾਵਲਾਂ ਦਾ ਅਧਿਐਨ ਕਰਦਿਆਂ ਉਸ ਨੇ ਨਾਵਲੀ ਪਾਠਾਂ ਵਿਚ ਯਥਾਰਥ ਦੀ ਗਤੀਸ਼ੀਲਤਾ ਨੂੰ ਗ੍ਰਹਿਣ ਕਰਨ ਅਤੇ ਉਨ੍ਹਾਂ ਦੀ ਬਰਤਾਂਤਕ ਪੇਸ਼ਕਾਰੀ ਦੇ ਮਸਲਿਆ ਨੂੰ ਕੇਂਦਰ ਵਿਚ ਰੱਖਿਆ ਹੈ ਅਤੇ ਪੰਜਾਬੀ ਨਾਵਲ ਦੇ ਵਿਕਾਸ ਦੀਆਂ ਸਮੱਸਿਆਵਾਂ ਨੂੰ ਵਿਚਾਰਿਆ ਹੈ। ਡਾ. ਰਜਨੀਸ਼ ਬਹਾਦਰ ਦੀ ਇਹ ਪੁਸਤਕ ਪੰਜਾਬੀ ਨਾਵਲ ਦੇ ਵਿਦਿਆਰਥੀਆਂ ਅਤੇ ਖੋਜੀਆਂ ਲਈ ਵਿਸ਼ੇਸ਼ ਮਹੱਤਵ ਰੱਖਦੀ ਹੈ।

**-ਡਾ. ਸੁਰਜੀਤ , ਪ੍ਰਕਾਸ਼ਕ: ਚੇਤਨਾ ਪ੍ਰਕਾਸ਼ਨ, ਲੁਧਿਆਣਾ, ਪੰਨੇ, 208 ਕੀਮਤ: 325 ਰੁਪਏ**

## ਪਾਠਕ ਪ੍ਰਤੀਕਿਰਿਆ

ਸਤਿਕਾਰ ਯੋਗ ਜੀ,

'ਪ੍ਰਵਚਨ' ਨਿਰੰਤਰ ਪਹੁੰਚ ਰਿਹਾ। ਧੰਨਵਾਦ। ਉਵੇਂ ਇਹ ਸ਼ਬਦ, 'ਪ੍ਰਵਚਨ' ਦੀ ਲਗਾਤਾਰਤਾ ਵਾਸਤੇ ਪਿੱਛੇ ਹੋ ਰਹੀ ਮਿਹਨਤ ਸਾਹਵੇਂ ਛੋਟਾ ਪੈ ਜਾਂਦੈ।

'ਕਹਾਣੀ ਗੋਸ਼ਟੀ' ਵਿਸ਼ੇਸ਼ ਅੰਕ, ਸਗੋਂ ਸਾਰੇ ਅੰਕ ਸਾਂਭਣਯੋਗ ਰਹੇ ਹਨ। ਬਹਿਸ ਵਿਚ ਸ਼ਾਮਲ ਲੇਖਕ/ਵਿਦਵਾਨ, ਆਪਣੇ ਵਿਚਾਰ, ਪਾਠਕਾਂ ਉਪਰ ਥੋਪਦੇ ਨਹੀਂ। ਉਹ ਹੋਰਨਾਂ ਚਿੰਤਕਾਂ, ਕਥਾਕਾਰਾਂ, ਪਾਠਕਾਂ ਸੰਗ ਸੰਵਾਦ ਰਚਾਉਂਦੇ, ਤੇ ਬਾਅਦ ਵਿਚ ਸਕ੍ਰਿਪਟ 'ਪ੍ਰਵਚਨ' ਵਿਚ ਛਪਦੀ ਹੈ। ਇੰਝ ਪਾਠਕ ਆਪਣੀ ਰਾਏ, ਉਸ ਕਹਾਣੀ ਵਿਸ਼ੇਸ਼ ਬਾਰੇ ਆਪ ਬਣਾਉਂਦਾ। ਲਗਪਗ 8/9 ਕਹਾਣੀਆਂ ਪਹਿਲਾਂ। ਫ਼ਰਾਂਸ ਵਿਚ ਇਵੇਂ, ਸਾਰਤਰ, ਹੈਮਿੰਗਵੇਅ, ਅਲਬਰਤ ਕਾਮਸ (ਕਾਮੂ), ਜੇਮਸ ਜੁਆਇਸ, ਬਰਤੋਲਵ ਬ੍ਰੈਖਟ, ਸਾਈਮਨ ਦ ਬਵੌਅ ਆਦਿ ਵੇਲੇ, ਦੂਏ ਮਾਗੌਅ (Deux Magot) ਕੌਫ਼ੀ ਹਾਊਸ ਵਿਚ ਹੁੰਦਾ ਸੀ। ਸਾਰਤਰ ਦੀਆਂ ਕਹਾਣੀਆਂ, 'ਰੂਮ', 'ਇੰਟੀਮੇਸੀ' ਅਤੇ 'ਨੌਸ਼ੀਆ' (ਨਾਵਲਿਟ) ਆਦਿ ਬਾਰੇ ਅਨੇਕਾਂ ਲੇਖਕਾਂ ਦੀਆਂ ਝੜਪਾਂ ਵਿਸ਼ਵ ਪ੍ਰਸਿੱਧ ਰਹੀਆਂ ਹਨ। ਇੰਝ, ਸਹਿਮਤੀਆਂ/ਅਸਹਿਮਤੀਆਂ ਵਿਚੋਂ ਫ਼੍ਰਾਂਸੀਸੀ ਸਾਹਿਤ ਦੇ ਨਵੇਂ ਪ੍ਰਤੀਮਾਨ ਉੱਭਰ ਕੇ ਸਤ੍ਹਾ 'ਤੇ ਆਏ। ਠੀਕ ਇਵੇਂ, 'ਪ੍ਰਵਚਨ' ਦਾ ਵੱਡਾ ਬਿੰਬ 'ਪ੍ਰਵਚਨ' ਨਾਲ਼ ਜੁੜੇ ਸੁੱਘੜ ਸਿਆਣੇ ਸਾਹਿਤਕਾਰਾਂ ਵਲੋਂ ਰਚਿਆ ਸੰਵਾਦ ਹੈ, ਨਾ ਕਿ ਹੋਰ ਬਹੁਤੀ ਸਾਹਿਤਕ ਪੱਤਰਕਾਰੀ ਵਾਂਗ ਥੋਪਿਆ ਗਿਆ ਮਹਾਂ-ਮੌਨੌਲਾਗ।

ਚੰਗਾ ਸ਼ਗਨ ਹੈ ਕਿ 'ਪ੍ਰਵਚਨ' ਦੇ ਪਿਛਲੇ ਦਸ ਬਾਰਾਂ ਸ਼ੁਮਾਰਿਆਂ 'ਚ, ਵਿਦਵਾਨਾਂ ਵਲੋਂ ਕਹਾਣੀ-ਸ਼ਿਲਪ ਬਾਰੇ ਚੋਖੀ ਗੱਲਬਾਤ ਤੁਰੀ ਹੈ। ਤੁਸੀਂ ਸੰਪਾਦਕੀ 'ਚ ਏਸ ਬਾਰੇ ਸਮੇਂ-ਸਮੇਂ 'ਤੇ ਨਿੱਠ ਕੇ ਲਿਖਿਆ ਹੈ। ਪਿੱਛੇ ਜਿਹੇ ਸੁਕੀਰਤ ਹੁਰਾਂ, ਸੇਖਾ ਹੁਰਾਂ ਦੀਆਂ ਕਹਾਣੀਆਂ ਦਾ ਹਵਾਲਾ ਦੇਂਦਿਆਂ, ਪੰਜਾਬੀ ਫ਼ਿਕਸ਼ਨ ਵਿਚ ਆ ਰਹੇ ਨਵ ਸ਼ਬਦ-ਘਾੜਤ (Neo Logism) ਦਾ ਵਿਸਤ੍ਰਿਤ ਵਰਣਨ ਕੀਤਾ ਸੀ। ਕਥਾ ਸਿਰਜਦਿਆਂ, ਭਾਸ਼ਕ ਬਾਰੀਕਬੀਨੀ ਬਾਰੇ ਕਥਾਕਾਰ ਦੇ ਸੁਚੇਤ ਪੱਧਰ ਦੇ ਸਾਹਸੀ ਪ੍ਰਯੋਗ, ਹਰ ਵੇਰਾਂ ਧਿਆਨ ਖਿੱਚਦੇ ਰਹੇ ਹਨ। ਪਿਛਲੇ ਹਜ਼ਾਰੇ ਦੇ ਬਹੁਤ ਸਾਰੇ ਸਰੇਵਖਣਾਂ 'ਚੋਂ ਅੱਵਲ ਆਈ ਨਾਵਲ 'ਯੂਲੇਸਿਸ' (ULYSSES) ਵਿਚ ਲੇਖਕ ਵਲੋਂ ਕੀਤੇ ਭਾਸ਼ਕ-ਪ੍ਰਯੋਗ ਅਸੀਂ ਕਦੇ ਅੱਖੋਂ ਪਰੋਖੇ ਨਹੀਂ ਕਰ ਸਕਦੇ। ਸਾਹਿਤ ਰਸੀਆਂ ਵੱਲੋਂ ਨਵੇਂ-ਨਵੇਂ ਸ਼ਬਦ ਘੜਨੇ ਵਧੀਆ ਗੱਲ ਹੈ; ਐਪਰ ਸਿਨਫ਼, ਪ੍ਰਸੰਗ, ਲੋੜ, ਕਥਾ/ਕਾਵਿ ਮਾਹੌਲ, ਭਾਵ; ਪੂਰਾ ਸੰਤੁਲਨ ਕਾਇਮ ਰੱਖਦਿਆਂ, ਇਹ ਨਵ ਸ਼ਬਦ-ਘਾੜੂ ਕਿਰਿਆ ਨੇਪਰੇ ਚੜ੍ਹੇ ਤਾਂ ਐਸੀ ਸ਼ਬਦ-ਕ੍ਰੀੜ੍ਹਾ ਥਾਂ ਸਿਰ ਜਾਪਦੀ ਹੈ। ਪਰ ਜੇਕਰ ਸਾਈਕਲ ਨੂੰ 'ਦੋ-ਪਹੀਆ ਵਾਹਨ', ਕੰਪਿਊਟਰ ਨੂੰ 'ਬਿਜਲ-ਯੰਤਰ', ਜਾਂ ਈ. ਮੇਲ ਨੂੰ- 'ਬਿਜਲ-ਪਤਾ' ਦਰਸਾਉਣਾ ਹੀ ਮਕਸਦ ਹੈ, ਤਾਂ ਇਹ ਹਾਸੋਹੀਣਾ ਜਾਪਦੈ। ਲਿਖਤਾਂ ਵਿਚ ਮੇਰੀ ਜਾਚੇ, ਮੌਕੇ ਅਨੁਸਾਰ ਹਟਵੇਂ ਸ਼ਬਦ ਚੱਲ ਸਕਦੇ ਹਨ, ਐਪਰ ਆਮ ਬੋਲਚਾਲ ਵਿਚ, ਤਕਨਾਲੋਜੀ/ਵਿਗਿਆਨ ਦੀਆਂ ਨਵੀਆਂ ਕਾਢਾਂ ਵਾਸਤੇ ਪ੍ਰਚਲਿਤ ਅੰਗ੍ਰੇਜ਼ੀ ਲਫ਼ਾਜ਼ੀ ਹੀ ਰਹੇਗੀ।

ਕੁਝ ਵਰ੍ਹੇ ਪਹਿਲਾਂ, ਉਤਰੀ ਅਫ਼ਰੀਕਾ 'ਚ ਕਾਸਾ ਬਲਾਕਾਂ ਅਤੇ ਮੈਰਾਕਾਸ਼ ਦੇ

ਕਥਾਕਾਰਾਂ/ਕਵੀਆਂ ਸੰਗ ਬਹਿਣ ਦਾ ਸਬੱਬ ਬਣਿਆ। ਕਹਾਣੀ ਬਹਿਸ ਦੌਰਾਨ ਮੈਨੂੰ ਥੋੜ੍ਹੀ ਹੈਰਾਨੀ ਹੋਈ ਕਿ ਕਹਾਣੀ ਦਾ ਵਿਸ਼ਾ ਮਹੱਤਵਪੂਰਨ ਨਹੀਂ ਸੀ। ਬਹਿਸ ਦੇ ਸਾਰ/ਤੱਤ ਵੱਲ ਪਹੁੰਚਦਿਆਂ ਗੱਲ ਇਵੇਂ ਮੁੱਕੀ, ਕਿ ਸਮੁੱਚੇ ਸੰਸਾਰ ਦੀ ਮਹਾਂ-ਤ੍ਰਾਸਦੀ, ਮਨੁੱਖੀ ਕਿਰਦਾਰ ਦੀ ਮਹਾਂ-ਰਸਾਤਲ ਹੈ; 'ਤੇ ਓਸ ਮਹਾਂ-ਰਸਾਤਲ ਨੂੰ ਉੱਤਮ ਕਲਾ/ਸਰੂਪ ਦਾ ਮੁਲੰਮਾ ਚਾੜ੍ਹ ਕੇ ਕਥਾ-ਜਗਤ ਵਿਚ ਕਿਵੇਂ ਲਿਆਂਦਾ ਗਿਆ, ਇਹ ਵਧੇਰੇ ਮਾਇਨੇ ਰੱਖ ਰਿਹਾ। ਰਿਪੋਤਾਜ/ ਸੁਰਖੀਆਂ ਤੋਂ ਪ੍ਰਭਾਵਿਤ ਸਾਹਿਤ ਵਿਚਕਾਲਿਕ/ਅਕਾਲਿਕ ਕਦੇ ਨਹੀਂ ਹੋ ਸਕੇ। ਲੇਖਕ ਉਂਵੇਂ ਖ਼ਬਰਚੀ ਨਾ ਹੀ ਬਣੇ ਤਾਂ ਚੰਗੈ। ਸੰਸਾਰ ਪ੍ਰਸਿੱਧ ਫ਼ਿਕਸ਼ਨ ਨੇ ਸਦੀਵੀ ਮਨੁੱਖੀ ਆਦਿ-ਪ੍ਰਵਿਰਤੀ ਨੂੰ ਪਕੜਿਆ।

ਸਮੁੱਚੇ ਸੰਸਾਰ 'ਚ ਅੱਜ ਮਚੀ ਮਹਾਂ-ਤਰਥੱਲੀ ਨੂੰ ਸ਼ਾਂਤ ਕਰਨ ਲਈ, ਸਮੇਂ ਸਮੇਂ 'ਤੇ ਅੰਤਰਰਾਸ਼ਟਰੀ ਸਾਹਿਤ ਸਫ਼ਲ ਮਾਧਿਅਮ ਵਜੋਂ ਸਥਾਪਿਤ ਹੋਇਆ ਹੈ। ਬਤੌਰ ਪਾਠਕ, ਮੇਰੀ ਜਾਚੇ ਸੰਸਾਰ ਦੀ ਕਿਸੇ ਉਨੰਤ ਭਾਸ਼ਾ 'ਚ, ਪੰਜਾਬੀ ਦੀ ਅਸਲੋਂ ਸਮਰੱਥ ਕਹਾਣੀ (ਸੰਸਾਰਮੁਖੀ ਮਸਲਿਆਂ ਨਾਲ਼ ਦਸਤਪੰਜਾ ਲੈਂਦੀ) ਦਾ ਉਲੱਥਾ, ਅੱਜ ਅਤਿ-ਲੋੜੀਂਦਾ ਹੈ। ਮੌਸਮ ਚਾਹੇ ਮਾੜੇ, ਪਰ ਐਸੇ ਪ੍ਰੋਜੈਕਟ ਵਾਸਤੇ ਸਾਜ਼ਗਾਰ ਹਨ। ਏਸ ਯੱਗ ਵਿਚ ਮੈਂ ਵੀ ਕੋਈ ਆਹੂਤੀ ਪਾ ਸਕਾਂ, ਤਾਂ ਇਹ ਮੇਰਾ ਸੁਭਾਗ ਹੋਵੇਗਾ।

ਅੰਤ 'ਚ ਨਵੀਂ ਪੰਜਾਬੀ ਕਵਿਤਾ ਦੇ ਵਿਸ਼ੇਸ਼ ਅੰਕ ਦੀ ਚਿਰਾਂ ਤੋਂ ਉਡੀਕ ਹੈ। ਏਸੇ ਤਰ੍ਹਾਂ ਪੰਜਾਬ ਤੋਂ ਬਾਹਰ ਰਚੀ ਜਾ ਰਹੀ ਪ੍ਰਤੀਨਿਧ ਸਮਕਾਲੀ ਪੰਜਾਬੀ ਕਵਿਤਾ ਦੀ ਗ਼ੈਰਹਾਜ਼ਰੀ ਵੀ ਮਹਿਸੂਸ ਕੀਤੀ ਜਾ ਰਹੀ ਹੈ। ਆਸ ਹੈ ਕਿ ਸਮੁੱਚੀ 'ਪ੍ਰਵਚਨ' ਟੀਮ ਏਸ ਪਾਸੇ ਪੂਰੀ ਸ਼ਿੱਦਤ ਨਾਲ਼ ਸੋਚ ਰਹੀ ਹੈ। ਮਿਹਰਬਾਨੀ।

**-ਵਰਿੰਦਰ ਪਰਿਹਾਰ**
**ਯੂ. ਕੇ. (ਇੰਗਲੈਂਡ)**

ਸਤਿਕਾਰਯੋਗ ਸੰਪਾਦਕ ਸਾਹਿਬ,

'ਪ੍ਰਵਚਨ' 81 'ਸਮਕਾਲ ਅਤੇ ਸਾਹਿਤ ਸਿਰਜਣਕਾਰੀ' ਵਿਸ਼ੇਸ਼ ਅੰਕ ਆਪਣੇ ਆਪ ਵਿਚ ਮਹੱਤਵਪੂਰਨ ਹੈ। ਮੈਂ ਪਿਛਲੇ ਪੰਦਰਾਂ ਸਾਲਾਂ ਤੋਂ 'ਪ੍ਰਵਚਨ' ਦਾ ਪਾਠਕ ਹਾਂ। ਇਸ ਦਾ ਹਰ ਅੰਕ ਸਾਂਭਣ ਅਤੇ ਪੜ੍ਹਣਯੋਗ ਹੁੰਦਾ ਹੈ। ਤੁਹਾਡੀ ਸੰਪਾਦਕੀ ਸਾਹਿਤਕ, ਇਤਿਹਾਸਕ ਅਤੇ ਸਮਾਜ ਵਿਗਿਆਨ ਦੇ ਪੱਖ ਤੋਂ ਮਹੱਤਵਪੂਰਨ ਹੁੰਦੀ ਹੈ। ਪ੍ਰਵਚਨ ਦੀ ਸਭ ਤੋਂ ਪਹਿਲੀ ਵਿਲੱਖਣਤਾ ਇਹੀ ਹੁੰਦੀ ਹੈ। ਇਸ ਵਾਰ ਦੀ ਸੰਪਾਦਕੀ/ਸਮਕਾਲ ਅਤੇ ਸਿਰਜਣਕਾਰੀ ਦਾ ਹਰ ਅੱਖਰ ਪੜ੍ਹਨ ਵਾਲਾ। ਸਮਕਾਲ ਨੂੰ ਪੰਜਾਬੀ ਸਾਹਿਤ ਸਿਰਜਣਕਾਰੀ ਦੇ ਪ੍ਰਸੰਗ ਇਹ ਪੜਾਅ ਵਾਰ ਸਮਝਣ ਦੀ ਕੋਸ਼ਿਸ਼ ਹੈ। ਇਸ ਤੋਂ ਬਿਨਾਂ ਉਨੀ ਵੱਡੇ ਲੇਖਕਾਂ ਜਿਨ੍ਹਾਂ ਵਿਚ ਨਾਵਲਕਾਰ ਕਹਾਣੀਕਾਰ, ਕਵੀ, ਨਾਟਕਕਾਰ ਅਤੇ ਵਾਰਤਾਕਾਰ ਸ਼ਾਮਲ ਹਨ। ਸਮਕਾਲ ਦੇ ਪ੍ਰਸੰਗ ਵਿਚ ਉਹਨਾਂ ਦੀ ਸਿਰਜਣਕਾਰੀ ਨੂੰ ਸਮਝਣ ਦਾ ਯਤਨ ਹੈ। ਬਲਦੇਵ ਸਿੰਘ, ਬਲਬੀਰ ਪਰਵਾਨਾ, ਪਰਮਜੀਤ ਜੱਜ, ਜਸਵਿੰਦਰ, ਸੰਤੋਖ ਧਾਲੀਵਾਲ ਨੇ ਦਿਲਖਿੱਚਵਾਂ ਚਿੱਤਰ ਆਪਣੀ ਸਿਰਜਣਕਾਰੀ ਦਾ ਉਲੀਕਿਆ ਹੈ। ਕਹਾਣੀਕਾਰਾਂ ਵਿਚ ਸਿਰਮੌਰ ਕਹਾਣੀਕਾਰ ਅਤਰਜੀਤ, ਬਲਵਿੰਦਰ ਗਰੇਵਾਲ, ਜਿੰਦਰ, ਕੇਸਰਾ ਰਾਮ, ਭਗਵੰਤ ਰਸੂਲਪੁਰੀ ਨੂੰ ਸਮਝਣ ਲਈ ਇਹ ਅੰਕ ਬਹੁਤ ਮਹੱਤਵਪੂਰਨ ਹੈ। ਸੁਰਜੀਤ ਜੱਜ ਦੀ ਸਿਰਜਣਕਾਰੀ ਸੱਚਮੁਚ ਸਿਰਜਣਕਾਰੀ ਹੈ।

ਹਰਵਿੰਦਰ ਭੰਡਾਲ, ਸਤਪਾਲ ਭੀਖੀ, ਵਰਿੰਦਰ ਪਰਿਹਾਰ ਦੀ ਮੰਤਰ ਮੁਗਧ ਕਰਨ ਵਾਲੀਆਂ ਰਚਨਾਵਾਂ ਹਨ। ਸਤੀਸ਼ ਵਰਮਾ ਦੀ ਰਚਨਾ ਇਸ ਅੰਕ ਦਾ ਹਾਸਲ ਹੋ ਨਿਬੜੀ। ਵਰਮਾ ਸਾਹਿਬ ਨੇ ਆਪਣੀ ਸਿਰਜਣਕਾਰੀ ਰਾਹੀਂ ਪੂਰਾ ਪੰਜਾਬੀ ਨਾਟਕ ਪੜ੍ਹਾ ਦਿੱਤਾ। ਜਸ ਮੰਡ ਨੇ ਵਾਰਤਕ ਨੂੰ ਅਧਾਰ ਵਾਲਾ ਕੇ ਸਫ਼ਰਨਾਮਾ ਸਾਹਿਤ ਬਾਰੇ ਮਹੱਤਵਪੂਰਨ ਗੱਲਾਂ ਕੀਤੀਆਂ ਹਨ। ਇਹ ਅੰਕ ਖੋਜ ਕਰਨ ਵਾਲੇ ਵਿਦਿਆਰਥੀਆਂ ਲਈ ਮਹੱਤਵਪੂਰਨ ਹੈ। ਇਨ੍ਹਾਂ ਗਿਆਨ ਇਕ ਅੰਕ ਵਿਚ ਪੇਸ਼ ਕਰਨਾ ਸੰਪਾਦਕ ਦੀ ਸਮਰੱਥਾ ਦਾ ਕਮਾਲ ਹੈ। ਕੁਲਵੰਤ ਸਿੰਘ ਸੰਧੂ ਦੇ ਰੀਵੀਊ ਵੀ ਗਿਆਨ ਦੀ ਚੇਟਕ ਪਾਉਣ ਵਾਲੇ ਹਨ। ਆਪ ਦਾ ਸ਼ੁਭ ਚਿੰਤਕ

**ਸੰਦੀਪ ਸਿੰਘ**
**ਪ੍ਰੇਮ ਨਗਰ,**
**ਅੰਬਾਲਾ ਸ਼ਹਿਰ**

ਸੰਪਾਦਕ ਜੀ, 'ਪ੍ਰਵਚਨ' ਮਿਲਦੇ ਹੀ ਦੋ ਦਿਨਾਂ ਵਿਚ ਪੜ੍ਹ ਦਿੱਤਾ। ਕਈ ਰਚਨਾਵਾਂ ਨੇ ਕੀਲ ਹੀ ਲਿਆ। ਬਲਦੇਵ ਸਿੰਘ ਦੇ ਸਵੈ-ਕਥਨ ਨੇ ਜਕੜ ਹੀ ਲਿਆ। ਉਸ ਦੀ ਕਲਮ ਵਿਚ ਰਵਾਨੀ ਹੈ। ਉਹ ਭਾਵੇਂ ਕੁਝ ਵੀ ਲਿਖੇ। ਸੁਰਿੰਦਰ ਨੀਰ ਅਤੇ ਪਾਲ ਕੌਰ ਹੁਰਾਂ ਦੀਆਂ ਸਵੈ ਬਾਰੇ ਲਿਖੀਆਂ ਗੱਲਾਂ ਬਹੁਤ ਕਮਾਲ ਹਨ। ਪਾਲ ਕੌਰ ਵੱਡੀ ਕਵਿਤਰੀ ਹੈ। ਉਸ ਵਿਚ ਚਿੰਤਨ ਅਤੇ ਸੰਵੇਦਨਾਵਾਂ ਦਾ ਮੇਲ ਹੁੰਦਾ ਹੈ। ਸੁਰਿੰਦਰ ਨੀਰ ਨੇ ਤਾਂ ਨਾਵਲ/ਕਹਾਣੀ ਦੇ ਖੇਤਰ ਵਿਚ ਜੰਮੂ ਕਸ਼ਮੀਰ ਦਾ ਨਾਂ ਚਮਕਾ ਦਿੱਤਾ। ਮੈਂ ਉਹਨਾਂ ਨੂੰ ਪੰਜਾਬੀ ਭਵਨ ਵਿਚ ਸੁਣਿਆ ਹੈ। ਬਲਵੀਰ ਪਰਵਾਨਾ ਨੇ ਸਿਰਜਣਕਾਰੀ ਨੂੰ ਕੁਦਰਤ ਨਾਅ ਮੌਲਦੇ ਦਿਖਾ ਕੇ ਆਪਣੀ ਸਮਰੱਥਾ ਦੀ ਧਾਂਕ ਜਮਾ ਦਿੱਤੀ ਹੈ। ਸਤੀਸ਼ ਵਰਮਾ ਜਿੰਨਾਂ ਪਿਆਰਾ ਬੋਲਦਾ ਹੈ ਉਨ੍ਹਾਂ ਹੀ ਵਧੀਆ ਲਿਖਦਾ ਹੈ। ਅੰਕ ਸਾਂਭਣਯੋਗ ਹੈ। ਪੂਰੀ ਸੰਪਾਦਕੀ ਟੀਮ ਨੂੰ ਮੁਬਾਰਕਾਂ। ਆਪ ਦਾ

**ਜੀਤ ਕੁਮਾਰ**
**ਬਸਤੀ ਜੋਧਾਂ ਬਾਈਪਾਸ,**
**ਲੁਧਿਆਣਾ**

ਸੰਪਾਦਕ ਰਜਨੀਸ਼ ਬਹਾਦਰ ਜੀਓ,

ਸਤਿ ਸ੍ਰੀ ਅਕਾਲ, ਬਠਿੰਡੇ ਬੱਸ ਅੱਡੇ ਦੇ ਨੇੜੇ ਤੋਂ ਬੁਕ ਸਟਾਲ ਤੋਂ ਉਡੀਕਦਿਆਂ 'ਪ੍ਰਵਚਨ' ਲੈ ਕੇ ਆਇਆ। ਲੇਖਕਾਂ ਨੇ ਆਪਣੀ ਸਿਰਜਣਕਾਰੀ ਬਾਰੇ ਲਿਖ ਕੇ ਆਪ ਪਾਠਕ ਦੇ ਗਿਆਨ ਵਿਚ ਵਾਧਾ ਕੀਤਾ। ਬਾਕੀ ਤਾਂ ਸਾਰੇ ਰੰਗਾਂ ਵਾਲੇ ਹਨ। ਪਰੰਤੂ ਆਲੋਚਕ ਕੋਈ ਨਹੀਂ ਆਇਆ ਕਿ ਤੁਸੀਂ ਉਹਨਾਂ ਨੂੰ ਲੇਖਕ ਹੀ ਨਹੀਂ ਸਮਝਦੇ। ਤੁਸੀਂ ਤਾਂ ਆਪ ਵੀ ਆਲੋਚਕ ਹੋ। ਕਈ ਉਹਨਾਂ ਤੋਂ ਵੀ ਪੁੱਛੇ ਕਿ ਉਹ ਕਿਵੇਂ ਫ਼ਤਵੇ ਦਈ ਜਾਂਦੇ ਹਨ। ਪਤਾ ਨਹੀਂ ਉਹ ਤੁਹਾਡੀ ਸੰਪਾਦਕੀ ਪੜ੍ਹਦੇ ਵੀ ਹੋਣੇ ਕਿ ਨਹੀਂ। ਚਲੋ ਆਲੋਚਕ ਤਾਂ ਰੱਬ ਦਾ ਸ਼ਰੀਕ ਸਮਝਦਾ ਹੈ ਆਪਣੇ ਆਪ ਨੂੰ।

**ਬਖ਼ਤਾਵਰ ਸਿੰਘ**
**ਬਸਤੀ ਗਣੇਸ਼ਾਂ,**
**ਬਠਿੰਡਾ**